BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

You dont marry the person you can live with
You marry the person you can't live without
ROKA USA .com
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 09, March 4, 2023
20451 N. Plum Grove Rd., Palatine, IL 60074
Ph:847-359-0746, Fax:847-705-9388

## ਆਮ ਆਦਮੀ ਪਾਰਟੀ ਦੀ ਸਰਕਾਰ ਕਸੂਤੀ ਫਸੀ

### ਉਪਰੋਥਲੀ ਹਿੰਸਕ ਵਾਰਦਾਤਾਂ ਪਿੱਛੋਂ ਵਿਰੋਧੀ ਧਿਰ ਨੇ ਘੇਰਾ ਪਾਇਆ

**ਚੰਡੀਗੜ੍ਹ:** ਪੰਜਾਬ ਵਿਚ ਉਪਰੋਥਲੀ ਵਾਪਰ ਰਹੀਆਂ ਹਿੰਸਕ ਘਟਨਾਵਾਂ ਨੇ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਹੈ। ਇਨ੍ਹਾਂ ਘਟਨਾਵਾਂ ਪਿੱਛੋਂ ਜਿਥੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਿਆ ਹੈ, ਉਥੇ ਕੇਂਦਰ ਸਰਕਾਰ ਵੀ ਸੂਬੇ ਵਿਚ ਅਪਰਾਧਿਕ ਸਰਗਰਮੀਆਂ ਬਾਰੇ ਤੇਜ਼ ਹੋ ਗਈ ਹੈ। ਭਾਜਪਾ ਅਤੇ ਇਸ ਦੀਆਂ ਹਮਾਇਤੀ ਧਿਰਾਂ ਸੂਬੇ ਦੀ ਕਮਾਨ ਕੇਂਦਰ ਹੱਥ ਦੇਣ ਦੀ ਸਲਾਹ ਦੇ ਰਹੀਆਂ ਹਨ। ਕੁੱਲ ਮਿਲਾ ਕੇ ਇਹ ਮਾਹੌਲ ਸਿਰਜਣ ਲਈ ਜ਼ੋਰ ਲੱਗਾ ਹੋਇਆ ਹੈ ਕਿ ਪੰਜਾਬ ਵਿਚ ਸਰਕਾਰ ਚਲਾਉਣਾ ਆਮ ਆਦਮੀ ਪਾਰਟੀ ਜਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਵੱਸ ਦੀ ਗੱਲ ਨਹੀਂ ਹੈ। ਕਥਿਤ ਝੂਠੇ ਪਰਚੇ ਵਿਚ ਗ੍ਰਿਫਤਾਰ ਕੀਤੇ ਆਪਣੇ ਸਾਥੀ ਨੂੰ ਛੁਡਾਉਣ ਲਈ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਹਮਾਇਤੀਆਂ ਵੱਲੋਂ ਅਜਨਾਲਾ ਥਾਣੇ ਦੀ ਘੇਰਾਬੰਦੀ ਅਤੇ ਪੁਲਿਸ ਨਾਲ ਝੜਪ ਪਿੱਛੋਂ ਪੰਜਾਬ ਵਿਚ ਅਤਿਵਾਦ ਦਾ ਦੌਰ ਮੁੜ ਸ਼ੁਰੂ ਹੋਣ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ।



ਕੁਝ ਕੇਂਦਰੀ ਏਜੰਸੀਆਂ ਅੰਮ੍ਰਿਤਪਾਲ ਸਿੰਘ ਦੇ ਪਾਕਿਸਤਾਨੀ ਖੁਫ਼ੀਆ ਏਜੰਸੀ ਨਾਲ ਸਬੰਧਾਂ ਦੀ ਘੋਖ ਵਿਚ ਜੁਟ ਗਈਆਂ ਹਨ। ਇਸ ਰੌਲੇ-ਰੱਪੇ ਵਿਚਾਲੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਅਜਨਾਲਾ ਥਾਣੇ 'ਚ ਹਥਿਆਰਾਂ ਨਾਲ ਜਾਣ ਅਤੇ ਪੁਲਿਸ ਅਧਿਕਾਰੀਆਂ ਉਤੇ ਹਮਲਾ ਦੇ ਮਾਮਲੇ 'ਚ ਸੂਬਾ ਪੁਲਿਸ ਅਤੇ ਕੇਂਦਰੀ ਖੁਫੀਆ ਏਜੰਸੀ (ਆਈ.ਬੀ.) ਤੋਂ ਹੁਣ ਤੱਕ ਦੀ ਸਾਰੀ ਘਟਨਾ ਤੇ ਕਾਰਵਾਈ ਦੀ ਰਿਪੋਰਟ ਤਲਬ ਕੀਤੀ ਹੈ। ਉਧਰ, ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਸਾਬਕਾ ਮੁਖੀ ਅਮਰਜੀਤ ਸਿੰਘ ਦੁਲਟ ਨੇ ਪੰਜਾਬ ਵਰਗੇ 'ਸੰਵੇਦਨਸ਼ੀਲ ਸਰਹੱਦੀ ਸੂਬੇ' ਵਿਚ ਕੁਸ਼ਾਸਨ ਵਿਰੁੱਧ ਚਿਤਾਵਨੀ ਦਿੱਤੀ ਹੈ ਤੇ ਜ਼ੋਰ ਦੇ ਕੇ ਕਿਹਾ ਹੈ ਕਿ ਇਸ ਸੂਬੇ ਵਿਚ 'ਦਿੱਲੀ ਤੋਂ ਸ਼ਾਸਨ' ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਹਾਲਾਂਕਿ ਪੰਜਾਬ ਵਿਚ ਮੁੜ ਅਤਿਵਾਦ ਦੇ ਉਭਾਰ ਦੀ ਭਵਿੱਖਬਾਣੀ ਨਹੀਂ ਕੀਤੀ ਪਰ ਜ਼ੋਰ ਦੇ ਕੇ ਕਿਹਾ ਕਿ ਸੂਬੇ ਪ੍ਰਤੀ 'ਹਮਦਰਦੀ' ਭਰੇ ਰਵੱਈਏ ਦੀ ਲੋੜ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਖੁਫੀਆ ਏਜੰਸੀਆਂ ਨੇ ਪਿਛਲੇ ਸਾਲ ਅਕਤੂਬਰ ਮਹੀਨੇ ਖਾਲਿਸਤਾਨ ਸਮਰਥਕ ਅਤੇ 'ਵਾਰਿਸ ਪੰਜਾਬ ਦੇ' ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਿਲਾਫ ਸਖਤ ਕਾਰਵਾਈ ਦੀ ਸਿਫਾਰਸ਼ ਕੀਤੀ ਸੀ।

ਯਾਦ ਰਹੇ ਕਿ ਅਜਨਾਲਾ ਤੋਂ ਬਾਅਦ ਪਿਛਲੇ ਇਕ ਹਫਤੇ ਵਿਚ ਸੂਬੇ ਵਿਚ ਇਕ ਤੋਂ ਬਾਅਦ ਇਕ ਅਪਰਾਧਕ ਘਟਨਾਵਾਂ ਵਾਪਰੀਆਂ ਹਨ। ਅਜੇ ਅਜਨਾਲਾ ਥਾਣੇ ਵਿਚ ਵਾਪਰੇ ਘਟਨਾਕ੍ਰਮ ਦੀ ਚਰਚਾ ਹੋ ਹੀ ਰਹੀ ਸੀ ਕਿ 26 ਫਰਵਰੀ ਨੂੰ ਗੋਇੰਦਵਾਲ ਦੀ ਜੇਲ੍ਹ ਵਿਚ ਗੋਲਡੀ ਬਰਾੜ-

*(ਬਾਕੀ ਸਫਾ 6 'ਤੇ)*

## ਬੇਅਦਬੀ ਕਾਂਡ ਨਾਲ ਜੁੜੇ ਕੇਸ ਪੰਜਾਬ ਤੋਂ ਬਾਹਰ ਤਬਦੀਲ



**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਤਿੰਨ ਕੇਸ ਫ਼ਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਦੀ ਅਦਾਲਤ ਵਿਚ ਤਬਦੀਲ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀਆਂ ਨੇ 2 ਦਸੰਬਰ 2022 ਨੂੰ ਇਸ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਉਹ ਪੰਜਾਬ ਵਿਚ ਆਪਣੇ ਖ਼ਿਲਾਫ਼ ਚੱਲ ਰਹੇ ਕੇਸਾਂ ਨੂੰ ਭੈਅ-ਮੁਕਤ ਹੋ ਕੇ ਨਹੀਂ ਲੜ ਸਕਦੇ ਕਿਉਂਕਿ ਬੇਅਦਬੀ ਦੇ ਇਲਜ਼ਾਮਾਂ ਵਿਚ ਘਿਰੇ ਦੋ ਡੇਰਾ ਪ੍ਰੇਮੀਆਂ ਦਾ ਪੰਜਾਬ ਵਿਚ ਕਤਲ ਹੋ ਚੁੱਕਾ ਹੈ।

ਸੁਪਰੀਮ ਕੋਰਟ ਦੀ ਜੱਜ ਜਸਟਿਸ ਅਨੁਰਾਧਾ ਬੋਸ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਨੇ ਡੇਰਾ ਪ੍ਰੇਮੀਆਂ ਖ਼ਿਲਾਫ਼ ਫਰੀਦਕੋਟ ਵਿਚ ਚੱਲ ਰਹੇ ਤਿੰਨਾਂ ਕੇਸਾਂ ਨੂੰ ਚੰਡੀਗੜ੍ਹ ਵਿਚ ਤਬਦੀਲ ਕਰਨ ਦੇ ਆਦੇਸ਼ ਦਿੱਤੇ ਹਨ। ਹੁਣ ਇਨ੍ਹਾਂ ਕੇਸਾਂ ਦੀ ਸੁਣਵਾਈ ਜੁਡੀਸ਼ੀਅਲ ਮੈਜਿਸਟਰੇਟ ਚੰਡੀਗੜ੍ਹ ਵੱਲੋਂ ਕੀਤੀ ਜਾਵੇਗੀ। ਡੇਰਾ ਪ੍ਰੇਮੀ ਇਹ ਕੇਸ ਹਰਿਆਣਾ, ਰਾਜਸਥਾਨ, ਦਿੱਲੀ ਜਾਂ ਕਿਸੇ ਹੋਰ ਸੂਬੇ ਵਿਚ ਲਿਜਾਣਾ ਚਾਹੁੰਦੇ ਸਨ ਪਰ ਪੰਜਾਬ ਸਰਕਾਰ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ। ਸਰਕਾਰ ਨੇ ਆਪਣੇ ਜਵਾਬ ਵਿਚ ਕਿਹਾ ਸੀ ਕਿ ਡੇਰਾ ਪ੍ਰੇਮੀਆਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਅਤੇ ਅਦਾਲਤੀ ਸੁਣਵਾਈ ਦੌਰਾਨ ਕਦੇ ਕੋਈ ਘਟਨਾ ਨਹੀਂ ਵਾਪਰੀ।

ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਪ੍ਰੇਮੀ ਸੁਖਜਿੰਦਰ ਸਿੰਘ, ਸ਼ਕਤੀ ਸਿੰਘ, ਰਣਜੀਤ ਸਿੰਘ ਤੇ ਬਲਜੀਤ ਸਿੰਘ ਖ਼ਿਲਾਫ਼ ਚੀਫ ਜੁਡੀਸ਼ੀਅਲ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਉਸ ਦੇ ਅੰਗ ਪਾੜ ਦੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਛਾਪਣ ਦੇ ਮਾਮਲੇ ਵਿਚ ਦਰਜ ਹੋਏ ਤਿੰਨ ਮੁਕੱਦਮਿਆਂ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਹੈ। ਇਸ ਬੇਅਦਬੀ ਮਾਮਲੇ ਵਿਚ ਕੁੱਲ 11 ਡੇਰਾ ਪ੍ਰੇਮੀਆਂ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਮਹਿੰਦਰਪਾਲ ਬਿੱਟੂ ਦਾ ਨਾਭਾ ਜੇਲ੍ਹ ਵਿਚ ਕਤਲ ਹੋ ਗਿਆ ਸੀ ਤੇ ਪ੍ਰਦੀਪ ਸਿੰਘ ਦਾ ਕੁਝ ਸਮਾਂ ਪਹਿਲਾਂ ਕੋਟਕਪੂਰਾ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਡੇਰਾ ਪ੍ਰੇਮੀਆਂ ਨੇ ਕੇਸ ਪੰਜਾਬ ਤੋਂ ਬਾਹਰ ਭੇਜਣ ਦੀ ਮੰਗ ਕੀਤੀ ਸੀ।

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying Selling
Investing Managing
Call For More Info:
+1 847-322-5832
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

Regal Jewels
RAJVEER GILL
847-907-1525
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.RegalJewels.com

# ਅਜਨਾਲਾ ਹਿੰਸਾ ਨੇ ਬੁਰੀ ਫਸਾਈ ਭਗਵੰਤ ਮਾਨ ਸਰਕਾਰ



**ਚੰਡੀਗੜ੍ਹ:** ਅਜਨਾਲਾ ਥਾਣੇ ਵਿਚ ਵਾਪਰੀ ਹਿੰਸਕ ਘਟਨਾ ਤੇ ਇਸ ਤੋਂ ਬਾਅਦ ਬਣੇ ਮਾਹੌਲ ਕਾਰਨ ਭਗਵੰਤ ਮਾਨ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹੈ। ਇਸ ਘਟਨਾ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੀ ਹਮਲਾਵਰ ਦਿਖਾਈ ਦੇ ਹੀ ਰਹੀਆਂ ਹਨ। ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਅਜਨਾਲਾ ਹਿੰਸਾ ਮਾਮਲੇ ਉਤੇ ਰਾਜ ਦੀ 'ਆਪ' ਸਰਕਾਰ ਨੂੰ ਘੇਰਦੇ ਹੋਏ ਕਿਹਾ ਹੈ ਕਿ ਇਹ ਘਟਨਾ ਦੇਸ਼ ਦੀ ਸੁਰੱਖਿਆ ਲਈ ਗੰਭੀਰ ਖਤਰਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ 'ਚ ਜਿੱਥੇ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਨਾਲ ਡਗਮਗਾ ਗਈ ਹੈ, ਉਥੇ ਅਜਿਹੀਆਂ ਘਟਨਾਵਾਂ ਕੌਮੀ ਸੁਰੱਖਿਆ ਲਈ ਵੀ ਠੀਕ ਨਹੀਂ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੇ ਹੋਰ ਗੁਆਂਢੀ ਮੁਲਕ ਅਜਿਹੇ ਹਾਲਾਤ ਦਾ ਫਾਇਦਾ ਉਠਾ ਸਕਦੇ ਹਨ, ਜਿਸ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਘਟਨਾ ਸਥਾਨ 'ਤੇ ਲੈ ਕੇ ਜਾਣ ਦਾ ਮੰਤਵ ਠੀਕ ਨਹੀਂ ਸੀ।

ਗੌਰਤਲਬ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਆਪਣੇ ਸਮਰਥਕਾਂ ਨਾਲ ਅਜਨਾਲਾ ਪੁਲਿਸ ਥਾਣੇ 'ਤੇ ਧਾਵਾ ਬੋਲ ਦਿੱਤਾ ਸੀ। ਪ੍ਰਦਰਸ਼ਨਕਾਰੀ ਆਪਣੇ ਨਾਲ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਲੈ ਕੇ ਆਏ ਸਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਪੁਲਿਸ ਥਾਣੇ ਦੇ ਅੰਦਰ ਦਾਖਲ ਹੋਏ ਸਨ। ਹਾਲਾਂਕਿ ਪੁਲਿਸ ਨੇ ਅਗਵਾ ਮਾਮਲੇ ਦੇ ਮੁਲਜ਼ਮ ਲਵਪ੍ਰੀਤ ਸਿੰਘ ਨੂੰ ਰਿਹਾਅ ਕਰਨ ਦਾ ਭਰੋਸਾ ਦਿੱਤਾ ਸੀ ਪਰ ਉਸ ਦੇ ਬਾਵਜੂਦ ਅੰਮ੍ਰਿਤਪਾਲ ਨੇ ਆਪਣੇ ਸਮਰਥਕਾਂ ਨਾਲ ਪੁਲਿਸ ਥਾਣੇ 'ਚ ਦਾਖਲ ਹੋ ਕੇ ਪੁਲਿਸ ਨੂੰ ਕਥਿਤ ਤੌਰ 'ਤੇ ਧਮਕਾਇਆ। ਇਸ ਦੌਰਾਨ ਪੁਲਿਸ 'ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਝੜਪ ਵੀ ਹੋਈ, ਜਿਸ ਕਰਕੇ ਕਈ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ ਸਨ।

ਸਾਬਕਾ ਉਪ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਅਜਨਾਲਾ ਹਿੰਸਾ ਮਾਮਲੇ 'ਚ ਮੁੱਖ ਮੰਤਰੀ ਭਗਵੰਤ ਮਾਨ ਉਤੇ ਹਮਲਾ ਬੋਲਦਿਆਂ ਕਿਹਾ ਕਿ ਉਹ ਰਾਜ ਦੇ ਗ੍ਰਹਿ ਮੰਤਰੀ ਵਜੋਂ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਿਭਾਉਣ 'ਚ ਨਾਕਾਮ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਖਾੜਕੂਵਾਦ ਦੇ ਦੌਰ ਦੌਰਾਨ ਵੀ ਦੇਖਣ ਨੂੰ ਨਹੀਂ ਮਿਲੇ। ਉਸ ਦੌਰ 'ਚ ਵੀ ਥਾਣੇ ਉਤੇ ਕਦੇ ਕਬਜ਼ਾ ਨਹੀਂ ਸੀ ਹੋ ਸਕਿਆ।

ਭਾਜਪਾ ਦੇ ਸੀਨੀਅਰ ਆਗੂ ਤੇ ਕੌਮੀ ਬੁਲਾਰੇ ਆਰ.ਪੀ. ਸਿੰਘ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਉਤੇ ਹਮਲਾ ਕਰਨ ਵਾਲੇ ਅਨਸਰਾਂ ਖਿਲਾਫ ਕਾਰਵਾਈ ਨਾ ਕਰਨਾ ਸਰਕਾਰ ਦੀ ਲਾਚਾਰੀ ਦਾ ਸਬੂਤ ਹੈ ਤੇ ਇਹ ਘਟਨਾ ਸੂਬੇ ਦੀ ਬੁਰੀ ਤਰ੍ਹਾਂ ਵਿਗੜ ਚੁੱਕੀ ਅਮਨ ਕਾਨੂੰਨ ਵਿਵਸਥਾ ਦਾ ਸਬੂਤ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਦਰਜ ਕੀਤੀ ਐਫ.ਆਈ.ਆਰ. ਕਿਸੇ ਤਰ੍ਹਾਂ ਦਾ ਦਬਾਅ ਬਣਾ ਕੇ ਰੱਦ ਕੀਤੀ ਜਾ ਸਕਦੀ ਹੈ? ਕੀ ਕਾਨੂੰਨ ਵਿਵਸਥਾ ਸੁਧਾਰਨ ਦੇ ਦਾਅਵਿਆਂ ਦੇ ਵਿਚਕਾਰ ਇਹ ਘਟਨਾ ਠੀਕ ਸੰਦੇਸ਼ ਦਿੰਦੀ ਹੈ?

ਭਾਜਪਾ ਦੀ ਕੌਮੀ ਕਾਰਜਕਾਰਨੀ ਦੇ ਵਿਸ਼ੇਸ਼ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਥਾਣਾ ਅਜਨਾਲਾ 'ਚ ਥਾਣੇ ਉਤੇ ਕਬਜ਼ਾ ਕਰਕੇ ਪੁਲਿਸ ਉਤੇ ਹਮਲਾ ਕਰਨ ਦੀ ਘਟਨਾ ਨੂੰ ਕਾਲਾ ਦਿਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਗੁਰੂ ਸਾਹਿਬ ਦੀ ਮੌਕੇ ਉਤੇ ਹੀ ਬੇਅਦਬੀ ਕੀਤੀ ਜਾਂਦੀ ਤਾਂ ਇਹ ਸਿੱਖ ਕੌਮ ਲਈ ਬੇਵੱਸ ਹੋ ਜਾਣਾ ਸੀ ਅਤੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਵਿਗੜ ਜਾਣੀ ਸੀ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਸ ਘਟਨਾ ਦਾ ਵਿਸ਼ੇਸ਼ ਨੋਟਿਸ ਲੈਣ ਦੀ ਅਪੀਲ ਕੀਤੀ ਤਾਂ ਜੋ ਭਵਿੱਖ ਵਿਚ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੂੰ ਅੰਜਾਮ ਨਾ ਦੇ ਸਕੇ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਥਾਣੇ ਉਤੇ ਕਬਜ਼ੇ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਘਟਨਾ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਦੇ ਪਤਨ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਸਲ ਸਥਿਤੀ ਨੂੰ ਸਮਝਣ 'ਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਮੁੱਖ ਮੰਤਰੀ ਨੂੰ ਘੇਰਦੇ ਹੋਏ ਕਿਹਾ ਕਿ ਉਹ ਸ਼ਹੀਦ ਭਗਤ ਸਿੰਘ ਦੀ ਪੱਗ ਦੇ ਰੰਗ ਨਾਲ ਮਿਲਦੀ ਦਸਤਾਰ ਸਜਾਉਂਦੇ ਹਨ ਤੇ ਉਨ੍ਹਾਂ ਨੂੰ ਪ੍ਰਦਰਸ਼ਨਕਾਰੀਆਂ ਦੇ ਸਾਹਮਣੇ ਇਸ ਤਰ੍ਹਾਂ ਝੁਕਣਾ ਨਹੀਂ ਸੀ ਚਾਹੀਦਾ। ਉਨ੍ਹਾਂ ਕਿਹਾ ਕਿ ਰਾਜ ਦੇ 3 ਕਰੋੜ ਲੋਕਾਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਇਆ ਹੈ ਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਿਭਾਉਣੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅਜਨਾਲਾ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਇਕ ਢਾਲ ਵਜੋਂ ਵਰਤ ਕੇ ਬੇਅਦਬੀ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਹੈ। ਬਾਦਲ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਥਾਣੇ ਲਿਜਾਣਾ ਵੱਡੀ ਬੇਅਦਬੀ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ 'ਤੇ ਸੂਬੇ ਦਾ ਮਾਹੌਲ ਖਰਾਬ ਕਰਨ ਦਾ ਯਤਨ ਕਰਨ ਦਾ ਦੋਸ਼ ਲਾਉਂਦਿਆਂ ਇਸ ਦੀ ਨਿਖੇਧੀ ਕੀਤੀ ਹੈ।

## ਮਜੀਠੀਆ ਨੇ ਮੁੱਖ ਮੰਤਰੀ ਤੇ ਡੀ.ਜੀ.ਪੀ. ਦਾ ਅਸਤੀਫਾ ਮੰਗਿਆ

**ਅੰਮ੍ਰਿਤਸਰ:** ਅਜਨਾਲਾ ਪੁਲਿਸ ਥਾਣੇ 'ਤੇ ਹਮਲਾ ਕਰਨ ਵਾਲਿਆਂ ਖਿਲਾਫ ਕਾਰਵਾਈ ਵਿਚ ਨਾਕਾਮ ਰਹਿਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੇ ਅਸਤੀਫੇ ਦੀ ਮੰਗ ਕੀਤੀ ਹੈ। ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਤੇ ਕੱਟੜਪੰਥੀ ਤਾਕਤਾਂ ਰਲੀਆਂ ਹੋਈਆਂ ਹਨ। ਅਜਨਾਲਾ ਥਾਣੇ ਅਤੇ ਪੁਲਿਸ ਮੁਲਾਜ਼ਮਾਂ 'ਤੇ ਹਮਲਾ ਕਰਨ ਵਾਲਿਆਂ ਖਿਲਾਫ ਕਾਰਵਾਈ ਨਾ ਹੋਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਇਹ ਇਕ 'ਫਿਕਸ ਮੈਚ' ਹੈ।

## ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾਉਣ ਵਾਲੇ ਪੰਜਾਬ ਦੇ 'ਵਾਰਿਸ' ਨਹੀਂ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਪੁਲਿਸ ਥਾਣੇ ਲਿਜਾਣ ਵਾਲਿਆਂ ਨੂੰ ਪੰਜਾਬ ਦੇ 'ਵਾਰਿਸ' ਨਹੀਂ ਕਿਹਾ ਜਾ ਸਕਦਾ ਹੈ। ਅਜਨਾਲਾ ਘਟਨਾ ਦੇ ਬਾਅਦ ਮੁੱਖ ਮੰਤਰੀ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਟਵੀਟ ਕੀਤਾ, ''ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਥਾਣਿਆਂ ਤੱਕ ਲੈ ਕੇ ਜਾਣ ਵਾਲੇ ਕਿਸੇ ਵੀ ਪੱਖ ਤੋਂ ਪੰਜਾਬ ਅਤੇ ਪੰਜਾਬੀਅਤ ਦੇ 'ਵਾਰਿਸ' ਅਖਵਾਉਣ ਦੇ ਕਾਬਲ ਨਹੀਂ ਹੋ ਸਕਦੇ...।'' ਮੁੱਖ ਮੰਤਰੀ ਭਗਵੰਤ ਮਾਨ ਦੇ ਟਵੀਟ ਮਗਰੋਂ ਸੂਬੇ ਵਿਚ ਸਿਆਸੀ ਮਾਹੌਲ ਭਖ ਗਿਆ ਹੈ। ਅਜਨਾਲਾ ਘਟਨਾ ਦੀ ਸਾਰੀਆਂ ਸਿਆਸੀ ਧਿਰਾਂ ਨੇ ਨਿਖੇਧੀ ਕੀਤੀ ਹੈ।

## ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਕਮੇਟੀ ਬਣਾਈ

**ਅੰਮ੍ਰਿਤਸਰ:** ਰੋਸ ਪ੍ਰਦਰਸ਼ਨ ਅਤੇ ਧਰਨੇ ਵਾਲੀਆਂ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦਾ ਮਾਮਲਾ ਵਿਚਾਰਨ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਤੇ ਸਿੱਖ ਵਿਦਵਾਨਾਂ 'ਤੇ ਆਧਾਰਿਤ ਸਬ-ਕਮੇਟੀ ਬਣਾਈ ਗਈ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਹ ਕਾਰਵਾਈ ਉਸ ਵੇਲੇ ਕੀਤੀ ਗਈ ਹੈ, ਜਦੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਅਜਨਾਲਾ 'ਚ ਥਾਣੇ ਦੇ ਘਿਰਾਓ ਕਰਨ ਸਮੇਂ ਪਾਵਨ ਸਰੂਪ ਦੀ ਢਾਲ ਵਜੋਂ ਵਰਤੋਂ ਕੀਤੀ ਗਈ ਹੈ ਅਤੇ ਇਸ ਘਟਨਾ ਦੀ ਨਿੰਦਾ ਹੋ ਰਹੀ ਹੈ। ਇਸ ਸਬ ਕਮੇਟੀ ਨੂੰ 15 ਦਿਨਾਂ ਵਿਚ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਵਿਖੇ ਭੇਜਣ ਦੀ ਹਦਾਇਤ ਕੀਤੀ ਗਈ ਹੈ।

# ਪੰਜਾਬੀ ਯੂਨੀਵਰਸਿਟੀ 'ਚ ਵਿਦਿਆਰਥੀ ਦੀ ਹੱਤਿਆ



**ਪਟਿਆਲਾ:** ਇਥੇ ਪੰਜਾਬੀ ਯੂਨੀਵਰਸਿਟੀ ਵਿਚ ਦੋ ਧੜਿਆਂ ਦਰਮਿਆਨ ਲੜਾਈ ਦੌਰਾਨ ਇੰਜੀਨੀਅਰਿੰਗ ਦੇ ਵਿਦਿਆਰਥੀ ਨਵਜੋਤ ਸਿੰਘ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਯੂਨੀਵਰਸਿਟੀ ਕਾਲਜ ਆਫ ਇੰਜੀਨੀਅਰਿੰਗ ਵਿਚ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਦੇ ਤੀਜੇ ਸਾਲ ਦੇ ਵਿਦਿਆਰਥੀ ਨਵਜੋਤ ਸਿੰਘ ਦੀ ਪੇਟ ਵਿਚ ਚਾਕੂ ਨਾਲ ਕਈ ਵਾਰ ਕੀਤੇ ਗਏ। ਇਕ ਹੋਰ ਵਿਦਿਆਰਥੀ ਦੇ ਸਿਰ ਉਤੇ ਸੱਟ ਲੱਗੀ ਹੈ। ਕੈਂਪਸ ਦੇ ਅਧਿਕਾਰੀਆਂ ਨੇ ਕਿਹਾ ਕਿ ਯੂ.ਸੀ.ਓ.ਈ. ਦੇ ਬਾਹਰ ਬਹੁਤ ਸਾਰੇ ਬਾਹਰੀ ਲੋਕ ਸਨ, ਜਿਨ੍ਹਾਂ ਆਪਸ 'ਚ ਤੂ-ਤੂ, ਮੈਂ-ਮੈਂ ਹੋ ਗਈ ਤੇ ਇਸ ਤੋਂ ਬਾਅਦ ਛੁਰੇਬਾਜ਼ੀ ਸ਼ੁਰੂ ਹੋ ਗਈ।

ਜ਼ਖ਼ਮੀ ਨੂੰ ਡਿਸਪੈਂਸਰੀ ਲਿਜਾਇਆ ਗਿਆ ਸੀ ਤੇ ਬਾਅਦ 'ਚ ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਭੇਜ ਦਿੱਤਾ। ਚਾਕੂ ਦੇ ਜ਼ਖ਼ਮਾਂ ਕਾਰਨ ਬਹੁਤ ਖੂਨ ਵਹਿ ਗਿਆ ਸੀ ਤੇ ਇਸ ਕਾਰਨ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। 20 ਤੋਂ ਵੱਧ ਵਿਦਿਆਰਥੀ ਕਾਲਜ ਦੇ ਬਾਹਰ ਮੌਜੂਦ ਸਨ, ਜਦੋਂ ਉਨ੍ਹਾਂ ਵਿਚੋਂ ਕਈਆਂ ਦੀ ਝਗੜਾ ਹੋ ਗਿਆ। ਵਿਦਿਆਰਥੀ ਨਵਜੋਤ ਸਿੰਘ ਨੂੰ ਚਾਕੂ ਨਾਲ ਮਾਰਿਆ ਗਿਆ।

ਦੂਜੇ ਨੂੰ ਮਾਮੂਲੀ ਸੱਟਾਂ ਲੱਗੀਆਂ। ਉਸ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ। ਵਿਦਿਆਰਥੀ ਡੇਅ ਸਕਾਲਰ ਸੀ। ਉਨ੍ਹਾਂ ਦੱਸਿਆ ਕਿ ਚਾਕੂ ਮਾਰਨ ਦਾ ਕਾਰਨ ਅਜੇ ਸਪਸ਼ਟ ਨਹੀਂ ਹੋ ਸਕਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਿਹਾ ਹੈ।

## ਕਾਂਗਰਸ ਨੇਤਾ ਮੇਜਰ ਸਿੰਘ ਧਾਲੀਵਾਲ ਦੀ ਹੱਤਿਆ

**ਤਰਨ ਤਾਰਨ:** ਕਾਂਗਰਸ ਸਰਕਾਰ ਸਮੇਂ ਮਾਰਕੀਟ ਕਮੇਟੀ ਪੱਟੀ ਦੇ ਚੇਅਰਮੈਨ ਮੇਜਰ ਸਿੰਘ ਧਾਲੀਵਾਲ ਦੀ ਇਕ ਔਰਤ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਤਕਰੀਬਨ 11 ਵਜੇ ਦੇ ਚੇਅਰਮੈਨ ਧਾਲੀਵਾਲ ਆਪਣੇ ਮੈਰਿਜ ਪੈਲੇਸ ਪਿੰਡ ਸੰਗਵਾਂ ਵਿਚ ਮੌਜੂਦ ਸਨ ਤਾਂ ਉਸੇ ਪੈਲੇਸ ਵਿਚ ਰਹਿਣ ਵਾਲੀ ਔਰਤ ਨੇ ਉਸ ਦੀ ਕਥਿਤ ਤੌਰ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਔਰਤ ਪੈਲੇਸ 'ਚ ਹੀ ਕੰਮ ਕਰਦੀ ਸੀ। ਉਸ ਨੇ ਪਿਸਤੌਲ ਨਾਲ ਦੋ ਗੋਲੀਆਂ ਮਾਰੀਆਂ ਹਨ, ਜਿਨ੍ਹਾਂ ਵਿਚੋਂ ਇਕ ਉਨ੍ਹਾਂ ਦੇ ਦਿਲ ਦੇ ਨੇੜੇ ਲੱਗੀ। ਉਨ੍ਹਾਂ ਨੂੰ ਤੁਰਤ ਪੱਟੀ ਵਿਖੇ ਲਿਆਂਦਾ ਗਿਆ ਤਾਂ ਉਨ੍ਹਾਂ ਦੀ ਮੌਤ ਹੋ ਗਈ।

# ਪੰਜਾਬ ਪੁਲਿਸ ਖਾਲਿਸਤਾਨੀ ਅਨਸਰਾਂ ਨਾਲ ਨਜਿੱਠਣ ਦੇ ਸਮਰੱਥ: ਭਗਵੰਤ ਮਾਨ



**ਭਾਵਨਗਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੀ ਪੁਲਿਸ ਖਾਲਿਸਤਾਨੀ ਅਨਸਰਾਂ ਨਾਲ ਨਜਿੱਠਣ ਦੇ ਸਮਰੱਥ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖਾਲਿਸਤਾਨ ਹਮਾਇਤੀਆਂ ਨੂੰ ਪਾਕਿਸਤਾਨ ਤੇ ਹੋਰਨਾਂ ਮੁਲਕਾਂ ਤੋਂ ਵਿੱਤੀ ਮਦਦ ਮਿਲ ਰਹੀ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਹਮਾਇਤੀਆਂ ਦੀਆਂ ਪੰਜਾਬ ਵਿਚ ਵਧਦੀਆਂ ਸਰਗਰਮੀਆਂ ਦੇ ਮੱਦੇਨਜ਼ਰ ਮੁੱਖ ਮੰਤਰੀ ਮਾਨ ਦੀਆਂ ਇਹ ਟਿੱਪਣੀਆਂ ਕਾਫੀ ਅਹਿਮ ਹਨ।

ਮੁੱਖ ਮੰਤਰੀ ਮਾਨ, ਜੋ ਗੁਜਰਾਤ ਦੌਰ 'ਤੇ ਸਨ, ਨੇ ਖਾਲਿਸਤਾਨੀ ਅਨਸਰਾਂ ਦੇ ਟਾਕਰੇ ਲਈ ਕਿਸੇ ਮਜ਼ਬੂਤ ਰਣਨੀਤੀ ਦਾ ਖੁਲਾਸਾ ਕੀਤੇ ਬਿਨਾਂ ਕਿਹਾ ਕਿ ਪੰਜਾਬ ਪੁਲਿਸ ਇਸ ਮਸਲੇ ਨਾਲ ਨਜਿੱਠਣ ਦੇ ਸਮਰੱਥ ਹੈ ਤੇ ਕੁਝ ਮੁੱਠੀ ਭਰ ਲੋਕ ਹੀ ਪੰਜਾਬ ਵਿਚ ਖਾਲਿਸਤਾਨ ਪੱਖੀ ਮੁਹਿੰਮ ਦੀ ਹਮਾਇਤ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ, ''ਕੀ ਤੁਹਾਨੂੰ ਲੱਗਦਾ ਹੈ ਕਿ 1000 ਲੋਕ (ਜੋ ਖਾਲਿਸਤਾਨ ਪੱਖੀ ਨਾਅਰੇ ਲਾ ਰਹੇ ਸਨ) ਪੂਰੇ ਪੰਜਾਬ ਦੀ ਤਰਜਮਾਨੀ ਕਰਦੇ ਹਨ? ਤੁਸੀਂ ਖ਼ੁਦ ਪੰਜਾਬ ਆ ਕੇ ਆਪਣੀ ਅੱਖੀਂ ਵੇਖ ਸਕਦੇ ਹੋ ਕਿ ਅਜਿਹੇ ਨਾਅਰੇ ਲਾਉਣ ਵਾਲੇ ਕੌਣ ਲੋਕ ਹਨ।''

ਪੱਤਰਕਾਰਾਂ ਨੇ ਮਾਨ ਨੂੰ ਅਜਨਾਲਾ ਵਿਚ ਅੰਮ੍ਰਿਤਪਾਲ ਸਮਰਥਕਾਂ ਵੱਲੋਂ ਥਾਣੇ 'ਤੇ ਕੀਤੇ ਹਮਲੇ ਬਾਰੇ ਸਵਾਲ ਕੀਤਾ ਸੀ। ਮਾਨ ਨੇ ਕਿਹਾ, ''ਇਸ ਘਟਨਾ ਪਿੱਛੇ ਕੁਝ ਮੁੱਠੀ ਭਰ ਲੋਕ ਹਨ ਤੇ ਉਹ ਪਾਕਿਸਤਾਨ ਤੇ ਹੋਰਨਾਂ ਵਿਦੇਸ਼ੀ ਮੁਲਕਾਂ ਤੋਂ ਮਿਲ ਰਹੇ ਫੰਡਾਂ ਰਾਹੀਂ ਆਪਣੀ ਦੁਕਾਨਦਾਰੀ ਚਲਾ ਰਹੇ ਹਨ।'' ਮੁੱਖ ਮੰਤਰੀ ਨੇ ਕਿਹਾ, ''ਰਾਜਸਥਾਨ ਦਾ ਇਕ ਵੱਡਾ ਹਿੱਸਾ ਪਾਕਿਸਤਾਨ ਨਾਲ ਲੱਗਦਾ ਹੈ, ਪਰ (ਪਾਕਿਸਤਾਨ ਤੋਂ ਆਉਂਦੇ) ਡਰੋਨ ਸਿਰਫ ਪੰਜਾਬ ਦੀ ਧਰਤੀ 'ਤੇ ਹੀ ਕਿਉਂ ਉਤਰਦੇ ਹਨ, ਰਾਜਸਥਾਨ 'ਚ ਕਿਉਂ ਨਹੀਂ? ਕਿਉਂਕਿ ਉਨ੍ਹਾਂ (ਖਾਲਿਸਤਾਨੀ ਅਨਸਰਾਂ) ਦੇ ਆਕਾ ਉਥੇ (ਪਾਕਿਸਤਾਨ ਵਿਚ) ਬੈਠੇ ਹਨ ਤੇ ਉਹ ਪੰਜਾਬ ਦੀ ਅਮਨ ਤੇ ਸ਼ਾਂਤੀ ਨੂੰ ਢਾਹ ਲਾਉਣਾ ਚਾਹੁੰਦੇ ਹਨ। ਪਰ ਅਸੀਂ ਉਨ੍ਹਾਂ ਨੂੰ ਸਫਲ ਨਹੀਂ ਹੋਣ ਦਿਆਂਗੇ।''

# 'ਆਪ' ਤੋਂ ਪੰਜਾਬ ਨਹੀਂ ਸੰਭਲਦਾ ਤਾਂ ਕੇਂਦਰ ਦਖਲ ਦੇਵੇ: ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ ਤੇ ਜੇਕਰ ਪੰਜਾਬ ਸਰਕਾਰ ਸੂਬੇ ਨੂੰ ਸੰਭਾਲ ਨਹੀਂ ਸਕਦੀ ਤਾਂ ਕੇਂਦਰ ਸਰਕਾਰ ਨੂੰ ਇਸ ਮਾਮਲੇ ਵਿਚ ਦਖਲ ਦੇਣਾ ਚਾਹੀਦਾ ਹੈ। ਪਿਛਲੇ ਦਿਨੀਂ ਅਜਨਾਲਾ ਵਿਚ ਵਾਪਰੀ ਘਟਨਾ ਦੇ ਮਾਮਲੇ 'ਤੇ ਗੱਲ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਮਸਲਿਆਂ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੇ ਤੇ ਪੰਜਾਬ ਦੀ ਭਲਾਈ ਲਈ ਕੋਈ ਵੀ ਅਹਿਮ ਕਦਮ ਚੁੱਕਣ ਤੋਂ ਪਿੱਛੇ ਹਟਦੇ ਜਾ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਅਜਨਾਲਾ ਵਿਚ ਜਿਸ ਵੇਲੇ ਗੰਭੀਰ ਘਟਨਾ ਵਾਪਰੀ, ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁੰਬਈ ਵਿਚ ਬੈਠੇ ਸਨ। ਉਨ੍ਹਾਂ ਕਿਹਾ ਕਿ ਜੇਕਰ ਉਸੇ ਵੇਲੇ ਪੁਲਿਸ ਨੂੰ ਸਹੀ ਨਿਰਦੇਸ਼ ਦਿੱਤੇ ਗਏ ਹੁੰਦੇ ਤਾਂ ਇਸ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕਦਾ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਸ ਹਿਸਾਬ ਨਾਲ ਮੌਜੂਦਾ ਸਰਕਾਰ ਕੰਮ ਕਰ ਰਹੀ ਹੈ, ਉਸ ਢੰਗ ਨਾਲ ਕਦੇ ਵੀ ਕੋਈ ਸਰਕਾਰ ਨਹੀਂ ਚੱਲ ਸਕਦੀ। ਉਨ੍ਹਾਂ ਕਿਹਾ ਕਿ ਇਹੋ ਜਿਹੇ ਹਾਲਾਤ ਵਿਚ ਕੇਂਦਰ ਸਰਕਾਰ ਨੂੰ ਦਖਲ ਦੇਣਾ ਚਾਹੀਦਾ ਹੈ।

## ਗੁਰੂ ਗ੍ਰੰਥ ਸਾਹਿਬ ਨੂੰ ਥਾਣੇ ਲਿਜਾਣਾ ਮੰਦਭਾਗਾ: ਜਗੀਰ ਕੌਰ

**ਭੁਲੱਥ:** ਅਜਨਾਲਾ ਥਾਣੇ 'ਤੇ ਕੀਤੇ ਗਏ ਹਮਲੇ ਦੌਰਾਨ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਵਜੋਂ ਵਰਤੇ ਜਾਣ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ 'ਚ ਦਖਲ ਦੇ ਕੇ ਕਾਰਵਾਈ ਕਰਨ। ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਆਪਣੇ ਸਾਥੀ ਨੂੰ ਪੁਲੀਸ ਹਿਰਾਸਤ ਤੋਂ ਛੁਡਵਾਉਣ ਲਈ ਸੰਘਰਸ਼ ਕਰਨਾ ਵੱਖਰੀ ਗੱਲ ਹੈ ਪਰ ਇਸ ਕੰਮ ਲਈ ਗੁਰੂ ਗ੍ਰੰਥ ਸਾਹਿਬ ਨੂੰ ਥਾਣੇ ਲਿਜਾਣਾ ਬਹੁਤ ਹੀ ਨਿੰਦਣਯੋਗ ਹੈ। ਗੁਰੂ ਗ੍ਰੰਥ ਸਾਹਿਬ ਨੂੰ ਰਸਤਿਆਂ ਵਿਚ ਸਿਰਫ ਨਗਰ ਕੀਰਤਨਾਂ ਦੌਰਾਨ ਹੀ ਲਿਜਾਇਆ ਜਾ ਸਕਦਾ ਹੈ ਤੇ ਇਸ ਮੌਕੇ ਸਾਫ-ਸਫਾਈ ਤੇ ਧਾਰਮਿਕ ਰਹੁ-ਰੀਤਾਂ ਨਾਲ ਪ੍ਰਬੰਧ ਕੀਤੇ ਗਏ ਹੁੰਦੇ ਹਨ।

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003

5-8

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California. Please contact Whatsapp/Phone: 909-286-5400"

3-6

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812

9-12

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India).

4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**


# Fisana ਦੀ ਪਹਿਲੀ ਮੀਟਿੰਗ ਹੋਈ

Fisana ਦੀ ਪਹਿਲੀ ਮੀਟਿੰਗ ਨਵੇਂ ਚੁਣੇ ਗਏ ਪ੍ਰਧਾਨ ਸ਼੍ਰੀ ਭਰਤ ਰਾਣਾ ਅਤੇ ਚੇਅਰਮੈਨ ਦੀਪਕ ਭਾਈ ਸ਼ਾਹਤ ਦੀ ਅਗਵਾਈ ਹੇਠ ਗੋਲਡਨ ਏਰਾ ਅਡਲਟ ਡੇਅਕੇਅਰ ਸੈਂਟਰ, 23, ਨੇਵਸਕੀ ਸੇਂਟ, ਐਡੀਸਨ, ਐਨ ਜੇ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਪਦਮਸ਼੍ਰੀ ਡਾ. ਸੁਧੀਰ ਪਾਰਿਖ, ਦੀਪਕ ਸ਼ਾਹ, ਬਿਮਲ ਜੋਸ਼ੀ, ਭਰਤ ਰਾਣਾ, ਡਾ. ਮੁਕੁੰਦ ਠਾਕਰ, ਆਨੰਦ ਪਟੇਲ ਦੁਆਰਾ ਦੁਪਹਿਰ 1.00 ਵਜੇ ਜੋਤੀ ਪ੍ਰਜਵਲਿਤ ਕਰ ਕੇ ਕੀਤੀ ਗਈ।

ਪਾਰਿਖ ਵਰਲਡ ਮੀਡੀਆ ਦੇ ਮਾਲਕ ਡਾ. ਸੁਧੀਰ ਪਾਰਿਖ ਨੇ ਫਿਸਾਨਾ ਅਤੇ ਭਰਤ ਰਾਣਾ ਦਾ ਧੰਨਵਾਦ ਕੀਤਾ ਅਤੇ ਹਰ ਸੰਭਵ ਮਦਦ ਕਰਨ ਦਾ ਵਾਅਦਾ ਕੀਤਾ। ਉਹ ਪਿਛਲੇ ਕਈ ਸਾਲਾਂ ਤੋਂ ਆਪਣਾ ਸਮਰਥਨ ਦਿੰਦੇ ਆ ਰਹੇ ਹਨ ਤੇ ਉਨ੍ਹਾਂ ਕਿਹਾ ਕਿ ਇਹ ਅੱਗੇ ਵੀ ਜਾਰੀ ਰਹੇਗਾ ਕਿਉਂਕਿ ਬਜ਼ੁਰਗ ਭਾਈਚਾਰੇ ਦਾ ਹਿੱਸਾ ਹਨ।

ਭਰਤ ਰਾਣਾ ਨੇ ਸਾਬਕਾ ਪ੍ਰਧਾਨ ਰਤੀਲਾਲ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਖਾਤੇ ਵਿਚ ਸਰਪਲੱਸ ਦੇ ਨਾਲ ਆਪਣੀ ਪ੍ਰਧਾਨਗੀ ਦਾ ਵਿਆਪਕ ਦ੍ਰਿਸ਼ਟੀਕੋਣ ਦਿੱਤਾ। ਉਨ੍ਹਾਂ ਨੇ ਸ਼ਿਰੀਸ਼ ਪਟੇਲ ਨੂੰ ਖਜ਼ਾਨਚੀ ਵਜੋਂ ਬੁਲਾਇਆ ਜਿਨ੍ਹਾਂ ਨੇ ਖਾਤਿਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਚੇਅਰਮੈਨ ਦੀਪਕ ਸ਼ਾਹ ਨੇ ਫਿਸਾਨਾ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਸੰਗਠਨ ਨੂੰ ਤੇਜ਼ੀ ਨਾਲ ਵਿਕਾਸ ਕਰਨ ਲਈ 1 $ ਮਹੀਨਾਅਤੇ 12 ਡਾਲਰ ਸਾਲ ਦੇ ਬਰਾਬਰ ਦਾਨ ਦੇਣ। ਰਤੀਲਾਲ ਤੋਂ ਚਾਰਜ ਸੰਭਾਲਣ ਵਾਲੇ ਭਰਤ ਰਾਣਾ ਨੇ 2023 ਅਤੇ ਆਉਣ ਵਾਲੇ ਮਹੀਨਿਆਂ ਦੀ ਯੋਜਨਾ ਬਾਰੇ ਆਪਣੇ ਵਿਚਾਰ ਰੱਖੇ। ਉਸ ਨੇ ਦੱਸਿਆ ਕਿ ਐਸੋਸੀਏਸ਼ਨ ਦੇ 10,000 ਦੇ ਕਰੀਬ ਮੈਂਬਰ ਹਨ ਪਰ ਜਦੋਂ ਗੱਲ ਸਮਾਗਮਾਂ ਦੀ ਆਉਂਦੀ ਜਾਂ ਇਕੱਠੇ ਹੋਣ ਦੀ ਆਉਂਦੀ ਹੈ ਤਾਂ ਗਿਣਤੀ ਬਹੁਤ ਘੱਟ ਰਹਿੰਦੀ ਹੈ। ਭਰਤ ਰਾਣਾ ਨੇ ਕਮੇਟੀ ਦਾ ਐਲਾਨ ਕੀਤਾ। ਆਨੰਦ ਪਟੇਲ ਅਤੇ ਵਿਪੁਲ ਅਮੀਨ ਨੂੰ ਬੋਰਡ ਆਫ਼ ਡਾਇਰੈਕਟਰਜ਼ ਐਲਾਨਿਆ ਗਿਆ। ਡਾ: ਮੁਕੁੰਦ ਠਾਕਰੰਦ ਦੀਪਕ ਸ਼ਾਹ ਨੇ ਨਵੀਂ ਇਮਾਰਤ/ ਰਿਹਾਇਸ਼ ਦੇ ਪ੍ਰਬੰਧਾਂ ਲਈ ਨਿਊ ਜਰਸੀ ਦੇ ਐਡੀਸੋਨੈਂਡ ਗਵਰਨਰਾਂ ਦੇ ਮੇਅਰ ਨੂੰ ਅਪੀਲ ਕਰਕੇ ਸਰਕਾਰ ਤੋਂ ਫੰਡ ਮੰਗਣ ਲਈ ਸਾਰੇ ਯਤਨ ਕਰਨ ਲਈ ਇਕੱਠੇ ਹੋ ਕੇ ਆਵਾਜ਼ ਬੁਲੰਦ ਕੀਤੀ।

ਗੋਲਡਨ ਇਰਾ ਦੇ ਬਿਮਲ ਜੋਸ਼ੀ ਅਤੇ ਆਨੰਦ ਪਟੇਲ ਨੇ ਸਿਆਸੀ ਯੁੱਗ ਵਿੱਚ ਵੋਟ ਦੀ ਮਹੱਤਤਾ, ਭਾਈਚਾਰੇ ਵਿੱਚ ਏਕਤਾ ਅਤੇ ਫਿਸਾਨਾ ਨੂੰ ਸਭ ਤੋਂ ਵੱਡੀ ਐਸੋਸੀਏਸ਼ਨ ਵਜੋਂ ਦਰਸਾਉਣ ਲਈ ਮੇਅਰ ਅਤੇ ਗਵਰਨਰ ਨੂੰ ਸਾਂਝੇ ਤੌਰ 'ਤੇ ਇਕੱਠੇ ਹੋਣ ਦਾ ਦ੍ਰਿਸ਼ਟੀਕੋਣ ਦਿੰਦੇ ਹੋਏ ਇਕੱਠ ਨੂੰ ਸੰਬੋਧਨ ਕੀਤਾ।ਭਰਤ ਰਾਣਾ ਦੁਆਰਾ ਦੀਪਕ ਸ਼ਾਹ ਨੂੰ, ਕਲਿਫਟਨ ਨੂੰ ਕਈ ਸਾਲਾਂ ਵਿੱਚ ਦਿੱਤੇ ਗਏ ਵਿਸ਼ੇਸ਼ ਸਹਿਯੋਗ ਲਈ ਸਨਮਾਨਿਤ ਕੀਤਾ। ਕਲਿਫਟਨ ਐਸੋਸੀਏਸ਼ਨ ਵੱਲੋਂ ਡਾਕਟਰ ਮੁਕੁੰਦ ਠਾਕਰ ਅਤੇ ਉਨ੍ਹਾਂ ਦੀ ਪਤਨੀ ਰਮਾਬੇਨ ਨੂੰ ਵੀ ਐਸੋਸੀਏਸ਼ਨ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਗੋਲਡਨ ਏਰਾ ਐਡਲਟ ਕੇਅਰ ਸੈਂਟਰ ਦੇ ਸਟਾਫ਼ ਨੇ ਦੁਪਹਿਰ ਦੇ ਖਾਣੇ ਦੇ ਪ੍ਰਬੰਧਨ ਵਿਚ ਸਹਿਯੋਗ ਦਿੱਤਾ ਅਤੇ ਫਿਸਾਨਾ ਦੇ ਇਕੱਠੇ ਹੋਏ ਮੈਂਬਰਾਂ ਨੇ ਲਗਾਤਾਰ ਪ੍ਰਗਤੀਸ਼ੀਲ ਤਰੀਕੇ ਨਾਲ ਆਪਣੀ ਪਹਿਲੀ ਮੀਟਿੰਗ ਦਾ ਆਨੰਦ ਮਾਣਿਆ।

# ਛੋਟੇ ਜਹਾਜ਼ ਨੂੰ ਹਾਦਸੇ ਉਪਰੰਤ ਲੱਗੀ ਅੱਗ, 5 ਮੌਤਾਂ

**ਅਰਕੰਸਾਂਸ:** ਇੱਥੇ ਇਕ ਛੋਟਾ ਜਹਾਜ਼ ਤਬਾਹ ਹੋ ਗਿਆ ਤੇ ਉਸ ਵਿਚ ਸਵਾਰ 5 ਵਿਅਕਤੀਆਂ ਦੀ ਮੌਤ ਹੋ ਗਈ। ਇਹ ਘਟਨਾ ਲਿਟਲ ਰੌਕ ਖੇਤਰ ਵਿਚ ਵਾਪਰੀ। ਓਹਾਇਓ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਜਹਾਜ਼ ਪਿਛਲੇ ਦਿਨ ਇਕ ਸਥਾਨਕ ਮੈਟਲ ਫੈਕਟਰੀ ਵਿਚ ਹੋਏ ਧਮਾਕੇ ਵਾਲੇ ਸਥਾਨ 'ਤੇ ਜਾ ਰਿਹਾ ਸੀ। ਇਸ ਵਿਚ ਸੈਂਟਰ ਫਾਰ ਟੌਕਸੀਕਾਲੋਜੀ ਐਂਡ ਐਨਵਾਇਰਮੈਂਟ ਹੈ ਲਥਦੇ ਮੁਲਾਜ਼ਮ ਸਵਾਰ ਸਨ ਜੋ ਧਮਾਕੇ ਵਾਲੇ ਸਥਾਨ 'ਤੇ ਵਾਤਾਵਰਨ ਸਬੰਧੀ ਜਾਇਜ਼ਾ ਲੈਣ ਲਈ ਜਾ ਰਹੇ ਸਨ। ਜਹਾਜ਼ ਨੇ ਬਿਲ ਐਂਡ ਹਿਲੇਰੀ ਕਲਿੰਟਨ ਨੈਸ਼ਨਲ ਏਅਰਪੋਰਟ ਲਿਟਲ ਰੌਕ ਤੋਂ ਜੌਹਨ ਗਲੈਨ ਕੋਲੰਬਸ ਇੰਟਨੈਸ਼ਨਲ ਏਅਰਪੋਰਟ ਓਹਾਇਓ ਲਈ ਦੁਪਹਿਰ ਵੇਲੇ ਉਡਾਣ ਭਰੀ ਸੀ।



*ਹਾਦਸੇ ਵਾਲੇ ਸਥਾਨ ਨੇੜੇ ਖੜੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੇ ਹੋਰ ਵਾਹਨ।*

ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਦੋ ਇੰਜਣਾਂ ਵਾਲਾ ਜਹਾਜ਼ ਉਡਾਣ ਭਰਨ ਦੇ ਕੁਝ ਦੇਰ ਬਾਅਦ ਲਿਟਲਰੌਕ ਹਵਾਈ ਅੱਡੇ ਨੇੜੇ ਤਬਾਹ ਹੋ ਗਿਆ ਤੇ ਇਸਨੂੰ ਅੱਗ ਲੱਗ ਗਈ। ਬੋਰਡ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾਵੇਗੀ। ਸੈਂਟਰ ਫਾਰ ਟੌਕਸੀਕਾਲੋਜੀ ਐਂਡ ਇਨਵਾਇਰਮੈਂਟ ਹੈਲਥ ਦੇ ਸੀਨੀਅਰ ਉਪ ਪ੍ਰਧਾਨ ਡਾ. ਪਾਲਨੋਨੀ ਨੇ ਕਿਹਾ ਕਿ ਇਸ ਹਾਦਸੇ ਵਿਚ ਸਾਨੂੰ ਸਾਡੇ ਸਾਥੀਆਂ ਦੇ ਵਿਛੜ ਜਾਣ ਦਾ ਬੇਹੱਦ ਅਫਸੋਸ ਹੈ। ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ।

***-ਰਿਪੋਰਟ: ਹੁਸਨ ਲੜੋਆ ਬੰਗਾ***

# ਕਬੱਡੀ ਪ੍ਰੋਮੋਟਰ ਮੱਖਣ ਸੰਧੂ ਦਾ ਦੇਹਾਂਤ

**ਕੈਲੀਫੋਰਨੀਆ:** ਨਿਊਯਾਰਕ ਵਸਦੇ ਕਬੱਡੀ ਪ੍ਰੋਮੋਟਰ ਮੱਖਣ ਸੰਧੂ ਦਾ ਦੇਹਾਂਤ ਹੋ ਗਿਆ ਹੈ, ਜਿਸ ਨਾਲ ਪੰਜਾਬੀ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਜਿੱਥੇ ਨਿਊਯਾਰਕ ਕਬੱਡੀ ਮੇਲੇ ਕਰਵਾਉਂਦੇ ਸਨ ਉੱਥੇ ਹੀ ਯੂਨਾਈਟਡ ਸਪੋਰਟਸ ਕਲੱਬ ਦੇ ਯੂਨੀਅਨ ਸਿਟੀ ਕੈਲੀਫੋਰਨੀਆ ਵਰਲਡ ਕੱਪ ਵਿਚ ਵੀ ਟੀਮ ਲੈ ਕੇ ਆਉਂਦੇ ਸਨ। ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਮਾਂ ਖੇਡ ਕਬੱਡੀ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਕਰ ਦਿੱਤੀ।



ਗਾਖਲ ਗਰੁੱਪ ਯੂ.ਐਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਐਸ.ਅਸ਼ੋਕ ਭੌਰਾ ਅਤੇ ਤੀਰਥ ਗਾਖਲ ਨੇ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿਚ ਮੱਖਣ ਸੰਧੂ ਦੇ ਪਰਿਵਾਰ ਦੇ ਨਾਲ ਹਨ ਅਤੇ ਵਿਛੜੀ ਰੂਹ ਨੂੰ ਅਕਾਲ ਪੁਰਖ ਦੇ ਚਰਨਾਂ 'ਚ ਨਿਵਾਸ ਮਿਲਣ ਦੀ ਅਰਦਾਸ ਕਰਦੇ ਹਨ।

# ਰਾਜਪਾਲ ਨੇ ਪੰਜਾਬ ਸਰਕਾਰ ਨਾਲ ਸਿੱਧਾ ਆਢਾ ਲਾਇਆ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਗਾਮੀ ਬਜਟ ਸੈਸ਼ਨ ਦੀ ਪ੍ਰਵਾਨਗੀ ਦੇਣ ਬਾਰੇ ਫੌਰੀ ਫੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਰਾਜਪਾਲ ਦਾ ਇਹ ਅੜਿੱਕੇ ਵਾਲਾ ਪੱਤਰ ਸੂਬੇ 'ਚ ਨਵਾਂ ਸੰਵਿਧਾਨਕ ਸੰਕਟ ਪੈਦਾ ਹੋਣ ਵੱਲ ਇਸ਼ਾਰਾ ਕਰਦਾ ਹੈ। ਪੰਜਾਬ ਕੈਬਨਿਟ ਨੇ 21 ਫਰਵਰੀ ਨੂੰ ਮੀਟਿੰਗ ਕਰਕੇ ਬਜਟ ਸੈਸ਼ਨ 3 ਮਾਰਚ ਤੋਂ 24 ਮਾਰਚ ਤੱਕ ਸੱਦੇ ਜਾਣ ਦੀ ਸਿਫ਼ਾਰਸ਼ ਕੀਤੀ ਸੀ ਅਤੇ ਇਸ ਨੂੰ ਪ੍ਰਵਾਨਗੀ ਲਈ ਰਾਜਪਾਲ ਕੋਲ ਭੇਜਿਆ ਸੀ।

ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ ਹੈ ਕਿ ਉਹ ਮੁੱਖ ਮੰਤਰੀ ਵੱਲੋਂ ਕੀਤੇ 'ਅਪਮਾਨਜਨਕ' ਟਵੀਟ ਅਤੇ 14 ਫਰਵਰੀ ਨੂੰ ਲਿਖੇ ਪੱਤਰ 'ਤੇ ਪਹਿਲਾਂ ਕਾਨੂੰਨੀ ਸਲਾਹ ਲੈਣਗੇ ਅਤੇ ਉਸ ਪਿੱਛੋਂ ਬਜਟ ਸੈਸ਼ਨ ਸੱਦਣ ਬਾਰੇ ਫੈਸਲਾ ਲਿਆ ਜਾਵੇਗਾ। ਰਾਜਪਾਲ ਨੇ ਬਜਟ ਇਜਲਾਸ ਦੀ ਪ੍ਰਵਾਨਗੀ ਤੋਂ ਪਹਿਲਾਂ ਮੁੱਖ ਮੰਤਰੀ ਤੋਂ ਸਪਸ਼ਟੀਕਰਨ ਮੰਗਿਆ ਹੈ। ਪਤਾ ਲੱਗਾ ਹੈ ਕਿ ਰਾਜ ਭਵਨ ਨੇ ਮੁੱਖ ਮੰਤਰੀ ਵੱਲੋਂ ਕੀਤੇ ਟਵੀਟ ਨੂੰ ਰਿਕਾਰਡ 'ਤੇ ਲਿਆ ਕੇ ਰਾਜਪਾਲ ਅੱਗੇ ਰੱਖਿਆ ਹੈ। ਚੇਤੇ ਰਹੇ ਕਿ ਰਾਜਪਾਲ ਵੱਲੋਂ 13 ਫਰਵਰੀ ਨੂੰ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸਿੰਗਾਪੁਰ ਭੇਜੇ ਪ੍ਰਿੰਸੀਪਲਾਂ ਦੀ ਚੋਣ ਤੇ ਖ਼ਰਚੇ ਬਾਰੇ, ਦਲਿਤ ਬੱਚਿਆਂ ਦੇ ਵਜ਼ੀਫ਼ੇ, ਇਨਫੋਟੈੱਕ ਦੇ ਚੇਅਰਮੈਨ, ਖੇਤੀ 'ਵਰਸਿਟੀ ਦੇ ਵੀਸੀ ਅਤੇ ਆਈ.ਪੀ.ਐਸ. ਕੁਲਦੀਪ ਚਾਹਿਲ ਆਦਿ ਬਾਰੇ ਹਵਾਲਾ ਦਿੱਤਾ ਗਿਆ ਸੀ ਅਤੇ ਪਿਛਲੇ ਸਮੇਂ 'ਚ ਇਨ੍ਹਾਂ ਬਾਰੇ ਲਿਖੇ ਪੱਤਰਾਂ ਦਾ ਜਵਾਬ ਨਾ ਦਿੱਤੇ ਜਾਣ ਦਾ ਮੁੱਦਾ ਉਠਾਇਆ ਸੀ। ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਟਕਰਾਓ ਬਣਨ ਨਾਲ ਬਜਟ ਸੈਸ਼ਨ ਨੂੰ ਲੈ ਕੇ ਦੁਬਿਧਾ ਵਾਲਾ ਮਾਹੌਲ ਬਣਨ ਲੱਗਾ ਹੈ। ਮੁੱਖ ਮੰਤਰੀ ਨੇ 14 ਫਰਵਰੀ ਨੂੰ ਮੋੜਵਾਂ ਪੱਤਰ ਲਿਖ ਕੇ ਰਾਜਪਾਲ ਦੀ ਯੋਗਤਾ 'ਤੇ ਹੀ ਸੁਆਲ ਖੜ੍ਹੇ ਕਰ ਦਿੱਤੇ ਸਨ। ਮਾਹਿਰ ਆਖਦੇ ਹਨ ਕਿ ਬੇਸ਼ੱਕ ਰਾਜਪਾਲ ਬਜਟ ਸੈਸ਼ਨ ਬੁਲਾਏ ਜਾਣ ਲਈ ਕਾਨੂੰਨੀ ਤੌਰ 'ਤੇ ਬੱਝੇ ਹੋਏ ਹਨ ਪਰ ਰਾਜਪਾਲ ਦੇ ਇਹ ਪੱਤਰ ਸਰਕਾਰ ਨੂੰ ਖੱਜਲ ਕਰ ਸਕਦੇ ਹਨ। ਮੌਜੂਦਾ ਮਾਹੌਲ ਤੋਂ ਜਾਪਦਾ ਹੈ ਕਿ 'ਰਾਜਪਾਲ ਦੇ ਭਾਸ਼ਣ' ਵਿਚਲੀ ਇਬਾਰਤ ਨੂੰ ਲੈ ਕੇ ਵੀ ਆਉਂਦੇ ਦਿਨਾਂ 'ਚ ਰੱਫੜ ਖੜ੍ਹਾ ਹੋ ਸਕਦਾ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਇਹ ਰਾਜਪਾਲ ਦਾ ਅਧਿਕਾਰ ਹੈ ਕਿ ਉਹ ਸਰਕਾਰ ਤੋਂ ਪੁੱਛ ਸਕਦੇ ਹਨ ਕਿ ਕੀ ਮੁੱਖ ਮੰਤਰੀ ਉਨ੍ਹਾਂ ਨੂੰ (ਰਾਜਪਾਲ) ਸੰਵਿਧਾਨਕ ਮੁਖੀ ਮੰਨਦੇ ਵੀ ਹਨ ਜਾਂ ਨਹੀਂ। ਮਾਹਿਰ ਆਖਦੇ ਹਨ ਕਿ ਸਰਕਾਰ ਚੁੱਪ ਵਟਦੀ ਹੈ ਤਾਂ ਰਾਜਪਾਲ ਚਿਤਾਵਨੀਨੁਮਾ ਪੱਤਰ ਵੀ ਸਰਕਾਰ ਨੂੰ ਮੁੜ ਭੇਜ ਸਕਦੇ ਹਨ।




## ਰਾਜਪਾਲਾਂ ਰਾਹੀਂ ਦਖਲਅੰਦਾਜ਼ੀ ਦੇ ਦੋਸ਼ ਲਾਏ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮੁਲਾਜ਼ਮ ਵਿੰਗ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ, ਦਰਸ਼ਨ ਸਿੰਘ, ਬਚਿੱਤਰ ਸਿੰਘ, ਖੁਸ਼ਵਿੰਦਰ ਕਪਿਲਾ, ਹਰਪਾਲ ਸਿੰਘ ਖਾਲਸਾ, ਤਰਨਜੀਤ ਸਿੰਘ ਪੱਪੂ ਤੇ ਦਲਬੀਰ ਸਿੰਘ ਬਾਜਵਾ ਨੇ ਇਥੇ ਕੇਂਦਰ ਸਰਕਾਰ 'ਤੇ ਰਾਜਾਂ ਨਾਲ ਧੱਕਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਰਾਜਪਾਲਾਂ ਰਾਹੀਂ ਸੂਬਾ ਸਰਕਾਰਾਂ ਦੇ ਅਧਿਕਾਰਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ ਅਤੇ ਸੂਬਿਆਂ ਦੇ ਮਾਮਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਵੀ ਕੀਤੀ ਜਾ ਰਹੀ ਹੈ। ਮੁਲਾਜ਼ਮ ਆਗੂ ਗੁਰਮੇਲ ਸਿੰਘ ਸਿੱਧੂ ਨੇ ਕਿਹਾ ਕਿ ਰਾਜਪਾਲ ਦੀ ਗੈਰਸੰਵਿਧਾਨਕ ਦਖਲਅੰਦਾਜ਼ੀ ਦਾ ਹੀ ਸਿੱਟਾ ਹੈ ਕਿ ਦਿੱਲੀ ਨਿਗਮ ਮੇਅਰ ਦੀ ਚੋਣ ਲੰਮਾ ਸਮਾਂ ਲਟਕਣ ਮਗਰੋਂ ਹੁਣ ਅਦਾਲਤੀ ਫੈਸਲੇ ਸਦਕਾ ਨੇਪਰੇ ਚਾੜ੍ਹੀ ਜਾ ਸਕੀ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਦੇ ਫੈਸਲਿਆਂ ਵਿਚ ਰਾਜਪਾਲਾਂ ਦੀ ਦਖਲਅੰਦਾਜ਼ੀ ਕਿਸੇ ਵੀ ਤਰੀਕੇ ਜਾਇਜ਼ ਨਹੀਂ ਹੈ।

## ਪੰਜਾਬ ਆਰਥਿਕਤਾ ਬਾਰੇ ਵ੍ਹਾਈਟ ਪੇਪਰ ਲਿਆਵੇ: ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ 10 ਮਾਰਚ ਨੂੰ ਵਿਧਾਨ ਸਭਾ ਵਿਚ ਬਜਟ ਪੇਸ਼ ਕਰਨ ਤੋਂ ਪਹਿਲਾਂ ਪੰਜਾਬ ਦੀ ਆਰਥਿਕਤਾ ਬਾਰੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇ। ਬਾਜਵਾ ਨੇ ਕਿਹਾ ਕਿ ਵੱਖ-ਵੱਖ ਆਰਥਿਕ ਸਰਵੇਖਣਾਂ ਦੇ ਨਾਲ-ਨਾਲ ਪਿਛਲੇ ਕੁਝ ਮਹੀਨਿਆਂ ਦੌਰਾਨ ਪ੍ਰਕਾਸ਼ਤ ਮੀਡੀਆ ਰਿਪੋਰਟਾਂ ਨੇ ਸੂਬੇ ਦੇ ਵਿੱਤ ਦੀ ਕੋਈ ਬਹੁਤੀ ਚੰਗੀ ਤਸਵੀਰ ਪੇਸ਼ ਨਹੀਂ ਕੀਤੀ, ਜਦਕਿ ਮਾਨ ਸਰਕਾਰ ਦੇ ਦਾਅਵੇ ਇਸ ਇਸ ਤੋਂ ਉਲਟ ਹਨ।

## ਸਿਆਸੀ ਧਿਰਾਂ ਨੇ ਸਿੱਖਾਂ ਨਾਲ ਸਿਆਸਤ ਖੇਡੀ: ਨੱਢਾ

**ਜੈਪੁਰ:** ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਕਿਹਾ ਕਿ ਸਿੱਖ ਗੁਰੂਆਂ ਤੇ ਭਾਈਚਾਰੇ ਦੇ ਮੈਂਬਰਾਂ ਵੱਲੋਂ ਜੋ ਕੁਝ ਇਸ ਦੇਸ਼ ਲਈ ਕੀਤਾ ਗਿਆ, ਉਸ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ ਹੈ ਪਰ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਨੇ ਸਿੱਖਾਂ ਨਾਲ ਸਿਆਸਤ ਖੇਡੀ ਹੈ।

ਰਾਜਸਥਾਨ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਵਿਚ ਇਕ ਸਿੱਖ ਜਥੇਬੰਦੀ ਵੱਲੋਂ ਕਰਵਾਈ ਕਿਸਾਨ ਇਕੱਤਰਤਾ ਦੌਰਾਨ ਸ੍ਰੀ ਨੱਢਾ ਨੇ ਕਿਹਾ ਕਿ ਇਸ ਵੇਲੇ ਰਾਜਸਥਾਨ ਦੇ 77 ਲੱਖ ਕਿਸਾਨਾਂ ਸਣੇ 11 ਕਰੋੜ ਤੋਂ ਵੱਧ ਕਿਸਾਨ ਕੇਂਦਰ ਦੀ ਕਿਸਾਨ ਸਨਮਾਨ ਨਿਧੀ ਯੋਜਨਾ ਨਾਲ ਜੁੜੇ ਹੋਏ ਹਨ। ਪਿਛਲੇ ਸਮੇਂ ਵਿੱਚ ਕਿਸਾਨਾਂ ਦੇ ਨਾਂ 'ਤੇ ਵੱਡੇ ਨਾਅਰੇ ਤਾਂ ਦਿੱਤੇ ਜਾਂਦੇ ਰਹੇ ਹਨ ਪਰ ਜੇ ਕਿਸੇ ਨੇ ਜ਼ਮੀਨੀ ਪੱਧਰ 'ਤੇ ਬਦਲਾਉ ਲਿਆਉਣ ਲਈ ਕੁਝ ਕੀਤਾ ਹੈ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ। ਪਹਿਲਾਂ ਵੀ ਫਸਲ ਬੀਮਾ ਯੋਜਨਾ ਸੀ ਪਰ ਉਦੋਂ ਬੀਮਾ ਯੋਜਨਾ ਦੇ ਨਾਂ 'ਤੇ ਕਿਸਾਨਾਂ ਨਾਲ ਧੋਖਾ ਕੀਤਾ ਜਾਂਦਾ ਸੀ, ਹੁਣ ਹਾਲਾਤ ਬਦਲ ਗਏ ਹਨ। ਇਸ ਲਈ ਕਿਸਾਨਾਂ ਨੂੰ ਕਿਸਾਨ ਮਾਨਧਨ ਯੋਜਨਾ 'ਚ ਸ਼ਾਮਲ ਹੋਣਾ ਚਾਹੀਦਾ ਹੈ।

# ਹਰਿਆਣਾ ਕਮੇਟੀ ਵਿਵਾਦ: ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਇਜਲਾਸ ਸੱਦਿਆ

**ਚੰਡੀਗੜ੍ਹ:** ਹਰਿਆਣਾ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਬੀਤੇ ਦਿਨਾਂ ਦੌਰਾਨ ਗੁਰਦੁਆਰਿਆਂ 'ਤੇ ਕੀਤੇ ਗਏ ਕਬਜ਼ਿਆਂ ਦੇ ਮਾਮਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 3 ਮਾਰਚ ਨੂੰ ਅੰਮ੍ਰਿਤਸਰ ਵਿਚ ਵਿਸ਼ੇਸ਼ ਇਜਲਾਸ ਹੋਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਇੱਥੋਂ ਦੇ ਕਲਗੀਧਰ ਨਿਵਾਸ ਵਿਚ ਹੋਈ। ਇਸ ਦੌਰਾਨ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਹਰਿਆਣਾ ਸਰਕਾਰ ਵੱਲੋਂ ਗਿਣੀ ਮਿਥੀ ਸਾਜ਼ਿਸ਼ ਤਹਿਤ ਆਪਣੇ ਅਧੀਨ ਚਲਾਉਣ ਦੀ ਨਿਖੇਧੀ ਕਰਦਿਆਂ ਇਸ ਨੂੰ ਭਾਜਪਾ ਦਾ ਸਿੱਖ ਕੌਮ 'ਤੇ ਵੱਡਾ ਹਮਲਾ ਕਰਾਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਦੀ ਆੜ ਹੇਠ ਹਰਿਆਣਾ ਦੀ ਸਰਕਾਰ ਨੇ ਸਿੱਖ ਗੁਰਧਾਮਾਂ ਨੂੰ ਆਪਣੇ ਕਬਜ਼ੇ ਹੇਠ ਲੈਣ ਦਾ ਯਤਨ ਕੀਤਾ ਹੈ। ਹਰਿਆਣਾ ਐਡਹਾਕ ਕਮੇਟੀ ਨੂੰ ਧੱਕੇ ਨਾਲ ਗੁਰਘਰਾਂ ਦਾ ਪ੍ਰਬੰਧ ਦਿਵਾਉਣ ਲਈ ਮਰਿਆਦਾ ਦੀ ਉਲੰਘਣਾ ਕੀਤੀ ਗਈ ਅਤੇ ਪੁਲਿਸ ਕਰਮੀ ਜੋੜੇ ਪਾ ਕੇ ਗੁਰਦੁਆਰੇ ਦੀ ਪਰਿਕਰਮਾ ਅੰਦਰ ਦਾਖ਼ਲ ਹੋਏ। ਸ੍ਰੀ ਧਾਮੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੁਪਰੀਮ ਕੋਰਟ ਦੇ ਹੁਕਮਾਂ ਵਿਰੁੱਧ ਭੁਗਤ ਰਹੀ ਹੈ। ਸੁਪਰੀਮ ਕੋਰਟ ਦੇ ਫੈਸਲੇ 'ਚ ਸਪਸ਼ਟ ਹੈ ਕਿ ਹਰਿਆਣਾ ਕਮੇਟੀ ਕਾਰਜਸ਼ੀਲ ਕਰਨ ਲਈ ਚੋਣ ਕੀਤੀ ਜਾਵੇ ਤੇ ਚੁਣੇ ਜਾਣ ਵਾਲੇ ਮੈਂਬਰ ਅੰਮ੍ਰਿਤਧਾਰੀ ਹੋਣ ਪਰ ਸਰਕਾਰ ਵੱਲੋਂ ਨਾਮਜ਼ਦ ਕਮੇਟੀ ਵਿਚ ਵੱਡੀ ਗਿਣਤੀ ਮੈਂਬਰ ਰਹਿਤ-ਮਰਿਆਦਾ ਤੋਂ ਸੱਖਣੇ ਹਨ। ਇਸ ਤੋਂ ਇਲਾਵਾ ਨੋਟੀਫਿਕੇਸ਼ਨ ਰਾਹੀਂ ਕਮੇਟੀ ਚੁਣਨ ਦੀ ਪ੍ਰਕਿਰਿਆ ਵੀ ਗੈਰ-ਸੰਵਿਧਾਨਕ ਹੈ ਕਿਉਂਕਿ 24 ਅਕਤੂਬਰ 2022 ਨੂੰ ਗਵਰਨਰ ਰਾਹੀਂ ਆਰਡੀਨੈਂਸ ਜਾਰੀ ਕਰਵਾ ਕੇ ਗੁਰੂ ਘਰ ਦੇ ਪ੍ਰਬੰਧ 'ਤੇ ਸਰਕਾਰੀ ਕਬਜ਼ੇ ਦਾ ਰਾਹ ਬਣਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇਕ ਪੰਜ ਮੈਂਬਰੀ ਕਮੇਟੀ ਸਥਾਪਤ ਕੀਤੀ ਸੀ ਜਿਸ ਦੀ ਰਿਪੋਰਟ ਅੰਤ੍ਰਿੰਗ ਕਮੇਟੀ ਵਿਚ ਵਿਚਾਰੀ ਗਈ। ਜਾਂਚ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਹੋਇਆ ਹੈ ਕਿ ਹਰਿਆਣਾ ਐਡਹਾਕ ਕਮੇਟੀ ਨੇ ਸਰਕਾਰ ਦੀ ਸਰਪ੍ਰਸਤੀ ਹੇਠ ਗੁਰੂ ਘਰਾਂ ਵਿਚ ਧੱਕੇਸ਼ਾਹੀ ਕੀਤੀ ਹੈ। ਇਸ ਸਬੰਧੀ ਅਗਲੀ ਰੂਪ ਰੇਖਾ ਉਲੀਕਣ ਲਈ ਸਮੂਹ ਮੈਂਬਰਾਂ ਦੀ ਜਨਰਲ ਇਕੱਤਰਤਾ ਸੱਦਣ ਦਾ ਫੈਸਲਾ ਕੀਤਾ ਗਿਆ। ਇਜਲਾਸ ਦੌਰਾਨ ਆਏ ਸੁਝਾਵਾਂ ਅਨੁਸਾਰ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।



## ਭਾਜਪਾ ਅੱਗ ਨਾਲ ਖੇਡ ਰਹੀ: ਚਾਵਲਾ

**ਸ੍ਰੀ ਆਨੰਦਪੁਰ ਸਾਹਿਬ:** ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਹਾਸਲ ਕਰਨ ਲਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀਆਂ ਕਾਰਵਾਈਆਂ ਦੀ ਨਿਖੇਧੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਬੁਲਾਰੇ ਤੇ ਆਨੰਦਪੁਰ ਸਾਹਿਬ ਤੋਂ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਹੈ ਕਿ ਸਿੱਖਾਂ ਦੇ ਗੁਰਧਾਮਾਂ 'ਤੇ ਅਸਿੱਧੇ ਕਬਜ਼ੇ ਕਰਨ ਲਈ ਭਾਜਪਾ ਅੱਗ ਨਾਲ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਈ ਚਾਵਲਾ ਨੇ ਕਿਹਾ ਕਿ ਪਾਵਨ ਗੁਰਧਾਮ ਸ਼ੁਰੂ ਤੋਂ ਹੀ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਕ ਸ਼ਕਤੀ ਦੇ ਸੋਮੇ ਰਹੇ ਹਨ। ਇਸ ਕਾਰਨ ਸਮੇਂ-ਸਮੇਂ ਦੀਆਂ ਹਕੂਮਤਾਂ ਨੇ ਸਿੱਖਾਂ ਦੇ ਗੁਰਧਾਮਾਂ 'ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਫਿਰਕਾਪ੍ਰਸਤੀ ਦੀ ਰਾਜਨੀਤੀ ਖੇਡ ਰਹੀ ਹੈ।

# ਭਾਜਪਾ ਨੇ ਪੰਜਾਬ ਵਿਚ ਸਿਆਸੀ ਸਰਗਰਮੀਆਂ ਵਧਾਈਆਂ

**ਜੰਡਿਆਲਾ ਗੁਰੂ:** ਭਾਜਪਾ ਨੇ ਪੰਜਾਬ ਵਿਚ ਸਿਆਸੀ ਸਰਗਰਮੀਆਂ ਵਧਾ ਦਿੱਤੀਆਂ ਹਨ। ਭਾਜਪਾ ਵੱਲੋਂ ਪੰਜਾਬ ਦੇ ਸਭ ਤੋਂ ਵੱਡੇ ਨਸ਼ਿਆਂ ਦੇ ਮਸਲੇ ਉਤੇ ਵੱਡੀ ਮੁਹਿੰਮ ਛੇੜਨ ਦਾ ਐਲਾਨ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਗਲੇ ਹਫਤੇ ਅੰਮ੍ਰਿਤਸਰ ਤੋਂ ਜਾਗਰੂਕਤਾ ਯਾਤਰਾ ਸ਼ੁਰੂ ਕਰਨਗੇ। ਇਹ ਯਾਤਰਾ ਪੂਰੇ ਸੂਬੇ ਦਾ ਦੌਰਾ ਕਰਦੀ ਹੋਈ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰੇਗੀ। ਇਸ ਦੌਰਾਨ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਵਰਕਰਾਂ ਨੂੰ 2024 ਦੀਆਂ ਚੋਣਾਂ ਲਈ ਸੂਬੇ ਦੇ ਘਰ ਘਰ ਜਾ ਕੇ ਜ਼ਮੀਨੀ ਪੱਧਰ 'ਤੇ ਪੂਰੀ ਮਿਹਨਤ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਪਾਰਟੀ ਨੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਜੋਰ ਦਿੱਤਾ।

ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੁਪਾਨੀ ਅਤੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਇਥੇ ਇਕ ਪੈਲੇਸ ਵਿਚ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਦਾ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਸਾਬਕਾ ਜ਼ਿਲ੍ਹਾ ਅਹੁਦੇਦਾਰ ਵੀ ਸ਼ਾਮਲ ਹੋਏ। ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ 'ਆਪ' ਸਰਕਾਰ ਆਪਣੇ ਪਹਿਲੇ ਇਕ ਸਾਲ ਵਿਚ ਹੀ ਫੇਲ੍ਹ ਸਾਬਤ ਹੋ ਚੁੱਕੀ ਹੈ ਤੇ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਬਿਲਕੁਲ ਖਰਾਬ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਵਾਸੀਆਂ ਨਾਲ ਝੂਠੇ ਵਾਅਦੇ ਕਰ ਕੇ ਅਤੇ ਇਸ਼ਤਿਹਾਰਬਾਜ਼ੀ ਨਾਲ ਸਮਾਂ ਲੰਘਾਇਆ ਜਾ ਰਿਹਾ ਹੈ।

ਇਸ ਮੌਕੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਦੇ ਇੰਚਾਰਜ ਵਿਜੈ ਰੂਪਾਨੀ ਨੇ ਕਿਹਾ ਕਿ ਭਾਜਪਾ ਸੰਗਠਨ ਅਧਾਰਿਤ ਪਾਰਟੀ ਹੈ। ਉਨ੍ਹਾਂ ਕਿਹਾ ਜਲੰਧਰ ਲੋਕ ਸਭਾ ਸਮੇਤ ਆਉਣ ਵਾਲੀਆਂ ਲੋਕ ਸਭਾ ਚੋਣਾਂ ਭਾਜਪਾ ਆਪਣੇ ਦਮ 'ਤੇ ਲੜੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਮਾਰਚ ਮਹੀਨੇ 'ਚ ਇਕ ਜਾਗਰੂਕਤਾ ਯਾਤਰਾ ਆਰੰਭੀ ਜਾ ਰਹੀ ਹੈ, ਜਿਸ ਵਿਚ ਘਰ ਘਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ ਤੇ ਨਸ਼ੇ ਨੂੰ ਖਤਮ ਕਰਨ ਲਈ ਲੋਕਾਂ ਦਾ ਸਹਿਯੋਗ ਲਿਆ ਜਾਵੇਗਾ।



## ਸ਼ਾਹ ਦੀ ਨਸ਼ਿਆਂ ਖਿਲਾਫ ਯਾਤਰਾ ਸਿਆਸੀ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਸੇਧਿਆ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ 'ਚ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਜਾਣ ਵਾਲੀ ਯਾਤਰਾ ਸਬੰਧੀ ਮੁੱਖ ਮੰਤਰੀ ਨੇ ਕਿਹਾ ਕਿ ਇਹ ਨਿਰੋਲ ਰੂਪ ਵਿਚ ਸਿਆਸੀ ਯਾਤਰਾ ਹੈ ਅਤੇ ਨਸ਼ੇ ਕਿਸੇ ਯਾਤਰਾ ਨਾਲ ਨਹੀਂ ਬਲਕਿ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਨਾਲ ਰੁਕਣੇ ਹਨ। ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸੀ ਤਾਂ ਉਦੋਂ ਅਮਿਤ ਸ਼ਾਹ ਨੇ ਅਜਿਹੀ ਯਾਤਰਾ ਕਿਉਂ ਨਹੀਂ ਕੱਢੀ। ਉਨ੍ਹਾਂ ਕਿਹਾ ਕਿ ਜਿਸ ਵੇਲੇ ਵੱਡੇ ਤਸਕਰਾਂ ਨਾਲ ਸਬੰਧਾਂ ਦਾ ਜ਼ਿਕਰ ਆ ਰਿਹਾ ਸੀ ਤਾਂ ਉਸ ਵੇਲੇ ਇਹ ਯਾਤਰਾ ਕਿਉਂ ਸ਼ੁਰੂ ਨਹੀਂ ਕੱਢੀ ਗਈ।

## ਅਕਾਲੀ ਦਲ (ਅ) ਜਲੰਧਰ ਜ਼ਿਮਨੀ ਚੋਣ ਲੜੇਗਾ

**ਆਦਮਪੁਰ ਦੋਆਬਾ:** ਅਕਾਲੀ ਦਲ ਅੰਮ੍ਰਿਤਸਰ ਦੇ ਇਮਾਨ ਸਿੰਘ ਮਾਨ ਨੇ ਆਖਿਆ ਹੈ ਕਿ ਉਹ ਜਲੰਧਰ ਦੀ ਜ਼ਿਮਨੀ ਚੋਣ ਜ਼ਰੂਰ ਲੜਨਗੇ ਤੇ ਇਸ ਸਬੰਧੀ ਉਮੀਦਵਾਰ ਦੀ ਚੋਣ ਵੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਉਨ੍ਹਾਂ ਦੀ ਪਾਰਟੀ ਇਸ ਦਾ ਐਲਾਨ ਕਰ ਦੇਵੇਗੀ। ਉਨ੍ਹਾਂ ਕਿਹਾ ਅਕਾਲੀ ਦਲ ਅੰਮ੍ਰਿਤਸਰ ਦੀ ਵਿਚਾਰਧਾਰਾ ਵਾਲੀ ਸਿਆਸੀ ਪਾਰਟੀਆਂ ਨਾਲ ਉਹ ਇਸ ਚੋਣ ਲਈ ਗੱਠਜੋੜ ਵੀ ਕਰ ਸਕਦੇ ਹਨ। ਉਨ੍ਹਾਂ ਲਤੀਫਪੁਰਾ ਉਜਾੜੇ ਲਈ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਤੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਨ੍ਹਾਂ ਦੇ ਮੁੜ ਵਸੇਬੇ ਦੇ ਯਤਨ ਕਰਨੇ ਚਾਹੀਦੇ ਹਨ।

# ਬਾਦਲ ਪਿਓ-ਪੁੱਤ ਕੋਟਕਪੂਰਾ ਗੋਲੀ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ?

## ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ ਵਿਚ ਦੋਸ਼ ਪੱਤਰ ਦਾਖਲ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਤਕਰੀਬਨ 7 ਹਜ਼ਾਰ ਪੰਨਿਆਂ ਦਾ ਦੋਸ਼ ਪੱਤਰ ਪੇਸ਼ ਕਰਕੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀਨ ਡੀ.ਜੀ.ਪੀ. ਸੁਮੇਧ ਸੈਣੀ ਕੋਟਕਪੂਰਾ ਗੋਲੀ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਸਨ।

ਜਾਂਚ ਟੀਮ ਨੇ ਆਪਣੀ ਪੜਤਾਲ ਰਿਪੋਰਟ ਵਿਚ ਖ਼ੁਲਾਸਾ ਕੀਤਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੁਖਬੀਰ ਸਿੰਘ ਬਾਦਲ ਅਤੇ ਸੁਮੇਧ ਸੈਣੀ ਵੱਲੋਂ ਰਚੀ ਗਈ ਸਾਜ਼ਿਸ਼ ਨੂੰ ਅੰਜਾਮ ਦੇਣ ਵਿਚ ਕਥਿਤ ਵੱਡੀ ਭੂਮਿਕਾ ਨਿਭਾਈ। ਜਾਂਚ ਟੀਮ ਨੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਆਈ.ਜੀ. ਅਮਰ ਸਿੰਘ ਚਾਹਲ, ਸਾਬਕਾ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ, ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਉਸ ਵੇਲੇ ਦੇ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਇਸ ਚਲਾਨ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ ਤੋਂ



ਇਲਾਵਾ ਬਾਕੀ ਸਾਰੇ ਮੁਲਜ਼ਮਾਂ ਨੂੰ ਹਾਈਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ।

ਅਦਾਲਤ ਨੇ ਦੋਸ਼ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਇਸ ਕੇਸ ਵਿਚ ਸੁਣਵਾਈ ਦੀ ਅਗਲੀ ਤਰੀਕ 6 ਮਾਰਚ ਨਿਰਧਾਰਿਤ ਕੀਤੀ ਹੈ। ਉਦੋਂ ਤੱਕ ਅਦਾਲਤ ਜਾਂਚ ਟੀਮ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰੇਗੀ। 13 ਅਕਤੂਬਰ 2015 ਨੂੰ ਵਾਪਰੇ ਕੋਟਕਪੂਰਾ ਗੋਲੀ ਕਾਂਡ ਵਿਚ ਪਹਿਲੀ ਵਾਰ ਦੋਵੇਂ ਬਾਦਲਾਂ ਖ਼ਿਲਾਫ਼ ਚਲਾਨ ਅਦਾਲਤ ਵਿਚ ਪੇਸ਼ ਹੋਇਆ ਹੈ। ਇਸ ਤੋਂ ਪਹਿਲਾਂ ਇਸ ਕਾਂਡ ਦੀ ਜਾਂਚ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਕਰ ਰਹੇ ਸਨ ਪਰ ਉਹ ਬਾਦਲਾਂ ਖ਼ਿਲਾਫ਼ ਕੋਈ ਵੀ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕਰ ਸਕੇ। ਹਾਈਕੋਰਟ ਨੇ 2021 ਵਿਚ ਕੁੰਵਰ ਵਿਜੈ ਪ੍ਰਤਾਪ ਦੀ ਰਿਪੋਰਟ ਨੂੰ ਅਧਾਰਹੀਣ ਮੰਨਦਿਆਂ ਰੱਦ ਕਰ ਦਿੱਤਾ ਸੀ ਅਤੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਨਵੀਂ ਪੜਤਾਲ ਟੀਮ ਬਣਾਉਣ ਦੇ ਆਦੇਸ਼ ਦਿੱਤੇ ਸਨ। ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਐੱਲ.ਕੇ.ਯਾਦਵ ਦੀ ਅਗਵਾਈ ਵਿਚ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਨਵੀਂ ਟੀਮ ਦਾ ਗਠਨ ਕੀਤਾ ਸੀ। ਦੋ ਸਾਲ ਬਾਅਦ ਐੱਲ.ਕੇ.ਯਾਦਵ ਨੇ ਜਾਂਚ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ ਹਾਲਾਂਕਿ ਉਨ੍ਹਾਂ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

### ਚਾਰਜਸ਼ੀਟ ਵਿਚਲੇ ਤੱਥ ਮਨਘੜਤ ਤੇ ਫਰਜ਼ੀ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ 2015 ਦੇ ਕੋਟਕਪੂਰਾ ਪੁਲਿਸ ਗੋਲੀਬਾਰੀ ਕੇਸ ਵਿਚ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਦਾਇਰ ਚਾਰਜਸ਼ੀਟ ਨੂੰ ਮਨਘੜਤ, ਫਰਜ਼ੀ ਤੇ ਝੂਠੀ ਕਰਾਰ ਦਿੰਦਿਆਂ ਦੋਸ਼ ਪੱਤਰ ਦਾ ਅਦਾਲਤ ਵਿਚ ਅਤੇ ਲੋਕਾਂ ਦੀ ਕਚਹਿਰੀ ਵਿਚ ਮੁਕਾਬਲਾ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਆਗੂਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਇਸ ਸੰਵੇਦਨਸ਼ੀਲ ਮਾਮਲੇ 'ਤੇ ਸਿਆਸਤ ਨਾ ਕਰਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਦਾਲਤੀ ਮਾਨਹਾਨੀ ਸਮੇਤ ਸਾਰੇ ਵਿਕਲਪ ਵਿਚਾਰੇਗਾ ਕਿਉਂਕਿ ਹਾਈਕੋਰਟ ਵੱਲੋਂ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਰਿਪੋਰਟ ਰੱਦ ਕਰਨ ਵੇਲੇ ਦਿੱਤੇ ਨਿਰਦੇਸ਼ਾਂ ਦੀ ਉਲੰਘਣਾ ਹੋਈ ਹੈ।

### ਸਾਜ਼ਿਸ਼ਘਾੜਿਆਂ ਦੇ ਚਿਹਰੇ ਬੇਨਕਾਬ ਹੋਏ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਟਕਪੂਰਾ ਗੋਲੀਕਾਂਡ ਦੇ ਦੋਸ਼ੀ ਤੇ ਸਾਜ਼ਿਸ਼ਘਾੜਿਆਂ ਦੇ ਚਿਹਰੇ ਬੇਨਕਾਬ ਹੋ ਗਏ ਹਨ। ਮੁੱਖ ਮੰਤਰੀ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਕੀਤੇ ਟਵੀਟ ਵਿਚ ਕਿਹਾ, ''ਕੋਟਕਪੂਰਾ ਗੋਲੀਕਾਂਡ ਦੇ ਦੋਸ਼ੀ ਅਤੇ ਸਾਜ਼ਿਸ਼ ਰਚਣ ਵਾਲਿਆਂ ਦੇ ਚਿਹਰੇ ਹੋਏ ਬੇਨਕਾਬ.... ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਸਕੂਨ ਮਿਲੇਗਾ... ਅਸੀਂ ਇਨਸਾਫ ਦਿਵਾਉਣ ਦੇ ਵਾਅਦੇ 'ਤੇ ਕਾਇਮ ਹਾਂ। ਮੰਤਰੀ ਜਾਂ ਸੰਤਰੀ ਕਾਨੂੰਨ ਸਭ ਲਈ ਇਕ ਹੈ...ਸੱਚ ਕਦੇ ਛੁਪਦਾ ਨਹੀਂ।''

# ਅਕਾਲੀ ਦਲ ਅਤੇ ਬਾਦਲਾਂ ਦੀਆਂ ਮੁਸ਼ਕਿਲਾਂ ਵਧੀਆਂ

**ਫਰੀਦਕੋਟ:** ਵਿਸ਼ੇਸ਼ ਜਾਂਚ ਟੀਮ ਵੱਲੋਂ ਕੋਟਕਪੂਰਾ ਗੋਲੀ ਕਾਂਡ ਸਬੰਧੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਅੱਠ ਅਧਿਕਾਰੀਆਂ ਖ਼ਿਲਾਫ਼ ਅਦਾਲਤ 'ਚ ਪੇਸ਼ ਕੀਤੇ ਚਲਾਨ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਜਾਂਚ ਟੀਮ ਨੇ 22 ਮਹੀਨਿਆਂ ਦੀ ਮੁਸ਼ੱਕਤ ਤੋਂ ਬਾਅਦ ਕਰੀਬ 5600 ਸਫਿਆਂ ਦੇ ਸਬੂਤ ਇਕੱਠੇ ਕੀਤੇ ਹਨ, ਜਿਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਦੇ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਪਤਾ ਲੱਗਦਾ ਹੈ। ਪੜਤਾਲ ਟੀਮ ਨੇ ਚਲਾਨ ਪੇਸ਼ ਕਰਨ ਤੋਂ ਪਹਿਲਾਂ ਦੇਸ਼ ਭਰ ਦੀਆਂ ਖੁਫੀਆ ਅਤੇ ਸੁਰੱਖਿਆ ਏਜੰਸੀਆਂ ਨਾਲ ਰਾਬਤਾ ਕਾਇਮ ਕਰ ਕੇ ਅਹਿਮ ਜਾਣਕਾਰੀ ਇਕੱਠੀ ਕੀਤੀ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਘਟਨਾ ਸਮੇਂ ਦੌਰਾਨ ਦੇਸ਼-ਵਿਦੇਸ਼ ਦੀਆਂ ਕੀਤੀਆਂ ਯਾਤਰਾਵਾਂ ਦਾ ਰਿਕਾਰਡ ਵੀ ਫਰੋਲਿਆ ਗਿਆ ਹੈ।

ਇਸ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕੀਤੀ ਸੀ। ਹਾਲਾਂਕਿ ਉਹ ਜ਼ੁਬਾਨੀ ਦੋਸ਼ਾਂ ਤੋਂ ਇਲਾਵਾ ਬਾਦਲਾਂ ਖ਼ਿਲਾਫ਼ ਕੋਈ ਸਬੂਤ ਇਕੱਠਾ ਨਹੀਂ ਕਰ ਸਕੇ। ਜਾਂਚ ਟੀਮ ਨੇ ਚਲਾਨ ਪੇਸ਼ ਕਰਨ ਤੋਂ ਪਹਿਲਾਂ ਸਾਰੇ ਮੁਲਜ਼ਮਾਂ ਨੂੰ 300 ਸਵਾਲਾਂ ਦਾ ਪ੍ਰਸ਼ਨ ਪੱਤਰ ਭੇਜਿਆ ਸੀ ਅਤੇ 300 ਤੋਂ ਵੱਧ ਸਵਾਲਾਂ ਦੇ ਲਿਖਤੀ ਜਵਾਬ ਮੰਗੇ ਸਨ। ਸੂਚਨਾ ਅਨੁਸਾਰ ਕੋਟਕਪੂਰਾ ਗੋਲੀ ਕਾਂਡ ਦੇ ਮੁਲਜ਼ਮਾਂ ਵੱਲੋਂ ਦਿੱਤੇ ਗਏ ਜਵਾਬਾਂ ਦੀ ਤੁਲਨਾ ਇਕੱਠੇ ਕੀਤੇ ਗਏ ਸਬੂਤਾਂ ਨਾਲ ਕੀਤੀ ਗਈ। ਇਸੇ ਆਧਾਰ 'ਤੇ ਚਲਾਨ ਨੂੰ ਅੰਤਿਮ ਰੂਪ ਦਿੱਤਾ ਗਿਆ।

### ਚਲਾਨ ਤੋਂ ਬਹਿਬਲ ਮੋਰਚੇ ਦੇ ਆਗੂ ਸੰਤੁਸ਼ਟ

**ਜੈਤੋ:** ਬਹਿਬਲ ਕਲਾਂ ਵਿਚ ਚੱਲ ਰਹੇ ਇਨਸਾਫ ਮੋਰਚੇ ਦੇ ਆਗੂ ਸੁਖਰਾਜ ਸਿੰਘ ਨਿਆਮੀਵਾਲਾ ਨੇ ਕੋਟਕਪੂਰਾ ਕਾਂਡ ਨਾਲ ਸਬੰਧਤ ਮਾਮਲੇ ਬਾਰੇ ਅਦਾਲਤ ਵਿਚ ਚਲਾਨ ਪੇਸ਼ ਕਰਨ ਲਈ 'ਆਪ' ਸਰਕਾਰ ਦੀ ਸ਼ਲਾਘਾ ਕੀਤੀ ਹੈ। ਇਸ ਦੇ ਨਾਲ ਹੀ ਪ੍ਰਦਰਸ਼ਨਕਾਰੀਆਂ ਨੇ ਮੋਰਚਾ ਸਥਾਨ 'ਤੇ ਬਠਿੰਡਾ-ਅੰਮ੍ਰਿਤਸਰ ਨੈਸ਼ਨਲ ਹਾਈਵੇਅ ਦੇ ਇਕ ਪਾਸੇ ਦੇ ਬੰਦ ਰਸਤੇ ਤੋਂ ਰੋਕਾਂ ਹਟਾ ਦਿੱਤੀਆਂ ਹਨ ਅਤੇ ਦੋਵੇਂ ਪਾਸੇ ਆਵਾਜਾਈ ਮੁਕੰਮਲ ਤੌਰ 'ਤੇ ਖੋਲ੍ਹ ਦਿੱਤੀ ਗਈ ਹੈ।

### ਬਾਦਲ ਤੋਂ 'ਫਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਦੀ ਮੰਗ

**ਅੰਮ੍ਰਿਤਸਰ:** ਬੇਅਦਬੀ ਤੇ ਗੋਲੀ ਕਾਂਡ ਮਾਮਲੇ ਵਿਚ ਅਦਾਲਤ 'ਚ ਪੇਸ਼ ਚਲਾਨ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਆਉਣ ਬਾਅਦ ਉਨ੍ਹਾਂ ਕੋਲੋਂ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਦੀ ਮੰਗ ਉੱਠਣ ਲੱਗੀ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਤੇ ਭਾਜਪਾ ਆਗੂ ਸਰਚਾਂਦ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਸ੍ਰੀ ਬਾਦਲ ਨੂੰ ਦਿੱਤਾ ਗਿਆ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲਿਆ ਜਾਵੇ।

### ਅਚਾਨਕ ਛੁੱਟੀ ਵਾਲੇ ਦਿਨ ਵੀ ਹੋਣਗੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ

**ਮੋਗਾ:** ਪੰਜਾਬ ਸਰਕਾਰ ਨੇ ਅਚਾਨਕ ਸਰਕਾਰੀ ਛੁੱਟੀ ਹੋਣ 'ਤੇ ਵੀ ਅਧਿਕਾਰੀਆਂ ਨੂੰ ਤਹਿਸੀਲਾਂ ਵਿਚ ਜ਼ਮੀਨਾਂ ਦੀਆਂ ਰਜਿਸਟਰੀਆਂ ਲਈ ਅਗਾਊਂ ਆਨਲਾਈਨ ਸਮੇਂ ਮੁਤਾਬਕ ਆਮ ਦਿਨਾਂ ਵਾਂਗ ਕੰਮ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਦਫ਼ਤਰਾਂ 'ਚ ਸਰਕਾਰੀ ਛੁੱਟੀ ਤਾਂ ਰਹੇਗੀ ਪਰ ਤਹਿਸੀਲਦਾਰ ਤੇ ਸਬ-ਰਜਿਸਟਰਾਰ ਕੰਮਾਂ ਦਾ ਨਿਬੇੜਾ ਉਸੇ ਦਿਨ ਹੀ ਕਰਨਗੇ। ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੀ ਅਸ਼ਟਾਮ ਅਤੇ ਰਜਿਸਟਰੀ ਸ਼ਾਖਾ ਨੇ ਅਧੀਨ ਸਕੱਤਰ ਮਾਲ ਦੇ ਦਸਤਖ਼ਤਾਂ ਹੇਠ ਪੱਤਰ 24 ਫਰਵਰੀ ਨੂੰ ਜਾਰੀ ਕੀਤਾ ਹੈ। ਇਸ ਵਿਚ ਡਿਵੀਜ਼ਨਲ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਸੂਬੇ ਵਿਚ ਅਚਾਨਕ ਸਰਕਾਰੀ ਛੁੱਟੀ ਹੋਣ 'ਤੇ ਤਹਿਸੀਲਾਂ ਵਿਚ ਜ਼ਮੀਨਾਂ ਦੀਆਂ ਰਜਿਸਟਰੀਆਂ ਦਾ ਕੰਮ ਬੰਦ ਨਾ ਕੀਤਾ ਜਾਵੇ।

# ਕੋਟਕਪੂਰਾ ਗੋਲੀ ਕਾਂਡ: ਚਾਰਜਸ਼ੀਟ ਮਗਰੋਂ ਪੰਜਾਬ ਦੀ ਸਿਆਸਤ ਭਖੀ

**ਚੰਡੀਗੜ੍ਹ:** ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਚਾਰਜਸ਼ੀਟ ਦਾਖ਼ਲ ਹੋਣ ਮਗਰੋਂ ਪੰਜਾਬ ਵਿਚ ਸਿਆਸਤ ਮੁੜ ਗਰਮਾ ਗਈ। ਇਹ ਮੁੱਦਾ ਹਰ ਛੋਟੀ ਵੱਡੀ ਚੋਣ ਵਿਚ ਗੂੰਜਦਾ ਰਿਹਾ ਹੈ ਤੇ ਮੌਜੂਦਾ ਸਰਕਾਰ 'ਤੇ ਵੀ ਇਸ ਮਾਮਲੇ 'ਚ ਦੇਰੀ ਨੂੰ ਲੈ ਕੇ ਉਂਗਲ ਉੱਠ ਰਹੀ ਸੀ।

ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਨੂੰ ਲੈ ਕੇ 'ਆਪ' ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਆਹਮੋ-ਸਾਹਮਣੇ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਚਾਰਜਸ਼ੀਟ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ ਜਦੋਂ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਡਾ. ਇੰਦਰਬੀਰ ਸਿੰਘ ਨਿੱਝਰ ਨੇ ਸਪਸ਼ਟ ਤੌਰ 'ਤੇ ਆਖਿਆ ਕਿ ਇਸ 'ਚ ਕੋਈ ਸਿਆਸੀ ਦਖ਼ਲਅੰਦਾਜ਼ੀ ਨਹੀਂ ਹੋਈ ਹੈ।

ਜ਼ਿਕਰਯੋਗ ਹੈ ਕਿ ਪੁਲਿਸ ਨੇ ਕੋਟਕਪੂਰਾ ਗੋਲੀ ਕਾਂਡ ਦੀ ਸੱਤ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਬਾਦਲ ਪਰਿਵਾਰ ਨੂੰ ਨਿਸ਼ਾਨੇ 'ਤੇ ਰੱਖਿਆ ਹੈ ਅਤੇ ਇਹ ਨਿਰੋਲ ਰੂਪ ਵਿਚ ਸਿਆਸਤ ਹੈ।

ਉਨ੍ਹਾਂ ਕਿਹਾ ਕਿ ਜਿਸ ਦਿਨ ਇਹ ਘਟਨਾ ਵਾਪਰੀ ਸੀ, ਉਸ ਦਿਨ ਉਹ ਤਾਂ ਪੰਜਾਬ ਤੋਂ ਬਾਹਰ ਸਨ ਅਤੇ ਉਨ੍ਹਾਂ ਦੀ ਕਿਸੇ ਅਫ਼ਸਰ ਨਾਲ ਗੱਲ ਵੀ ਨਹੀਂ ਹੋਈ। ਉਨ੍ਹਾਂ ਨੂੰ ਅਦਾਲਤਾਂ 'ਤੇ ਪੂਰਨ



ਭਰੋਸਾ ਅਤੇ ਪਹਿਲਾਂ ਵੀ ਅਦਾਲਤਾਂ 'ਚੋਂ ਨਿਆਂ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿਚ ਅਜਿਹੇ ਮਾਮਲੇ ਪਹਿਲਾਂ ਵੀ ਆਏ ਸਨ ਜਿਨ੍ਹਾਂ ਵਿਚ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਇਨਸਾਫ ਮੋਰਚੇ ਵਿਚ ਕੁਲਤਾਰ ਸਿੰਘ ਸੰਧਵਾਂ ਗਏ ਸਨ ਅਤੇ ਉਨ੍ਹਾਂ ਮਗਰੋਂ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਗਏ ਸਨ ਜਿਨ੍ਹਾਂ ਨੇ ਉਨ੍ਹਾਂ ਦਾ ਨਾਂ ਇਸ ਮਾਮਲੇ ਵਿਚ ਸ਼ਾਮਲ ਕਰਾਇਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਡਰ ਨਹੀਂ ਹੈ।

ਇਸੇ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਡਾ.ਇੰਦਰਬੀਰ ਸਿੰਘ ਨਿੱਝਰ ਨੇ ਸਾਂਝੇ ਤੌਰ 'ਤੇ ਪ੍ਰੈੱਸ ਕਾਨਫਰੰਸ ਕੀਤੀ ਅਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਨੂੰ ਲੈ ਕੇ ਵਿਸ਼ੇਸ਼ ਜਾਂਚ ਟੀਮ ਨੂੰ ਨਿਰਪੱਖ ਤਰੀਕੇ ਨਾਲ ਕੰਮ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਇਲਜ਼ਾਮਾਂ ਵਿਚ ਕੋਈ ਸੱਚਾਈ ਨਹੀਂ ਹੈ ਅਤੇ ਇਸ ਜਾਂਚ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਸਿਆਸੀ ਦਖ਼ਲ ਨਹੀਂ ਰਿਹਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸਾਢੇ ਸੱਤ ਵਰ੍ਹਿਆਂ ਤੋਂ ਲਟਕ ਰਹੇ ਮਸਲੇ ਨੂੰ ਨੇਪਰੇ ਚਾੜ੍ਹਿਆ ਹੈ ਜਦੋਂ ਕਿ ਪਹਿਲੀਆਂ ਸਰਕਾਰਾਂ ਵੱਲੋਂ ਚੋਣਾਂ ਮੌਕੇ ਵਾਅਦੇ ਕੀਤੇ ਜਾਂਦੇ ਸਨ ਅਤੇ ਬਾਅਦ ਵਿਚ ਮਸਲਾ ਲਟਕਾ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਨੀਅਤ ਸਾਫ ਹੈ ਜਿਸ ਦੇ ਵਜੋਂ ਇਹ ਕਾਰਵਾਈ ਸਿਰੇ ਲੱਗੀ ਹੈ।

### ਚਲਾਨ ਪੇਸ਼ ਕਰਨ ਦਾ ਜਥੇਦਾਰ ਮੰਡ ਵੱਲੋਂ ਸਵਾਗਤ

**ਬਠਿੰਡਾ:** ਸਰਬੱਤ ਖਾਲਸਾ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਬੇਅਦਬੀ ਘਟਨਾਵਾਂ ਦੇ ਮਾਮਲੇ ਵਿਚ ਅਦਾਲਤ ਵਿਚ ਚਲਾਨ ਪੇਸ਼ ਕੀਤੇ ਜਾਣ ਦਾ ਸਵਾਗਤ ਕੀਤਾ ਹੈ। ਜਥੇਦਾਰ ਮੰਡ ਨੇ ਕਿਹਾ ਕਿ ਬੇਅਦਬੀ ਤੇ ਗੋਲੀ ਕਾਂਡ ਦੀਆਂ ਘਟਨਾਵਾਂ 'ਤੇ ਅਖੀਰ ਪੁਲਿਸ ਵੱਲੋਂ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਹੈ ਅਤੇ ਤਤਕਾਲੀ ਮੁੱਖ ਮੰਤਰੀ, ਗ੍ਰਹਿ ਮੰਤਰੀ, ਡੀ.ਜੀ.ਪੀ. ਤੇ ਪੁਲਿਸ ਅਧਿਕਾਰੀਆਂ ਨੂੰ ਕਟਹਿਰੇ ਵਿਚ ਲਿਆਂਦਾ ਹੈ। ਜਥੇਦਾਰ ਮੰਡ ਨੇ ਪੁਲਿਸ ਵੱਲੋਂ ਅਦਾਲਤ ਵਿਚ ਚਲਾਨ ਪੇਸ਼ ਕਰਨ ਦਾ ਸਵਾਗਤ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ 'ਤੇ ਫੌਰੀ ਕਾਰਵਾਈ ਕੀਤੀ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਸਜਾ ਦਿਵਾਈ ਜਾਵੇ।

### ਕੇਸ ਵਿਚ ਝੂਠਾ ਫਸਾਇਆ ਜਾ ਰਿਹੈ: ਸੁਖਬੀਰ

**ਫ਼ਰੀਦਕੋਟ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸਿਆਸੀ ਕਾਰਨਾਂ ਕਰ ਕੇ ਇਨ੍ਹਾਂ ਕੇਸਾਂ ਵਿਚ ਝੂਠਾ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਦੀ ਪਹਿਲੀ ਪੜਤਾਲ ਰਿਪੋਰਟ ਝੂਠੀ ਹੋਣ ਕਰ ਕੇ ਹਾਈ ਕੋਰਟ ਵੱਲੋਂ ਰੱਦ ਹੋ ਚੁੱਕੀ ਹੈ ਅਤੇ ਹੁਣ ਵੀ ਅਦਾਲਤੀ ਸੁਣਵਾਈ ਦੌਰਾਨ ਸਚਾਈ ਪੰਜਾਬ ਦੇ ਲੋਕਾਂ ਸਾਹਮਣੇ ਆ ਜਾਵੇਗੀ।

# ਸਮੁੰਦਰ ਰਾਹੀਂ ਕੋਲਾ ਲਿਆਉਣ ਦੀ ਸ਼ਰਤ ਹਟਾਈ

**ਨਵੀਂ ਦਿੱਲੀ:** ਕੇਂਦਰ ਸਰਕਾਰ ਮਹਾਨਦੀ ਕੋਲਫੀਲਡਜ਼ ਲਿਮਟਿਡ (ਐਮ.ਸੀ.ਐਲ.) ਤੋਂ ਕੋਲੇ ਦੀ ਸਪਲਾਈ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐਸ.ਪੀ.ਐਲ.) ਨੂੰ ਕਰਨ ਵੇਲੇ ਲਾਈ ਲਾਜ਼ਮੀ ਸ਼ਰਤ ਰੇਲ-ਸਮੁੰਦਰ-ਰੇਲ (ਆਰ.ਐਸ.ਆਰ.) ਵਿਚ ਛੋਟ ਦੇਣ ਲਈ ਸਹਿਮਤ ਹੋ ਗਈ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 9 ਦਸੰਬਰ 2022 ਨੂੰ ਬਿਜਲੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਇਹ ਮੁੱਦਾ ਚੁੱਕਿਆ ਸੀ ਅਤੇ ਇਸ ਸਬੰਧੀ ਪੱਤਰ ਵੀ ਲਿਖਿਆ ਸੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਕੋਈ ਰੂਟ ਜਾਂ ਬੰਦਰਗਾਹ ਤੈਅ ਨਹੀਂ ਕੀਤੀ ਤੇ ਢੋਆ-ਢੁਆਈ ਦੀ ਸਮੁੱਚੀ ਜ਼ਿੰਮੇਵਾਰੀ ਸੂਬਿਆਂ/ਉਤਪਾਦਕਾਂ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਐਮ.ਸੀ.ਐਲ. ਤੋਂ ਪੰਜਾਬ ਨੂੰ ਵਾਧੂ ਕੋਲਾ ਅਲਾਟ ਹੋ ਸਕਦਾ ਹੈ ਅਤੇ ਜੇ ਪੰਜਾਬ ਕਿਸੇ ਹੋਰ ਤਰੀਕੇ ਨਾਲ ਢੋਆ-ਢੁਆਈ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੋਵੇਗੀ।

ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਆਰ.ਕੇ. ਸਿੰਘ ਨੂੰ ਅਪੀਲ ਕੀਤੀ ਕਿ ਪਛਵਾੜਾ ਖਾਣ ਤੋਂ ਕੋਲਾ, ਕੇਸ-2 ਇੰਡੀਪੈਂਡੈਂਟ ਪਾਵਰ ਪ੍ਰੋਡਿਊਸਰਜ਼ (ਆਈ.ਪੀ.ਪੀਜ਼) ਨੂੰ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅਲਾਟ ਹੋਈ ਪਛਵਾੜਾ (ਸੈਂਟਰਲ) ਕੋਲਾ ਖਾਣ ਦਾ ਕੋਲਾ ਕੇਸ 2 ਇੰਡੀਪੈਂਡੈਂਟ ਪਾਵਰ ਪ੍ਰੋਡਿਊਸਰਾਂ ਨੂੰ ਤਬਦੀਲ ਕਰਨ ਦਾ ਮਾਮਲਾ ਇਸ ਸਮੇਂ ਕੋਲਾ ਮੰਤਰੀ ਕੋਲ ਪੈਂਡਿੰਗ ਹੈ। ਬਿਜਲੀ ਮੰਤਰਾਲੇ ਨੇ ਇਹ ਕੇਸ ਕੋਲਾ ਮੰਤਰਾਲੇ ਨੂੰ ਤੇ ਕੋਲਾ ਮੰਤਰਾਲੇ ਨੇ ਕਾਨੂੰਨੀ ਪੱਖਾਂ ਦੀ ਘੋਖ ਲਈ ਇਹ ਕੇਸ ਕਾਨੂੰਨ ਮੰਤਰਾਲੇ ਨੂੰ ਭੇਜਿਆ ਹੈ। ਉਨ੍ਹਾਂ ਕੇਂਦਰੀ ਬਿਜਲੀ ਮੰਤਰੀ ਤੋਂ ਦਖ਼ਲ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਉਹ ਸੋਲਰ ਐਨਰਜੀ ਕਾਰਪੋਰੇਸ਼ਨ ਆਫ ਇੰਡੀਆ (ਐਸ.ਈ.ਸੀ.ਆਈ.) ਨੂੰ ਸੂਬੇ ਲਈ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਨਿਰੰਤਰ ਤੌਰ ਉਤੇ ਨਵਿਆਉਣਯੋਗ ਊਰਜਾ ਮਾਧਿਅਮ (ਆਰ.ਈ.-ਆਰ.ਟੀ.ਸੀ.) ਤੋਂ ਖਰੀਦਣ ਲਈ ਕਿਹਾ ਜਾਵੇ।

## ਪੰਜਾਬ ਅਤੇ ਹਰਿਆਣਾ ਮੀਂਹ ਨੂੰ ਤਰਸੇ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਜੰਮੂ-ਕਸ਼ਮੀਰ, ਹਿਮਾਚਲ, ਉੱਤਰਾਖੰਡ ਅਤੇ ਪੱਛਮੀ ਉਤਰ ਪ੍ਰਦੇਸ਼ ਸਮੇਤ ਉੱਤਰ-ਪੱਛਮੀ ਭਾਰਤ ਸਣੇ ਮੁਲਕ ਦੇ ਵੱਡੇ ਹਿੱਸਿਆਂ ਵਿਚ ਬਾਰਸ਼ ਦੀ ਕਮੀ ਹੈ। ਪੰਜਾਬ 'ਚ 18 ਅਤੇ ਹਰਿਆਣਾ 'ਚ 13 ਜ਼ਿਲ੍ਹੇ ਮੀਂਹ ਦੀ ਘਾਟ ਨਾਲ ਜੂਝ ਰਹੇ ਹਨ। ਮੌਸਮ ਵਿਭਾਗ ਮੁਤਾਬਕ ਦੇਸ਼ ਦੇ 717 ਵਿਚੋਂ 264 ਜ਼ਿਲ੍ਹਿਆਂ ਵਿਚ 1 ਜਨਵਰੀ ਤੋਂ 27 ਫਰਵਰੀ ਦੇ ਵਿਚਕਾਰ ਮੀਂਹ ਨਹੀਂ ਪਿਆ। 717 ਜ਼ਿਲ੍ਹਿਆਂ ਲਈ ਮੌਸਮ ਵਿਭਾਗ ਦੀ ਵੈੱਬਸਾਈਟ ਉਤੇ 1 ਜਨਵਰੀ, 2023 ਅਤੇ 27 ਫਰਵਰੀ, 2023 ਦੇ ਵਿਚਕਾਰ ਦੀ ਮਿਆਦ ਲਈ ਉਪਲਬਧ ਰਾਜ-ਵਾਰ ਅੰਕੜੇ ਦਰਸਾਉਂਦੇ ਹਨ ਕਿ 243 ਜ਼ਿਲ੍ਹੇ ਮੀਂਹ ਦੀ ਵੱਡੀ ਕਮੀ ਅਤੇ 100 ਕਮੀ ਨਾਲ ਜੂਝ ਰਹੇ ਹਨ। ਇਸ ਸਮੇਂ ਦੌਰਾਨ ਸਿਰਫ 54 ਜ਼ਿਲ੍ਹਿਆਂ ਵਿਚ ਆਮ, 17 'ਚ ਵੱਧ ਅਤੇ 36 'ਚ ਕਾਫੀ ਬਾਰਸ਼ ਹੋਈ ਹੈ।

# ਸੁਪਰੀਮ ਕੋਰਟ ਆਨੰਦ ਮੈਰਿਜ ਐਕਟ ਪਟੀਸ਼ਨ 'ਤੇ ਸੁਣਵਾਈ ਲਈ ਰਾਜ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਆਨੰਦ ਮੈਰਿਜ ਐਕਟ, 1909 ਤਹਿਤ ਸਿੱਖਾਂ ਦੇ ਵਿਆਹ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਵਾਸਤੇ ਨਿਰਦੇਸ਼ ਦੇਣ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ ਸੂਚੀਬੱਧ ਕਰਨ ਲਈ ਸਹਿਮਤੀ ਦਿੱਤੀ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਤਿੰਨ ਜੱਜਾਂ ਦੇ ਬੈਂਚ ਨੇ ਅਰਜ਼ੀਕਾਰ ਦੇ ਵਕੀਲ ਵੱਲੋਂ ਕੇਸ ਦੀ ਸੁਣਵਾਈ ਲਈ ਸੂਚੀਬੱਧ ਕੀਤੇ ਜਾਣ ਦੀ ਬੇਨਤੀ 'ਤੇ ਕਿਹਾ,"ਹਾਂ, ਅਸੀਂ ਇਸ ਨੂੰ ਸੂਚੀਬੱਧ ਕਰਾਂਗੇ।" ਪਟੀਸ਼ਨਕਰਤਾ ਦੇ ਵਕੀਲ ਨੇ ਆਨੰਦ ਮੈਰਿਜ ਐਕਟ, 1909 ਦਾ ਹਵਾਲਾ ਦਿੰਦਿਆਂ ਬੈਂਚ ਨੂੰ ਦੱਸਿਆ, "ਇਹ ਐਕਟ ਇਕ ਸਦੀ ਪੁਰਾਣੇ ਕਾਨੂੰਨ ਨਾਲ ਸਬੰਧਤ ਹੈ।"

ਸੁਪਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿਚ ਵਕੀਲ ਅਮਨਜੋਤ ਸਿੰਘ ਚੱਢਾ ਵੱਲੋਂ ਦਾਖਲ ਪਟੀਸ਼ਨ 'ਤੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਸੀ। 1909 ਦਾ ਐਕਟ ਅਨੰਦ ਕਾਰਜ ਨੂੰ ਕਾਨੂੰਨੀ ਪ੍ਰਵਾਨਗੀ ਦੇਣ ਅਤੇ ਉਸ ਦੀ ਵੈਧਤਾ ਬਾਰੇ ਕਿਸੇ ਵੀ ਸ਼ੰਕੇ ਨੂੰ ਦੂਰ ਕਰਨ ਲਈ ਬਣਾਇਆ ਗਿਆ ਸੀ।

ਆਨੰਦ ਮੈਰਿਜ ਐਕਟ ਤਹਿਤ ਸਿੱਖਾਂ ਨੂੰ ਆਪਣੇ ਵਿਆਹ ਰਜਿਸਟਰ ਕਰਾਉਣ ਦੀ ਮੰਗ ਪੂਰੀ ਕਰਦਿਆਂ 2012 ਵਿਚ ਐਕਟ 'ਚ ਸੋਧ ਕੀਤੀ ਗਈ ਸੀ। ਅਰਜ਼ੀਕਾਰ ਨੇ ਦਲੀਲ ਦਿੱਤੀ ਕਿ 2012 ਦੀ ਸੋਧ ਤਹਿਤ ਰਾਜ ਸਰਕਾਰਾਂ ਨੂੰ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਨਿਯਮ ਬਣਾਉਣੇ ਚਾਹੀਦੇ ਸਨ, ਜਿਨ੍ਹਾਂ ਇਸ ਮੁੱਦੇ 'ਤੇ ਪਹਿਲਾਂ ਉੱਤਰਾਖੰਡ ਹਾਈ ਕੋਰਟ ਦਾ ਰੁਖ ਕੀਤਾ ਸੀ।

ਉਨ੍ਹਾਂ ਦੋਸ਼ ਲਾਇਆ ਕਿ ਰਾਜ ਸਰਕਾਰਾਂ ਅਤੇ ਅਧਿਕਾਰੀ ਸੰਵਿਧਾਨ ਦੀ ਧਾਰਾ 14, 19, 21, 25, 26 ਅਤੇ 29 ਤਹਿਤ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ ਕਿਉਂਕਿ ਉਹ ਆਨੰਦ ਮੈਰਿਜ ਐਕਟ, 1909 ਤਹਿਤ ਲਾਜ਼ਮੀ ਨਿਯਮ ਬਣਾਉਣ ਅਤੇ ਨੋਟੀਫਾਈ ਕਰਨ ਵਿੱਚ ਅਸਫਲ ਰਹੇ ਹਨ।

# ਖਾਲਿਸਤਾਨੀ ਸਮਰਥਕਾਂ ਨੇ ਭਾਰਤੀ ਕੌਂਸਲੇਟ ਨੂੰ ਨਿਸ਼ਾਨਾ ਬਣਾਇਆ

**ਮੈਲਬਰਨ:** ਆਸਟਰੇਲੀਆ ਦੇ ਬ੍ਰਿਸਬੇਨ ਸ਼ਹਿਰ 'ਚ ਆਨਰੇਰੀ ਕੌਂਸਲੇਟ ਨੂੰ ਖਾਲਿਸਤਾਨੀ ਸਮਰਥਕਾਂ ਨੇ ਨਿਸ਼ਾਨਾ ਬਣਾਉਂਦਿਆਂ ਉਥੇ ਦਫਤਰ 'ਤੇ ਖਾਲਿਸਤਾਨ ਦਾ ਝੰਡਾ ਲਗਾ ਦਿੱਤਾ। ਇਹ ਘਟਨਾ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਵੱਲੋਂ ਦੇਸ਼ ਦਾ ਦੌਰਾ ਕੀਤੇ ਜਾਣ ਤੇ ਆਸਟਰੇਲੀਆ 'ਚ ਭਾਰਤੀ ਫਿਰਕੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕੱਟੜਪੰਥੀ ਸਰਗਰਮੀਆਂ ਖਿਲਾਫ ਨਿਗਰਾਨੀ ਰੱਖੇ ਜਾਣ ਦੀ ਲੋੜ 'ਤੇ ਜ਼ੋਰ ਦਿੱਤੇ ਜਾਣ ਦੇ ਕੁਝ ਦਿਨ ਬਾਅਦ ਹੋਈ ਹੈ।'ਦਿ ਆਸਟਰੇਲੀਆ ਟੂਡੇ' ਪੋਰਟਲ ਮੁਤਾਬਕ ਬ੍ਰਿਸਬੇਨ ਦੇ ਟਾਰਿੰਗਾ ਉਪ ਨਗਰ 'ਚ ਸਵਾਨ ਰੋਡ ਸਥਿਤ ਭਾਰਤੀ ਆਨਰੇਰੀ ਕੌਂਸਲੇਟ ਨੂੰ ਖਾਲਿਸਤਾਨੀ ਸਮਰਥਕਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬ੍ਰਿਸਬੇਨ 'ਚ ਭਾਰਤ ਦੀ ਆਨਰੇਰੀ ਕੌਂਸਲ ਆਫ ਇੰਡੀਆ ਅਰਚਨਾ ਸਿੰਘ ਨੇ ਦਫਤਰ 'ਚ ਖਾਲਿਸਤਾਨ ਦਾ ਝੰਡਾ ਲੱਗਾ ਦੇਖਿਆ। ਉਨ੍ਹਾਂ 'ਦਿ ਆਸਟਰੇਲੀਆ ਟੂਡੇ' ਨੂੰ ਦੱਸਿਆ, "ਪੁਲਿਸ ਸਾਨੂੰ ਸੁਰੱਖਿਅਤ ਰੱਖਣ ਲਈ ਇਲਾਕੇ 'ਤੇ ਨਜ਼ਰ ਰੱਖ ਰਹੀ ਹੈ। ਸਾਨੂੰ ਪੁਲਿਸ 'ਤੇ ਪੂਰਾ ਭਰੋਸਾ ਹੈ।" ਇਸ ਤੋਂ ਪਹਿਲਾਂ ਆਸਟਰੇਲੀਆ 'ਚ ਖਾਲਿਸਤਾਨੀ ਸਮਰਥਕਾਂ ਵੱਲੋਂ ਤਿੰਨ ਹਿੰਦੂ ਮੰਦਰਾਂ 'ਚ ਵੀ ਭੰਨ-ਤੋੜ ਕੀਤੀ ਗਈ ਸੀ।

## ਸਾਬਕਾ ਵਿਧਾਇਕ ਜਲਾਲਪੁਰ 'ਤੇ ਵਿਜੀਲੈਂਸ ਦਾ ਸ਼ਿਕੰਜਾ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਪੰਜਾਬ ਨੇ ਪਟਿਆਲਾ ਜ਼ਿਲ੍ਹੇ ਦੇ ਬਲਾਕ ਸ਼ੰਭੂ ਵਿਚ ਹੋਏ ਕਰੋੜਾਂ ਰੁਪਏ ਦੇ ਚਰਚਿਤ ਪੰਚਾਇਤੀ ਘੁਟਾਲੇ ਵਿਚ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਨਾਮਜ਼ਦ ਕੀਤਾ ਹੈ। ਪੰਜਾਬ ਸਰਕਾਰ ਨੇ ਸਾਬਕਾ ਵਿਧਾਇਕ ਜਲਾਲਪੁਰ ਖਿਲਾਫ਼ ਲੁੱਕ ਆਊਟ ਸਰਕੂਲਰ ਵੀ ਜਾਰੀ ਕਰ ਦਿੱਤਾ ਹੈ ਤਾਂ ਜੋ ਸਾਬਕਾ ਵਿਧਾਇਕ ਨੂੰ ਵਿਦੇਸ਼ ਉਡਾਰੀ ਮਾਰਨ ਤੋਂ ਰੋਕਿਆ ਜਾ ਸਕੇ। ਸਾਬਕਾ ਵਿਧਾਇਕ ਜਲਾਲਪੁਰ ਨੂੰ ਇਸ ਮਾਮਲੇ ਦੀ ਭਿਣਕ ਪੈ ਗਈ ਹੈ, ਜਿਸ ਕਰਕੇ ਉਹ ਰੂਪੋਸ਼ ਹੋ ਗਏ ਹਨ। ਵਿਜੀਲੈਂਸ ਟੀਮ ਨੂੰ ਸ਼ੱਕ ਹੈ ਕਿ ਸਾਬਕਾ ਵਿਧਾਇਕ ਮਦਨ ਲਾਲ ਪੰਜਾਬ 'ਚੋਂ ਬਾਹਰ ਚਲੇ ਗਏ ਹਨ ਅਤੇ ਵਿਜੀਲੈਂਸ ਨੇ ਉਨ੍ਹਾਂ ਦੀ ਭਾਲ ਤੇਜ਼ ਕਰ ਦਿੱਤੀ ਹੈ। ਵਿਜੀਲੈਂਸ ਨੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਏ ਜਾਣ ਦੀ ਵੱਖਰੀ ਪੜਤਾਲ ਵਿੱਢੀ ਹੋਈ ਹੈ। ਜਲਾਲਪੁਰ ਥੋੜ੍ਹਾ ਸਮਾਂ ਪਹਿਲਾਂ ਹੀ ਆਸਟਰੇਲੀਆ ਤੋਂ ਪਰਤੇ ਸਨ ਅਤੇ ਹੁਣ ਉਹ ਮੁੜ ਵਿਦੇਸ਼ ਜਾਣ ਦੀ ਤਾਕ ਵਿਚ ਸਨ ਪਰ ਸਰਕਾਰ ਨੇ ਸਾਰੇ ਹਵਾਈ ਅੱਡਿਆਂ ਨੂੰ ਜਲਾਲਪੁਰ ਬਾਰੇ ਲੁੱਕ ਆਊਟ ਸਰਕੂਲਰ ਜ਼ਰੀਏ ਸੂਚਿਤ ਕਰ ਦਿੱਤਾ ਹੈ।

# ਆਮ ਆਦਮੀ ਪਾਰਟੀ ਦੀ ਸਰਕਾਰ ਕਸੂਤੀ ਫਸੀ

*(ਪਹਿਲੇ ਸਫੇ ਦੀ ਬਾਕੀ)*

ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਦੇ ਗੈਂਗਸਟਰਾਂ ਦਰਮਿਆਨ ਜੰਮ ਕੇ ਲੜਾਈ ਹੋਈ। ਇਸ ਲੜਾਈ ਵਿਚ ਰਾਡਾਂ ਅਤੇ ਤੇਜ਼ਧਾਰ ਹਥਿਆਰਾਂ ਦੀ ਵਰਤੋਂ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਦੋ ਗੈਂਗਸਟਰ ਮਨਦੀਪ ਸਿੰਘ ਤੂਫਾਨ ਤੇ ਮਨਮੋਹਨ ਸਿੰਘ ਮੋਹਣਾ ਮਾਰੇ ਗਏ ਅਤੇ ਅਨੇਕਾਂ ਹੋਰ ਜੇਲ੍ਹ ਵਿਚ ਨਜ਼ਰਬੰਦ ਦੋਸ਼ੀ ਜ਼ਖ਼ਮੀ ਹੋ ਗਏ।

ਇਸ ਤੋਂ ਬਾਅਦ ਮੁਹਾਲੀ ਵਿਚ ਇਕ ਨੌਜਵਾਨ ਨੂੰ ਅਗਵਾ ਕਰ ਕੇ ਹੱਥ ਦੀਆਂ ਉਂਗਲਾਂ ਵੱਢਣ, ਤਰਨਤਾਰਨ ਵਿਚ ਕਾਂਗਰਸ ਆਗੂ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਮੇਜਰ ਸਿੰਘ ਧਾਲੀਵਾਲ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 20 ਸਾਲਾ ਵਿਦਿਆਰਥੀ ਨਵਜੋਤ ਸਿੰਘ ਦੀ ਹੱਤਿਆ ਨੇ ਵਿਰੋਧੀ ਧਿਰਾਂ ਨੂੰ ਸਰਕਾਰ ਉਤੇ ਸਵਾਲ ਖੜ੍ਹੇ ਕਰਨ ਦਾ ਮੌਕਾ ਦਿੱਤਾ ਹੈ। ਵਿਰੋਧੀ ਧਿਰਾਂ ਦੇ ਸਵਾਲਾਂ ਦਾ ਜਵਾਬ ਦਿੰਦੀ ਹੋਈ ਮਾਨ ਸਰਕਾਰ ਦਾਅਵਾ ਕਰ ਰਹੀ ਹੈ ਕਿ ਅਜਿਹੀਆਂ ਅਪਰਾਧਿਕ ਘਟਨਾਵਾਂ ਉਤਰ ਪ੍ਰਦੇਸ਼ ਤੇ ਬਿਹਾਰ ਵਰਗੇ ਸੂਬਿਆਂ ਵਿਚ ਆਮ ਗੱਲ ਹੈ ਪਰ ਭਾਜਪਾ ਤੇ ਇਸ ਦੀਆਂ ਹਮਾਇਤੀ ਧਿਰਾਂ ਉਧਰ ਮੂੰਹ ਨਹੀਂ ਕਰਦੀਆਂ। ਵਿਰੋਧੀ ਧਿਰਾਂ ਵੱਲੋਂ ਜਾਣ-ਬੁੱਝ ਕੇ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ।

ਉਧਰ, ਸਿਆਸੀ ਅਤੇ ਕਾਨੂੰਨੀ ਵਿਸ਼ਿਆਂ ਨਾਲ ਜੁੜੇ ਮਾਹਿਰਾਂ ਦਾ ਵੀ ਤਰਕ ਹੈ ਕਿ ਕੇਂਦਰ ਦੇ ਪੰਜਾਬ ਨਾਲ ਟਕਰਾਅ ਨੂੰ ਵੀ ਇਸ ਮਾਹੌਲ ਲਈ ਜ਼ਿੰਮੇਵਾਰ ਦੱਸਿਆ ਜਾ ਸਕਦਾ ਹੈ। ਕੇਂਦਰ ਤੇ ਸੂਬਾ ਸਰਕਾਰਾਂ ਪੰਜਾਬ ਦੇ ਮਸਲੇ ਸੁਲਝਾਉਣ ਦੀ ਬਜਾਇ ਆਪਸੀ ਟਕਰਾਅ ਦੀ ਰਾਹ 'ਤੇ ਚੱਲ ਰਹੀਆਂ ਹਨ। ਕਦੇ ਪਾਣੀਆਂ, ਚੰਡੀਗੜ੍ਹ ਤੇ ਕਦੇ ਪੰਜਾਬ ਯੂਨੀਵਰਸਿਟੀ ਦਾ ਮਸਲਾ ਉਭਾਰਿਆ ਜਾਂਦਾ ਹੈ। ਚੇਤੇ ਰਹੇ ਕਿ ਕੇਂਦਰ ਦਾ ਗੈਰ-ਭਾਜਪਾ ਸੂਬਾ ਸਰਕਾਰ ਪ੍ਰਤੀ ਰਵੱਈਆ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਸਰਕਾਰ ਹੋਵੇ ਜਾਂ ਦਿੱਲੀ ਜਾਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇ, ਇਨ੍ਹਾਂ ਸੂਬਿਆਂ ਵਿਚ ਰਾਜਪਾਲਾਂ ਨਾਲ ਟਕਰਾਅ ਸਿਖਰਾਂ ਉਤੇ ਹੈ। ਪੱਛਮੀ ਬੰਗਾਲ ਵਿਚ ਮਮਤਾ ਦੀ ਸਰਕਾਰ ਬਣਨ ਪਿੱਛੋਂ ਵੀ ਇਹੀ ਹਊਆ ਖੜ੍ਹਾ ਕੀਤਾ ਗਿਆ ਸੀ ਕਿ ਉਥੇ ਲਾਕਾਨੂੰਨੀ ਸਿਖਰ ਪਾਰ ਕਰ ਗਈ ਹੈ। ਸੂਬੇ ਦਾ ਰਾਜਪਾਲ ਖੁਦ ਇਸ ਵਿਵਾਦ ਵਿਚ ਕੁੱਦ ਪਿਆ ਅਤੇ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਹੁਣ ਇਸੇ ਤਰ੍ਹਾਂ ਦਾ ਟਕਰਾਅ ਪੰਜਾਬ ਵਿਚ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਔਖੀ ਘੜੀ ਵਿਚ ਸੂਬਾ ਸਰਕਾਰ ਦਾ ਸਾਥ ਦੇਣ ਦੀ ਥਾਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਸਰਕਾਰ ਚਲਾਉਣਾ ਇਸ ਨਵੀਂ ਉਠੀ ਇਸ ਸਿਆਸੀ ਧਿਰ ਦੇ ਵੱਸ ਦੀ ਗੱਲ ਨਹੀਂ ਹੈ। ਕੇਂਦਰ ਦੇ ਇਸ ਰਵੱਈਏ ਨੂੰ ਪਾਸੇ ਖੜ੍ਹ ਕੇ ਤਮਾਸ਼ਾ ਦੇਖਣ ਵਾਲਾ ਮੰਨਿਆ ਜਾ ਰਿਹਾ ਹੈ।

## ਬਾਇਡਨ ਨੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਮੁਖੀ ਥਾਪਿਆ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ-ਅਮਰੀਕੀ ਕਾਰੋਬਾਰੀ ਆਗੂ ਅਜੈ ਬੰਗਾ (63) ਨੂੰ ਵਿਸ਼ਵ ਬੈਂਕ ਦਾ ਮੁਖੀ ਨਾਮਜ਼ਦ ਕੀਤਾ ਹੈ। ਉਨ੍ਹਾਂ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ, 'ਅਜੈ ਬੰਗਾ ਵਿਚ ਅਜਿਹੀਆਂ ਸਾਰੀਆਂ ਖ਼ੂਬੀਆਂ ਮੌਜੂਦ ਹਨ ਕਿ ਉਹ ਸੰਕਟ ਦੇ ਇਸ ਸਮੇਂ ਵਿਚ ਵਿਸ਼ਵ ਬੈਂਕ ਦੀ ਅਗਵਾਈ ਕਰ ਸਕੇ।' ਮੌਜੂਦਾ ਸਮੇਂ ਅਜੈ ਬੰਗਾ ਜਨਰਲ ਐਟਲਾਂਟਿਕ ਕੰਪਨੀ ਦੇ ਉਪ ਚੇਅਰਮੈਨ ਹਨ। ਉਹ ਮਾਸਟਰਕਾਰਡ ਦੇ ਸੀ.ਈ.ਓ. ਤੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਅਜੈ ਬੰਗਾ ਨੂੰ ਸਾਲ 2016 ਵਿਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ ਸੀ।

# ਖੇਤੀ ਨੀਤੀ ਦਾ ਖਰੜਾ ਲੋਕਾਂ ਨਾਲ ਸਾਂਝਾ ਕਰੇਗੀ ਸਰਕਾਰ

**ਚੰਡੀਗੜ੍ਹ:** ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਅੰਤਿਮ ਛੋਹਾਂ ਦੇਣ ਤੋਂ ਪਹਿਲਾਂ ਨਵੀਂ ਖੇਤੀ ਨੀਤੀ ਦਾ ਖਰੜਾ ਆਮ ਲੋਕਾਂ ਨਾਲ ਸਾਂਝਾ ਕੀਤਾ ਜਾਵੇਗਾ ਤਾਂ ਜੋ ਪੰਜਾਬ ਪੱਖੀ ਖੇਤੀ ਮਾਡਲ ਨੂੰ ਤਿਆਰ ਕੀਤਾ ਜਾ ਸਕੇ।

ਉਨ੍ਹਾਂ ਦੱਸਿਆ ਕਿ ਨਵੀਂ ਖੇਤੀ ਨੀਤੀ ਤਿਆਰ ਕਰਨ ਵਾਸਤੇ ਪਹਿਲੀ ਕਿਸਾਨ ਮਿਲਣੀ ਵਿਚ 8500 ਕਿਸਾਨਾਂ ਨੇ ਆਪਣਾ ਮਸ਼ਵਰਾ ਦਿੱਤਾ ਹੈ ਅਤੇ ਹੁਣ ਕਿਸਾਨ ਆਗੂਆਂ ਤੋਂ ਸਲਾਹ ਲਈ ਜਾ ਰਹੀ ਹੈ। ਖੇਤੀ ਨੀਤੀ ਦਾ ਖਰੜਾ 31 ਮਾਰਚ 2023 ਤੱਕ ਪੰਜਾਬ ਦੇ ਲੋਕਾਂ ਦੇ ਸਨਮੁੱਖ ਰੱਖਿਆ ਜਾਵੇਗਾ। ਉਨ੍ਹਾਂ ਪੰਜਾਬ ਭਵਨ ਵਿਚ ਖੇਤੀ ਮਸਲਿਆਂ ਅਤੇ ਨਵੀਂ ਖੇਤੀ ਨੀਤੀ ਬਾਰੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨਾਲ ਵਿਚਾਰ-ਵਟਾਂਦਰਾ ਕੀਤਾ।

ਉਨ੍ਹਾਂ ਕਿਹਾ ਕਿ ਪਾਣੀ, ਬਿਜਲੀ, ਕੀਟਨਾਸ਼ਕ, ਖਾਦਾਂ ਦਾ ਕੰਟਰੋਲ, ਖੇਤੀ ਆਦਿ ਲਗਭਗ ਸਾਰੇ ਖੇਤੀ ਮਸਲੇ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿਚ ਹਨ ਅਤੇ ਇਹ ਦਾਅਵਾ ਛੱਡਿਆ ਨਹੀਂ ਜਾਵੇਗਾ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਉਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |


SWERA WOMEN SUPPORT GROUP
SIKH WOMEN ERA
SWERA
Presents
ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
Sunder Mundriye Ho!
Tera Kaun Vicharaa Ho!
ਲੋਹੜੀ ਹਰ ਜੀਅ ਦੀ,
ਪੁੱਤ ਦੀ ਨਾਲੇ ਧੀ ਦੀ।
Lohri ਲੋਹੜੀ
Saturday, March 11, 2023 - 6 PM - 11 PM
Atlantis Banquets
1273 North Rand Road, Arlington Heights, IL 60004
Food provided by: Touch of Spice K K Pamma
ਪਰਿਵਾਰਕ ਪ੍ਰੋਗਰਾਮ ਲਈ ਸਭਨਾਂ ਨੂੰ ਸੱਦਾ
(Kids under 5 are free.)
Entry $40 PP
Wear Mask
GURLEEN KAUR (INTERNATIONAL ANCHOR
SUNITA MALHOTRA FOLK SINGER
MELODIOUS MANMEET SINGER
MONA BHALLA SINGER
SUNNY GILL SINGER
RUPI KAUR MRS. ILLINOIS AMERICAN 2022
POOJA DHALIWAL FOLK SINGER
ਮਨੋਰੰਜਨ ਲਈ ਲੋਹੜੀ ਦੇ ਗੀਤ, ਗਿੱਧਾ, ਭੰਗੜਾ, ਨਵੇਂ ਜਨਮੇ
ਬੱਚਿਆਂ ਅਤੇ ਨਵ ਵਿਆਹੀਆਂ ਜੋੜੀਆਂ ਦੀ ਪਹਿਲੀ ਲੋਹੜੀ
ਦੇ ਸ਼ਗਨ ਮਨਾਏ ਜਾਣਗੇ ਅਤੇ ਹੋਰ ਬਹੁਤ ਕੁਝ।
Celebration of newborn kids, The Newlywed Couples
Lohri Blessing Join us and enjoy: Folk Songs,
Dancing, Musical Performance and Much More.
FOR MORE INFORMATION: JASBIR KAUR MANN - 847-890-2390, KIRPAL LALL - 630-664-3816
SUKHVIR DHILLON - 847-852-0666, AMRIT KAUR - 847-884-0349, NIKKI SEKHON - 773-443-2720
RAJU DHALIWAL - 224-410-1366, JOLLY DANDONA - 847-630-6417, GURPREET K SINGH - 630-677-6144
AMAN DHILLON - 847-529-4569, JEETU KAUR - 847-220-0174
Swera Supporters: Kamal Sahota, Laddi K Singh, Pammi Vohra, Pammi Sangha, Deepak Gill, Kamal Sidhu, Kulwant Parmar
Sukhjit Kahlon, Charanjeet Kahlon, Rajvir Kular, Sharanvir Kahlon, Harmesh Bains, Ritu Kaur, Joti Khaira
Prabh Khaira, Anureet Dhillon, Pinky Walia, Salwinder Sandhu, Jasbir Kaur, Bhupinder Dhanoa, Rajwinder Kaur
Sukhwinder Kaur, Manjit Sidhu, Amarjeet Kaur, Preet Sandhu, Mandeep Sandhu, Seerat Kaler, Harman Kaur
Team Swera is committed to participate in Palatine Gurudawara's Interior Kar Seva !
GRAND SPONSOR
Ghoman Group
MIDWEST PUNJABI ASSOCIATION
TV ASIA
MEDIA PARTNER
ADBHHUT MEDIA
NEWSPAPER & CHANNEL
ENGLISH, PUNJABI & HINDI
ਪੰਜਾਬ ਟਾਈਮਜ਼
PUNJAB TIMES
ITV GOLD
VOICE OF THE COMMUNITY
Radio Chann Pardesi
DESIGNED BY : GURMEET SINGH DHALWAN "GSD" +1 414 429 5313

# ਐਨ.ਆਈ.ਏ. ਵੱਲੋਂ ਛੇ ਖਾਲਿਸਤਾਨੀ ਸਮਰਥਕ ਗ੍ਰਿਫਤਾਰ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ ਨੇ ਛੇ ਖਾਲਿਸਤਾਨੀ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੇ ਸਬੰਧ ਗੈਂਗਸਟਰਾਂ, ਦਹਿਸ਼ਤੀ ਸੰਗਠਨਾਂ ਅਤੇ ਡਰੱਗ ਮਾਫੀਆ ਨਾਲ ਹਨ। ਏਜੰਸੀ ਦੇ ਤਰਜਮਾਨ ਨੇ ਦੱਸਿਆ ਕਿ ਇਹ ਗ੍ਰਿਫਤਾਰੀਆਂ ਅੱਠ ਸੂਬਿਆਂ ਵਿਚ 76 ਥਾਵਾਂ 'ਤੇ ਮਾਰੇ ਗਏ ਛਾਪਿਆਂ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ।

ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਕੈਨੇਡਾ ਆਧਾਰਿਤ 'ਨਾਮਜ਼ਦ ਦਹਿਸ਼ਤਗਰਦ' ਅਰਸ਼ਦੀਪ ਸਿੰਘ ਉਰਫ ਡੱਲਾ ਦਾ ਨਜਦੀਕੀ ਲੱਕੀ ਖੋਖਰ ਉਰਫ ਡੈਨਿਸ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਦਿੱਲੀ ਐਨ.ਸੀ.ਆਰ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਛਾਪੇ ਮਾਰ ਕੇ ਗ੍ਰਿਫਤਾਰ ਕੀਤੇ ਗਏ ਮੁਲਜ਼ਮ, ਗੈਂਗਸਟਰ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਅਤੇ ਗੋਲਡੀ ਬਰਾੜ ਦੇ ਨੇੜਲੇ ਸਾਥੀ ਹਨ। ਐਨ.ਆਈ.ਏ. ਨੇ ਦੱਸਿਆ ਕਿ ਬਠਿੰਡਾ ਨਾਲ ਸਬੰਧਤ ਖੋਖਰ ਨੂੰ ਰਾਜਸਥਾਨ ਦੇ ਸ੍ਰੀ ਗੰਗਾਨਗਰ ਤੋਂ ਕਾਬੂ ਕੀਤਾ ਗਿਆ ਹੈ। ਉਹ ਅਰਸ਼ ਡੱਲਾ ਦੇ ਸਿੱਧੇ ਸੰਪਰਕ 'ਚ ਸੀ ਅਤੇ ਉਸ ਲਈ ਕੰਮ ਕਰਦਾ ਸੀ। ਇਸ ਤੋਂ ਇਲਾਵਾ ਦਹਿਸ਼ਤੀ ਸਰਗਰਮੀਆਂ ਲਈ ਫੰਡ ਮੰਗਵਾਉਂਦਾ ਸੀ। ਉਹ ਪੰਜਾਬ ਵਿਚ ਅਰਸ਼ ਡੱਲਾ ਦੇ ਸਾਥੀਆਂ ਨੂੰ ਹਥਿਆਰ ਤੇ ਗੋਲੀ ਸਿੱਕਾ ਵੀ ਮੁਹੱਈਆ ਕਰਵਾਉਂਦਾ ਸੀ। ਹਾਲ ਵਿਚ ਜਗਰਾਉਂ ਵਿਚ ਹੋਇਆ ਕਤਲ ਵੀ ਕੈਨੇਡਾ ਆਧਾਰਿਤ ਦਹਿਸ਼ਤਗਰਦ ਦੇ ਇਸ਼ਾਰਿਆਂ 'ਤੇ ਕੀਤਾ ਗਿਆ ਹੈ।

3E Tours
Explore | Experience | Enjoy
Muhammad Umar
Cell: (847)409-7009

## ਜ਼ਰੂਰੀ ਸੂਚਨਾ

*ਪਿਆਰੇ ਦੋਸਤੋ!*

*ਮੈਂ ਤੁਹਾਨੂੰ ਬੜੇ ਅਫਸੋਸ ਨਾਲ ਦੱਸਣਾ ਚਾਹੁੰਦਾ ਹਾਂ ਕਿ ਕੁਝ ਨਾ-ਵਰਣਨਯੋਗ ਕਾਰਨਾਂ ਕਰਕੇ ਮੈਂ ਖ਼ੁਦ ਨੂੰ 3E TOURS ਨਾਲੋਂ ਵੱਖ ਕਰ ਰਿਹਾ ਹਾਂ। ਜੇਕਰ ਤੁਹਾਨੂੰ ਇਸ ਸੰਸਥਾ ਜਾਂ ਇਸ ਦੇ ਅਹੁਦੇਦਾਰਾਂ ਕਾਰਨ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਮੈਂ ਇਸ ਦਾ ਜ਼ਿੰਮੇਵਾਰ ਨਹੀਂ ਹੋਵਾਂਗਾ।*

*-ਮੁਹੰਮਦ ਉਮਰ*

## Important Information


**Dear Friends,**

**I regret to inform all of you that for some inexpressible reasons, I have disassociated myself from 3E TOURS. Hence, I shall not be responsible for any kind of trouble/problem in case it's caused to any of you on behalf of any office bearer of this organization.**

***Best Regards.***

***- Muhammad Umar***


# ਅਟਾਰਨੀ ਜਨਰਲ Rob Bonta ਨੇ ਚੁੱਕੀ ਸਹੁੰ



***ਅਟਾਰਨੀ ਜਨਰਲ Rob Bonta ਨਾਲ ਅਮੋਲਕ ਸਿੰਘ ਗਾਖਲ।***

**ਕੈਲੀਫੋਰਨੀਆ:** ਇੱਥੋਂ ਦੇ 34ਵੇਂ ਅਟਾਰਨੀ ਜਨਰਲ Rob Bonta ਦੇ ਓਕਲੈਂਡ ਦੇ ਮਿਊਜ਼ੀਅਮ ਵਿਚ ਹੋਏ ਸਹੁੰ ਚੁੱਕ ਸਮਾਗਮ ਵਿਚ ਗਾਖਲ ਗਰੁੱਪ ਯੂ.ਐਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਵੀ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਗਾਖਲ ਪਰਿਵਾਰ (ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ) ਵਲੋਂ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੋਇਆ ਹੈ। ਉਨ੍ਹਾਂ Rob Bonta ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ ਦਿੱਤੀਆਂ। ਮਿਸਟਰ ਰੌਬ ਦੋ ਸਾਲ ਦੀ ਉਮਰ ਵਿਚ ਆਪਣੇ ਮਾਤਾ-ਪਿਤਾ ਨਾਲ ਅਮਰੀਕਾ ਆਏ ਸਨ। ਉਨ੍ਹਾਂ ਆਪਣੇ ਭਾਸ਼ਣ ਵਿਚ ਦੱਸਿਆ ਕਿ ਉਨ੍ਹਾਂ ਦੇ ਮਾਤਾ-ਪਿਤਾ ਕਹਿੰਦੇ ਹੁੰਦੇ ਸਨ ਕਿ ਜੇਕਰ ਸਮਾਜ ਦੀ ਸੇਵਾ ਕਰਨੀ ਹੈ ਤਾਂ ਉਚ ਵਿੱਦਿਆ ਹਾਸਲ ਕਰ ਕੇ ਹੀ ਕੀਤੀ ਜਾ ਸਕਦੀ ਹੈ। ਅਮੋਲਕ ਸਿੰਘ ਗਾਖਲ ਨੇ ਵੀ ਸਾਰੇ ਸਮਾਜ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਉਚ ਵਿੱਦਿਆ ਦੁਆਉਣ ਲਈ ਉਪਰਾਲੇ ਕਰਨ।

# ਫੀਸ ਖਾਮੀਆਂ ਕਰਕੇ ਪ੍ਰੀਖਿਆਵਾਂ 'ਚ ਨਾ ਬਿਠਾਉਣ ਦਾ ਨੋਟਿਸ




**ਚੰਡੀਗੜ੍ਹ:** ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਫਰਵਰੀ/ਮਾਰਚ-2023 ਵਿਚ ਲਈ ਜਾਣ ਵਾਲੀ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਫੀਸ ਤਰੁੱਟੀਆਂ ਕਾਰਨ ਪ੍ਰੀਖਿਆ ਵਿਚ ਨਾ ਬਿਠਾਏ ਜਾਣ ਦਾ ਨੋਟਿਸ ਲਿਆ ਹੈ। ਉਨ੍ਹਾਂ ਸਿੱਖਿਆ ਬੋਰਡ ਦੇ ਚੇਅਰਪਰਸਨ ਨੂੰ ਪੱਤਰ ਲਿਖ ਕੇ ਪੀੜਤ ਵਿਦਿਆਰਥੀਆਂ ਦਾ ਕੀਮਤੀ ਸਮਾਂ ਬਰਬਾਦ ਹੋਣ ਤੋਂ ਬਚਾਉਣ ਲਈ ਤੁਰਤ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਬੋਰਡ ਚੇਅਰਪਰਸਨ ਨੂੰ ਕਿਹਾ ਕਿ ਕਿਸੇ ਵੀ ਵਿਦਿਆਰਥੀ ਨੂੰ ਪੇਪਰ ਵਿਚ ਬੈਠਣ ਤੋਂ ਨਾ ਰੋਕਿਆ ਜਾਵੇ ਤੇ ਕੁਤਾਹੀ ਲਈ ਜ਼ਿੰਮੇਵਾਰ ਸਕੂਲਾਂ ਜਾਂ ਅਧਿਆਪਕਾਂ ਖ਼ਿਲਾਫ਼ ਤੁਰਤ ਵਿਭਾਗੀ ਕਾਰਵਾਈ ਕਰਕੇ ਉਨ੍ਹਾਂ ਨੂੰ ਸੂਚਿਤ ਕੀਤਾ ਜਾਵੇ।


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

**ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ**

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**



Mohan Singh
Master in Taxation.
IRS Enrolled agent,
Notary Public

Office Locations
**Michigan:** 36167 Ford Rd.Westland, MI 48185
**Minnesota:** 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



**AVEER TRAVEL SOLUTIONS LLC**

**ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:**

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com


**ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।**

*For Airport Drop-Off and Pickup Indy to Chicago Please Contact AVI at: 847-226-2323*

*Located in INDIANAPOLIS (IN)*



**Sistar Mortgage**
Minimizing Cost, Maximizing Investment
www.SistarMortgage.com



**Balbir (Bill) Grewal, Loan Officer (NMLS 353442)**
***Residential & Commercial Loans***

**(734) 330-8859 Mobile**
**(586) 802-7385 Fax**
Balbir.Grewal@SistarMortgage.com

***Loans Available In Most States!***

****Refinance up to 125% value of the house.***

**•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.**





*Ray Dhaliwal*
*Real Estate Broker*

**Moving to Indiana?**

**Contact Ray Dhaliwal @ 317-993-4987**

**Helpful in Easy and Accessible Home Loans at best Interest Rates.**

**Listing and Selling Homes in Indianapolis Area.**
**Good relations with all the well reputed leading Builders in the Area.**
**Specialized in Pre-Sale homes for Investment and Residential purposes.**

**CENTURY 21 SCHEETZ**
**RAYD@C21Scheetz.com**

# ਨਿਵੇਸ਼ਕ ਸੰਮੇਲਨ: ਕਾਰੋਬਾਰੀਆਂ ਨੇ ਭਰਿਆ ਹਾਂ-ਪੱਖੀ ਹੁੰਗਾਰਾ

**ਮੁਹਾਲੀ:** ਪੰਜਾਬ ਦੀ ਆਪ ਸਰਕਾਰ ਦੀਆਂ ਸਨਅਤੀ ਨੀਤੀਆਂ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਦਿਆਂ ਦੇਸ਼ ਭਰ ਦੇ ਉਦਯੋਗਪਤੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਗਈਆਂ ਅਹਿਮ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਤਿੰਨ ਕਰੋੜ ਪੰਜਾਬੀਆਂ ਦੇ ਪਰਿਵਾਰ ਵਿਚ ਸ਼ਾਮਲ ਹੋਣ ਲਈ ਉਥੇ ਕਾਰੋਬਾਰੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਭਾਈਵਾਲ ਬਣਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੇ ਉਦਯੋਗਿਕ ਧੁਰੇ ਵਜੋਂ ਉਭਰੇਗਾ। ਮੁੱਖ ਮੰਤਰੀ ਪੰਜਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਉਦਘਾਟਨੀ ਸੈਸ਼ਨ ਦੌਰਾਨ ਕਾਰੋਬਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਅੱਜ ਆਪਣੇ ਦਰਮਿਆਨ ਕਾਰੋਬਾਰੀ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਦੇਖ ਕੇ ਬੇਹੱਦ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਭਰ ਵਿਚ ਨਿਵੇਸ਼ ਲਈ ਸਭ ਤੋਂ ਅਨੁਕੂਲ ਸਥਾਨ ਹੈ ਅਤੇ ਕਾਰੋਬਾਰੀਆਂ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਪੰਜਾਬ ਨੂੰ ਦੇਸ਼ ਦਾ ਉਦਯੋਗਿਕ ਹੱਬ ਬਣਾਉਣ ਲਈ 'ਆਪ' ਸਰਕਾਰ ਅਤੇ ਉਦਯੋਗਪਤੀਆਂ ਦਰਮਿਆਨ ਮਜ਼ਬੂਤ ਸਾਂਝ ਦੀ ਉਮੀਦ ਜ਼ਾਹਰ ਕੀਤੀ।



ਮੁੱਖ ਮੰਤਰੀ ਨੇ ਕਿਹਾ ਕਿ ਨਿਵੇਸ਼ਕਾਂ ਨੂੰ ਸੂਬੇ ਵਿਚ ਨਿਵੇਸ਼ ਕਰਨ ਦੀ ਸਹੂਲਤ ਦੇਣ ਲਈ ਸਰਕਾਰ ਛੇਤੀ ਹੀ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ (ਸੀ.ਐਲ.ਯੂ.) ਅਤੇ ਐਨ.ਓ.ਸੀ. ਨੂੰ ਖ਼ਤਮ ਕਰ ਦੇਵੇਗੀ, ਜੋ ਉਦਯੋਗਾਂ ਲਈ ਪਰੇਸ਼ਾਨੀ ਦਾ ਸਬੱਬ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲਣ ਦੇ ਸਿਰਫ਼ ਇਕ ਸਾਲ ਦੇ ਅੰਦਰ ਹੀ ਉਨ੍ਹਾਂ ਦਾ ਸਭ ਤੋਂ ਪਹਿਲਾ ਕੰਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੱਢਣਾ ਹੈ। ਮੁੱਖ ਮੰਤਰੀ ਨੇ ਉੱਦਮੀਆਂ ਨਾਲ ਭਾਵੁਕ ਸਾਂਝ ਪਾਉਂਦਿਆਂ ਕਿਹਾ ਕਿ ਉਹ ਮੌਕਿਆਂ ਦਾ ਭੰਡਾਰ ਹਨ, ਜਿਨ੍ਹਾਂ ਦਾ ਪੰਜਾਬ ਤੇ ਭਾਰਤ ਦੇ ਨੌਜਵਾਨ ਲਾਭ ਉਠਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸੰਮੇਲਨ ਕਾਰੋਬਾਰੀ ਸਮਝੌਤਿਆਂ ਬਾਰੇ ਨਹੀਂ ਹੈ, ਸਗੋਂ ਗਿਆਨ ਦੀ ਵੰਡ, ਵਿਚਾਰ-ਵਟਾਂਦਰੇ ਅਤੇ ਇਕ-ਦੂਜੇ ਤੋਂ ਸਿੱਖਣ ਬਾਰੇ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੇ ਪੜਾਅਵਾਰ ਆਰਥਿਕ ਵਿਕਾਸ ਨੂੰ ਤੇਜ਼ ਕਰ ਕੇ ਦੇਸ਼ ਦੇ ਭਵਿੱਖ ਨੂੰ ਉੱਜਵਲ ਬਣਾਉਣ ਦਾ ਰਾਹ ਚੁਣਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਜ਼ਿੰਦਗੀ ਵਿਚ ਕੁਝ ਵੱਡਾ ਕਰਨਾ ਚਾਹੁੰਦੀ ਹੈ। ਇਸ ਲਈ ਸਰਕਾਰ ਨੂੰ ਯਕੀਨ ਹੈ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਲੋਕਾਂ ਦੇ ਜੀਵਨ ਵਿਚ ਗੁਣਾਤਮਕ ਤਬਦੀਲੀਆਂ ਲਿਆਉਣ ਲਈ ਪੰਜਾਬ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਾਰੋਬਾਰਾਂ ਅਤੇ ਨਿਵੇਸ਼ਕਾਂ ਦੀ ਸਹਾਇਤਾ ਲਈ ਨੀਤੀਆਂ ਬਣਾਉਣ ਤੋਂ ਇਲਾਵਾ ਕਈ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਅੱਜ ਪੇਸ਼ ਕੀਤੀ ਗਈ ਨਵੀਂ ਉਦਯੋਗਿਕ ਅਤੇ ਕਾਰੋਬਾਰੀ ਵਿਕਾਸ ਨੀਤੀ-2022 ਲੋੜੀਂਦੇ ਆਰਥਿਕ ਵਿਕਾਸ ਨੂੰ ਗਤੀ ਦੇਵੇਗੀ ਤੇ ਇਸ ਦਾ ਉਦੇਸ਼ ਅਗਲੇ ਪੰਜ ਸਾਲਾਂ ਵਿਚ ਵੱਡੇ ਨਿਵੇਸ਼ ਨੂੰ ਆਕਰਸ਼ਿਤ ਕਰਨਾ ਅਤੇ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਕਰਨਾ ਹੈ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਸੂਬਾ ਸਰਕਾਰ ਵੱਲੋਂ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਉਦਯੋਗ ਨੂੰ ਹੋਰ ਪ੍ਰਫੁੱਲਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

## ਨਿਵੇਸ਼ ਦਾ ਇਰਾਦਾ ਕਰੋ, ਪੰਜਾਬ ਸਰਕਾਰ ਸਹਿਯੋਗ ਲਈ ਤਿਆਰ: ਅਮਨ ਅਰੋੜਾ

**ਚੰਡੀਗੜ੍ਹ:** ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਨਿਵੇਸ਼ਕਾਂ ਨੂੰ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਦੇਸ ਭਰ ਦੇ ਟੈਕਸਟਾਈਲ ਤੇ ਐਪਰਲ ਉਤਪਾਦਨ ਵਿਚ ਮੋਹਰੀ ਸੂਬਾ ਬਣਨ ਦੀ ਅਥਾਹ ਸੰਭਾਵਨਾਵਾਂ ਹਨ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਦਯੋਗਾਂ ਦਾ ਸਮਰਥਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਉਦਯੋਗਪਤੀ ਇਕ ਟਾਸਕ ਫੋਰਸ ਬਣਾ ਸਕਦੇ ਹਨ, ਜਿਸ ਵਿਚ ਉਹ ਆਪਣੀ ਮਰਜ਼ੀ ਅਨੁਸਾਰ ਸਰਕਾਰੀ ਅਧਿਕਾਰੀਆਂ ਨੂੰ ਚੁਣ ਸਕਦੇ ਹਨ ਤਾਂ ਜੋ ਉਨ੍ਹਾਂ ਦੇ ਮਸਲੇ ਜਲਦੀ ਹੱਲ ਕੀਤੇ ਜਾ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਉਦਯੋਗਾਂ ਦੀ ਮੰਗ ਅਨੁਸਾਰ ਪਾਣੀ ਦੇ ਖਰਚੇ ਵੀ ਘਟਾਏ ਜਾਣਗੇ। ਉਨ੍ਹਾਂ ਨੇ ਸਨਅਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿਚ ਉਦਯੋਗਿਕ ਕ੍ਰਾਂਤੀ ਲਈ ਆਪਣੇ ਵਿਚਾਰ ਪੇਸ਼ ਕਰਨ ਅਤੇ ਸਰਕਾਰ ਇਨ੍ਹਾਂ ਵਿਚਾਰਾਂ ਦਾ ਸਵਾਗਤ ਕਰੇਗੀ।

## ਪੰਜਾਬ 'ਚ ਹੁਣ ਦਿਲੋਂ ਹੋਣਗੇ ਸਮਝੌਤੇ: ਮਾਨ

**ਮੁਹਾਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਐਮ.ਓ.ਯੂ. ਦਾ ਸਮਾਂ ਹੁਣ ਬੀਤ ਚੁੱਕਾ ਹੈ। ਪੰਜਾਬ ਵਿਚ ਸਨਅਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਸਰਕਾਰ ਹੁਣ ਉਦਯੋਗਪਤੀਆਂ ਨਾਲ ਨਿਵੇਸ਼ ਲਈ ਮੈਮੋਰੰਡਮ ਆਫ਼ ਦਿਲ ਸੇ (ਐਮ.ਓ.ਡੀ.ਐਸ.) ਕਰੇਗੀ ਜਿਸ ਦੇ ਭਵਿੱਖ ਵਿਚ ਚੰਗੇ ਨਤੀਜੇ ਸਾਹਮਣੇ ਆਉਣਗੇ। ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਦੂਜੇ ਦਿਨ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਉਦਯੋਗਿਕ ਖੇਤਰ ਵਿਚ ਮੋਹਰੀ ਸੂਬਾ ਬਣਾਉਣ ਲਈ ਆਪਸੀ ਵਿਸ਼ਵਾਸ ਅਤੇ ਉਤਸ਼ਾਹ ਹੋਣਾ ਲਾਜ਼ਮੀ ਹੈ।

# ਮੂਸੇਵਾਲਾ ਕੇਸ 'ਚ ਫੜੇ ਦੋ ਗੈਂਗਸਟਰਾਂ ਦੀ ਜੇਲ੍ਹ 'ਚ ਝੜਪ ਦੌਰਾਨ ਮੌਤ

**ਸ੍ਰੀ ਗੋਇੰਦਵਾਲ ਸਾਹਿਬ:** ਕੇਂਦਰੀ ਜੇਲ੍ਹ ਵਿਚ ਗੈਂਗਸਟਰਾਂ ਦੇ ਦੋ ਧੜਿਆਂ ਵਿਚਾਲੇ ਹੋਈ ਝੜਪ ਮਗਰੋਂ ਮੂਸੇਵਾਲਾ ਕਤਲ ਕਾਂਡ ਨਾਲ ਜੁੜੇ ਦੋ ਗੈਂਗਸਟਰਾਂ ਦੀ ਮੌਤ ਹੋ ਗਈ। ਸੂਤਰਾਂ ਮੁਤਾਬਕ ਜੇਲ੍ਹ ਵਿਚ ਬੰਦ ਮੂਸੇਵਾਲਾ ਕਤਲ ਕਾਂਡ ਨਾਲ ਸਬੰਧਤ ਗੈਂਗਸਟਰਾਂ ਦਾ ਦੂਜੇ ਧੜੇ ਨਾਲ ਪਿਛਲੇ ਕਈ ਦਿਨਾਂ ਤੋਂ ਟਕਰਾਅ ਚੱਲ ਰਿਹਾ ਸੀ। ਇਹ ਟਕਰਾਅ ਖ਼ੂਨੀ ਝੜਪ ਵਿਚ ਤਬਦੀਲ ਹੋ ਗਿਆ।



ਝੜਪ ਵਿਚ ਪੰਜ ਹੋਰ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਤਰਨ ਤਾਰਨ ਦੇ ਹਸਪਤਾਲ ਲਿਜਾਇਆ ਗਿਆ। ਮ੍ਰਿਤਕਾਂ ਦੀ ਪਛਾਣ ਮਨਦੀਪ ਸਿੰਘ ਤੂਫਾਨ ਤੇ ਮਨਮੋਹਨ ਸਿੰਘ ਮੋਹਨਾ ਦੇ ਤੌਰ 'ਤੇ ਹੋਈ ਹੈ ਜੋ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਨਾਮਜ਼ਦ ਸਨ। ਖ਼ੂਨੀ ਝੜਪ ਵਿਚ ਦੋ ਗੈਂਗਸਟਰਾਂ ਦੀ ਮੌਤ ਹੋ ਗਈ ਹੈ ਜਦਕਿ ਕੇਸ਼ਵ ਨਾਮੀ ਗੈਂਗਸਟਰ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਹੈ। ਬਾਕੀ ਜ਼ਖ਼ਮੀ ਹੋਏ ਗੈਂਗਸਟਰਾਂ ਨੂੰ ਤਰਨ ਤਾਰਨ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

ਉਨ੍ਹਾਂ ਦੱਸਿਆ ਕਿ ਟਕਰਾਅ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਚੱਲ ਸਕਿਆ ਜਿਸ ਦੀ ਪੜਤਾਲ ਕੀਤੀ ਜਾ ਰਹੀ ਹੈ। ਦੂਜੇ ਪਾਸੇ ਜੇਲ੍ਹ ਵਿਚ ਬੰਦ ਮੁਲਜ਼ਮਾਂ ਕੋਲ ਤੇਜ਼ਧਾਰ ਹਥਿਆਰ ਪਹੁੰਚਣ ਸਬੰਧੀ ਜੇਲ੍ਹ ਅਧਿਕਾਰੀਆਂ ਨੇ ਚੁੱਪੀ ਧਾਰੀ ਹੋਈ ਹੈ। ਇਸ ਦੌਰਾਨ ਗੈਂਗਸਟਰ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ ਪਰ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ ਹੈ।

## ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਢਾਹ ਲੱਗੀ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਜਨਾਲਾ 'ਚ ਵਾਪਰੀ ਘਟਨਾ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਢਾਹ ਲੱਗੀ ਹੈ ਜੋ ਬੇਹੱਦ ਗੰਭੀਰ ਮਾਮਲਾ ਹੈ। ਭਾਜਪਾ ਆਗੂ ਨੇ ਕਿਹਾ ਕਿ ਇਸ ਘਟਨਾ ਨੇ ਸੂਬੇ ਤੇ ਦੇਸ਼ ਦੀ ਸੁਰੱਖਿਆ 'ਤੇ ਸੁਆਲ ਖੜ੍ਹੇ ਕਰ ਦਿੱਤੇ ਹਨ। ਸੂਬਾ ਸਰਕਾਰ ਅਜਿਹੀ ਘਟਨਾ ਨੂੰ ਰੋਕਣ 'ਚ ਨਾਕਾਮ ਸਿੱਧ ਹੋਈ ਹੈ। ਉਨ੍ਹਾਂ ਪ੍ਰਦਰਸ਼ਨ ਵਾਲੀ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰੱਖਣ ਪਿੱਛੇ ਦੀ ਮਨਸ਼ਾ 'ਤੇ ਵੀ ਸੁਆਲ ਚੁੱਕਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਘਟਨਾ ਦੀ ਨਿੰਦਾ ਕੀਤੀ।

## ਸੰਸਦ ਮੈਂਬਰ ਬਿੱਟੂ ਨੂੰ ਮਾਰਨ ਦੀ ਮਿਲੀ ਧਮਕੀ

**ਲੁਧਿਆਣਾ:** ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਫੋਨ ਉਤੇ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਜਾਣਕਾਰੀ ਅਨੁਸਾਰ ਫੋਨ ਵਿਦੇਸ਼ੀ ਨੰਬਰ ਤੋਂ ਆਇਆ ਸੀ। ਬਿੱਟੂ ਦੇ ਨੇੜਲੇ ਸਾਥੀ ਰਾਜੀਵ ਰਾਜਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਉਸ ਨੂੰ ਅਤੇ ਬਿੱਟੂ ਨੂੰ ਅਜਿਹੀਆਂ ਧਮਕੀਆਂ ਆ ਰਹੀਆਂ ਹਨ ਅਤੇ ਇਸ ਸਬੰਧੀ ਪੁਲਿਸ ਨੂੰ ਸੂਚਿਤ ਕੀਤਾ ਗਿਆ ਹੈ। ਪੁਲਿਸ ਵੱਲੋਂ ਇਹ ਮਾਮਲਾ ਸਾਈਬਰ ਸੈੱਲ ਨੂੰ ਸੌਂਪਿਆ ਗਿਆ ਹੈ। ਸਾਈਬਰ ਸੈੱਲ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਉਸ ਨੇ ਦੱਸਿਆ ਕਿ ਪਿਛਲੇ ਅੱਠ ਮਹੀਨੇ ਤੋਂ ਲਗਾਤਾਰ ਅਜਿਹਾ ਹੀ ਹੋ ਰਿਹਾ ਹੈ, ਪਰ ਇਕ ਵੀ ਸ਼ਿਕਾਇਤ ਵਿਚ ਪੁਲਿਸ ਮੁਲਜ਼ਮਾਂ ਦਾ ਪਤਾ ਲਗਾਉਣ ਵਿਚ ਸਫਲ ਨਹੀਂ ਹੋਈ।



# ਆਬਕਾਰੀ ਨੀਤੀ: ਸੀ.ਬੀ.ਆਈ. ਵੱਲੋਂ ਸਿਸੋਦੀਆ ਗ੍ਰਿਫਤਾਰ



**ਨਵੀਂ ਦਿੱਲੀ:** ਸੀ.ਬੀ.ਆਈ. ਨੇ ਆਬਕਾਰੀ ਨੀਤੀ ਘੁਟਾਲੇ ਦੇ ਮਾਮਲੇ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਗ੍ਰਿਫਤਾਰ ਕਰ ਲਿਆ। ਅਧਿਕਾਰੀਆਂ ਨੇ ਕਿਹਾ ਕਿ ਕਰੀਬ ਅੱਠ ਘੰਟਿਆਂ ਤੱਕ ਚੱਲੀ ਪੁੱਛ-ਪੜਤਾਲ ਦੌਰਾਨ ਸਿਸੋਦੀਆ ਸਵਾਲਾਂ ਦੇ ਜਵਾਬ ਦੇਣ ਤੋਂ ਬਚਦੇ ਆ ਰਹੇ ਸਨ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਕੁਝ ਜਵਾਬ ਤਸੱਲੀਬਖ਼ਸ਼ ਨਹੀਂ ਸਨ। ਸੀ.ਬੀ.ਆਈ. ਦਫਤਰ ਦੇ ਬਾਹਰ ਬੈਰੀਕੇਡ ਲਗਾ ਕੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ। ਪੁਲਿਸ ਨੂੰ ਖਦਸ਼ਾ ਸੀ ਕਿ 'ਆਪ' ਵਰਕਰ ਹੰਗਾਮਾ ਕਰ ਸਕਦੇ ਹਨ। ਸੀ.ਬੀ.ਆਈ. ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਦੇ ਅਧਿਕਾਰੀਆਂ ਨੇ ਆਬਕਾਰੀ ਨੀਤੀ ਦੇ ਵੱਖ-ਵੱਖ ਪਹਿਲੂਆਂ, ਉਨ੍ਹਾਂ ਦੇ ਦਿਨੇਸ਼ ਅਰੋੜਾ ਤੇ ਹੋਰ ਮੁਲਜ਼ਮਾਂ ਨਾਲ ਸਬੰਧਾਂ ਅਤੇ ਫੋਨਾਂ 'ਤੇ ਸੁਨੇਹਿਆਂ ਦੇ ਆਦਾਨ-ਪ੍ਰਦਾਨ ਦੇ ਵੇਰਵਿਆਂ ਬਾਰੇ ਸਵਾਲ ਪੁੱਛੇ ਸਨ। ਸੀ.ਬੀ.ਆਈ. ਜਾਂਚਕਾਰ ਸਿਸੋਦੀਆ ਵੱਲੋਂ ਦਿੱਤੇ ਗਏ ਜਵਾਬਾਂ ਤੋਂ ਸੰਤੁਸ਼ਟ ਨਹੀਂ ਸਨ। ਉਨ੍ਹਾਂ ਕਿਹਾ ਕਿ ਸਿਸੋਦੀਆ ਜਾਂਚ 'ਚ ਸਹਿਯੋਗ ਨਹੀਂ ਕਰ ਰਹੇ ਸਨ ਅਤੇ ਅਹਿਮ ਨੁਕਤਿਆਂ 'ਤੇ ਸਫਾਈ ਦੇਣ ਤੋਂ ਗੁਰੇਜ਼ ਕਰ ਰਹੇ ਸਨ ਜਿਸ ਕਾਰਨ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸੀ.ਬੀ.ਆਈ. ਦਫਤਰ ਪਹੁੰਚਣ ਤੋਂ ਪਹਿਲਾਂ ਸਿਸੋਦੀਆ ਨੇ ਖਦਸ਼ਾ ਜਤਾਇਆ ਸੀ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਪੁੱਛ-ਪੜਤਾਲ ਲਈ ਸੀ.ਬੀ.ਆਈ. ਅੱਗੇ ਪੇਸ਼ ਹੋਣ ਤੋਂ ਪਹਿਲਾਂ ਸਿਸੋਦੀਆ ਨੇ ਕਿਹਾ ਕਿ ਉਹ 'ਝੂਠੇ ਦੋਸ਼ਾਂ' ਦੇ ਮਾਮਲੇ 'ਚ ਜੇਲ੍ਹ ਜਾਣ ਤੋਂ ਨਹੀਂ ਡਰਦੇ ਹਨ। 'ਜਦੋਂ ਮੈਂ ਪੱਤਰਕਾਰ ਵਜੋਂ ਆਪਣੀ ਨੌਕਰੀ ਛੱਡੀ ਸੀ ਤਾਂ ਮੇਰੀ ਪਤਨੀ ਨੇ ਮੈਨੂੰ ਹਮਾਇਤ ਦਿੱਤੀ ਸੀ ਅਤੇ ਅੱਜ ਵੀ ਮੇਰਾ ਪਰਿਵਾਰ ਨਾਲ ਖੜ੍ਹਾ ਹੈ। ਜੇਕਰ ਮੈਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਤਾਂ ਮੇਰੇ ਵਰਕਰ ਪਰਿਵਾਰ ਦਾ ਧਿਆਨ ਰੱਖਣਗੇ।' ਜਾਂਚ 'ਚ ਪੂਰਾ ਸਹਿਯੋਗ ਦੇਣ ਦੀ ਗੱਲ ਆਖਦਿਆਂ ਸਿਸੋਦੀਆ ਨੇ ਕਿਹਾ ਕਿ ਲੱਖਾਂ ਬੱਚਿਆਂ ਅਤੇ ਕਰੋੜਾਂ ਦੇਸ਼ਵਾਸੀਆਂ ਦਾ ਪਿਆਰ ਉਨ੍ਹਾਂ ਨਾਲ ਹੈ। 'ਜੇਕਰ ਮੈਨੂੰ ਕੁਝ ਮਹੀਨਿਆਂ ਲਈ ਜੇਲ੍ਹ ਜਾਣਾ ਵੀ ਪਿਆ ਤਾਂ ਮੈਂ ਇਸ ਦੀ ਪ੍ਰਵਾਹ ਨਹੀਂ ਕਰਦਾ। ਅਸੀਂ ਭਗਤ ਸਿੰਘ ਦੇ ਪੈਰੋਕਾਰ ਹਾਂ। ਭਗਤ ਸਿੰਘ ਦੇਸ਼ ਲਈ ਸ਼ਹੀਦ ਹੋਏ ਸਨ। ਜੇ ਝੂਠੇ ਦੋਸ਼ਾਂ ਲਈ ਮੈਨੂੰ ਜੇਲ੍ਹ ਜਾਣਾ ਪਵੇਗਾ ਤਾਂ ਇਹ ਬਹੁਤ ਛੋਟੀ ਗੱਲ ਹੈ।'

## ਸੱਚ ਦੀ ਲੜਾਈ ਲੜ ਰਹੇ ਨੇ ਸਿਸੋਦੀਆ: ਭਗਵੰਤ

**ਚੰਡੀਗੜ੍ਹ:** ਆਬਕਾਰੀ ਨੀਤੀ ਕੇਸ 'ਚ ਸੀ.ਬੀ.ਆਈ. ਵੱਲੋਂ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਕੀਤੀ ਗਈ ਕਾਰਵਾਈ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮਨੀਸ਼ ਸਿਸੋਦੀਆ ਸੱਚ ਦੀ ਲੜਾਈ ਲੜ ਰਹੇ ਹਨ। ਸ੍ਰੀ ਮਾਨ ਨੇ ਟਵੀਟ ਕਰਦਿਆਂ ਕਿਹਾ, "ਮਨੀਸ਼ ਜੀ, ਤੁਸੀਂ ਸੱਚ ਦੀ ਲੜਾਈ ਲੜ ਰਹੇ ਹੋ, ਪੂਰਾ ਦੇਸ਼ ਤੁਹਾਡੇ ਨਾਲ ਹੈ। ਲੱਖਾਂ ਬੱਚਿਆਂ ਦਾ ਪਿਆਰ ਤੁਹਾਡੇ ਨਾਲ ਹੈ। ਤੁਸੀਂ ਸਿੱਖਿਆ ਦੇ ਖੇਤਰ ਵਿਚ ਜੋ ਕ੍ਰਾਂਤੀ ਲਿਆਂਦੀ ਹੈ, ਅਸੀਂ ਸਾਰੇ ਤੁਹਾਡੇ ਨਾਲ ਖੜ੍ਹੇ ਹਾਂ।"

# ਰੂਸ-ਯੂਕਰੇਨ ਜੰਗ ਦਾ ਇਕ ਸਾਲ ਪੂਰਾ



**ਕੀਵ:** ਰੂਸ ਅਤੇ ਯੂਕਰੇਨ ਵਿਚਕਾਰ ਜੰਗ ਦੂਜੇ ਵਰ੍ਹੇ 'ਚ ਦਾਖਲ ਹੋ ਗਈ ਹੈ ਅਤੇ ਇਸ ਦੇ ਖ਼ਤਮ ਹੋਣ ਦਾ ਕੋਈ ਨਾਮੋ-ਨਿਸ਼ਾਨ ਦਿਖਾਈ ਨਹੀਂ ਦੇ ਰਿਹਾ ਹੈ। ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਅਹਿਦ ਲਿਆ ਹੈ ਕਿ ਉਹ ਹਰ ਇਕ ਨੂੰ ਹਰਾ ਕੇ ਰਹਿਣਗੇ।

ਜ਼ੈਲੇਂਸਕੀ ਨੇ ਕਿਹਾ ਕਿ ਪਿਛਲੇ ਸਾਲ 24 ਫਰਵਰੀ ਨੂੰ ਜੰਗ ਸ਼ੁਰੂ ਹੋਈ ਸੀ ਅਤੇ ਇਹ ਯੂਕਰੇਨ ਦੇ ਇਤਿਹਾਸ ਦਾ ਸਭ ਤੋਂ ਮੁਸ਼ਕਲ ਭਰਿਆ ਦਿਨ ਸੀ। 'ਅਸੀਂ ਉਸ ਦਿਨ ਤੜਕੇ ਜਾਗੇ ਸੀ ਅਤੇ ਉਦੋਂ ਤੋਂ ਅਜੇ ਤੱਕ ਸੁੱਤੇ ਨਹੀਂ ਹਾਂ।' ਉਧਰ ਰੂਸ ਦੇ ਰੱਖਿਆ ਮੰਤਰੀ ਨੇ ਪੱਛਮ 'ਤੇ ਦੋਸ਼ ਲਾਇਆ ਕਿ ਉਹ ਰੂਸ ਦੇ ਟੋਟੇ ਕਰਨ ਲਈ ਯੂਕਰੇਨ ਦੀ ਵਰਤੋਂ ਕਰ ਰਿਹਾ ਹੈ। ਬਰਲਿਨ 'ਚ ਇਕ ਰੂਸੀ ਟੈਂਕ ਖੜ੍ਹਾ ਕੇ ਯੂਕਰੇਨ ਦੇ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਆਪਣੇ ਦਫਤਰ ਦੇ ਬਾਹਰ ਯੂਕਰੇਨੀ ਸਫੀਰ ਅਤੇ ਜਵਾਨਾਂ ਨਾਲ ਮਿਲ ਕੇ ਇਕ ਮਿੰਟ ਦਾ ਮੌਨ ਧਾਰਿਆ।

ਕਿੰਗ ਚਾਰਲਸ ਤੀਜੇ ਨੇ ਯੂਕਰੇਨੀ ਲੋਕਾਂ ਦੇ ਹੌਸਲੇ ਦੀ ਸ਼ਲਾਘਾ ਕਰਦਿਆਂ ਸੁਨੇਹਾ ਜਾਰੀ ਕੀਤਾ। ਟੋਕੀਓ ਅਤੇ ਸਿਓਲ 'ਚ ਅਮਨ ਰੈਲੀਆਂ ਕੱਢੀਆਂ ਗਈਆਂ। ਇੰਡੋਨੇਸ਼ੀਆ ਦੇ ਬਾਲੀ 'ਚ ਯੂਕਰੇਨੀ ਕੌਂਸਲੇਟ ਦੇ ਬਾਹਰ ਮਾਰੇ ਗਏ ਲੋਕਾਂ ਦੀ ਯਾਦ 'ਚ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਯੂਰਪ ਦੇ ਕਈ ਹੋਰ ਸ਼ਹਿਰਾਂ 'ਚ ਵੀ ਯੂਕਰੇਨ ਦੀ ਹਮਾਇਤ 'ਚ ਮਾਰਚ ਕੱਢੇ ਗਏ।

## ਅਮਰੀਕਾ ਵੱਲੋਂ ਰੂਸ ਖਿਲਾਫ ਪਾਬੰਦੀਆਂ

**ਵਾਸ਼ਿੰਗਟਨ:** ਰੂਸ ਵੱਲੋਂ ਯੂਕਰੇਨ ਖ਼ਿਲਾਫ਼ ਛੇੜੀ ਜੰਗ ਦਾ ਇਕ ਸਾਲ ਪੂਰਾ ਹੋਣ 'ਤੇ ਅਮਰੀਕਾ ਨੇ ਰੂਸੀ ਕੰਪਨੀਆਂ, ਬੈਂਕਾਂ ਅਤੇ ਕਾਰੋਬਾਰੀਆਂ ਖਿਲਾਫ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ। ਅਮਰੀਕਾ ਨੇ ਰੂਸ ਦੇ ਧਾਤ ਅਤੇ ਖੁਦਾਈ ਸੈਕਟਰ ਨੂੰ ਉਚੇਚੇ ਤੌਰ 'ਤੇ ਨਿਸ਼ਾਨਾ ਬਣਾਇਆ ਹੈ। ਅਮਰੀਕਾ ਨੇ ਇਹ ਕਾਰਵਾਈ ਜੀ-7 ਮੁਲਕਾਂ ਨਾਲ ਮਿਲ ਕੇ ਕੀਤੀ ਹੈ। ਕਰੀਬ 250 ਵਿਅਕਤੀਆਂ, ਕੰਪਨੀਆਂ, ਬੈਂਕ, ਹਥਿਆਰ ਡੀਲਰ ਅਤੇ ਤਕਨਾਲੋਜੀ ਕੰਪਨੀਆਂ 'ਤੇ ਪਾਬੰਦੀ ਲਗਾਈ ਗਈ ਹੈ। ਖਜ਼ਾਨਾ ਮੰਤਰੀ ਜੇਨਟ ਯੈਲੇਨ ਨੇ ਲਿਖਤੀ ਬਿਆਨ 'ਚ ਇਹ ਜਾਣਕਾਰੀ ਦਿੱਤੀ ਹੈ।

# ਗੌਤਮ ਅਡਾਨੀ ਅਮੀਰਾਂ ਦੀ ਸੂਚੀ 'ਚ 30ਵੇਂ ਸਥਾਨ 'ਤੇ ਖਿਸਕੇ

**ਨਵੀਂ ਦਿੱਲੀ:** ਕਾਰੋਬਾਰੀ ਗੌਤਮ ਅਡਾਨੀ ਮਹੀਨਾ ਪਹਿਲਾਂ ਦੁਨੀਆਂ ਦੇ ਤੀਜੇ ਅਤੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਸਨ ਪਰ ਅਮਰੀਕੀ ਕੰਪਨੀ ਹਿੰਡਨਬਰਗ ਰਿਸਰਚ ਦੀ ਰਿਪੋਰਟ ਆਉਣ ਮਗਰੋਂ ਉਨ੍ਹਾਂ ਦੀ ਅਗਵਾਈ ਵਾਲੇ ਗਰੁੱਪ ਦੇ ਸ਼ੇਅਰਾਂ ਦੀ ਵਿਕਰੀ ਹੋਣ ਕਾਰਨ ਹੁਣ ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿਚ 30ਵੇਂ ਸਥਾਨ 'ਤੇ ਖਿਸਕ ਗਏ ਹਨ। ਬੰਦਰਗਾਹ, ਹਵਾਈ ਅੱਡੇ, ਖੁਰਾਕ ਤੇਲ, ਬਿਜਲੀ, ਸੀਮਿੰਟ ਅਤੇ ਡੇਟਾ ਕੇਂਦਰਾਂ ਵਰਗੇ ਸਾਰੇ ਖੇਤਰਾਂ ਵਿੱਚ ਕਾਰੋਬਾਰੀ ਦਖ਼ਲ ਵਾਲੇ ਅਡਾਨੀ ਗਰੁੱਪ ਦੇ ਸ਼ੇਅਰਾਂ ਵਿਚ ਲੰਘੇ ਮਹੀਨੇ ਵਿਚ ਭਾਰੀ ਵਿਕਰੀ ਹੋਈ ਹੈ।

ਹਿੰਡਨਬਰਗ ਰਿਸਰਚ ਦੀ ਰਿਪੋਰਟ ਤੋਂ ਬਾਅਦ ਅੰਕੜਿਆਂ ਮੁਤਾਬਕ ਹੁਣ ਤੱਕ ਅਡਾਨੀ ਗਰੁੱਪ ਦੀਆਂ 10 ਕੰਪਨੀਆਂ ਦੇ ਸਮੁੱਚੇ ਮਾਰਕੀਟ ਮੁਲਾਂਕਣ ਵਿਚ 12.06 ਲੱਖ ਕਰੋੜ ਰੁਪਏ ਦੀ ਵੱਡੀ ਗਿਰਾਵਟ ਆ ਚੁੱਕੀ ਹੈ। ਹਿੰਡਨਬਰਗ ਰਿਸਰਚ ਦੀ ਰਿਪੋਰਟ 24 ਜਨਵਰੀ ਨੂੰ ਪ੍ਰਕਾਸ਼ਿਤ ਹੋਈ ਸੀ ਜਿਸ ਵਿਚ ਅਡਾਨੀ ਗਰੁੱਪ 'ਤੇ ਸ਼ੇਅਰਾਂ ਦੇ ਭਾਅ ਵਧਾਉਣ ਵਿਚ ਹੇਰਾਫੇਰੀ ਅਤੇ ਫ਼ਰਜ਼ੀ ਵਿਦੇਸ਼ੀ ਕੰਪਨੀਆਂ ਦੀ ਵਰਤੋਂ ਕਰਨ ਦੇ ਦੋਸ਼ ਲਾਏ ਸਨ। ਗਰੁੱਪ ਨੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ।

ਅਡਾਨੀ ਗਰੁੱਪ ਦੇ ਸਪੱਸ਼ਟੀਕਰਨ ਦੇ ਬਾਵਜੂਦ ਇਸ ਦੇ ਸ਼ੇਅਰਾਂ ਵਿਚ ਗਿਰਾਵਟ ਜਾਰੀ ਹੈ। ਵੱਧ ਨੁਕਸਾਨ ਅਡਾਨੀ ਟੋਟਲ ਗੈਸ ਨੂੰ ਹੋਇਆ ਹੈ ਜਿਸ ਦੇ ਮਾਰਕੀਟ ਮੁੱਲ ਵਿਚ 80.68 ਫੀਸਦ ਗਿਰਾਵਟ ਆ ਚੁੱਕੀ ਹੈ। ਅਡਾਨੀ ਗਰੀਨ ਐਨਰਜੀ ਦੀ ਕੀਮਤ 74.62% ਤੇ ਅਡਾਨੀ ਟਰਾਂਸਮਿਸ਼ਨ ਦੀ ਮਾਰਕੀਟ ਕੀਮਤ ਹੁਣ ਤੱਕ 74.21% ਗਿਰਾਵਟ ਆਈ ਹੈ। ਗਰੁੱਪ ਦੀ ਮੁੱਖ ਕੰਪਨੀ ਅਡਾਨੀ ਐਂਟਰਪ੍ਰਾਈਜ਼ਿਜ ਦੀ ਮਾਰਕੀਟ ਕੀਮਤ ਲਗਭਗ 62% ਤੱਕ ਘਟ ਚੁੱਕੀ ਹੈ। ਅਡਾਨੀ ਪਾਵਰ ਅਤੇ ਅਡਾਨੀ ਵਿਲਮਰ ਤੋਂ ਇਲਾਵਾ ਇਸ ਦੀਆਂ ਸੀਮਿੰਟ ਕੰਪਨੀਆਂ ਅੰਬੂਜਾ ਸੀਮਿੰਟ ਤੇ ਏ.ਸੀ.ਸੀ. ਦੀ ਬਾਜ਼ਾਰੀ ਕੀਮਤ 'ਚ ਗਿਰਾਵਟ ਆਈ ਹੈ।

# ਜਾਤ ਵਿਤਕਰੇ 'ਤੇ ਪਾਬੰਦੀ ਲਾਉਣ ਵਾਲਾ ਸਿਆਟਲ ਪਹਿਲਾ ਸ਼ਹਿਰ ਬਣਿਆ

**ਵਾਸ਼ਿੰਗਟਨ:** ਸਿਆਟਲ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਾਉਣ ਵਾਲਾ ਅਮਰੀਕਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ। ਭਾਰਤੀ-ਅਮਰੀਕੀ ਆਗੂ ਅਤੇ ਅਰਥਸ਼ਾਸਤਰੀ ਕਸ਼ਮਾ ਸਾਵੰਤ ਨੇ ਸਿਆਟਲ ਸਿਟੀ ਕਾਊਂਸਿਲ 'ਚ ਵਿਤਕਰਾ ਨਾ ਕਰਨ ਦੀ ਨੀਤੀ 'ਚ ਜਾਤ ਨੂੰ ਸ਼ਾਮਲ ਕਰਨ ਲਈ ਇਕ ਮਤਾ ਪੇਸ਼ ਕੀਤਾ ਸੀ ਜਿਸ ਨੂੰ ਪਾਸ ਕਰ ਦਿੱਤਾ ਗਿਆ ਹੈ। ਉੱਚੀ ਜਾਤ ਦੀ ਹਿੰਦੂ ਆਗੂ ਕਸ਼ਮਾ ਸਾਵੰਤ ਦੇ ਮਤੇ ਨੂੰ ਸਿਆਟਲ ਦੇ ਸਦਨ ਯਾਨੀ ਸਿਟੀ ਕਾਊਂਸਿਲ 'ਚ ਇਕ ਦੇ ਮੁਕਾਬਲੇ ਛੇ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ।

ਅਮਰੀਕਾ 'ਚ ਜਾਤ ਆਧਾਰਿਤ ਵਿਤਕਰੇ ਦੇ ਮਾਮਲੇ 'ਚ ਇਸ ਨਤੀਜੇ ਦਾ ਵੱਡਾ ਅਸਰ ਪੈ ਸਕਦਾ ਹੈ। ਮਤਾ ਪਾਸ ਹੋਣ ਮਗਰੋਂ ਸਾਵੰਤ ਨੇ ਕਿਹਾ,"ਸਾਡੇ ਅੰਦੋਲਨ ਕਾਰਨ ਸਿਆਟਲ 'ਚ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਜੋ ਦੇਸ਼ 'ਚ ਪਹਿਲੀ ਵਾਰ ਹੋਇਆ ਹੈ। ਇਸ ਫੈਸਲੇ ਦੀ ਜਾਣਕਾਰੀ ਦੇਸ਼ ਭਰ 'ਚ ਫੈਲਾਉਣ ਲਈ ਸਾਨੂੰ ਇਸ ਅੰਦੋਲਨ ਨੂੰ ਅੱਗੇ ਵਧਾਉਣਾ ਹੋਵੇਗਾ।"

ਮਤੇ 'ਤੇ ਵੋਟਿੰਗ ਤੋਂ ਪਹਿਲਾਂ ਭਾਰਤੀ-ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜਯਾਪਾਲ ਨੇ ਵੀ ਇਸ ਨੂੰ ਆਪਣੀ ਹਮਾਇਤ ਦਿੱਤੀ ਸੀ। ਉਨ੍ਹਾਂ ਕਿਹਾ,"ਅਮਰੀਕਾ ਸਮੇਤ ਦੁਨੀਆ 'ਚ ਕਿਤੇ ਵੀ ਜਾਤ ਆਧਾਰਿਤ ਵਿਤਕਰੇ ਲਈ ਕੋਈ ਥਾਂ ਨਹੀਂ ਹੈ। ਇਸੇ ਲਈ ਕੁਝ ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਆਪਣੇ ਕੈਂਪਸਾਂ 'ਚ ਇਸ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਵਰਕਰ ਆਪਣੇ ਹੱਕਾਂ ਲਈ ਲੜ ਰਹੇ ਹਨ।" ਸਿਆਟਲ 'ਚ ਜਾਤ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਮਤੇ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ 'ਇਕੁਐਲਿਟੀ ਲੈਬਸ' ਨੇ ਕਿਹਾ ਕਿ ਇਸ ਫੈਸਲੇ ਨਾਲ ਪਿਆਰ ਨੇ ਨਫਰਤ 'ਤੇ ਜਿੱਤ ਹਾਸਲ ਕਰ ਲਈ ਹੈ। ਮਤੇ ਖਿਲਾਫ ਮੁਹਿੰਮ ਚਲਾਉਣ ਵਾਲੇ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਕਿਹਾ ਕਿ ਦੱਖਣੀ ਏਸ਼ਿਆਈ ਲੋਕਾਂ ਨੂੰ ਵੱਖ ਕਰਨਾ ਅਤੇ ਗੈਰ ਵਿਤਕਰੇ ਵਾਲੀ ਨੀਤੀ 'ਚ ਜਾਤ ਨੂੰ ਜੋੜਨਾ ਉਸੇ ਨੀਤੀ ਦੀ ਉਲੰਘਣਾ ਹੈ ਜਿਸ 'ਚ ਹੁਣ ਸੋਧ ਕੀਤੀ ਗਈ ਹੈ। 'ਅੰਬੇਡਕਰ ਫੂਲੇ ਨੈੱਟਵਰਕ ਆਫ ਅਮਰੀਕਨ ਦਲਿਤਸ ਐਂਡ ਬਹੁਜਨਸ' ਦੀ ਮੁਧ ਟੀ ਨੇ ਕਿਹਾ ਕਿ 'ਵਿਵਾਦਤ ਕਾਊਂਸਿਲ ਮੈਂਬਰ' ਵੱਲੋਂ ਮਾੜੀ ਭਾਵਨਾ ਨਾਲ ਅਤੇ ਜਲਦਬਾਜ਼ੀ 'ਚ ਲਿਆਂਦਾ ਗਿਆ ਆਰਡੀਨੈਂਸ ਸਿਰਫ ਦੱਖਣੀ ਏਸ਼ਿਆਈ ਲੋਕਾਂ ਖਾਸ ਕਰਕੇ ਦਲਿਤਾਂ ਅਤੇ ਬਹੁਜਨਾਂ ਨੂੰ ਨੁਕਸਾਨ ਪਹੁੰਚਾਏਗਾ। ਕਈ ਭਾਰਤੀ-ਅਮਰੀਕੀਆਂ ਨੂੰ ਡਰ ਹੈ ਕਿ ਸਰਕਾਰੀ ਨੀਤੀ 'ਚ ਜਾਤ ਨੂੰ ਕੋਡੀਫਾਈ ਕੀਤੇ ਜਾਣ ਨਾਲ ਅਮਰੀਕਾ 'ਚ ਹਿੰਦੂਆਂ ਖਿਲਾਫ ਨਫਰਤ ਅਤੇ ਖ਼ੌਫ਼ ਦੇ ਮਾਮਲੇ ਹੋਰ ਵਧਣਗੇ।

# 'ਆਪ' ਦੀ ਸ਼ੈਲੀ ਓਬਰਾਏ ਦਿੱਲੀ ਦੀ ਮੇਅਰ ਬਣੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਉਮੀਦਵਾਰ ਸ਼ੈਲੀ ਓਬਰਾਏ ਤੇ ਆਲੇ ਮੁਹੰਮਦ ਇਕਬਾਲ ਕ੍ਰਮਵਾਰ ਦਿੱਲੀ ਦੇ ਮੇਅਰ ਤੇ ਡਿਪਟੀ ਮੇਅਰ ਚੁਣੇ ਗਏ ਹਨ। ਓਬਰਾਏ ਨੇ ਮੇਅਰ ਦੇ ਅਹੁਦੇ ਲਈ ਭਾਜਪਾ ਦੀ ਰੇਖਾ ਗੁਪਤਾ ਨੂੰ 34 ਵੋਟਾਂ ਦੇ ਫਰਕ ਨਾਲ ਹਰਾਇਆ। ਮੇਅਰ ਦੀ ਚੋਣ ਲਈ ਕੁੱਲ 266 ਵੋਟਾਂ ਪਈਆਂ ਜਿਨ੍ਹਾਂ ਵਿਚੋਂ ਓਬਰਾਏ ਨੂੰ 150 ਵੋਟਾਂ ਪਈਆਂ ਜਦੋਂਕਿ ਗੁਪਤਾ ਦੇ ਹਿੱਸੇ 116 ਵੋਟਾਂ ਆਈਆਂ।

ਉਧਰ, ਇਕਬਾਲ ਨੇ ਡਿਪਟੀ ਮੇਅਰ ਦੀ ਚੋਣ ਵਿਚ ਭਾਜਪਾ ਦੇ ਕਮਲ ਬਾਗੜੀ ਨੂੰ 31 ਵੋਟਾਂ ਨਾਲ ਸ਼ਿਕਸਤ ਦਿੱਤੀ। ਇਕਬਾਲ ਨੂੰ ਬਾਗੜੀ (116) ਦੇ ਮੁਕਾਬਲੇ 147 ਵੋਟਾਂ ਪਈਆਂ। ਵੋਟਿੰਗ ਦਾ ਅਮਲ ਸਿਵਿਕ ਸੈਂਟਰ ਵਿਚ ਸਿਰੇ ਚੜ੍ਹਿਆ। ਦੱਸਣਾ ਬਣਦਾ ਹੈ ਕਿ ਦਿੱਲੀ ਨੂੰ ਚੌਥੀ ਕੋਸ਼ਿਸ਼ ਦੌਰਾਨ ਨਵਾਂ ਮੇਅਰ ਮਿਲਿਆ ਹੈ। ਇਸ ਤੋਂ ਪਹਿਲਾਂ ਮੇਅਰ ਦੀ ਚੋਣ ਲਈ ਤਿੰਨ ਵਾਰ ਸਦਨ ਜੁੜਿਆ, ਪਰ ਨਾਮਜ਼ਦ ਮੈਂਬਰਾਂ ਨੂੰ ਦਿੱਤੇ ਵੋਟਿੰਗ



ਦੇ ਅਧਿਕਾਰ ਨੂੰ ਲੈ ਕੇ ਸਦਨ ਵਿੱਚ ਰੌਲਾ ਰੱਪਾ ਪੈਂਦਾ ਰਿਹਾ ਤੇ ਚੋਣ ਅਮਲ ਸਿਰੇ ਨਹੀਂ ਚੜ੍ਹ ਸਕਿਆ। ਪਿਛਲੇ ਹਫਤੇ ਸਿਖਰਲੀ ਕੋਰਟ ਦੇ ਹੁਕਮਾਂ ਮਗਰੋਂ ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਮੇਅਰ ਦੀ ਚੋਣ ਲਈ ਦਿੱਲੀ ਨਗਰ ਨਿਗਮ ਦੇ ਨਵੇਂ ਚੁਣੇ ਮੈਂਬਰਾਂ ਦਾ ਇਜਲਾਸ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਸਿਖਰਲੀ ਕੋਰਟ ਨੇ 17 ਫਰਵਰੀ ਨੂੰ ਜਾਰੀ ਹੁਕਮਾਂ ਵਿਚ ਐੱਮ.ਸੀ.ਡੀ. ਦੀ ਪਹਿਲੀ ਮੀਟਿੰਗ ਸੱਦਣ ਦੇ 24 ਘੰਟਿਆਂ ਅੰਦਰ ਮੇਅਰ, ਡਿਪਟੀ ਮੇਅਰ ਤੇ ਸਟੈਂਡਿੰਗ ਕਮੇਟੀ ਦੇ ਹੋਰਨਾਂ ਮੈਂਬਰਾਂ ਦੀ ਚੋਣ ਲਈ ਤਰੀਕ ਨਿਰਧਾਰਿਤ ਕਰਨ ਸਬੰਧੀ ਨੋਟਿਸ ਜਾਰੀ ਕਰਨ ਲਈ ਕਿਹਾ ਸੀ। ਕੋਰਟ ਨੇ ਇਹ ਹੁਕਮ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਮੇਅਰ ਦੇ ਅਹੁਦੇ ਲਈ ਉਮੀਦਵਾਰ ਸ਼ੈਲੀ ਓਬਰਾਏ ਵੱਲੋਂ ਦਾਇਰ ਪਟੀਸ਼ਨ 'ਤੇ ਦਿੱਤੇ ਸਨ। ਸਿਖਰਲੀ ਕੋਰਟ ਨੇ ਉਦੋਂ ਇਹ ਗੱਲ ਵੀ ਕਹੀ ਸੀ ਕਿ ਉਪ ਰਾਜਪਾਲ ਵੱਲੋਂ ਐੱਮ.ਸੀ.ਡੀ. ਵਿਚ ਨਾਮਜ਼ਦ ਕੀਤੇ ਮੈਂਬਰ ਮੇਅਰ ਦੀ ਚੋਣ ਮੌਕੇ ਵੋਟ ਨਹੀਂ ਪਾ ਸਕਣਗੇ। ਦਿੱਲੀ ਦੇ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਓਬਰਾਏ ਤੇ ਪਾਰਟੀ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ ਹੈ। ਸਿਸੋਦੀਆ ਨੇ ਇਕ ਟਵੀਟ ਵਿਚ ਕਿਹਾ, "ਗੁੰਡੇ ਹਾਰ ਗਏ, ਲੋਕ ਜਿੱਤ ਗਏ। 'ਆਪ' ਉਮੀਦਵਾਰ ਦੇ ਦਿੱਲੀ ਨਗਰ ਨਿਗਮ ਦਾ ਮੇਅਰ ਬਣਨ 'ਤੇ ਸਾਰੇ ਪਾਰਟੀ ਵਰਕਰਾਂ ਨੂੰ ਵਧਾਈ। ਇਕ ਵਾਰ ਫਿਰ ਦਿੱਲੀ ਦੇ ਲੋਕਾਂ ਨੂੰ ਵਧਾਈਆਂ। ਸ਼ੈਲੀ ਓਬਰਾਏ ਨੂੰ 'ਆਪ' ਦੀ ਪਹਿਲੀ ਮੇਅਰ ਬਣਨ 'ਤੇ ਵਧਾਈ।"

## ਦਿੱਲੀ ਦੇ ਲੋਕਾਂ ਦੀ ਜਿੱਤ ਤੇ 'ਗੁੰਡਾਗਰਦੀ' ਦੀ ਹਾਰ ਹੋਈ: ਕੇਜਰੀਵਾਲ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਆਪ' ਕੌਂਸਲਰ ਸ਼ੈਲੀ ਓਬਰਾਏ ਦੀ ਜਿੱਤ 'ਤੇ ਦਿੱਲੀ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ। ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਨਤਾ ਦੀ ਜਿੱਤ ਹੋਈ ਅਤੇ ਗੁੰਡੇ ਹਾਰ ਗਏ। ਕੇਜਰੀਵਾਲ ਨੇ ਬਿਨਾਂ ਕਿਸੇ ਦਾ ਨਾਂ ਲਏ ਹਿੰਦੀ ਵਿੱਚ ਟਵੀਟ ਕੀਤਾ, "ਗੁੰਡੇ ਹਾਰ ਗਏ, ਜਨਤਾ ਜਿੱਤ ਗਈ। ਦਿੱਲੀ ਨਗਰ ਨਿਗਮ ਵਿਚ ਦਿੱਲੀ ਦੀ ਜਨਤਾ ਜਿੱਤ ਗਈ ਤੇ ਗੁੰਡਾਗਰਦੀ ਹਾਰ ਗਈ। ਸ਼ੈਲੀ ਓਬਰਾਏ ਦੇ ਮੇਅਰ ਚੁਣੇ ਜਾਣ 'ਤੇ ਦਿੱਲੀ ਦੇ ਲੋਕਾਂ ਨੂੰ ਵਧਾਈ।"

## ਯਹੂਦੀ ਤੇ ਸਿੱਖ ਨਫਰਤੀ ਹਮਲਿਆਂ ਤੋਂ ਸਭ ਤੋਂ ਵੱਧ ਪੀੜਤ: ਐਫ.ਬੀ.ਆਈ.

**ਵਾਸ਼ਿੰਗਟਨ:** ਅਮਰੀਕਾ ਵਿਚ 2021 ਵਿਚ ਨਫਰਤੀ ਅਪਰਾਧਾਂ ਦਾ ਸਭ ਤੋਂ ਵੱਧ ਸ਼ਿਕਾਰ ਯਹੂਦੀ ਅਤੇ ਸਿੱਖ ਹੋਏ ਹਨ।

ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੀ ਸਾਲਾਨਾ ਰਿਪੋਰਟ ਅਨੁਸਾਰ, 2021 ਵਿਚ ਧਰਮ ਨਾਲ ਸਬੰਧਤ ਨਫਰਤੀ ਅਪਰਾਧਾਂ ਦੇ ਕੁੱਲ 1,005 ਮਾਮਲੇ ਸਾਹਮਣੇ ਆਏ ਸਨ। ਧਰਮ-ਆਧਾਰਿਤ ਅਪਰਾਧ ਦੀਆਂ ਸਭ ਤੋਂ ਵੱਡੀਆਂ ਸ਼੍ਰੇਣੀਆਂ ਵਿਚੋਂ ਯਹੂਦੀ ਵਿਰੋਧੀ ਘਟਨਾਵਾਂ 31.9 ਪ੍ਰਤੀਸ਼ਤ ਹਨ। ਇਸ ਤੋਂ ਬਾਅਦ ਸਿੱਖ ਵਿਰੋਧੀ ਘਟਨਾਵਾਂ 21.3 ਫੀਸਦੀ ਰਹੀਆਂ। ਇਸ ਦੇ ਨਾਲ ਹੀ ਮੁਸਲਿਮ ਵਿਰੋਧੀ ਘਟਨਾਵਾਂ 9.5 ਪ੍ਰਤੀਸ਼ਤ, ਕੈਥੋਲਿਕ ਵਿਰੋਧੀ ਘਟਨਾਵਾਂ 6.1 ਪ੍ਰਤੀਸ਼ਤ ਅਤੇ ਪੂਰਬੀ ਆਰਥੋਡਾਕਸ (ਰੂਸੀ, ਗ੍ਰੀਕ, ਹੋਰ) ਵਿਰੋਧੀ ਘਟਨਾਵਾਂ 6.5 ਪ੍ਰਤੀਸ਼ਤ ਸਨ। ਇਸ ਦੇ ਨਾਲ ਕਾਲੇ ਜਾਂ ਅਫਰੀਕੀ-ਅਮਰੀਕੀਆਂ ਨੂੰ ਵੀ ਵੱਡੇ ਪੱਧਰ 'ਤੇ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਦੀ ਗਿਣਤੀ 63.2 ਫੀਸਦੀ ਸੀ।

# ਫੰਡਾਂ 'ਚ ਕਟੌਤੀ ਨੇ ਪੰਜਾਬ ਸਰਕਾਰ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਫੰਡਾਂ ਉਤੇ ਕੱਟ ਲਾਉਣ ਦਾ ਮਾਮਲਾ ਭਖਿਆ ਹੋਇਆ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਵਿਚ ਦਿਹਾਤੀ ਖੇਤਰ ਨੂੰ ਵਿਸਾਰਿਆ ਜਾ ਰਿਹਾ ਹੈ। ਹੁਣ ਇਸ ਨੇ ਪੰਜਾਬ ਵਿਚ ਝੋਨੇ ਦੀ ਖਰੀਦ 'ਤੇ ਦਿੱਤੇ ਜਾਣ ਵਾਲੇ ਢਾਈ ਫੀਸਦੀ ਪ੍ਰਬੰਧਕੀ ਖਰਚੇ ਘਟਾ ਕੇ ਇਕ ਫੀਸਦੀ ਕਰ ਦਿੱਤੇ ਹਨ। ਇਸ ਦੇ ਨਾਲ ਨਾਲ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਫੀਸ ਵਜੋਂ ਮਿਲਦੇ 6 ਫੀਸਦੀ (ਦੋਵੇਂ 3-3 ਫੀਸਦੀ) ਪੈਸਿਆਂ ਨੂੰ ਘਟਾ ਕੇ 2 (ਦੋਵੇਂ ਇਕ-ਇਕ) ਫੀਸਦੀ ਕਰਨ ਦਾ ਆਦੇਸ਼ ਦਿੱਤਾ ਹੈ।

ਇਨ੍ਹਾਂ ਦੋਹਾਂ ਕੱਟਾਂ ਕਾਰਨ ਪੰਜਾਬ ਸਰਕਾਰ ਨੂੰ ਲਗਭਗ 3,000 ਕਰੋੜ ਰੁਪਏ ਸਾਲਾਨਾ ਘੱਟ ਮਿਲਣਗੇ। ਪੰਜਾਬ ਵਿਚ ਸਾਲਾਨਾ 66,000 ਕਰੋੜ ਦਾ ਅਨਾਜ ਖਰੀਦਿਆ ਜਾਂਦਾ ਹੈ ਜਿਸ ਤੋਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਫੀਸ ਵਜੋਂ 4,000 ਕਰੋੜ ਰੁਪਏ ਸਾਲਾਨਾ ਮਿਲਦੇ ਹਨ। ਇਨ੍ਹਾਂ ਵਿਚ ਕਟੌਤੀ ਕਾਰਨ ਇਹ ਫੰਡ ਲਗਭਗ 1,320 ਕਰੋੜ ਸਾਲਾਨਾ ਰਹਿ ਜਾਣਗੇ, ਭਾਵ ਪੰਜਾਬ ਨੂੰ ਸਾਲਾਨਾ 2,600-2,700 ਕਰੋੜ ਰੁਪਏ ਘੱਟ ਮਿਲਣਗੇ। ਪ੍ਰਬੰਧਕੀ ਖਰਚੇ ਵਿਚ ਕੀਤੀ ਕਮੀ ਕਾਰਨ ਵੀ ਪੰਜਾਬ ਨੂੰ ਲਗਭਗ 577 ਕਰੋੜ ਰੁਪਏ ਘੱਟ ਆਮਦਨ ਹੋਵੇਗੀ।



ਪੰਜਾਬ ਦਾ ਦਾਅਵਾ ਰਿਹਾ ਹੈ ਕਿ ਇਹ ਟੈਕਸ ਲਗਾਉਣੇ ਉਸ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਅਤੇ ਕੇਂਦਰ ਸਰਕਾਰ ਨੂੰ ਇਸ ਵਿਚ ਦਖਲ ਨਹੀਂ ਦੇਣਾ ਚਾਹੀਦਾ।

ਕੇਂਦਰ ਸਰਕਾਰ ਪਹਿਲਾਂ ਵੀ ਪੰਜਾਬ ਨੂੰ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਨ ਵਿਚ ਰੋੜੇ ਅਟਕਾਉਂਦੀ ਰਹੀ ਹੈ। 2021 ਵਿਚ ਕੇਂਦਰ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਦਾ ਇਕ ਫੀਸਦੀ ਦੇਣ ਦਾ ਇਸ ਬਿਨਾਅ 'ਤੇ ਐਲਾਨ ਕੀਤਾ ਕਿ ਪੰਜਾਬ ਇਨ੍ਹਾਂ ਫੰਡਾਂ ਨੂੰ ਤੈਅਸ਼ੁਦਾ ਨੀਤੀਆਂ ਅਨੁਸਾਰ ਖਰਚ ਨਹੀਂ ਕਰਦਾ ਅਤੇ ਸੂਬਾ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਕਾਨੂੰਨ ਵਿਚ ਸੋਧ ਕਰਨੀ ਚਾਹੀਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋੜੀਂਦੀ ਸੋਧ ਕਰ ਦਿੱਤੀ ਗਈ ਪਰ ਕੇਂਦਰ ਸਰਕਾਰ ਨੇ ਆਪਣਾ ਰਵੱਈਆ ਨਹੀਂ ਬਦਲਿਆ। ਪੰਜਾਬ ਦੇ ਦਿਹਾਤੀ ਵਿਕਾਸ ਫੰਡ ਕਾਨੂੰਨ-1987 ਅਨੁਸਾਰ ਇਹ ਫੰਡ ਪਹਿਲਾਂ ਮੰਡੀਆਂ ਤੋਂ ਹੁੰਦੀ ਖਰੀਦ 'ਤੇ 2 ਫੀਸਦੀ ਦੀ ਦਰ ਨਾਲ ਲਗਾਇਆ ਜਾਂਦਾ ਸੀ ਜਿਹੜਾ 2017 ਵਿਚ 3 ਫੀਸਦੀ ਕਰ ਦਿੱਤਾ ਗਿਆ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਇਸ ਨੂੰ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਵੀ ਵਰਤਿਆ। 2022 ਵਿਚ ਕੀਤੀ ਗਈ ਸੋਧ ਅਨੁਸਾਰ 10 ਵਿਸ਼ੇ ਤੈਅ ਕੀਤੇ ਗਏ ਹਨ ਜਿਨ੍ਹਾਂ ਲਈ ਇਹ ਫੰਡ ਖਰਚਿਆ ਜਾਵੇਗਾ। ਇਨ੍ਹਾਂ ਵਿਚੋਂ ਮੰਡੀਆਂ ਨੂੰ ਜਾਂਦੀਆਂ ਸੜਕਾਂ ਦਾ ਨਿਰਮਾਣ ਤੇ ਮੁਰੰਮਤ, ਨਵੀਆਂ ਮੰਡੀਆਂ ਦਾ ਨਿਰਮਾਣ, ਪੁਰਾਣੀਆਂ ਮੰਡੀਆਂ ਦਾ ਵਿਕਾਸ, ਮੰਡੀਆਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ, ਮੰਡੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਅਤੇ ਆਉਂਦੇ ਕਿਸਾਨਾਂ ਲਈ ਆਰਾਮ ਕਰਨ ਦੀਆਂ ਸਹੂਲਤਾਂ, ਕਰਜ਼ੇ ਹੇਠ ਆਏ ਕਿਸਾਨਾਂ ਨੂੰ ਸਹਾਇਤਾ, ਕੰਪਿਊਟਰੀਕਰਨ ਆਦਿ ਸ਼ਾਮਲ ਹਨ। ਖੇਤੀ ਮਾਹਿਰਾਂ ਅਨੁਸਾਰ ਪੰਜਾਬ ਮੰਡੀਆਂ ਨੂੰ ਆਉਂਦੀਆਂ ਸੜਕਾਂ ਦੇ ਨਿਰਮਾਣ ਤੇ ਮੁਰੰਮਤ ਲਈ ਮੁੱਖ ਤੌਰ 'ਤੇ ਇਸ ਫੰਡ 'ਤੇ ਨਿਰਭਰ ਕਰਦਾ ਰਿਹਾ ਹੈ। ਪੰਜਾਬ ਵਿੱਤੀ ਸੰਕਟ ਵਿਚੋਂ ਗੁਜਰ ਰਿਹਾ ਹੈ। ਕੇਂਦਰ ਸਰਕਾਰ ਨੂੰ ਅਜਿਹੇ ਮੌਕੇ ਸੂਬਾ ਸਰਕਾਰਾਂ ਦੀ ਬਾਂਹ ਫੜਨੀ ਚਾਹੀਦੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਦਿਹਾਤੀ ਵਿਕਾਸ ਤੇ ਮੰਡੀ ਫੀਸ ਮੰਡੀਆਂ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਕੇਂਦਰ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਫੀਸ ਨੂੰ ਘਟਾਉਣ ਦੇ ਫੈਸਲੇ 'ਤੇ ਮੁੜ ਨਜ਼ਰਸਾਨੀ ਕਰਨੀ ਚਾਹੀਦੀ ਹੈ।

## ਫੰਡਾਂ ਉਤੇ ਸੂਬਿਆਂ ਦਾ ਹੱਕ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ, ਯੋਜਨਾ ਤੇ ਕਰ ਤੇ ਆਬਕਾਰੀ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨੂੰ ਰੂਰਲ ਡਿਵੈਲਪਮੈਂਟ ਫੰਡ ਦੇਣ ਤੋਂ ਟਾਲਾ ਵੱਟ ਰਹੀ ਹੈ ਜਦ ਕਿ ਇਨ੍ਹਾਂ ਫੰਡਾਂ 'ਤੇ ਸੂਬਿਆਂ ਦਾ ਹੱਕ ਹੈ। ਪੰਜਾਬ ਦੇ ਵਿੱਤ, ਯੋਜਨਾ ਤੇ ਕਰ ਤੇ ਆਬਕਾਰੀ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਤਿਆਰ ਕੀਤੇ ਬਜਟ ਨਾਲ ਪੰਜਾਬ ਦੇ ਹਰ ਨਾਗਰਿਕ ਨੂੰ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਜਟ ਮਿਥੇ ਸਮੇਂ 'ਤੇ ਵਿਧਾਨ ਸਭਾ 'ਚ ਪੇਸ਼ ਕੀਤਾ ਜਾਵੇਗਾ ਤੇ ਰਾਜਪਾਲ ਵੱਲੋਂ ਪ੍ਰਵਾਨਗੀ ਵੀ ਮਿਲ ਜਾਵੇਗੀ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਜਾਂ ਦੂਜੇ ਸੂਬਿਆਂ ਨਾਲ ਸਬੰਧਤ ਮਾਮਲਾ ਹੈ ਪਰ ਪੰਜਾਬ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਲਈ ਸਹਿਮਤ ਹੈ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਭੁਲੱਥ:** ਪਿੰਡ ਤਲਵਾੜਾ ਮਾਡਲ ਟਾਊਨ ਦੇ ਨੌਜਵਾਨ ਤਲਵਿੰਦਰ ਸਿੰਘ ਉਰਫ ਤਿੰਦੀ ਦੀ ਅਮਰੀਕਾ ਦੇ ਮੈਰੀਲੈਂਡ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦੇ ਪਿਤਾ ਤਰਲੋਚਨ ਸਿੰਘ ਰੰਧਾਵਾ ਨੇ ਦੱਸਿਆ ਕਿ ਸੁਨਹਿਰੇ ਭਵਿੱਖ ਦੀ ਆਸ ਵਿਚ ਉਨ੍ਹਾਂ ਤਲਵਿੰਦਰ ਨੂੰ ਤਿੰਨ ਸਾਲ ਪਹਿਲਾਂ ਕਰਜ਼ਾ ਚੁੱਕ ਕੇ ਅਮਰੀਕਾ ਭੇਜਿਆ ਸੀ। ਉਹ ਮੈਰੀਲੈਂਡ ਸਟੇਟ ਦੇ ਸਟੋਰ ਵਿਚ ਕੰਮ ਕਰਦਾ ਸੀ। ਅਮਰੀਕਾ ਰਹਿੰਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਤਲਵਿੰਦਰ ਆਪਣੀ ਸ਼ਿਫਟ ਮਗਰੋਂ ਸਟੋਰ ਵਿਚਲੇ ਆਪਣੇ ਕਮਰੇ ਵਿਚ ਸੌਣ ਲਈ ਗਿਆ ਸੀ, ਪਰ ਸਵੇਰੇ ਉਹ ਉੱਠਿਆ ਹੀ ਨਹੀਂ। ਉਸ ਦੇ ਸਾਥੀਆਂ ਨੇ ਜਦੋਂ ਉਸ ਨੂੰ ਉਠਾਉਣ ਦਾ ਯਤਨ ਕੀਤਾ ਤਾਂ ਉਸ ਦੀ ਮੌਤ ਹੋ ਚੁੱਕੀ ਸੀ।

# ਮਾਣਹਾਨੀ: ਬਰਖਾਸਤ ਡੀ.ਐਸ.ਪੀ. ਅਤੇ ਸਾਥੀ ਨੂੰ ਛੇ ਮਹੀਨੇ ਕੈਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਅਤੇ ਕਾਨੂੰਨੀ ਮਾਹਿਰ ਪ੍ਰਦੀਪ ਸ਼ਰਮਾ ਨੂੰ ਅਪਰਾਧਿਕ ਮਾਣਹਾਨੀ ਦਾ ਦੋਸ਼ੀ ਮੰਨਦਿਆਂ ਛੇ ਮਹੀਨਿਆਂ ਦੀ ਕੈਦ ਅਤੇ ਦੋ-ਦੋ ਹਜ਼ਾਰ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਹੈ। ਇਸੇ ਦੌਰਾਨ ਬਲਵਿੰਦਰ ਸਿੰਘ ਸੇਖੋਂ ਨੇ ਖੁੱਲ੍ਹੀ ਅਦਾਲਤ ਵਿਚ 'ਨਿਆਇਕ ਗੁੰਡਾਗਰਦੀ ਮੁਰਦਾਬਾਦ' ਦੇ ਨਾਅਰੇ ਲਗਾਏ। ਅਦਾਲਤ ਨੇ ਇਸੇ ਦੌਰਾਨ ਬਲਵਿੰਦਰ ਸੇਖੋਂ ਨੂੰ ਮੁਆਫ਼ੀ ਮੰਗਣ ਦਾ ਮੌਕਾ ਵੀ ਦਿੱਤਾ ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਜਸਟਿਸ ਜੀ.ਐਸ. ਸੰਧਾਵਾਲੀਆ ਤੇ ਜਸਟਿਸ ਹਰਪ੍ਰੀਤ ਕੌਰ ਦੇ ਬੈਂਚ ਨੇ ਇਹ ਸਜ਼ਾ ਸੁਣਾਈ ਜਿਸ ਪਿੱਛੋਂ ਸੇਖੋਂ ਤੇ ਉਸ ਦੇ ਸਾਥੀ ਦਾ



ਮੈਡੀਕਲ ਕਰਾਉਣ ਮਗਰੋਂ ਜੇਲ੍ਹ ਭੇਜ ਦਿੱਤਾ ਗਿਆ। ਬਰਖ਼ਾਸਤ ਡੀ.ਐਸ.ਪੀ. ਸੇਖੋਂ ਨੇ ਨਸ਼ਿਆਂ ਵਿਰੁੱਧ ਅਦਾਲਤ ਵਿਚ ਚੱਲ ਰਹੇ ਕੇਸਾਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਜੱਜਾਂ 'ਤੇ ਭ੍ਰਿਸ਼ਟਾਚਾਰ ਅਤੇ ਸਰਕਾਰਾਂ ਨਾਲ ਮਿਲੀਭੁਗਤ ਦੇ ਦੋਸ਼ ਲਾਏ ਸਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਸੀ। ਦੱਸਣਯੋਗ ਹੈ ਕਿ ਬਲਵਿੰਦਰ ਸਿੰਘ ਸੇਖੋਂ ਨੇ ਸੂਬੇ ਵਿਚ ਨਸ਼ਿਆਂ ਦੀ ਹੋ ਰਹੀ ਬੜ੍ਹੋਤਰੀ ਨੂੰ ਲੈ ਕੇ ਪਟੀਸ਼ਨ ਵੀ ਦਾਇਰ ਕੀਤੀ ਹੋਈ ਹੈ। ਸੇਖੋਂ ਇਸ ਮੁੱਦੇ 'ਤੇ ਦੋ ਸਾਬਕਾ ਡੀ.ਜੀ.ਪੀਜ਼. ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਨਿਸ਼ਾਨੇ 'ਤੇ ਲੈ ਰਹੇ ਹਨ। ਅਦਾਲਤ ਵਿਚ ਬਲਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਭਾਰਤ ਦਾ ਨਾਗਰਿਕ ਹੋਣ ਦੇ ਨਾਤੇ ਉਸ ਨੂੰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਹੈ। ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਮਗਰੋਂ ਸੇਖੋਂ ਤੇ ਉਸ ਦੇ ਸਾਥੀ ਨੂੰ ਮਾਡਲ ਜੇਲ੍ਹ ਬੁੜੈਲ 'ਚ ਭੇਜਿਆ ਜਾਣਾ ਸੀ।

# ਕਾਂਗਰਸ ਤੇ ਅਕਾਲੀ ਦਲ ਨੇ ਪੰਜਾਬ ਨੂੰ ਬਰਬਾਦ ਕੀਤਾ: ਭਗਵੰਤ ਮਾਨ

**ਅਬੋਹਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਹਰ ਘਰ ਤੱਕ ਪੀਣ ਵਾਲਾ ਸਾਫ ਪਾਣੀ ਯਕੀਨੀ ਬਣਾਉਣ ਦੇ ਮੰਤਵ ਨਾਲ 578.28 ਕਰੋੜ ਰੁਪਏ ਦੀ ਲਾਗਤ ਨਾਲ ਪਾਣੀ ਦੀ ਸਫ਼ਾਈ, ਭੰਡਾਰਨ ਅਤੇ ਸਪਲਾਈ ਨੂੰ ਯਕੀਨੀ ਬਣਾਉਣ ਲਈ ਆਪਣੀ ਕਿਸਮ ਦੇ ਪਹਿਲੇ ਪ੍ਰੋਜੈਕਟ ਦਾ ਬੱਲੂਆਣਾ ਹਲਕੇ ਦੇ ਪਿੰਡ ਪੱਤਰੇਵਾਲਾ ਵਿਚ ਰਸਮੀ ਨੀਂਹ ਪੱਥਰ ਰੱਖਿਆ। ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸੇਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਨਿੱਜੀ ਸਵਾਰਥਾਂ ਖਾਤਰ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਮੋਹ ਵਿਚ ਅਕਾਲੀ ਦਲ ਦੀ ਬੇੜੀ ਡੋਬ ਦਿੱਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਇਕ ਵਾਰ ਵੀ ਇਨ੍ਹਾਂ ਇਲਾਕਿਆਂ ਦਾ ਦੌਰਾ ਨਹੀਂ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਖੇਤਰ ਦੇ ਧਰਤੀ ਹੇਠਲੇ ਪਾਣੀ ਵਿਚ ਟੀ.ਡੀ.ਐਸ. ਅਤੇ ਹੋਰ ਭਾਰੀ ਤੱਤ ਕਾਫ਼ੀ ਮਾਤਰਾ ਵਿਚ ਮੌਜੂਦ ਹਨ, ਜੋ ਕਿ ਹੈਪੇਟਾਈਟਸ ਸੀ, ਕੈਂਸਰ, ਚਮੜੀ ਰੋਗ ਆਦਿ ਘਾਤਕ ਬਿਮਾਰੀਆਂ ਦਾ ਮੁੱਖ ਕਾਰਨ ਹਨ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਰਾਹੀਂ ਅਬੋਹਰ, ਖੂਹੀਆਂ ਸਰਵਰ, ਅਰਨੀਵਾਲਾ ਅਤੇ ਫਾਜ਼ਿਲਕਾ ਦੇ ਵੱਖ-ਵੱਖ ਬਲਾਕਾਂ ਦੇ 122 ਪਿੰਡਾਂ ਅਤੇ 15 ਢਾਣੀਆਂ ਨੂੰ ਪੀਣ ਯੋਗ ਸਾਫ਼ ਪਾਣੀ ਮੁਹੱਈਆ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਨਿਰੋਲ ਨਹਿਰੀ ਪਾਣੀ 'ਤੇ ਆਧਾਰਤ ਹੈ ਅਤੇ ਇਸ ਨੂੰ ਗੰਗ ਕੈਨਾਲ ਤੋਂ ਪਾਣੀ ਮਿਲੇਗਾ। ਪ੍ਰੋਜੈਕਟ ਨੂੰ 30 ਮਹੀਨਿਆਂ ਦੇ ਰਿਕਾਰਡ ਸਮੇਂ ਵਿਚ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਹਰ ਘਰ ਤੱਕ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਲਗਭਗ 750 ਕਿਲੋਮੀਟਰ ਪਾਈਪ ਲਾਈਨ ਵਿਛਾਈ ਜਾਵੇਗੀ ਅਤੇ 21 ਜਲ ਸਪਲਾਈ ਸਕੀਮਾਂ ਸਥਾਪਤ ਕੀਤੀਆਂ ਜਾਣਗੀਆਂ।

## ਮੂਸੇਵਾਲਾ ਕੇਸ: ਯੂ.ਕੇ. ਸਰਕਾਰ ਨੂੰ ਮਦਦ ਦੀ ਅਪੀਲ

**ਮਾਨਸਾ:** ਸਿੱਧੂ ਮੂਸੇਵਾਲਾ ਕਤਲ ਕੇਸ 'ਚ ਬ੍ਰਿਟਿਸ਼ ਸਿੱਖ ਲੇਬਰ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਯੂ.ਕੇ. ਸਰਕਾਰ ਨੂੰ ਭਾਰਤ ਵਿਚ ਅਧਿਕਾਰੀਆਂ ਦਾ ਸਮਰਥਨ ਕਰਨ ਲਈ ਕਿਹਾ ਹੈ। ਉਨ੍ਹਾਂ ਸਰਕਾਰ ਤੋਂ ਪੁੱਛਿਆ ਕਿ ਉਹ ਸਬੰਧੀ ਭਾਰਤੀ ਹਮਰੁਤਬਾ ਨਾਲ ਗੱਲਬਾਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜੇ ਵੀ ਕਾਤਲਾਂ ਨੂੰ ਸਜ਼ਾ ਨਹੀਂ ਮਿਲੀ ਹੈ, ਇਸ ਲਈ ਯੂ.ਕੇ. ਸਰਕਾਰ ਭਾਰਤ ਦੇ ਅਧਿਕਾਰੀਆਂ ਦਾ ਸਮਰਥਨ ਕਰੇ।

# ਬੁਢਾਪਾ ਪੈਨਸ਼ਨ: ਸਾਬਕਾ ਸਰਪੰਚਾਂ ਨੇ ਛੇ ਵਰ੍ਹਿਆਂ ਮਗਰੋਂ ਵੀ ਨਹੀਂ ਦਿੱਤਾ ਕੋਈ ਹਿਸਾਬ

**ਬਠਿੰਡਾ:** ਪੰਜਾਬ ਦੇ ਸੈਂਕੜੇ ਪਿੰਡਾਂ ਦੇ ਸਾਬਕਾ ਸਰਪੰਚ ਬੁਢਾਪਾ ਪੈਨਸ਼ਨ ਦੇ ਕਰੀਬ 32.50 ਕਰੋੜ ਰੁਪਏ ਛਕ ਗਏ ਹਨ ਤੇ ਉਨ੍ਹਾਂ ਪੰਜਾਬ ਸਰਕਾਰ ਨੂੰ ਛੇ ਵਰ੍ਹਿਆਂ ਮਗਰੋਂ ਵੀ ਕੋਈ ਹਿਸਾਬ ਨਹੀਂ ਦਿੱਤਾ ਹੈ। ਕਾਂਗਰਸ ਦੀ ਸਰਕਾਰ ਵੇਲੇ ਵੀ ਵੱਡੀ ਗਿਣਤੀ 'ਚ ਸਾਬਕਾ ਸਰਪੰਚਾਂ ਤੋਂ ਬੁਢਾਪਾ ਪੈਨਸ਼ਨ ਦੇ ਬਕਾਇਆ ਕਰੋੜਾਂ ਰੁਪਏ ਦੀ ਵਸੂਲੀ ਕੀਤੀ ਗਈ ਸੀ। ਹੁਣ ਸਾਬਕਾ ਸਰਪੰਚ ਬੁਢਾਪਾ ਪੈਨਸ਼ਨ ਦੇ ਬਕਾਏ ਸਰਕਾਰ ਨੂੰ ਵਾਪਸ ਕਰਨ ਤੋਂ ਪਾਸੇ ਹੋ ਗਏ ਹਨ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਨੇ ਸਾਬਕਾ ਸਰਪੰਚਾਂ ਤੋਂ ਬੁਢਾਪਾ ਪੈਨਸ਼ਨਾਂ ਦੀ ਵਸੂਲੀ ਲਈ ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਨੂੰ ਕਈ ਪੱਤਰ ਲਿਖੇ ਹਨ। ਬੁਢਾਪਾ ਪੈਨਸ਼ਨ ਛਕਣ ਵਾਲਿਆਂ 'ਚ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨਾਲ ਸਬੰਧਤ ਸਾਬਕਾ ਸਰਪੰਚ ਹਨ। 'ਆਪ' ਸਰਕਾਰ ਨੇ ਹੁਣ ਇਨ੍ਹਾਂ ਸਾਬਕਾ ਸਰਪੰਚਾਂ 'ਤੇ ਸ਼ਿਕੰਜਾ ਕੱਸਣ ਦਾ ਫੈਸਲਾ ਕੀਤਾ ਹੈ ਤਾਂ ਜੋ ਬਕਾਇਆ ਰਾਸ਼ੀ ਖ਼ਜ਼ਾਨੇ ਵਿਚ ਵਾਪਸ ਕਰਵਾਈ ਜਾ ਸਕੇ। ਬੁਢਾਪਾ ਪੈਨਸ਼ਨ ਦੀ ਇਹ ਬਕਾਇਆ ਰਾਸ਼ੀ ਵਰ੍ਹਾ 2015-16 ਅਤੇ ਸਾਲ 2016-17 ਦੀ ਹੈ, ਜਿਸ ਵੇਲੇ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸੀ।

ਤਤਕਾਲੀ ਸਰਕਾਰ ਵੱਲੋਂ ਉਕਤ ਵਰ੍ਹਿਆਂ ਦੌਰਾਨ ਸਰਪੰਚਾਂ ਜ਼ਰੀਏ ਬੁਢਾਪਾ ਪੈਨਸ਼ਨਾਂ ਦੀ ਵੰਡ ਸ਼ੁਰੂ ਕਰਵਾਈ ਗਈ ਸੀ। ਇਨ੍ਹਾਂ ਸਰਪੰਚਾਂ ਨੇ ਏ.ਪੀ.ਆਰ. (ਐਕਚੁਅਲ ਪੇਈ ਰਸਿਪਟ) ਹਾਲੇ ਤੱਕ ਸਬੰਧਤ ਮਹਿਕਮੇ ਕੋਲ ਜਮ੍ਹਾਂ ਨਹੀਂ ਕਰਾਈਆਂ ਹਨ। ਪੰਜਾਬ ਸਰਕਾਰ ਵੱਲੋਂ ਜੁਲਾਈ 2008 ਤੋਂ ਪਹਿਲਾਂ ਬੈਂਕਾਂ ਰਾਹੀਂ ਬੁਢਾਪਾ ਪੈਨਸ਼ਨ ਵੰਡੀ ਜਾਂਦੀ ਸੀ। ਉਸ ਮਗਰੋਂ ਵੀ ਕਈ ਵਾਰੀ ਪੰਚਾਇਤਾਂ ਰਾਹੀਂ ਅਤੇ ਕਈ ਮੌਕਿਆਂ 'ਤੇ ਬੁਢਾਪਾ ਪੈਨਸ਼ਨ ਦੀ ਵੰਡ ਦਾ ਕੰਮ ਬੈਂਕਾਂ ਨੂੰ ਦਿੱਤਾ ਗਿਆ।

ਸਰਕਾਰੀ ਹਦਾਇਤਾਂ ਅਨੁਸਾਰ ਜਦੋਂ ਉਸ ਵੇਲੇ ਪੰਜਾਬ ਸਰਕਾਰ ਪੰਚਾਇਤਾਂ ਦੇ ਖਾਤੇ ਵਿਚ ਬੁਢਾਪਾ ਪੈਨਸ਼ਨ ਦੀ ਰਾਸ਼ੀ ਪਾ ਦਿੰਦੀ ਸੀ ਤਾਂ ਦਸ ਦਿਨਾਂ ਅੰਦਰ ਇਹ ਪੈਨਸ਼ਨ ਵੰਡੀ ਜਾਣੀ ਲਾਜ਼ਮੀ ਸੀ ਅਤੇ ਇੱਕ ਮਹੀਨੇ ਅੰਦਰ ਏਪੀਆਰ ਮਹਿਕਮੇ ਕੋਲ ਜਮ੍ਹਾਂ ਕਰਾਉਣੀ ਹੁੰਦੀ ਸੀ। ਇਸ ਏ.ਪੀ.ਆਰ. ਦੇ ਆਧਾਰ 'ਤੇ ਹੀ ਸਰਕਾਰ ਬੁਢਾਪਾ ਪੈਨਸ਼ਨ ਦੀ ਵੰਡ ਹੋਣ ਬਾਰੇ ਜਾਣ ਸਕਦੀ ਸੀ। ਸਾਬਕਾ ਸਰਪੰਚਾਂ ਵਿਚੋਂ ਇਹ ਏ.ਪੀ.ਆਰ. ਜਮ੍ਹਾਂ ਨਾ ਕਰਵਾਉਣ ਵਾਲੇ ਸਾਫ ਤੌਰ 'ਤੇ ਇਹ ਰਾਸ਼ੀ




ਛਕ ਗਏ ਹਨ।

ਤਾਜ਼ਾ ਸੂਚਨਾ ਦੇਖੀਏ ਤਾਂ ਜ਼ਿਲ੍ਹਾ ਜਲੰਧਰ ਦੇ ਸਾਬਕਾ ਸਰਪੰਚ ਇਸ ਮਾਮਲੇ ਵਿਚ ਸਭ ਤੋਂ ਅੱਗੇ ਹਨ, ਜਿਨ੍ਹਾਂ ਵੱਲ 7.40 ਕਰੋੜ ਦੀ ਬੁਢਾਪਾ ਪੈਨਸ਼ਨ ਦੀ ਰਾਸ਼ੀ ਖੜ੍ਹੀ ਹੈ। ਦੂਸਰਾ ਨੰਬਰ ਜ਼ਿਲ੍ਹਾ ਸੰਗਰੂਰ ਦਾ ਆਉਂਦਾ ਹੈ, ਜਿੱਥੋਂ ਦੇ ਸਾਬਕਾ ਸਰਪੰਚਾਂ ਨੇ 6.12 ਕਰੋੜ ਦੀ ਬੁਢਾਪਾ ਪੈਨਸ਼ਨ ਦਾ ਛੇ ਸਾਲਾਂ ਮਗਰੋਂ ਵੀ ਕੋਈ ਲੇਖਾ-ਜੋਖਾ ਨਹੀਂ ਦਿੱਤਾ ਹੈ। ਤੀਸਰੇ ਨੰਬਰ 'ਤੇ ਬਾਦਲ ਪਰਿਵਾਰ ਦਾ ਜੱਦੀ ਜ਼ਿਲ੍ਹਾ ਮੁਕਤਸਰ ਆਉਂਦਾ ਹੈ, ਜਿੱਥੋਂ ਦੇ ਸਾਬਕਾ ਸਰਪੰਚਾਂ ਵੱਲ 4.16 ਕਰੋੜ ਰੁਪਏ ਖੜ੍ਹੇ ਹਨ।

ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਸਾਬਕਾ ਸਰਪੰਚਾਂ ਵੱਲ 2.92 ਕਰੋੜ, ਤਰਨ ਤਾਰਨ ਜ਼ਿਲ੍ਹੇ ਵੱਲ 1.69 ਕਰੋੜ, ਅੰਮ੍ਰਿਤਸਰ ਦੇ ਸਾਬਕਾ ਸਰਪੰਚਾਂ ਵੱਲ 2.24 ਕਰੋੜ, ਬਠਿੰਡਾ ਦੇ ਸਾਬਕਾ ਸਰਪੰਚਾਂ ਵੱਲ ਇਕ ਕਰੋੜ ਤੇ ਕਪੂਰਥਲਾ ਜ਼ਿਲ੍ਹੇ ਦੇ ਸਾਬਕਾ ਸਰਪੰਚਾਂ ਵੱਲ 1.35 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ, ਦੂਜੇ ਪਾਸੇ ਜਿਨ੍ਹਾਂ ਬਜ਼ੁਰਗਾਂ ਲਈ ਸਰਕਾਰ ਨੇ ਇਹ ਬੁਢਾਪਾ ਪੈਨਸ਼ਨ ਭੇਜੀ ਸੀ, ਉਹ ਅੱਜ ਵੀ ਇਸ ਪੈਨਸ਼ਨ ਨੂੰ ਤਰਸ ਰਹੇ ਹਨ। ਪੰਜਾਬ ਦਾ ਜ਼ਿਲ੍ਹਾ ਮਾਨਸਾ, ਬਰਨਾਲਾ, ਪਟਿਆਲਾ, ਫ਼ਰੀਦਕੋਟ, ਪਠਾਨਕੋਟ ਦੇ ਕਿਸੇ ਵੀ ਸਾਬਕਾ ਸਰਪੰਚ ਵੱਲ ਕੋਈ ਬਕਾਇਆ ਨਹੀਂ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਜਿਨ੍ਹਾਂ ਸਾਬਕਾ ਸਰਪੰਚਾਂ ਨੇ ਬਜ਼ੁਰਗਾਂ ਲਈ ਭੇਜੀ ਗਈ ਬੁਢਾਪਾ ਪੈਨਸ਼ਨ ਦੀ ਰਾਸ਼ੀ ਆਪਣੇ ਕੋਲ ਰੱਖੀ ਹੋਈ ਹੈ, ਉਨ੍ਹਾਂ ਤੋਂ ਹਰ ਹਾਲ ਵਸੂਲੀ ਕੀਤੀ ਜਾਵੇਗੀ ਤਾਂ ਜੋ ਇਹ ਪੈਸਾ ਖ਼ਜ਼ਾਨੇ ਵਿਚ ਮੁੜ ਸਕੇ। ਉਨ੍ਹਾਂ ਕਿਹਾ ਕਿ ਇਸ ਬਾਰੇ ਕਾਨੂੰਨੀ ਰਸਤਾ ਅਖਤਿਆਰ ਕੀਤਾ ਜਾਵੇਗਾ।

## ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸਰਕਾਰ ਨੂੰ ਘੇਰਨ ਦੀ ਯੋਜਨਾ

**ਚੰਡੀਗੜ੍ਹ:** ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਵਿਚ ਪੰਜਾਬ ਸਰਕਾਰ ਨੂੰ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਘੇਰਨ ਦੀ ਯੋਜਨਾ ਉਲੀਕੀ ਗਈ। ਇਸ ਸਬੰਧੀ ਫਰੰਟ ਦੇ ਕਨਵੀਨਰ ਅਤਿੰਦਰ ਪਾਲ ਸਿੰਘ, ਜ਼ੋਨ ਕਨਵੀਨਰ ਗੁਰਬਿੰਦਰ ਖਹਿਰਾ ਤੇ ਇੰਦਰਸੁਖਦੀਪ ਸਿੰਘ ਨੇ ਦੱਸਿਆ ਕਿ 'ਆਪ' ਸਰਕਾਰ ਦਾ ਇਕ ਸਾਲ ਪੂਰਾ ਹੋਣ ਦੇ ਬਾਵਜੂਦ ਵੀ ਪੁਰਾਣੀ ਪੈਨਸ਼ਨ ਦਾ ਮੁੱਦਾ ਹੁਣ ਤੱਕ ਬਿਆਨਾਂ, ਕਾਗਜ਼ੀ ਭਰੋਸਿਆਂ ਅਤੇ ਕਮੇਟੀਆਂ ਤੱਕ ਹੀ ਸੀਮਤ ਹੈ। ਇਸ ਦੇ ਰੋਸ ਵਜੋਂ ਕੈਬਨਿਟ ਸਬ-ਕਮੇਟੀ ਵਿੱਚ ਸ਼ਾਮਲ ਵਿੱਤ ਮੰਤਰੀ ਹਰਪਾਲ ਚੀਮਾ ਨੂੰ 5 ਮਾਰਚ ਨੂੰ ਸੰਗਰੂਰ ਵਿਚ ਅਤੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੂੰ 11 ਮਾਰਚ ਨੂੰ ਅੰਮ੍ਰਿਤਸਰ ਵਿਚ ਮਾਸ ਡੈਪੂਟੇਸ਼ਨ ਦੇ ਰੂਪ ਵਿਚ ਰੋਸ ਪੱਤਰ ਦਿੱਤੇ ਜਾਣਗੇ।

ਪੰਜਾਬ ਟਾਈਮਜ਼

*ਸਨਿਚਰਵਾਰ, 4 ਮਾਰਚ 2023*

# ਪੰਜਾਬ ਦਾ ਪੰਧ

ਇਸ ਹਫਤੇ ਪੰਜਾਬ ਦੇ ਪਿੜ ਵਿਚ ਅਜਿਹੀਆਂ ਕਈ ਘਟਨਾਵਾਂ ਅਤੇ ਸਰਗਰਮੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਪੰਧ ਵਿਚ ਅਹਿਮ ਭੂਮਿਕਾ ਨਿਭਾਉਣੀ ਹੈ।ਇਹ ਘਟਨਾਵਾਂ ਅਤੇ ਸਰਗਰਮੀਆਂ ਸੂਬੇ ਦੀ ਸਿਆਸਤ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ।ਇਕ ਪਾਸੇ ਅਜਨਾਲਾ ਥਾਣੇ ਵਾਲੀ ਘਟਨਾ ਤੋਂ ਬਾਅਦ ਸੂਬੇ ਦੀ ਸਿਆਸਤ ਪੂਰੀ ਮਘ ਪਈ ਹੈ; ਦੂਜੇ, ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਜਿਹੜਾ ਲੰਮਾ-ਚੌੜਾ ਦੋਸ਼-ਪੱਤਰ ਪੇਸ਼ ਕੀਤਾ ਹੈ,ਉਸ ਵਿਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀਪੁਲਿਸ ਮੁਖੀ ਸੁਮੇਧ ਸੈਣੀ ਨੂੰ ਇਸ ਗੋਲੀ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਮੰਨਿਆ ਗਿਆ ਹੈ; ਤੀਜੇ, ਸੁਪਰੀਮ ਕੋਰਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਤਿੰਨ ਕੇਸ ਫਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਦੀ ਅਦਾਲਤ ਵਿਚ ਤਬਦੀਲ ਕਰ ਦਿੱਤੇ ਹਨ। ਡੇਰਾ ਪ੍ਰੇਮੀਆਂ ਨੇ 2 ਦਸੰਬਰ 2022 ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਸੀ ਕਿ ਉਹ ਪੰਜਾਬ ਵਿਚ ਆਪਣੇ ਖਿਲਾਫ ਚੱਲ ਰਹੇ ਕੇਸਭੈਅ-ਮੁਕਤ ਹੋ ਕੇ ਨਹੀਂ ਲੜ ਸਕਦੇ ਕਿਉਂਕਿ ਬੇਅਦਬੀ ਦੇ ਇਲਜ਼ਾਮਾਂ ਵਿਚ ਘਿਰੇ ਦੋ ਡੇਰਾ ਪ੍ਰੇਮੀਆਂ ਦਾ ਪੰਜਾਬ ਵਿਚ ਕਤਲ ਹੋ ਚੁੱਕਾ ਹੈ। ਚੌਥੇ, ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ਵਿਚਕਾਰ ਚੱਲ ਰਿਹਾ ਟਕਰਾਉ ਵੀ ਆਖਿਰਕਾਰ ਸੁਪਰੀਮ ਕੋਰਟ ਜਾ ਕੇ ਮੁੱਕਿਆ ਹੈ। ਅਜਿਹਾ ਟਕਰਾਉ ਪਹਿਲਾਂ ਵੀ ਕਈ ਵਾਰ ਆ ਚੁੱਕਾ ਹੈ। ਪੰਜਵੇਂ, ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਿਤ ਕੁਝ ਆਗੂਆਂ ਦੇ ਟਿਕਾਣਿਆਂ 'ਤੇ ਸੀ.ਬੀ.ਆਈ. ਛਾਪਿਆਂ ਨੂੰ ਕੇਂਦਰ ਸਰਕਾਰ ਦੀ ਬਦਲਾਲਊ ਨੀਤੀ ਕਰਾਰ ਦਿੱਤਾ ਗਿਆ ਹੈ ਅਤੇ ਇਸ ਖਿਲਾਫ 13 ਮਾਰਚ ਨੂੰ ਅਰਥੀ ਫੂਕ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਹੈ। ਚੇਤੇ ਰਹੇ ਕਿ ਕਿਸਾਨ ਆਪਣੀਆਂ ਮੰਗਾਂ ਦੇ ਹੱਲ ਵਿਚ 20 ਮਾਰਚ ਨੂੰ ਦਿੱਲੀ ਵਿਚ ਰੋਸ ਦਿਖਾਵਾ ਵੀ ਕਰ ਰਹੇ ਹਨ।

ਇਨ੍ਹਾਂ ਸਾਰੀਆਂ ਘਟਨਾਵਾਂ ਅਤੇ ਸਰਗਰਮੀਆਂ ਨੇ ਸਭ ਦਾ, ਖਾਸ ਕਰ ਕੇ ਮੀਡੀਆ ਦਾ ਧਿਆਨ ਖਿੱਚਿਆ ਹੈ। ਇਹ ਗੱਲ ਵੱਖਰੀ ਹੈ ਕਿ ਇਕ ਹੋਰ ਘਟਨਾ ਨੂੰ ਓਨਾ ਨਹੀਂ ਗੌਲਿਆ ਗਿਆ ਜਿੰਨਾ ਇਸ ਨੂੰ ਗੌਲਣਾ ਬਣਦਾ ਸੀ। ਇਹ ਪੁਲਿਸ ਵਿਭਾਗ ਦੇ ਬਰਖਾਸਤ ਬਲਵਿੰਦਰ ਸਿੰਘ ਸੇਖੋਂ ਨਾਲ ਸਬੰਧਿਤ ਮਸਲਾ ਹੈ ਅਤੇ ਇਸ ਬਾਰੇ ਕਿਸੇ ਨੇ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ।ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜਾਂ-ਜਸਟਿਸ ਜੀ.ਐਸ. ਸੰਧਾਵਾਲੀਆ ਤੇ ਜਸਟਿਸ ਹਰਪ੍ਰੀਤ ਕੌਰ, ਨੇ ਬਲਵਿੰਦਰ ਸਿੰਘ ਸੇਖੋਂ ਅਤੇ ਉਸ ਦੇ ਵਕੀਲ ਪ੍ਰਦੀਪ ਸ਼ਰਮਾ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ ਅਧੀਨ ਛੇ ਮਹੀਨੇ ਦੀ ਕੈਦ ਅਤੇ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਕਰ ਦਿੱਤਾ।ਇਸ ਮਸਲੇ ਵਿਚ ਵਿਚਾਰਨ ਵਾਲਾ ਨੁਕਤਾ ਇਹ ਵੀ ਹੈ ਕਿ ਕਾਨੂੰਨ ਮੁਤਾਬਕ ਜਸਟਿਸ ਸੰਧਾਵਾਲੀਆ ਨੂੰ ਇਸ ਕੇਸ ਵਿਚ ਸੁਣਵਾਈ ਕਰਨ ਅਤੇ ਸਜ਼ਾ ਦੇਣ ਦਾ ਅਧਿਕਾਰ ਤਾਂ ਹੈ ਪਰ ਇਸ ਕੇਸ ਵਿਚ ਉਹ ਖੁਦ ਇਕ ਧਿਰ ਸੀ। ਉਸ ਉਪਰ ਨਸ਼ਾ ਕੇਸ ਵਾਲੇ ਮੁਕੱਦਮੇ ਨੂੰ ਬੇਲੋੜੇ ਤੌਰ 'ਤੇ ਲਮਕਾਉਣ ਅਤੇ ਸੇਖੋਂ ਦੀ ਰਿਟ ਪਟੀਸ਼ਨ ਵਿਚ ਕੁਝ ਨਾਮਜ਼ਦ ਦੋਸ਼ੀਆਂ ਦਾ ਬਚਾਉ ਕਰਨ ਦੇ ਦੋਸ਼ ਹਨ। ਇਸ ਲਈ ਨੈਤਿਕਤਾ ਪੱਖੋਂ ਬਣਦਾ ਇਹ ਸੀ ਕਿ ਉਹ ਇਸ ਕੇਸ ਨਾਲੋਂ ਖੁਦ ਵੱਖ ਹੋ ਜਾਂਦੇ।ਸੇਖੋਂ ਨੂੰ 2021 ਵਿਚ ਸੇਵਾਮੁਕਤ ਹੋਣ ਵਾਲੇ ਦਿਨ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।ਉਹ ਉਦੋਂ ਤੋਂ ਹੀ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਅਦਾਲਤਾਂ ਦੀ ਕਾਰਜ ਪ੍ਰਣਾਲੀ ਦੀ ਤਿੱਖੀ ਆਲੋਚਨਾ ਕਰ ਰਿਹਾ ਹੈ। ਅਦਾਲਤ ਵਿਚ ਉਸ ਉਪਰ ਇਲਜ਼ਾਮ ਲਗਾਇਆ ਗਿਆ ਕਿ ਉਸਨੇ 27 ਜਨਵਰੀ 2023 ਨੂੰ ਅਦਾਲਤੀ ਕਾਰਵਾਈ ਤੋਂ ਇਕ ਦਿਨ ਪਹਿਲਾਂ ਵੀਡੀਓ ਰਾਹੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 10 ਤੋਂ ਵੱਧ ਜੱਜਾਂ ਅਤੇ ਸੁਪਰੀਮ ਕੋਰਟ ਦੇ ਇੱਕ ਮੌਜੂਦਾ ਜੱਜ ਉਪਰ ਦੋਸ਼ ਲਾਏ ਹਨ।

ਜ਼ਾਹਿਰ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਫਰੰਟਾਂ 'ਤੇ ਲੜਾਈ ਚੱਲ ਰਹੀ ਹੈ ਅਤੇ ਸਾਰੇ ਆਪੋ-ਆਪਣੇ ਢੰਗ ਨਾਲ ਸਰਗਰਮੀ ਕਰ ਰਹੇ ਹਨ। ਅਸਲ ਵਿਚ, ਪੰਜਾਬ ਪਿਛਲੇ ਕੁਝ ਸਮੇਂ ਤੋਂ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ; ਖਾਸ ਕਰ ਕੇ ਸਿਆਸੀ ਖੇਤਰ ਵਿਚ ਬੜੀਆਂ ਤਿੱਖੀਆਂ ਤਬਦੀਲੀ ਸਾਹਮਣੇ ਆ ਰਹੀਆਂ ਹਨ। ਸਿਆਸੀ ਛਾਣ-ਬੀਣ ਦੱਸਦੀ ਹੈ ਕਿ ਪੰਜਾਬ ਦਾ ਲੋਕ ਰਵਾਇਤੀ ਸਿਆਸੀ ਧਿਰਾਂ ਤੋਂ ਬੁਰੀ ਤਰ੍ਹਾਂ ਅੱਕਿਆ ਪਿਆ ਹੈ। ਖੇਤੀ ਕਾਨੂੰਨਾਂ ਖਿਲਾਫ ਸਾਲ-ਡੇਢ ਸਾਲ ਚੱਲੇ ਜਾਨਦਾਰ ਅਤੇ ਮਿਸਾਲੀ ਕਿਸਾਨ ਅੰਦੋਲਨ ਨੇ ਸੂਬੇ ਦੀ ਸਿਆਸਤ ਵਿਚ ਸਿਫਤੀ ਤਬਦੀਲੀ ਦਾ ਰਾਹ ਬਣਾਇਆ। ਕਿਸਾਨ ਅੰਦੋਲਨ ਕਾਰਨ ਪੰਜਾਬ ਦੇ ਲੋਕਾਂ, ਖਾਸ ਕਰ ਕੇ ਨੌਜਵਾਨਾਂ ਅੰਦਰ ਆਈ ਚੇਤਨਾ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਲਾਂਭੇ ਕਰ ਕੇ ਇਕ ਨਵੀਂ ਧਿਰ, ਆਮ ਆਦਮੀ ਪਾਰਟੀ ਨੂੰ ਸੂਬੇ ਦੀ ਵਾਗਡੋਰ ਸੌਂਪੀ ਪਰ ਇਸ ਸਰਕਾਰ ਦੀ ਪਿਛਲੇ ਇਕ ਸਾਲ ਦੀ ਕਾਰਗੁਜ਼ਾਰੀ ਨਾਲ ਲੋਕ ਸੰਤੁਸ਼ਟ ਨਹੀਂ ਹੋਏ। ਸਿੱਟੇ ਵਜੋਂ ਪੰਜਾਬ ਦਾ ਸਿਆਸੀ ਪਿੜ ਇਕ ਵਾਰ ਫਿਰ ਖਾਲੀ ਜਾਪਣ ਲੱਗ ਪਿਆ। ਹੁਣ ਵੱਖ-ਵੱਖ ਧਿਰਾਂ ਇਸ ਸਿਆਸੀ ਖਲਾਅ ਨੂੰ ਭਰਨ ਲਈ ਆਪੋ-ਆਪਣੀ ਜ਼ੋਰ-ਅਜ਼ਮਾਈ ਕਰ ਰਹੀਆਂ ਹਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਜਿਸ ਨੂੰ ਅਜੇ ਤੱਕ ਪੰਜਾਬ ਵਿਚੋਂ ਬਹੁਤਾ ਭਰਵਾਂ ਹੁੰਗਾਰਾ ਨਹੀਂ ਮਿਲਿਆ ਹੈ, ਚਾਹੁੰਦੀ ਹੈ ਕਿ ਜਿਵੇਂ-ਕਿਵੇਂ ਪੰਜਾਬ ਦੇ ਸਿਆਸੀ ਪਿੜ ਵਿਚ ਝੰਡੇ ਗੱਡੇ ਜਾਣ। ਆਪਣਾ ਇਹ ਕਾਰਜ ਸਿੱਧ ਕਰਨ ਲਈ ਇਹ ਪਾਰਟੀ ਹਰ ਹੀਲਾ-ਵਸੀਲਾ ਕਰ ਰਹੀ ਹੈ ਅਤੇਦੂਜੀਆਂ ਪਾਰਟੀ ਦੇ ਆਗੂਆਂ ਨੂੰ ਵੱਡੀ ਪੱਧਰ 'ਤੇ ਆਪਣੀ ਜਥੇਬੰਦੀ ਅੰਦਰ ਜਗ੍ਹਾ ਤੱਕ ਦੇ ਰਹੀ ਹੈ। ਕੁਝ ਸਿਆਸੀ ਵਿਸ਼ਲੇਸ਼ਕ ਸੂਬੇ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਟਕਰਾਉ ਨੂੰ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦਾ ਹਿੱਸਾ ਹੀ ਮੰਨ ਰਹੇ ਹਨ।ਕੁਝ ਵਿਸ਼ਲੇਸ਼ਕ ਆਉਣ ਵਾਲੇ ਸਮੇਂ ਵਿਚ ਕਿਸੇ ਚੌਥੀ ਧਿਰ ਬਾਰੇ ਵੀ ਪੇਸ਼ੀਨਗੋਈ ਕਰ ਰਹੇ ਹਨ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਭਵਿੱਖ ਵਿਚ ਪੰਜਾਬ ਦੀ ਸਿਆਸਤ ਨੇ ਕਿਸ ਪਾਸੇ ਮੋੜਾ ਕੱਟਣਾ ਹੈ ਪਰ ਇਕ ਤੱਥ ਸਪਸ਼ਟ ਹੈ ਕਿ ਕੇਂਦਰੀ ਅਤੇ ਖੇਤਰੀ ਧਿਰਾਂ ਲਈ ਪੰਜਾਬ ਦੀ ਅੱਛੀ-ਖਾਸੀ ਮਹੱਤਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਿਆਦੇ ਬਨਾਮ ਗੋਟੀਆਂ*

'ਬੀਬੇ ਰਾਣੇ' ਜਿਹੇ ਉੱਤੋਂ ਹੀ ਜਾਪਦੇ ਨੇ, ਨੀਤਾਂ ਅੰਦਰੋਂ ਅੱਤਿ ਦੀਆਂ ਖੋਟੀਆਂ ਜੀ।
ਜਿਵੇਂ ਕਿਵੇਂ 'ਤੰਦੂਰ' ਨੂੰ ਗਰਮ ਕਰ ਕੇ, ਆਪੋ ਆਪਣੀਆਂ 'ਸੇਕਦੇ' ਰੋਟੀਆਂ ਜੀ।
ਖੂਨੀ ਕਾਂਡ ਕਰਾਉਣ ਤੋਂ ਝਿਜਕਦੇ ਨਾ, ਇੱਲ੍ਹਾਂ ਵਾਂਗ ਫਿਰ ਖਾਂਦੇ ਨੇ ਬੋਟੀਆਂ ਜੀ।
'ਚਾਲਾਂ' ਚੱਲ ਸ਼ਤਰੰਜ ਦੀ ਖੇਡ ਵਾਂਗੂੰ, ਗੱਲਾਂ 'ਹੋਰ' ਸਟੇਜਾਂ 'ਤੇ ਘੋਟੀਆਂ ਜੀ।
ਕਠਪੁਤਲੀਆਂ ਵਾਂਗ ਨਚਾਉਣ ਦੇ ਲਈ, 'ਫੰਡ' ਦਿੰਦੀਆਂ ਸਾਮੀਆਂ ਮੋਟੀਆਂ ਜੀ।
ਬੁੱਧੀ 'ਚਾਣਕ' ਜਿਹੀ ਹੋਵੇ ਤਾਂ ਜਾਣ ਲਈਏ, ਕੌਣ 'ਪਿਆਦੇ' ਤੇ ਕਿਹੜੀਆਂ 'ਗੋਟੀਆਂ' ਜੀ!

# ਮੋਦੀ ਮਾਡਲ ਦੀ ਹਕੀਕਤ

***ਉਘੀ ਲਿਖਾਰੀ ਅਰੁੰਧਤੀ ਰਾਏ ਵੱਖ-ਵੱਖ ਮੁੱਦਿਆਂ ਬਾਰੇ ਆਪਣੀ ਬੇਬਾਕ ਰਾਏ ਰੱਖਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰੋਬਾਰੀ ਗੌਤਮ ਅਡਾਨੀ ਨਾਲ ਜੁੜੇ ਬੀ.ਬੀ.ਸੀ. ਦਸਤਾਵੇਜ਼ੀ ਅਤੇ ਹਿੰਡਨਬਰਗ ਰਿਪੋਰਟ ਮਾਮਲਿਆਂ ਬਾਰੇ ਉਨ੍ਹਾਂ ਮਸ਼ਹੂਰ ਅਖਬਾਰ 'ਦਿ ਗਾਰਡੀਅਨ' ਵਿਚ ਲੇਖ ਲਿਖਿਆ ਹੈ ਜਿਸ ਵਿਚ ਵੱਡੇ ਸਵਾਲ ਉਠਾਏ ਹਨ। ਇਸ ਲੇਖ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਬੀ.ਬੀ.ਸੀ.-ਹਿੰਡਨਬਰਗ ਮਾਮਲਾ ਇਉਂ ਦਿਖਾਇਆ ਜਾ ਰਿਹਾ ਹੈ ਜਿਵੇਂ ਵਿਦੇਸ਼ੀ ਤਾਕਤਾਂ ਭਾਰਤ ਉੱਪਰ ਹਮਲਾ ਕਰ ਰਹੀਆਂ ਹਨ; ਖ਼ਾਸ ਕਰ ਕੇ ਬਰਤਾਨੀਆ ਅਤੇ ਅਮਰੀਕਾ; ਜਾਂ ਫਿਰ ਸਾਡੀ (ਭਾਰਤ) ਸਰਕਾਰ ਚਾਹੁੰਦੀ ਹੈ ਕਿ ਅਸੀਂ ਅਜਿਹਾ ਸੋਚੀਏ। ਕਿਉਂ? ਕਿਉਂਕਿ ਪੁਰਾਣੀਆਂ ਬਸਤੀਵਾਦੀ ਤਾਕਤਾਂ ਅਤੇ ਨਵੇਂ ਸਾਮਰਾਜਵਾਦੀ ਸਾਡੀ ਦੌਲਤ ਅਤੇ ਖੁਸ਼ਹਾਲੀ ਤੋਂ ਸੜਦੇ ਹਨ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਹਮਲਾ ਸਾਡੇ ਨੌਜਵਾਨ ਰਾਸ਼ਟਰ ਦੀਆਂ ਰਾਜਨੀਤਕ ਅਤੇ ਆਰਥਿਕ ਬੁਨਿਆਦਾਂ ਵਿਰੁੱਧ ਸੇਧਤ ਹੈ।

ਲੁਕ-ਛਿਪ ਕੇ ਵਾਰ ਕਰਨ ਵਾਲੇ ਖ਼ੁਫ਼ੀਆ ਏਜੰਟ ਹਨ। ਬੀ.ਬੀ.ਸੀ. ਨੇ ਜਨਵਰੀ ਵਿਚ ਦੋ ਹਿੱਸਿਆਂ 'ਚ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਐਸਚਨ' ਦਾ ਪ੍ਰਸਾਰਨ ਕੀਤਾ।



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਹਿੰਡਨਬਰਗ ਰਿਸਰਚ 38 ਸਾਲਾ ਨਾਥਨ ਐਂਡਰਸਨ ਦੀ ਕੰਪਨੀ ਹੈ ਜੋ ਐਕਟਿਵਿਸਟ ਸ਼ਾਰਟ-ਸੈਲਿੰਗ ਵਜੋਂ ਜਾਣੀ ਜਾਂਦੀ ਹੈ। ਬੀ.ਬੀ.ਸੀ.-ਹਿੰਡਨਬਰਗ ਮਾਮਲੇ ਨੂੰ ਭਾਰਤੀ ਮੀਡੀਆ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ ਕਿ ਇਹ ਭਾਰਤ ਦੇ ਟਵਿਨ ਟਾਵਰਾਂ (ਜੌੜੇ ਟਾਵਰਾਂ) ਉੱਪਰ ਹਮਲੇ ਤੋਂ ਘੱਟ ਨਹੀਂ। ਇਹ ਜੌੜੇ ਟਾਵਰ ਹਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਸਭ ਤੋਂ ਵੱਡੇ ਉਦਯੋਗਪਤੀ ਗੌਤਮ ਅਡਾਨੀ ਜੋ ਪਿੱਛੇ ਜਿਹੇ ਤੱਕ ਦੁਨੀਆ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਸਨ। ਇਨ੍ਹਾਂ ਦੋਵਾਂ ਵਿਰੁੱਧ ਦੋਸ਼ ਮਾਮੂਲੀ ਨਹੀਂ ਹਨ।

ਬੀ.ਬੀ.ਸੀ. ਨੇ ਇਸ਼ਾਰਾ ਕੀਤਾ ਹੈ ਕਿ ਮੋਦੀ ਨੇ ਸਮੂਹਿਕ ਕਤਲੇਆਮ ਨੂੰ ਉਕਸਾਇਆ ਸੀ। ਇੱਧਰ 24 ਜਨਵਰੀ ਨੂੰ ਛਪੀ ਹਿੰਡਨਬਰਗ ਰਿਪੋਰਟ ਨੇ ਅਡਾਨੀ ਉੱਪਰ 'ਕਾਰਪੋਰੇਟ ਇਤਿਹਾਸ ਦੀ ਸਭ ਤੋਂ ਵੱਡੀ ਧੋਖਾਧੜੀ' ਕਰਨ ਦਾ ਦੋਸ਼ ਲਾਇਆ (ਅਡਾਨੀ ਸਮੂਹ ਨੇ ਇਸ ਦੋਸ਼ ਦਾ ਜ਼ੋਰਦਾਰ ਖੰਡਨ ਕੀਤਾ ਹੈ)।

ਮੋਦੀ ਅਤੇ ਅਡਾਨੀ ਦੀ ਆਪਸੀ ਜਾਣ-ਪਛਾਣ ਦਹਾਕਿਆਂ ਪੁਰਾਣੀ ਹੈ। 2002 'ਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਦੋਵਾਂ ਦੇ ਹਾਲਾਤ ਸੁਧਰਨੇ ਸ਼ੁਰੂ ਹੋਏ। ਇਹ ਕਤਲੇਆਮ ਗੁਜਰਾਤ ਵਿਚ ਉਦੋਂ ਹੋਇਆ ਸੀ ਜਦੋਂ ਮੁਸਲਮਾਨਾਂ ਨੂੰ ਰੇਲ ਦੇ ਡੱਬੇ ਨੂੰ ਅੱਗ ਲਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਜਿਸ ਵਿਚ 59 ਹਿੰਦੂ ਤੀਰਥ ਯਾਤਰੀ ਜਿਉਂਦੇ ਸੜ ਗਏ ਸਨ। ਇਸ ਕਤਲੇਆਮ ਤੋਂ ਕੁਝ ਮਹੀਨੇ ਪਹਿਲਾਂ ਮੋਦੀ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ।

ਉਸ ਸਮੇਂ ਗੁਜਰਾਤ ਦੇ ਕਸਬਿਆਂ-ਪਿੰਡਾਂ 'ਚ ਹਮਲਾਵਰ ਹਿੰਦੂ ਹਜੂਮਾਂ ਵੱਲੋਂ 'ਬਦਲਾ ਲੈਣ ਲਈ' ਮੁਸਲਮਾਨਾਂ ਦੇ ਸ਼ਰੇਆਮ ਕਤਲਾਂ ਅਤੇ ਬਲਾਤਕਾਰਾਂ ਦੇ ਖ਼ੌਫ਼ ਨਾਲ ਭਾਰਤ ਦਹਿਸ਼ਤ ਦੇ ਸਾਏ ਹੇਠ ਸੀ। ਉਦੋਂ ਕਾਨਫੈੱਡਰੇਸ਼ਨ ਆਫ ਇੰਡੀਅਨ ਇੰਡਸਟਰੀ ਦੇ ਪੁਰਾਣੀ ਤਰਜ਼ ਦੇ ਕੁਝ ਮੈਂਬਰਾਂ ਨੇ ਮੋਦੀ ਪ੍ਰਤੀ ਆਪਣੀ ਨਾਖ਼ੁਸ਼ੀ ਖੁੱਲ੍ਹੇਆਮ ਜ਼ਾਹਿਰ ਕੀਤੀ ਸੀ। ਇਸ ਮੌਕੇ 'ਤੇ ਗੌਤਮ ਅਡਾਨੀ ਉੱਭਰ ਕੇ ਸਾਹਮਣੇ ਆਏ ਸਨ।

ਉਸ ਨੇ ਗੁਜਰਾਤੀ ਉਦਯੋਗਪਤੀਆਂ ਦੇ ਨਿੱਕੇ ਜਿਹੇ ਸਮੂਹ ਨਾਲ ਮਿਲ ਕੇ 'ਰਿਸਰਜੈਂਟ ਗਰੁੱਪ ਆਫ ਗੁਜਰਾਤ' ਨਾਮ ਦਾ ਕਾਰੋਬਾਰੀਆਂ ਦਾ ਨਵਾਂ ਮੰਚ ਬਣਾਇਆ। ਉਨ੍ਹਾਂ ਆਲੋਚਨਾ ਕਰਨ ਵਾਲਿਆਂ ਨੂੰ ਰੱਦ ਕਰਦਿਆਂ ਮੋਦੀ ਦੀ ਹਮਾਇਤ ਕੀਤੀ ਜਿਸ ਨੇ 'ਹਿੰਦੂ ਹਿਰਦੇ ਸਮਰਾਟ' ਦੇ ਰੂਪ 'ਚ, ਸਹੀ-ਸਹੀ ਕਹਿਣਾ ਹੋਵੇ ਤਾਂ ਹਿੰਦੂ ਵੋਟ ਬੈਂਕ ਨੂੰ ਇਕਜੁੱਟ ਕਰਨ ਵਾਲੇ ਆਗੂ ਦੇ ਰੂਪ 'ਚ ਆਪਣਾ ਨਵਾਂ ਰਾਜਨੀਤਕ ਕਰੀਅਰ ਸ਼ੁਰੂ ਕੀਤਾ ਸੀ। 2003 'ਚ ਉਸ ਨੇ ਵਾਈਬ੍ਰੈਂਟ ਗੁਜਰਾਤ ਨਾਮ ਦਾ ਨਿਵੇਸ਼ਕਾਂ ਦਾ ਸੰਮੇਲਨ ਕੀਤਾ। ਇਸ ਤਰ੍ਹਾਂ ਉਸ ਚੀਜ਼ ਦਾ ਜਨਮ ਹੋਇਆ ਜਿਸ ਨੂੰ 'ਵਿਕਾਸ' ਦੇ ਗੁਜਰਾਤ ਮਾਡਲ ਵਜੋਂ ਜਾਣਿਆ ਜਾਂਦਾ ਹੈ: ਕਾਰਪੋਰੇਟ ਜਗਤ ਦੀ ਜ਼ੋਰਦਾਰ ਮਦਦ ਨਾਲ ਹਿੰਸਕ ਹਿੰਦੂ ਰਾਸ਼ਟਰਵਾਦ।

ਗੁਜਰਾਤ ਦਾ ਤਿੰਨ ਵਾਰ ਮੁੱਖ ਮੰਤਰੀ ਰਹਿਣ ਤੋਂ ਬਾਅਦ 2014 ਵਿਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਸਹੁੰ ਚੁੱਕ ਸਮਾਗਮ ਲਈ ਸ਼ਾਮਲ ਹੋਣ ਲਈ ਉਹ ਨਿੱਜੀ ਜੈੱਟ ਜਹਾਜ਼ 'ਤੇ ਸਵਾਰ ਹੋ ਕੇ ਦਿੱਲੀ ਆਇਆ ਜਿਸ ਉੱਪਰ ਵੱਡੇ-ਵੱਡੇ ਅੱਖਰਾਂ 'ਚ ਅਡਾਨੀ ਦਾ ਨਾਂ ਚਮਕ ਰਿਹਾ ਸੀ। ਮੋਦੀ ਦੇ ਨੌਂ ਸਾਲਾਂ ਦੇ ਕਾਰਜਕਾਲ ਵਿਚ ਅਡਾਨੀ ਦੀ ਦੌਲਤ 8 ਅਰਬ ਡਾਲਰ ਤੋਂ ਵਧ ਕੇ 137



ਅਰਬ ਡਾਲਰ ਹੋ ਗਈ। ਸਿਰਫ਼ 2022 'ਚ ਹੀ ਉਸ ਨੇ 72 ਅਰਬ ਡਾਲਰ ਕਮਾਏ ਜੋ ਦੁਨੀਆ ਵਿਚ ਉਸ ਤੋਂ ਐਨ ਹੇਠਲੇ ਨੌਂ ਅਰਬਪਤੀਆਂ ਦੀ ਸਾਂਝੀ ਦੌਲਤ ਤੋਂ ਵੀ ਵਧੇਰੇ ਹੈ। ਹੁਣ ਅਡਾਨੀ ਸਮੂਹ ਦਾ ਇਕ ਦਰਜਨ ਵਪਾਰਕ ਬੰਦਰਗਾਹਾਂ ਉੱਪਰ ਕੰਟਰੋਲ ਹੈ ਜਿਸ ਰਾਹੀਂ ਭਾਰਤ ਵਿਚ ਮਾਲ ਦੀ ਕੁੱਲ ਢੋਆ-ਢੁਆਈ ਦਾ 30% ਪ੍ਰਤੀਸ਼ਤ ਸੰਚਾਲਿਤ ਹੁੰਦਾ ਹੈ। ਉਸ ਦੇ ਹੱਥਾਂ 'ਚ ਸੱਤ ਹਵਾਈ ਅੱਡੇ ਹਨ ਜਿੱਥੋਂ ਭਾਰਤ ਦੇ ਕੁਲ ਹਵਾਈ ਯਾਤਰੀਆਂ ਦਾ 23 ਫੀਸਦੀ ਆਉਂਦੇ-ਜਾਂਦੇ ਹਨ।

ਭਾਰਤ ਦੇ ਕੁਲ ਅਨਾਜ ਦਾ 30% ਅਡਾਨੀ ਦੇ ਕੰਟਰੋਲ ਵਾਲੇ ਗੋਦਾਮਾਂ ਵਿਚ ਭੰਡਾਰ ਕੀਤਾ ਜਾਂਦਾ ਹੈ। ਉਹ ਭਾਰਤ ਵਿਚ ਪ੍ਰਾਈਵੇਟ ਸੈਕਟਰ ਵਿਚ ਬਿਜਲੀ ਪੈਦਾ ਕਰਨ ਵਾਲੇ ਸਭ ਤੋਂ ਵੱਡੇ ਪਾਵਰ ਪਲਾਂਟਾਂ ਦਾ ਮਾਲਕ ਹੈ ਜਾਂ ਉਨ੍ਹਾਂ ਨੂੰ ਚਲਾਉਂਦਾ ਹੈ। ਵਿਕਾਸ ਦਾ ਗੁਜਰਾਤ ਮਾਡਲ ਇਸ ਤਰ੍ਹਾਂ ਲਾਗੂ ਹੋਇਆ ਹੈ ਅਤੇ ਵੱਡੇ ਪੱਧਰ 'ਤੇ ਲਾਗੂ ਕੀਤਾ ਗਿਆ ਹੈ। ਲੋਕ ਹੁਣ ਮਜ਼ਾਕ 'ਚ ਕਹਿੰਦੇ ਹਨ- 'ਪਹਿਲਾਂ ਮੋਦੀ ਅਡਾਨੀ ਦੇ ਹਵਾਈ ਜਹਾਜ ਵਿਚ ਜਾਂਦਾ ਸੀ, ਹੁਣ ਅਡਾਨੀ ਮੋਦੀ ਦੇ ਹਵਾਈ ਜਹਾਜ ਵਿਚ ਜਾਂਦਾ ਹੈ। ਹੁਣ ਦੋਵਾਂ ਹਵਾਈ ਜਹਾਜ਼ਾਂ ਦੇ ਇੰਜਨ ਵਿਚ ਨੁਕਸ ਪੈ ਗਿਆ ਹੈ। ਕੀ ਉਹ ਆਪਣੇ ਆਪ ਨੂੰ ਭਾਰਤੀ ਝੰਡੇ ਵਿਚ ਲਪੇਟ ਕੇ ਮੁਸੀਬਤ ਤੋਂ ਬਾਹਰ ਨਿਕਲ ਸਕਦੇ ਹਨ?'

ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਐਸਚਨ' ਦਾ ਪਹਿਲਾ ਭਾਗ (ਜਿਸ ਵਿਚ ਇੰਟਰਵਿਊ 'ਚ ਮੈਂ ਵੀ ਕੁਝ ਪਲਾਂ ਲਈ ਆਈ ਹਾਂ) 2002 ਦੇ ਗੁਜਰਾਤ ਕਤਲੇਆਮ ਬਾਰੇ ਹੈ- ਸਿਰਫ਼ ਕਤਲੇਆਮ ਬਾਰੇ ਹੀ ਨਹੀਂ, ਇਹ ਕੁਝ ਪੀੜਤਾਂ ਦੇ 20 ਸਾਲ ਲੰਮੇ ਉਸ ਸਫ਼ਰ ਬਾਰੇ ਵੀ ਹੈ ਜੋ ਉਨ੍ਹਾਂ ਨੇ ਭਾਰਤ ਦੀ ਕਾਨੂੰਨੀ ਪ੍ਰਣਾਲੀ ਦੇ ਚੱਕਰਵਿਊ 'ਚ ਆਪਣੇ ਵਿਸ਼ਵਾਸ ਨੂੰ ਹਿੱਕ ਨਾਲ ਘੁੱਟੀ ਨਿਆਂ ਅਤੇ ਰਾਜਨੀਤਕ ਜਵਾਬਦੇਹੀ ਦੀ ਉਮੀਦ ਨਾਲ ਤੈਅ ਕੀਤਾ ਹੈ।

ਦਸਤਾਵੇਜ਼ੀ ਵਿਚ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਸ਼ਾਮਲ ਹਨ ਜਿਨ੍ਹਾਂ ਵਿਚੋਂ ਸਭ ਤੋਂ ਦਿਲ ਕੰਬਾ ਦੇਣ ਵਾਲੀ ਗਵਾਹੀ ਇਮਤਿਆਜ਼ ਪਠਾਨ ਦੀ ਹੈ। ਜਿਸ ਦੇ ਪਰਿਵਾਰ ਦੇ 10 ਜੀਅ 'ਗੁਲਬਰਗ ਸੁਸਾਇਟੀ ਕਤਲੇਆਮ' ਵਿਚ ਮਾਰ ਦਿੱਤੇ ਸਨ। ਗੁਲਬਰਗ ਸੁਸਾਇਟੀ 'ਚ ਹੋਇਆ ਕਤਲੇਆਮ ਉਨ੍ਹਾਂ ਦਿਨਾਂ ਵਿਚ ਗੁਜਰਾਤ ਵਿਚ ਵਾਪਰੇ ਕਈ ਭਿਆਨਕ ਕਤਲੇਆਮਾਂ ਵਿਚੋਂ ਇਕ ਸੀ।

ਪਠਾਨ ਦੱਸਦਾ ਹੈ ਕਿ ਕਿਵੇਂ ਉਨ੍ਹਾਂ ਸਾਰਿਆਂ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੇ ਘਰ ਵਿਚ ਪਨਾਹ ਲਈ ਹੋਈ ਸੀ ਅਤੇ ਬਾਹਰ ਭੀੜ ਇਕੱਠੀ ਹੋ ਰਹੀ ਸੀ। ਉਹ ਦੱਸਦਾ ਹੈ ਕਿ ਉਮੀਦ ਗੁਆ ਚੁੱਕੇ ਜਾਫ਼ਰੀ ਨੇ ਨਰਿੰਦਰ ਮੋਦੀ ਨੂੰ ਮਦਦ ਲਈ ਆਖਰੀ ਵਾਰ ਫ਼ੋਨ ਕੀਤਾ ਅਤੇ ਜਦੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਕੋਈ ਮਦਦ ਨਹੀਂ ਕੀਤੀ ਜਾਵੇਗੀ ਤਾਂ ਉਹ ਆਪਣੇ ਘਰ ਤੋਂ ਬਾਹਰ ਆ ਗਿਆ ਅਤੇ ਆਪਣੇ ਆਪ ਨੂੰ ਭੀੜ ਦੇ ਹਵਾਲੇ ਕਰ ਦਿੱਤਾ।

ਉਸ ਨੂੰ ਉਮੀਦ ਸੀ ਕਿ ਉਹ ਭੀੜ ਨੂੰ ਇਸ ਲਈ ਮਨਾ ਲੈਣਗੇ ਕਿ ਉਸ ਦੇ ਘਰ 'ਚ ਪਨਾਹ ਲੈਣ ਵਾਲੇ ਲੋਕਾਂ ਨੂੰ ਬਖਸ਼ ਦਿੱਤਾ ਜਾਵੇ। ਜਾਫ਼ਰੀ ਦੇ ਟੁਕੜੇ-ਟੁਕੜੇ ਕਰ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਉਸ ਦੀ ਲਾਸ਼ ਨੂੰ ਇਸ ਤਰ੍ਹਾਂ ਸਾੜ ਦਿੱਤਾ ਗਿਆ ਕਿ ਉਸ ਦੀ ਕੋਈ ਪਛਾਣ ਬਾਕੀ ਨਾ ਰਹੀ। ਇਸ ਤੋਂ ਬਾਅਦ ਕਈ ਘੰਟਿਆਂ ਤੱਕ ਕਤਲੇਆਮ ਤੇ ਤਬਾਹੀ ਜਾਰੀ ਰਹੀ।

ਜਦੋਂ ਕੇਸ ਦੀ ਅਦਾਲਤੀ ਸੁਣਵਾਈ ਸ਼ੁਰੂ ਹੋਈ ਤਾਂ ਗੁਜਰਾਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਮਦਦ ਲਈ ਕੋਈ ਫੋਨ ਆਇਆ ਸੀ, ਹਾਲਾਂਕਿ ਇਸ ਦਾ ਜ਼ਿਕਰ ਸਿਰਫ਼ ਇਮਤਿਆਜ਼ ਪਠਾਨ ਨੇ ਹੀ ਨਹੀਂ ਸਗੋਂ ਕਈ ਹੋਰ ਗਵਾਹਾਂ ਨੇ ਵੀ ਆਪਣੇ ਬਿਆਨਾਂ ਵਿਚ ਕੀਤਾ ਸੀ। ਸਰਕਾਰ ਦੇ ਇਨਕਾਰ ਨੂੰ ਸੱਚ ਮੰਨ ਲਿਆ ਗਿਆ।

ਬੀ.ਬੀ.ਸੀ. ਦੀ ਦਸਤਾਵੇਜ਼ੀ ਵੀ ਸਪਸ਼ਟ ਜ਼ਿਕਰ ਕਰਦੀ ਹੈ। ਦਸਤਾਵੇਜ਼ੀ ਨੂੰ ਭਾਰਤ ਸਰਕਾਰ ਭਾਵੇਂ ਕਿੰਨਾ ਵੀ ਬਦਨਾਮ ਕਰ ਲਵੇ ਪਰ ਅਸਲ ਵਿਚ ਇਹ ਨਸਲਕੁਸ਼ੀ ਬਾਰੇ ਭਾਰਤੀ ਜਨਤਾ ਪਾਰਟੀ ਅਤੇ ਭਾਰਤ ਦੀ ਸੁਪਰੀਮ ਕੋਰਟ ਦਾ ਨਜ਼ਰੀਆ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰਦੀ ਹੈ। 24 ਜੂਨ 2022 ਨੂੰ ਅਦਾਲਤ ਨੇ ਅਹਿਸਾਨ ਜਾਫ਼ਰੀ ਦੀ ਵਿਧਵਾ ਜ਼ਕੀਆ ਜਾਫ਼ਰੀ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਜਿਸ ਵਿਚ ਜ਼ਕੀਆ ਨੇ ਦੋਸ਼ ਲਾਇਆ ਸੀ ਕਿ ਉਸ ਦੇ ਪਤੀ ਦੇ ਕਤਲ ਪਿੱਛੇ ਵੱਡੀ ਸਾਜ਼ਿਸ਼ ਕੰਮ ਕਰ ਰਹੀ ਸੀ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਕਿ ਉਸ ਦੀ ਪਟੀਸ਼ਨ 'ਪ੍ਰਕਿਰਿਆ ਦੀ ਦੁਰਵਰਤੋਂ" ਹੈ ਅਤੇ ਸੁਝਾਅ ਦਿੱਤਾ ਕਿ ਇਸ ਕੇਸ ਦੀ ਕਾਨੂੰਨੀ ਲੜਾਈ ਜਾਰੀ ਰੱਖਣ ਵਾਲਿਆਂ ਉੱਪਰ ਮੁਕੱਦਮਾ ਚਲਾਇਆ ਜਾਵੇ। ਮੋਦੀ ਦੇ ਹਮਾਇਤੀਆਂ ਨੇ ਇਸ ਫ਼ੈਸਲੇ ਨੂੰ ਮੋਦੀ ਦੀ ਬੇਗੁਨਾਹੀ ਉੱਪਰ ਅਦਾਲਤੀ ਮੋਹਰ ਵਜੋਂ ਲੈਂਦੇ ਹੋਏ ਜਸ਼ਨ ਮਨਾਏ।

ਦਸਤਾਵੇਜ਼ੀ ਫਿਲਮ ਅਮਿਤ ਸ਼ਾਹ ਨਾਲ ਇੰਟਰਵਿਊ ਵੀ ਦਿਖਾਉਂਦੀ ਹੈ ਜੋ ਗੁਜਰਾਤ ਤੋਂ ਮੋਦੀ ਦਾ ਇਕ ਹੋਰ ਦੋਸਤ ਹੈ। ਸ਼ਾਹ ਮੋਦੀ ਦੀ ਤੁਲਨਾ ਭਗਵਾਨ ਸ਼ਿਵ ਨਾਲ ਕਰਦਾ ਹੈ ਜਿਸ ਨੇ 19 ਸਾਲਾਂ ਤੱਕ 'ਜ਼ਹਿਰ ਪੀਤਾ ਅਤੇ ਇਸ ਨੂੰ ਹਲਕ 'ਚੋਂ ਲੰਘਾ ਲਿਆ'। ਸੁਪਰੀਮ ਕੋਰਟ ਦੀ 'ਕਲੀਨ ਚਿੱਟ' ਤੋਂ ਬਾਅਦ ਮੰਤਰੀ ਨੇ ਕਿਹਾ ਸੀ, 'ਸੱਚ ਸੋਨੇ ਵਾਂਗ ਚਮਕਦਾ ਹੋਇਆ ਸਾਹਮਣੇ ਆ ਗਿਆ ਹੈ।'

ਬੀ.ਬੀ.ਸੀ. ਦਸਤਾਵੇਜ਼ੀ ਦੇ ਜਿਸ ਹਿੱਸੇ ਉੱਪਰ ਭਾਰਤ ਸਰਕਾਰ ਨੇ ਸਭ ਤੋਂ ਵੱਧ ਨਾਰਾਜ਼ਗੀ ਜ਼ਾਹਿਰ ਕੀਤੀ ਹੈ, ਉਸ ਵਿਚ ਅਪਰੈਲ 2002 'ਚ ਬਰਤਾਨਵੀ ਵਿਦੇਸ਼ ਦਫ਼ਤਰ ਦੁਆਰਾ ਤਿਆਰ ਕੀਤੀ ਅੰਦਰੂਨੀ ਰਿਪੋਰਟ ਦਾ ਖ਼ੁਲਾਸਾ ਕੀਤਾ ਗਿਆ ਹੈ ਜਿਸ ਬਾਰੇ ਲੋਕਾਂ ਨੂੰ ਅਜੇ ਤੱਕ ਪਤਾ ਨਹੀਂ ਸੀ।

ਤੱਥ ਖੋਜ ਰਿਪੋਰਟ ਨੇ ਅੰਦਾਜ਼ਾ ਲਗਾਇਆ ਸੀ ਕਿ 'ਘੱਟੋ-ਘੱਟ 2000' ਲੋਕਾਂ ਦਾ ਕਤਲ ਕੀਤਾ ਗਿਆ ਸੀ; ਕਿ ਸਮੂਹਿਕ ਕਤਲੇਆਮ ਦੀ ਯੋਜਨਾ ਪਹਿਲਾਂ ਹੀ ਬਣਾਈ ਗਈ ਸੀ ਜਿਸ ਵਿਚ 'ਨਸਲੀ ਸਫ਼ਾਏ ਦੀਆਂ ਸਾਰੀਆਂ ਖ਼ਾਸ ਨਿਸ਼ਾਨੀਆਂ ਦਿਖਾਈ ਦਿੰਦੀਆਂ ਸਨ'; ਕਿ ਭਰੋਸੇਯੋਗ ਸੂਤਰਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਪੁਲਿਸ ਨੂੰ ਚੁੱਪ-ਚਾਪ ਖੜ੍ਹੇ ਰਹਿਣ ਦੇ ਹੁਕਮ ਦਿੱਤੇ ਗਏ ਸਨ। ਰਿਪੋਰਟ ਸਿੱਧੇ ਤੌਰ 'ਤੇ ਮੋਦੀ ਉੱਪਰ ਉਂਗਲ ਉਠਾਉਂਦੀ ਹੈ। ਉਹ ਦ੍ਰਿਸ਼ ਦਿਲ ਦਹਿਲਾ ਦੇਣ ਵਾਲਾ ਹੈ ਜਿਸ ਵਿਚ ਇਕ ਸਾਬਕਾ ਬਰਤਾਨਵੀ ਕੂਟਨੀਤਕ ਅਧਿਕਾਰੀ ਜੋ ਤੱਥ ਖੋਜ ਮਿਸ਼ਨ ਵਿਚ ਜਾਂਚ ਕਰਤਾ ਸੀ, ਅਜੇ ਵੀ ਏਨਾ ਸੁਚੇਤ ਹੋ ਕੇ ਗੱਲ ਕਰ ਰਿਹਾ ਸੀ ਕਿ ਉਸ ਨੇ ਗੱਲਬਾਤ 'ਚ ਆਪਣਾ ਨਾਮ ਗੁਪਤ ਰੱਖਿਆ ਅਤੇ ਕੈਮਰੇ 'ਤੇ ਬਸ ਉਸ ਦੀ ਪਿੱਠ ਦਿਖਾਈ ਗਈ।

ਬੀ.ਬੀ.ਸੀ. ਦਸਤਾਵੇਜ਼ੀ ਦਾ ਦੂਜਾ ਭਾਗ ਘੱਟ ਦੇਖਿਆ ਗਿਆ ਹੈ ਪਰ ਇਹ ਕਿਤੇ ਜ਼ਿਆਦਾ ਭਿਆਨਕ ਹੈ। ਇਹ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਮੋਦੀ ਵੱਲੋਂ ਖ਼ਤਰਨਾਕ ਪਾਲਾਬੰਦੀ ਅਤੇ ਡੂੰਘੀਆਂ ਦਰਾੜਾਂ ਪਾਉਣ ਬਾਰੇ ਹੈ। ਜ਼ਿਆਦਾਤਰ ਭਾਰਤੀਆਂ ਲਈ ਇਹ ਨਿੱਤ ਦਾ ਅਨੁਭਵ ਹੈ; ਤਲਵਾਰਾਂ ਨਾਲ ਲੈਸ ਭੀੜ, ਮੁਸਲਮਾਨਾਂ ਦੇ ਨਸਲੀ ਸਫ਼ਾਏ ਤੇ ਮੁਸਲਿਮ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਵਿਚ ਕਾਰੋਬਾਰ ਅਤੇ ਸਨਅਤੀ ਨੀਤੀ

ਪੰਜਾਬ ਸਰਕਾਰ ਦੇ 23 ਤੇ 24 ਫਰਵਰੀ ਨੂੰ ਮੁਹਾਲੀ ਵਿਚ ਕਰਵਾਏ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਦੌਰਾਨ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਅਤੇ ਬਹੁ-ਕੌਮੀ ਕੰਪਨੀਆਂ ਲਈ ਜਿਸ ਤਰ੍ਹਾਂ 'ਰੈੱਡ ਕਾਰਪਿਟ' ਵਿਛਾਏ, ਉਹ ਹੈਰਾਨੀਜਨਕ ਹੈ। 'ਬਦਲਾਉ' ਦਾ ਸੱਦਾ ਦਿੰਦਿਆਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਮਾਰ ਕੇ ਸੱਤਾ ਵਿਚ ਆਈ ਪਾਰਟੀ, ਕਾਰਪੋਰੇਟ ਘਰਾਣਿਆਂ ਨੂੰ ਜਿਸ ਤਰ੍ਹਾਂ ਛੋਟਾਂ ਦੇ ਰਹੀ ਹੈ, ਉਸ ਤੋਂ ਲੀਡਰਸ਼ਿਪ ਦੀ ਮਨਸ਼ਾ ਸਮਝਣ ਦੀ ਲੋੜ ਹੈ। ਇਸ ਸਰਕਾਰ ਨੇ ਸਭ ਹੱਦਾਂ ਇਸ ਕਦਰ ਟੱਪੀਆਂ ਕਿ ਸੂਬੇ ਦੇ ਲੋਕਾਂ ਨੂੰ ਸਿਰਫ ਇਹ ਦੱਸਣ ਲਈ ਕਿ ਅਸੀਂ ਕਾਰਪੋਰੇਟ ਘਰਾਣਿਆਂ ਨਾਲ ਮੀਟਿੰਗ ਕਰ ਰਹੇ ਹਾਂ, ਸਰਕਾਰੀ ਖਜ਼ਾਨੇ ਵਿਚੋਂ ਲੱਖਾਂ ਦੇ ਇਸ਼ਤਿਹਾਰ ਮੀਡੀਆ ਲਈ ਜਾਰੀ ਕਰ ਕੇ 'ਸੱਦਾ ਪੱਤਰ' ਵਾਂਗ ਛਪਵਾ ਦਿੱਤੇ। ਇਸ ਨਿਵੇਸ਼ਕ ਸੰਮੇਲਨ ਦੇ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਉਦਘਾਟਨੀ ਸੈਸ਼ਨ ਦੌਰਾਨ ਭਗਵੰਤ ਮਾਨ ਨੇ ਕਾਰਪੋਰੇਟ ਘਰਾਣਿਆਂ ਲਈ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ (ਸੀ.ਐਲ.ਯੂ.) ਅਤੇ ਐਨ.ਓ.ਸੀ. ਨੂੰ ਖਤਮ ਕਰ ਦੇਣ ਦਾ ਐਲਾਨ ਵੀ ਕੀਤਾ।


ਸੂਬੇ ਦੀ ਹਾਕਮ ਧਿਰ ਇਹ ਬਿਰਤਾਂਤ ਸਿਰਜ ਰਹੀ ਹੈ ਕਿ ਵਿਕਾਸ ਦਾ ਇੱਕਮਾਤਰ ਰਾਹ ਸਨਅਤੀਕਰਨ ਹੈ ਤੇ ਟਾਟੇ, ਬਿਰਲੇ, ਅੰਬਾਨੀ, ਅਡਾਨੀ ਦਾ ਵਿਰੋਧ ਕਰਨ ਵਾਲੇ ਸਨਅਤੀਕਰਨ ਦੇ ਖਿਲਾਫ ਹਨ। ਹਕੀਕਤ ਇਹ ਹੈ ਕਿ ਅਜਿਹਾ ਬਿਰਤਾਂਤ ਸਿਰਜਣ ਵਾਲੇ ਉਹੀ ਲੋਕ ਹਨ ਜਿਨ੍ਹਾਂ ਸੂਬੇ ਦੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਤਬਾਹੀ ਦੇ ਰਾਹ ਧੱਕਿਆ ਤੇ ਹੁਣ ਚਲਾਉਣ ਤੋਂ ਭੱਜ ਚੁੱਕੇ ਹਨ। ਇਹਨਾਂ ਨੇ ਸਰਕਾਰੀ ਥਰਮਲ ਪਲਾਂਟ ਬੰਦ ਕਰ ਕੇ ਕਾਰਪੋਰੇਟ ਘਰਾਣਿਆਂ ਨੂੰ ਵੱਡੀਆਂ ਰਿਆਇਤਾਂ ਨਾਲ ਇਸ ਖੇਤਰ ਵਿਚ ਮਾਲੋਮਾਲ ਕੀਤਾ ਹੈ।

ਇਹ ਮਾਮਲਾ ਸਾਫ ਹੋਣਾ ਚਾਹੀਦਾ ਹੈ ਕਿ ਵੱਡੇ ਨਿਵੇਸ਼ ਨੂੰ ਉਤਸ਼ਾਹਤ ਕਰਨ ਦਾ ਮਤਲਬ ਵੱਧ ਰੁਜ਼ਗਾਰ ਪੈਦਾ ਕਰਨਾ ਨਹੀਂ ਹੁੰਦਾ ਬਲਕਿ ਕੁਦਰਤੀ ਵਸੀਲਿਆਂ ਤੇ ਕਿਰਤ ਦੀ ਲੁੱਟ ਨੂੰ ਖੁੱਲ੍ਹਾ ਛੱਡਣਾ ਹੁੰਦਾ ਹੈ। ਕੋਈ ਵੀ ਸਨਅਤਕਾਰ ਇਸ ਮੰਤਵ ਨਾਲ ਪੂੰਜੀ ਨਿਵੇਸ਼ ਨਹੀਂ ਕਰਦਾ ਕਿ ਉਸ ਨੇ ਰੁਜ਼ਗਾਰ ਦੇਣਾ ਹੈ ਬਲਕਿ ਉਸ ਦਾ ਮੰਤਵ ਵੱਧ ਤੋਂ ਵੱਧ ਮੁਨਾਫਾ ਹਾਸਲ ਕਰਨਾ ਹੁੰਦਾ ਹੈ ਜੋ ਕਿਰਤ ਅਤੇ ਕੁਦਰਤੀ ਵਸੀਲਿਆਂ ਦੀ ਲੁੱਟ ਨਾਲ ਹੀ ਸੰਭਵ ਹੈ। ਝੂਠੇ ਬਿਰਤਾਂਤ ਸਿਰਜਣ ਵਾਲਿਆਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਈਸਟ ਇੰਡੀਆ ਕੰਪਨੀ ਸਾਨੂੰ ਰੁਜ਼ਗਾਰ ਦੇਣ ਆਈ ਸੀ?

ਹਰ ਖਿੱਤੇ/ਖੇਤਰ ਦੀ ਆਪੋ-ਆਪਣੀ ਖਾਸੀਅਤ ਹੁੰਦੀ ਹੈ। ਬਹੁਤ ਸਾਰੇ ਖੇਤਰ ਅਜਿਹੇ ਹਨ ਜਿੱਥੇ ਸਨਅਤਾਂ ਹੀ ਰੁਜ਼ਗਾਰ ਦਾ ਇੱਕਮਾਤਰ ਸਾਧਨ ਹਨ ਪਰ ਪੰਜਾਬ ਦੁਨੀਆ ਦੇ ਸਭ ਤੋਂ ਜ਼ਿਆਦਾ ਉਪਜਾਊ ਖੇਤਰਾਂ ਵਿਚੋਂ ਹੈ। ਪੰਜਾਬ ਨੇ ਕਿਸੇ ਸਮੇਂ ਦੇਸ਼ ਦੇ ਅਨਾਜ ਭੰਡਾਰ ਭਰੇ ਹਨ। ਹੁਣ ਇਸ ਅਹਿਮ ਸੂਬੇ ਵਿਚ ਕਈ ਕਾਰਨਾਂ ਕਰ ਕੇ ਪਹਿਲਾਂ ਦੇ ਮੁਕਾਬਲੇ ਵਾਹੀਯੋਗ ਜ਼ਮੀਨ ਘਟੀ ਹੈ। ਸਮੇਂ ਦੀ ਮੰਗ ਹੈ ਕਿ ਸਾਨੂੰ ਕਾਰਪੋਰੇਟ ਘਰਾਣਿਆਂ ਪਿੱਛੇ ਭੱਜਣ ਦੀ ਥਾਂ ਬਦਲਵਾਂ ਖੇਤੀ ਮਾਡਲ ਦੇਣਾ ਚਾਹੀਦਾ ਹੈ। ਪਹਿਲ ਪ੍ਰਿਥਮੇ ਪੰਜਾਬ ਦੀ ਜ਼ਮੀਨ ਦੀ ਵੱਧ ਤੋਂ ਵੱਧ ਵਰਤੋਂ ਖੇਤੀ ਖੇਤਰ ਲਈ ਹੋਣੀ ਚਾਹੀਦੀ ਹੈ, ਦੂਜਾ ਸਿਰਫ ਤੇ ਸਿਰਫ ਖੇਤੀ ਆਧਾਰਿਤ ਸਨਅਤਾਂ ਹੀ ਲੱਗਣੀਆਂ ਚਾਹੀਦੀਆਂ ਹਨ।

ਜੇ ਸਰਕਾਰ ਕਣਕ-ਝੋਨੇ ਦੇ ਫਸਲੀ ਚੱਕਰ ਦਾ ਬਦਲ ਪੇਸ਼ ਕਰਦਿਆਂ ਸੂਬੇ ਵਿਚ ਸਬਜ਼ੀਆਂ, ਦਾਲਾਂ, ਤੇਲ ਪੈਦਾ ਕਰਨ ਵਾਲੀਆਂ ਫਸਲਾਂ ਦੀ ਕਾਸ਼ਤ ਉਤਸ਼ਾਹਿਤ ਕਰੇ ਤਾਂ ਖੇਤੀ ਖੇਤਰ ਵਿਚ ਹੀ ਵੱਡੀ ਪੱਧਰ 'ਤੇ ਰੁਜ਼ਗਾਰ ਪੈਦਾ ਹੋ ਸਕਦਾ ਹੈ। ਸਨਅਤਾਂ ਦੇ ਰੂਪ ਵਿਚ ਖੇਤੀ ਆਧਾਰਿਤ ਸਨਅਤਾਂ ਭਾਵ ਖੰਡ ਮਿੱਲਾਂ, ਨਵੀਂ ਤਕਨੀਕ ਦੇ ਘੁਲਾੜੇ, ਕੋਹਲੂ ਵਿਕਸਤ ਕੀਤੇ ਜਾਣ, ਕੋਲਡ ਸਟੋਰ ਖੋਲ੍ਹੇ ਜਾਣ, ਸਬਜ਼ੀਆਂ ਦੀ ਪੈਕਿੰਗ ਤੇ ਹੋਰ ਪ੍ਰੋਸੈਸਿੰਗ ਯੂਨਿਟ ਸਥਾਪਤ ਕੀਤੇ ਜਾਣੇ ਚਾਹੀਦੇ ਹਨ।

ਕਾਰਪੋਰੇਟ ਪੰਜੀ ਨੂੰ ਸੂਬੇ ਵਿਚ ਹੋਕਰੇ ਮਾਰਨ ਤੋਂ ਪਹਿਲਾਂ ਭਗਵੰਤ ਮਾਨ ਨੂੰ ਚਾਹੀਦਾ ਸੀ ਕਿ ਉਹ ਕੇਂਦਰ ਸਰਕਾਰ ਕੋਲ ਇਹ ਮੰਗ ਉਠਾਉਂਦੇ ਕਿ ਪੰਜਾਬ ਤੋਂ ਸਬਜ਼ੀਆਂ, ਦਾਲਾਂ ਤੇ ਹੋਰ ਖਾਦ ਪਦਾਰਥਾਂ ਦੀ ਪੈਕਿੰਗ ਕਰ ਕੇ ਪਾਕਿਸਤਾਨ ਸਮੇਤ ਵਿਦੇਸ਼ਾਂ ਨੂੰ ਮੁਹੱਈਆ ਕਰਨ ਦੀ ਇਜਾਜ਼ਤ ਦਿੱਤੀ ਜਾਵੇ।




'ਆਪ' ਦੀ ਇਸ ਮੰਗ ਦਾ ਕਿਸਾਨ, ਮਜ਼ਦੂਰ ਜਥੇਬੰਦੀਆਂ ਸਮੇਤ ਪੰਜਾਬ ਪੱਖੀ ਧਿਰਾਂ ਸਮਰਥਨ ਕਰਦੀਆਂ ਤੇ ਇਸ ਮੰਗ ਦੇ ਪੂਰਾ ਹੋਣ ਨਾਲ ਸੂਬੇ ਦਾ ਕਿਸਾਨ, ਮਜ਼ਦੂਰ ਖੁਸ਼ਹਾਲੀ ਦੇ ਰਸਤੇ ਪੈ ਸਕਦਾ ਹੈ ਲੇਕਿਨ ਕੇਂਦਰ ਸਰਕਾਰ ਦੇ ਕਿਸੇ ਪ੍ਰਤੀਕਰਮ ਤੋਂ ਪਹਿਲਾਂ ਹੀ ਮੁੱਖ ਮੰਤਰੀ ਲਕੀਰ ਖਿੱਚ ਕੇ ਬੈਠ ਗਿਆ ਕਿ ਪਾਕਿਸਤਾਨ ਨਾਲ ਸਾਡਾ ਵਪਾਰ ਨਹੀਂ ਹੋ ਸਕਦਾ। ਪਾਕਿਸਤਾਨ ਨਾਲ ਵਪਾਰ ਤੋਂ ਨਾਂਹ ਕਰਨ ਵਾਲਾ ਮੁੱਖ ਮੰਤਰੀ ਲੋਟੂ ਸਨਅਤਕਾਰਾਂ ਅੱਗੇ ਰਿਆਇਤਾਂ ਦੇ ਢੇਰ ਲਾਉਂਦਾ ਫਿਰਦਾ ਸੀ। ਸਰਕਾਰਾਂ ਚਾਹੁਣ ਤਾਂ ਪਾਕਿਸਤਾਨ ਰਸਤੇ ਅਰਬ ਮੁਲਕਾਂ ਤੱਕ ਖਾਦ ਪਦਾਰਥਾਂ ਦੇ ਵਪਾਰ ਦਾ ਸੌਖਾ ਰਾਹ ਬਣ ਸਕਦਾ ਹੈ।

ਜੰਗ ਦੇ ਸਾਮਰਾਜੀ ਭੇੜ ਅਤੇ ਵਾਤਾਵਰਨ ਤਬਦੀਲੀ ਨਾਲ ਦੁਨੀਆ ਭਰ ਵਿਚ ਖਾਦ ਪਦਾਰਥ ਮਹਿੰਗੇ ਹੋਏ ਹਨ। ਪਾਕਿਸਤਾਨ ਵਿਚ ਕਣਕ, ਆਟੇ ਖਾਤਰ ਮਾਰੋ-ਮਾਰ ਹੋ ਰਹੀ ਹੈ, ਦੁਨੀਆ ਅੰਨ ਸੰਕਟ ਵੱਲ ਵਧ ਰਹੀ ਹੈ ਤੇ ਅਸੀਂ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਦਾ ਉਪਯੋਗ ਗੈਰ-ਖੇਤੀ ਕੰਮਾਂ ਦੀ ਵਰਤੋਂ ਲਈ ਕਰਨ ਖਾਤਰ ਤਤਪਰ ਹਾਂ!

ਇਹ ਸੱਚ ਹੈ ਕਿ ਪੰਜਾਬ ਵਿਚ ਬੇਰੁਜ਼ਗਾਰੀ ਵੱਡਾ ਮੁੱਦਾ ਹੈ ਤੇ ਇਸ ਮੁੱਦੇ 'ਤੇ ਭਾਵਨਾਤਮਕ ਮਾਹੌਲ ਸਿਰਜ ਕੇ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ 'ਘਰ-ਘਰ ਰੁਜ਼ਗਾਰ' ਦੇਣ ਦਾ ਦਾਅਵਾ ਕਰ ਕੇ ਸੱਤਾ ਹਾਸਲ ਕੀਤੀ ਤੇ ਫਿਰ ਰੁਜ਼ਗਾਰ ਮੇਲੇ ਲਾਉਣ ਦਾ ਢੌਂਗ ਰਚਿਆ। ਹਕੀਕਤ ਇਹ ਹੋ ਨਿੱਬੜੀ ਕਿ ਦੁਕਾਨਾਂ/ਸ਼ੈਲਰਾਂ/ਸ਼ੋਅਰੂਮਾਂ/ਫੈਕਟਰੀਆਂ ਵਿਚ 7-8 ਹਜ਼ਾਰ ਰੁਪਏ ਤਨਖਾਹ 'ਤੇ ਸੇਲਜ਼ਮੈਨ ਰੱਖਣ ਨੂੰ ਵੀ 'ਰੁਜ਼ਗਾਰ ਮੁਹੱਈਆ ਕੀਤਾ' ਦੱਸਿਆ ਗਿਆ। ਅਸਲੀ ਮਾਇਨਿਆਂ ਵਿਚ ਇਹ ਅਰਧ-ਬੇਰੁਜ਼ਗਾਰੀ ਜਾਂ ਛੁਪੀ ਹੋਈ ਬੇਰੁਜ਼ਗਾਰੀ ਹੈ। ਹੁਣ ਕੈਪਟਨ ਦੀ ਤਰਜ਼ 'ਤੇ ਭਗਵੰਤ ਮਾਨ ਦਾਅਵੇ ਕਰ ਰਿਹਾ ਹੈ ਕਿ ਪੰਜਾਬ ਵਿਚ ਮਾਰਚ 2022 ਤੋਂ ਹੁਣ ਤੱਕ 40,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਆਇਆ ਹੈ ਜਿਸ ਨਾਲ ਲਗਭੱਗ 2.50 ਲੱਖ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

ਪੰਜਾਬ ਵਿਚ ਟ੍ਰਾਈਡੈਂਟ, ਸਪੋਰਟਕਿੰਗ, ਨਿਵੀਆ, ਨਾਹਰ, ਵਰਧਮਾਨ, ਅਵਨੀ ਟੈਕਸਟਾਈਲਜ਼, ਜੇ.ਸੀ.ਟੀ. ਮਿੱਲਜ਼ ਵਰਗੇ ਕਈ ਵੱਡੇ ਕਾਰੋਬਾਰੀ ਅਤੇ ਪੰਜਾਬ ਦੀਆਂ ਲੋੜਾਂ ਤੇ ਸਮਰੱਥਾ ਅਨੁਸਾਰ ਗੋਬਿੰਦਗੜ੍ਹ, ਅਹਿਮਦਗੜ੍ਹ ਮੰਡੀ, ਬਟਾਲਾ, ਲੁਧਿਆਣਾ, ਜਲੰਧਰ ਵਿਚ ਛੋਟੇ ਕਾਰੋਬਾਰੀ ਮੌਜੂਦ ਹਨ। ਇਹਨਾਂ ਵਿਚੋਂ ਵੀ ਟ੍ਰਾਈਡੈਂਟ ਵਰਗੀਆਂ ਫੈਕਟਰੀਆਂ ਦੇ ਵਾਤਾਵਰਨ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਵਾਤਾਵਰਨ ਪੱਖੀ ਸਨਅਤਾਂ ਨੂੰ ਉਤਸ਼ਾਹਿਤ ਕਰਨਾ ਬਣਦਾ ਹੈ। ਪੰਜਾਬ ਦੇ ਕਾਮਿਆਂ ਦੀ ਚਰਚਾ ਦੁਨੀਆ ਭਰ ਵਿਚ ਹੁੰਦੀ ਰਹੀ ਹੈ। ਪੰਜਾਬ ਦੇ ਹੜੰਬੇ, ਰੀਪਰ, ਕੰਬਾਇਨਾਂ ਨੇ ਮਾਰਕੀਟ ਵਿਚ ਥਾਂ ਬਣਾਈ ਪਰ ਪਿਛਲੀਆਂ ਸਰਕਾਰਾਂ ਦੀਆਂ ਛੋਟੀਆਂ ਸਨਅਤਾਂ ਵਿਰੋਧੀ ਨੀਤੀਆਂ ਦੇ ਸਿੱਟੇ ਵਜੋਂ ਇਹ ਸਨਅਤਾਂ ਮੰਦਹਾਲੀ ਵਿਚ ਧੱਕੀਆਂ ਗਈਆ ਤੇ ਹੁਣ ਮੌਜੂਦਾ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਹੋਕਰੇ ਮਾਰ ਰਹੀ ਹੈ ਜਿਸ ਦੇ ਨਤੀਜੇ ਵਜੋਂ ਵੱਡੀਆਂ ਸਨਅਤਾਂ ਛੋਟੀਆਂ ਨੂੰ ਨਿਗਲ ਜਾਣਗੀਆਂ। ਪੰਜਾਬ ਦੇ ਕਈ ਕਾਰੋਬਾਰੀਆਂ ਨੇ ਕੌਮਾਂਤਰੀ ਬ੍ਰਾਂਡਾਂ ਲਈ ਕੱਪੜੇ ਅਤੇ ਰਾਸ਼ਟਰਮੰਡਲ ਖੇਡਾਂ ਵਿਚ ਵਰਤੀਆਂ ਜਾ ਰਹੀਆਂ ਨੈੱਟ ਬਾਲਾਂ ਤਿਆਰ ਕੀਤੀਆਂ ਹਨ। ਪੰਜਾਬ ਵਿਚ 11 ਟੈਕਸਟਾਈਲ ਖੋਜ ਕੇਂਦਰ, 350 ਦੇ ਕਰੀਬ ਆਈ.ਟੀ.ਆਈਜ਼, ਸੈਂਕੜੇ ਇੰਜਨੀਅਰਿੰਗ ਕਾਲਜ, 1000 ਦੀ ਕਰੀਬ ਹੁਨਰ ਵਿਕਾਸ ਕੇਂਦਰ ਚੱਲ ਰਹੇ ਹਨ ਪਰ ਇਹਨਾਂ ਵਿਚੋਂ ਪੜ੍ਹੇ ਕਿੰਨੇ ਵਿਦਿਆਰਥੀਆਂ ਨੂੰ ਸਰਕਾਰ ਨੇ ਇਸ ਖੇਤਰ ਵਿਚ ਪੈਰਾਂ ਸਿਰ ਕਰਨ ਲਈ ਯੋਗਦਾਨ ਪਾਇਆ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਤੱਥ ਤਾਂ ਇਹ ਹਨ ਕਿ ਵੇਦਾਂਤਾ, ਫੋਰਟਿਸ, ਮੈਕਸ, ਅਪੋਲੋ ਵਰਗੇ ਹਸਪਤਾਲ ਛੋਟੇ ਹਸਪਤਾਲਾਂ ਨੂੰ ਨਿਗਲ ਗਏ; ਐਲ. ਐਂਡ ਟੀ. ਵਰਗੀਆਂ ਕੰਪਨੀਆਂ ਸਾਡੇ ਸਰਕਾਰੀ ਥਰਮਲ ਨਿਗਲ ਗਈਆਂ; ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਨੇ ਸਾਡੀ ਵਿੱਦਿਆਂ ਨੂੰ ਵਪਾਰ ਬਣਾ ਦਿੱਤਾ; ਅਖੌਤੀ ਹਰੇ ਇਨਕਲਾਬ ਦੌਰਾਨ ਆਈਆਂ ਰੇਹਾਂ, ਸਪਰੇਆਂ ਦੀਆਂ ਕੰਪਨੀਆਂ ਸਾਡੀ ਉਪਜਾਊ ਜ਼ਮੀਨ ਖਾ ਗਈਆਂ; ਬੀ.ਟੀ., ਜੀ.ਐਮ. ਬੀਜ ਸਾਡੀ ਖੇਤੀ ਨੂੰ ਨਿਗਲਣ ਲਈ ਤਿਆਰ ਖੜ੍ਹੇ ਹਨ ਤਾਂ ਸੂਬੇ ਵਿਚ ਹੋਰ ਕਾਰਪੋਰੇਟ ਪੂੰਜੀ ਦਾ ਦਾਖਲਾ ਸੌਖਾ ਕਰ ਕੇ 'ਆਪ' ਸਰਕਾਰ ਕਿਹੋ ਜਿਹਾ ਮਾਅਰਕਾ ਮਾਰ ਰਹੀ ਹੈ?

ਖੇਤੀ ਕਾਨੂੰਨ ਲਾਗੂ ਕਰ ਕੇ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਹੋਕਰੇ ਮਾਰ ਰਹੀ ਸੀ ਤੇ ਹੁਣ ਭਗਵੰਤ ਮਾਨ ਐਮ.ਓ.ਯੂ. ਖਤਮ ਕਰ ਕੇ ਮੁੜ ਅਡਾਨੀਆਂ, ਅੰਬਾਨੀਆਂ ਨੂੰ ਪੇਸ਼ਕਸ਼ਾਂ ਕਰ ਰਿਹਾ ਹੈ। ਅਡਾਨੀ ਕੰਪਨੀ ਦੇ ਸੀਲੋਂ ਗੁਦਾਮ ਪੰਜਾਬ ਵਿਚ ਕੀ ਗੁਲ ਖਿਲਾਉਣਗੇ, ਇਹ ਜ਼ਾਹਿਰ ਹੈ। ਮੱਤੇਵਾਲਾ ਜੰਗਲ ਨੇੜੇ ਲੱਗਣ ਵਾਲੇ ਟੈਕਸਟਾਈਲ ਪਾਰਕ ਅਤੇ ਜ਼ੀਰਾ ਸ਼ਰਾਬ ਫੈਕਟਰੀ ਖਿਲਾਫ ਚੱਲੇ ਅੰਦੋਲਨ ਇਹੋ ਸੁਨੇਹਾ ਦੇ ਰਹੇ ਸਨ ਕਿ ਪੰਜਾਬ ਦੀ ਆਬੋ-ਹਵਾ ਨੂੰ ਤਬਾਹ ਕਰਨ ਵਾਲੀ ਸਨਅਤ ਪੰਜਾਬੀਆਂ ਨੂੰ ਨਹੀਂ ਚਾਹੀਦੀ ਬਲਕਿ ਖੇਤੀ ਆਧਾਰਿਤ ਸਨਅਤਾਂ ਪ੍ਰਫੁੱਲਿਤ ਕਰਨ ਦੀ ਲੋੜ ਹੈ ਪਰ ਸਰਕਾਰ ਮੁੜ-ਮੁੜ ਕਾਰਪੋਰੇਟਾਂ ਪਿੱਛੇ ਭੱਜ ਰਹੀ ਹੈ। ਪੰਜਾਬ ਪੱਖੀ ਭੂਮਿਕਾ ਇਹੋ ਹੈ ਕਿ ਪੰਜਾਬ ਦੇ ਬਦਲਵੇਂ ਖੇਤੀ ਮਾਡਲ ਅਤੇ ਖੇਤੀ ਆਧਾਰਿਤ ਸਨਅਤਾਂ ਨੂੰ ਪ੍ਰਫੁੱਲਿਤ ਕਰਨ ਵੱਲ ਵਧਿਆ ਜਾਵੇ।

# ਮੋਦੀ ਮਾਡਲ ਦੀ ਹਕੀਕਤ

*(ਪਿਛਲੇ ਸਫੇ ਦੀ ਬਾਕੀ)*

ਔਰਤਾਂ ਦੇ ਸਮੂਹਿਕ ਬਲਾਤਕਾਰ ਦਾ ਸੱਦਾ ਦਿੰਦੇ ਭਗਵੇਂ ਧਰਮ ਗੁਰੂ, ਉਹ ਬੇਖੌਫ ਹਿੰਮਤ ਜਿਸ ਨਾਲ ਹਿੰਦੂ ਸੜਕਾਂ 'ਤੇ ਮੁਸਲਮਾਨਾਂ ਨੂੰ ਖੁੱਲ੍ਹੇਆਮ ਕੁੱਟ-ਕੁੱਟ ਕੇ ਮਾਰ ਸਕਦੇ ਹਨ। ਅਜਿਹੀਆਂ ਹਰਕਤਾਂ ਕਰਦੇ ਹੋਏ ਉਹ ਨਾ ਸਿਰਫ ਆਪਣੀਆਂ ਵੀਡੀਓ ਬਣਾਉਂਦੇ ਹਨ ਸਗੋਂ ਮੋਦੀ ਕੈਬਨਿਟ ਦੇ ਸੀਨੀਅਰ ਮੰਤਰੀ ਫੁੱਲਾਂ ਦੇ ਹਾਰਾਂ ਨਾਲ ਉਨ੍ਹਾਂ ਦਾ ਸਵਾਗਤ ਕਰਦੇ ਹਨ।

ਦਸਤਾਵੇਜ਼ੀ ਸਿਰਫ਼ ਬਰਤਾਨਵੀ ਦਰਸ਼ਕਾਂ ਲਈ ਹੀ ਪ੍ਰਸਾਰਿਤ ਕੀਤੀ ਗਈ ਅਤੇ ਯੂ.ਕੇ. ਤੱਕ ਸੀਮਤ ਸੀ ਪਰ ਇਸ ਨੂੰ ਦਰਸ਼ਕਾਂ ਨੇ ਯੂਟਿਊਬ ਉੱਪਰ ਅੱਪਲੋਡ ਕਰ ਦਿੱਤਾ ਅਤੇ ਲਿੰਕ ਟਵਿੱਟਰ ਉੱਪਰ ਪੋਸਟ ਕਰ ਦਿੱਤੇ। ਇੰਟਰਨੈੱਟ ਸਰਗਰਮ ਹੋ ਗਿਆ। ਭਾਰਤ ਵਿਚ ਵਿਦਿਆਰਥੀਆਂ ਨੂੰ ਚਿਤਾਵਨੀਆਂ ਦਿੱਤੀਆਂ ਗਈਆਂ ਕਿ ਉਹ ਨਾ ਇਸ ਨੂੰ ਡਾਊਨਲੋਡ ਕਰਨ ਅਤੇ ਨਾ ਹੀ ਦੇਖਣ। ਜਦੋਂ ਉਨ੍ਹਾਂ ਨੇ ਯੂਨੀਵਰਸਿਟੀ ਦੇ ਕੁਝ ਕੈਂਪਸਾਂ ਵਿਚ ਇਸ ਦਸਤਾਵੇਜ਼ੀ ਨੂੰ ਸਮੂਹਿਕ ਰੂਪ 'ਚ ਦੇਖਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਦੀ ਬਿਜਲੀ ਕੱਟ ਦਿੱਤੀ ਗਈ। ਬਾਕੀ ਕੈਂਪਸਾਂ ਵਿਚ ਦਸਤਾਵੇਜ਼ੀ ਦੇਖਣ ਤੋਂ ਰੋਕਣ ਲਈ ਪੁਲਿਸ ਪੂਰੇ ਲਾਮ-ਲਸ਼ਕਰ ਨਾਲ ਪਹੁੰਚ ਗਈ। ਸਰਕਾਰ ਨੇ ਯੂਟਿਊਬ ਤੇ ਟਵਿੱਟਰ ਨੂੰ ਸਾਰੇ ਲਿੰਕ ਅਤੇ ਅਪਲੋਡ ਡਿਲੀਟ ਕਰਨ ਦੇ ਨਿਰਦੇਸ਼ ਦਿੱਤੇ। ਆਜ਼ਾਦ ਪ੍ਰਗਟਾਵੇ ਦੀ ਵਕਾਲਤ ਕਰਨ ਵਾਲੀਆਂ ਕੰਪਨੀਆਂ ਸਹਿਮਤ ਹੋ ਗਈਆਂ।

ਫਿਰ ਦੂਜੇ ਟਾਵਰ ਉੱਪਰ ਵੀ ਹਮਲਾ ਹੋ ਗਿਆ। ਲਗਭੱਗ 400 ਪੰਨਿਆਂ ਦੀ ਹਿੰਡਨਬਰਗ ਰਿਪੋਰਟ ਉਸੇ ਦਿਨ ਪ੍ਰਕਾਸ਼ਿਤ ਕੀਤੀ ਗਈ ਜਿਸ ਦਿਨ ਬੀ.ਬੀ.ਸੀ. ਦਸਤਾਵੇਜ਼ੀ ਦਾ ਦੂਜਾ ਹਿੱਸਾ ਪ੍ਰਸਾਰਿਤ ਹੋਇਆ ਸੀ। ਇਹ ਰਿਪੋਰਟ ਨਾ ਸਿਰਫ਼ ਉਨ੍ਹਾਂ ਸਵਾਲਾਂ ਉੱਪਰ ਗ਼ੌਰ ਕਰਦੀ ਹੈ ਜਿਨ੍ਹਾਂ ਨੂੰ ਭਾਰਤੀ ਪੱਤਰਕਾਰ ਪਹਿਲਾਂ ਹੀ ਉਠਾਏ ਰਹੇ ਹਨ, ਇਹ ਉਨ੍ਹਾਂ ਤੋਂ ਅੱਗੇ ਵੀ ਜਾਂਦੀ ਹੈ।

ਰਿਪੋਰਟ ਦੋਸ਼ ਲਗਾਉਂਦੀ ਹੈ ਕਿ ਅਡਾਨੀ ਸਮੂਹ "ਸ਼ੇਅਰਾਂ ਦੀ ਵੱਡੀ ਧਾਂਦਲੀ ਤੇ ਹਿਸਾਬ-ਕਿਤਾਬ ਦੀ ਬਹੁਤ ਵੱਡੀ ਧੋਖਾਧੜੀ" ਵਿਚ ਲੱਗਿਆ ਰਿਹਾ ਹੈ ਜਿਸ ਨੇ ਬਦੇਸ਼ਾਂ ਵਿਚਲੀਆਂ ਸ਼ੈੱਲ ਕੰਪਨੀਆਂ ਦੀ ਵਰਤੋਂ ਕਰ ਕੇ, ਸਟਾਕ ਮਾਰਕਿਟ ਵਿਚ ਸੂਚੀਬੱਧ ਆਪਣੀਆਂ ਮੁੱਖ ਕੰਪਨੀਆਂ ਦੇ ਮੁੱਲ ਨੂੰ ਜਾਅਲੀ ਤਰੀਕੇ ਨਾਲ ਵਧਾਇਆ। ਇਸ ਨਾਲ ਇਸ ਦੇ ਚੇਅਰਮੈਨ ਦੀ ਕੁਲ ਦੌਲਤ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ। ਹਿੰਡਨਬਰਗ ਰਿਪੋਰਟ ਅਨੁਸਾਰ, ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਵਿਚੋਂ 7 ਦਾ ਮੁੱਲ ਉਨ੍ਹਾਂ ਦੇ ਅਸਲ ਮੁੱਲ ਤੋਂ 85 ਪ੍ਰਤੀਸ਼ਤ ਵੱਧ ਦਿਖਾਇਆ ਗਿਆ ਸੀ। ਖ਼ਬਰਾਂ ਅਨੁਸਾਰ, ਇਨ੍ਹਾਂ ਮੁੱਲਾਂ ਦੇ ਆਧਾਰ 'ਤੇ ਕੰਪਨੀਆਂ ਨੇ ਕੌਮਾਂਤਰੀ ਬਾਜ਼ਾਰਾਂ ਅਤੇ ਮੁਲਕ ਦੇ ਜਨਤਕ ਖੇਤਰ ਦੇ ਬੈਂਕਾਂ ਜਿਵੇਂ ਭਾਰਤੀ ਸਟੇਟ ਬੈਂਕ ਅਤੇ ਭਾਰਤੀ ਜੀਵਨ ਬੀਮਾ ਨਿਗਮ ਤੋਂ ਅਰਬਾਂ ਡਾਲਰ ਉਧਾਰ ਲਏ ਜਿੱਥੇ ਕਰੋੜਾਂ ਆਮ ਭਾਰਤੀ ਲੋਕ ਆਪਣੀ ਜ਼ਿੰਦਗੀ ਭਰ ਦੀ ਕਮਾਈ ਜਮ੍ਹਾ ਕਰਦੇ ਹਨ। ਅਡਾਨੀ ਸਮੂਹ ਨੇ 413 ਪੰਨਿਆਂ 'ਚ ਹਿੰਡਨਬਰਗ ਰਿਪੋਰਟ ਦਾ ਜਵਾਬ ਦਿੱਤਾ। ਇਸ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਅਦਾਲਤਾਂ ਨੇ ਅਡਾਨੀ ਸਮੂਹ ਨੂੰ ਕਿਸੇ ਵੀ ਗ਼ੈਰ-ਕਾਨੂੰਨੀ ਕੰਮ ਵਿਚ ਸ਼ਾਮਲ ਨਹੀਂ ਪਾਇਆ ਅਤੇ ਹਿੰਡਨਬਰਗ ਦੇ ਦੋਸ਼ ਬੇਬੁਨਿਆਦ ਹਨ ਅਤੇ ਭਾਰਤ ਉੱਪਰ ਹਮਲੇ ਦੇ ਬਰਾਬਰ ਹਨ।

ਇਹ ਨਿਵੇਸ਼ਕਾਂ ਨੂੰ ਮਨਾਉਣ ਲਈ ਕਾਫ਼ੀ ਨਹੀਂ ਸੀ। ਹਿੰਡਨਬਰਗ ਦੇ ਵਿਸ਼ਲੇਸ਼ਣ ਛਪਣ ਤੋਂ ਬਾਅਦ ਸ਼ੇਅਰ ਬਾਜ਼ਾਰ 'ਚ ਫੈਲੀ ਭਾਜੜ 'ਚ ਅਡਾਨੀ ਸਮੂਹ ਨੂੰ 110 ਅਰਬ ਡਾਲਰ ਦਾ ਨੁਕਸਾਨ ਹੋਇਆ। ਕ੍ਰੈਡਿਟ ਸੁਇਸ, ਸਿਟੀ ਗਰੁੱਪ ਅਤੇ ਸਟੈਂਡਰਡ ਚਾਰਟਰਡ ਨੇ ਮਾਰਜਿਨ ਕਰਜ਼ਿਆਂ ਲਈ ਕੋਲੇਟਰਲ ਦੇ ਰੂਪ 'ਚ ਅਡਾਨੀ ਦੇ ਬਰੈਂਡਾਂ ਨੂੰ ਸਵੀਕਾਰ ਕਰਨਾ ਬੰਦ ਕਰ ਦਿੱਤਾ। ਫਰਾਂਸੀਸੀ ਕੰਪਨੀ ਟੋਟਲ ਐਨਰਜੀਜ਼ ਨੇ ਅਡਾਨੀ ਸਮੂਹ ਦੇ ਨਾਲ ਵਾਤਾਵਰਨ ਦੇ ਅਨੁਕੂਲ ਹਾਈਡ੍ਰੋਜਨ ਉੱਦਮ ਦੇ ਇਕਰਾਰਨਾਮੇ ਉੱਪਰ ਫ਼ੈਸਲਾ ਮੁਲਤਵੀ ਕਰ ਦਿੱਤਾ। ਖ਼ਬਰ ਹੈ ਕਿ ਬੰਗਲਾਦੇਸ਼ ਸਰਕਾਰ ਵੀ ਬਿਜਲੀ ਸਮਝੌਤੇ ਇਕਰਾਰਨਾਮੇ 'ਚ ਤਬਦੀਲੀ ਕਰਨਾ ਚਾਹੁੰਦੀ ਹੈ।

ਲਾਰਡ ਜੋਅ ਜਾਨਸਨ ਨੇ ਲੰਡਨ ਸਥਿਤ ਕੰਪਨੀ ਏਲਾਰਾ ਕੈਪੀਟਲ ਦੇ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਉਨ੍ਹਾਂ ਕੰਪਨੀਆਂ ਵਿਚੋਂ ਇਕ ਹੈ ਜਿਨ੍ਹਾਂ ਦਾ ਜ਼ਿਕਰ ਹਿੰਡਨਬਰਗ ਰਿਪੋਰਟ ਨੇ ਉਨ੍ਹਾਂ ਦਾ ਲਿੰਕ ਅਡਾਨੀ ਸਮੂਹ ਨਾਲ ਜੋੜਿਆ ਹੈ। ਜੋਅ ਜਾਨਸਨ ਬਰਤਾਨੀਆ ਸਰਕਾਰ ਦਾ ਮੰਤਰੀ ਰਹਿ ਚੁੱਕਾ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦਾ ਭਰਾ ਹੈ। ਹਿੰਡਨਬਰਗ ਰਿਪੋਰਟ ਨਾਲ ਪੈਦਾ ਹੋਏ ਸਿਆਸੀ ਤੂਫ਼ਾਨ ਵਿਚ ਉਹ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਗਈਆਂ ਜੋ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ ਅਤੇ ਉਨ੍ਹਾਂ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਬਣਾ ਕੇ ਉਸ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ। ਸੰਸਦ ਦੇ ਬਜਟ ਸੈਸ਼ਨ ਵਿਚ ਵਿਰੋਧੀ ਧਿਰ ਦੇ ਦੋ ਸੰਸਦ ਮੈਂਬਰ- ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ ਅਤੇ ਕਾਂਗਰਸ ਦਾ ਰਾਹੁਲ ਗਾਂਧੀ ਬੋਲਣ ਲਈ ਖੜ੍ਹੇ ਹੋਏ। ਉਹ ਦੋਵੇਂ ਵਰ੍ਹਿਆਂ ਤੋਂ ਅਡਾਨੀ ਸਮੂਹ ਉੱਪਰ ਸਵਾਲ ਉਠਾ ਰਹੇ ਹਨ। ਮਹੂਆ ਮੋਇਤਰਾ ਨੇ ਜੋ ਸਵਾਲ ਪੁੱਛੇ, ਉਨ੍ਹਾਂ 'ਚੋਂ ਕੁਝ ਸਨ: ਗ੍ਰਹਿ ਮੰਤਰਾਲੇ ਨੇ 'ਏ' ਗਰੁੱਪ ਨੂੰ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਨੂੰ ਚਲਾਉਣ ਲਈ ਸੁਰੱਖਿਆ ਮਨਜ਼ੂਰੀ ਕਿਵੇਂ ਦਿੱਤੀ? ਸਮੂਹ ਨੇ ਮਾਰੀਸ਼ਸ ਆਧਾਰਿਤ ਛੇ ਫੰਡਾਂ ਤੋਂ ਵਿਦੇਸ਼ੀ ਪੋਰਟਫੋਲੀਓ ਪੂੰਜੀ ਨਿਵੇਸ਼ਾਂ ਵਿਚ ਲੱਗਭੱਗ 42,000 ਕਰੋੜ ਰੁਪਏ (ਲੱਗਭੱਗ 5 ਅਰਬ ਡਾਲਰ) ਜਮ੍ਹਾ ਕਰ ਲਏ ਜਦੋਂ ਕਿ ਉਨ੍ਹਾਂ ਸਾਰਿਆਂ ਦੇ ਪਤੇ ਤੇ ਕੰਪਨੀ ਸਕੱਤਰ ਇੱਕੋ ਸਨ? ਜਨਤਕ ਖੇਤਰ ਦੇ ਸਟੇਟ ਬੈਂਕ ਅਤੇ ਭਾਰਤੀ ਜੀਵਨ ਬੀਮਾ ਨਿਗਮ ਨੇ ਕਿਸ ਆਧਾਰ 'ਤੇ ਗਰੁੱਪ 'ਚ ਪੂੰਜੀ ਨਿਵੇਸ਼ ਕਰਨਾ ਜਾਰੀ ਰੱਖਿਆ?

ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਇਜ਼ਰਾਈਲ, ਆਸਟਰੇਲੀਆ ਅਤੇ ਬੰਗਲਾਦੇਸ਼ ਦੌਰਿਆਂ ਦਾ ਜ਼ਿਕਰ ਕਰਦਿਆਂ ਪੁੱਛਿਆ: ਤੁਹਾਡੇ ਇਨ੍ਹਾਂ ਵਿਚੋਂ ਕਿੰਨੇ ਦੇਸ਼ਾਂ ਦੇ ਦੌਰਿਆਂ ਤੋਂ ਅਡਾਨੀ ਨੂੰ ਇਕਰਾਰਨਾਮਾ ਮਿਲਿਆ? ਫਿਰ ਉਸ ਨੇ ਕੁਝ ਦੀ ਸੂਚੀ ਪੇਸ਼ ਕੀਤੀ: ਇਜ਼ਰਾਈਲ ਨਾਲ ਰੱਖਿਆ ਸੌਦਾ, ਆਸਟਰੇਲੀਆ ਵਿਚ ਕੋਲੇ ਦੀ ਖਾਣ ਲਈ ਭਾਰਤੀ ਸਟੇਟ ਬੈਂਕ ਤੋਂ 1 ਅਰਬ ਡਾਲਰ ਦਾ ਕਰਜ਼ਾ, ਬੰਗਲਾਦੇਸ਼ ਲਈ 1,600 ਮੈਗਾਵਾਟ ਦਾ ਬਿਜਲੀ ਪ੍ਰਾਜੈਕਟ। ਅੰਤ ਵਿਚ, ਤੇ ਇਹ ਸਭ ਤੋਂ ਮਹੱਤਵਪੂਰਨ ਹੈ, ਰਾਹੁਲ ਗਾਂਧੀ ਨੇ ਪੁੱਛਿਆ: ਭਾਜਪਾ ਨੂੰ ਅਡਾਨੀ ਸਮੂਹ ਤੋਂ ਗੁਪਤ ਚੋਣ ਬਾਂਡ ਵਿਚ ਕਿੰਨਾ ਪੈਸਾ ਮਿਲਿਆ?

ਅਸਲੀ ਗੱਲ ਇਹੀ ਹੈ। 2016 'ਚ ਭਾਜਪਾ ਨੇ ਇਲੈਕਟੋਰਲ ਬਾਂਡ ਦੀ ਯੋਜਨਾ ਲਾਗੂ ਕੀਤੀ ਜਿਸ 'ਚ ਕਾਰਪੋਰੇਟ ਕੰਪਨੀਆਂ ਨੂੰ ਪਛਾਣ ਜ਼ਾਹਰ ਕੀਤੇ ਬਿਨਾ ਸਿਆਸੀ ਪਾਰਟੀਆਂ ਨੂੰ ਪੈਸਾ ਦਾਨ ਕਰਨ ਦੀ ਇਜਾਜ਼ਤ ਦਿੱਤੀ ਗਈ। ਜੀ ਹਾਂ, ਗੌਤਮ ਅਡਾਨੀ ਦੁਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿਚੋਂ ਇਕ ਹੈ ਪਰ ਜੇ ਤੁਸੀਂ ਚੋਣਾਂ ਦੌਰਾਨ ਭਾਜਪਾ ਦੀ ਚਮਕ-ਦਮਕ ਨੂੰ ਦੇਖੋ, ਫਿਰ ਭਾਜਪਾ ਨਾ ਸਿਰਫ ਭਾਰਤ ਦੀ ਸਗੋਂ ਸ਼ਾਇਦ ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ। ਕੀ ਇਹ ਦੋਨੋਂ ਪੁਰਾਣੇ ਦੋਸਤ ਕਦੇ ਸਾਨੂੰ ਆਪਣਾ ਖਾਤਾ ਦਿਖਾਉਣਗੇ? ਕੀ ਉਨ੍ਹਾਂ ਦੇ ਖਾਤੇ ਵੱਖੋ-ਵੱਖਰੇ ਹਨ ਵੀ? ਮਹੂਆ ਮੋਇਤਰਾ ਦੇ ਸਵਾਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਰਾਹੁਲ ਗਾਂਧੀ ਦੇ ਜ਼ਿਆਦਾਤਰ ਸਵਾਲ ਸੰਸਦੀ ਰਿਕਾਰਡ ਤੋਂ ਹੀ ਹਟਾ ਦਿੱਤੇ ਗਏ।

ਪ੍ਰਧਾਨ ਮੰਤਰੀ ਮੋਦੀ ਦਾ ਜਵਾਬ 90 ਮਿੰਟ ਤੱਕ ਚੱਲਿਆ। ਉਸ ਨੇ ਉਹੀ ਕੀਤਾ ਜੋ ਉਹ ਬਖ਼ੂਬੀ ਕਰਦਾ ਹੈ- ਉਸ ਨੇ ਆਪਣੇ ਆਪ ਨੂੰ ਮਾਣਮੱਤੇ ਭਾਰਤੀ ਵਜੋਂ ਪੇਸ਼ ਕੀਤਾ ਜੋ ਕੌਮਾਂਤਰੀ ਸਾਜ਼ਿਸ਼ ਦਾ ਸ਼ਿਕਾਰ ਹੈ ਜੋ ਕਦੇ ਵੀ ਸਫ਼ਲ ਨਹੀਂ ਹੋਵੇਗੀ, ਕਿਉਂਕਿ ਉਸ ਨੇ 1.4 ਅਰਬ ਲੋਕਾਂ ਦੇ ਭਰੋਸੇ ਨਾਲ ਬਣੀ ਢਾਲ ਪਹਿਨੀ ਹੋਈ ਹੈ ਜਿਸ ਵਿਚ ਵਿਰੋਧੀ ਧਿਰ ਕਦੇ ਵੀ ਛੇਕ ਨਹੀਂ ਕਰ ਸਕੇਗੀ।

ਉਸ ਦੀ ਖੋਖਲੀ ਬਿਆਨਬਾਜ਼ੀ ਦਾ ਹਰ ਪੈਰਾ ਇਸ ਛਵੀ ਨਾਲ (ਜੋ ਸਿਆਸਤ ਵਿਚ ਆਪਣੇ ਸ਼ੇਅਰਾਂ ਦਾ ਮੁੱਲ ਵਧਾਉਣ ਦੇ ਬਰਾਬਰ ਹੈ) ਗੜੁੱਚ ਸੀ, ਦੂਜਿਆਂ ਦਾ ਮਜ਼ਾਕ ਉਡਾਉਂਦੇ ਹੋਏ, ਹਮਲਾਵਰ ਅਪਮਾਨਜਨਕ ਟਿੱਪਣੀਆਂ ਅਤੇ ਨਿੱਜੀ ਅਪਮਾਨਾਂ ਨਾਲ ਲਬਰੇਜ਼। ਲੱਗਭੱਗ ਹਰ ਲਾਈਨ ਦੇ ਸਵਾਗਤ 'ਚ ਭਾਜਪਾ ਮੈਂਬਰਾਂ ਨੇ ਮੇਜ਼ ਥਾਪੜੇ, ਨਾਲ ਹੀ 'ਮੋਦੀ! ਮੋਦੀ! ਮੋਦੀ!' ਦਾ ਜਾਪ ਕੀਤਾ। ਮੋਦੀ ਨੇ ਕਿਹਾ ਕਿ ਕਮਲ ਉੱਪਰ ਚਾਹੇ ਜਿੰਨਾ ਮਰਜ਼ੀ ਚਿੱਕੜ ਸੁੱਟਿਆ ਜਾਵੇ, ਇਸ ਨੇ ਖਿੜਨਾ ਹੀ ਹੈ। ਉਸ ਨੇ ਇਕ ਵਾਰ ਵੀ ਅਡਾਨੀ ਦਾ ਜ਼ਿਕਰ ਨਹੀਂ ਕੀਤਾ। ਸ਼ਾਇਦ ਉਸ ਦਾ ਮੰਨਣਾ ਹੈ ਕਿ ਇਹ ਕੋਈ ਐਸੀ ਬਹਿਸ ਨਹੀਂ ਜਿਸ ਨਾਲ ਉਨ੍ਹਾਂ ਦੇ ਵੋਟਰਾਂ ਦਾ ਕੋਈ ਸਰੋਕਾਰ ਹੋਣਾ ਚਾਹੀਦਾ ਹ।

ਜ਼ਿਆਦਾਤਰ ਭਾਰਤੀ ਮੀਡੀਆ ਨੇ ਮੋਦੀ ਦੇ ਭਾਸ਼ਣ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ। ਕੀ ਇਹ ਇਤਫ਼ਾਕ ਸੀ ਕਿ ਅਗਲੇ ਕੁਝ ਦਿਨਾਂ ਵਿਚ ਕਈ ਕੌਮੀ ਅਤੇ ਖੇਤਰੀ ਅਖ਼ਬਾਰਾਂ 'ਚ ਉਸ ਦੀ ਵੱਡੀ ਫੋਟੋ ਵਾਲਾ ਪਹਿਲੇ ਪੰਨੇ ਦਾ ਇਸ਼ਤਿਹਾਰ ਛਾਪਿਆ ਗਿਆ ਜਿਸ ਵਿਚ ਨਿਵੇਸ਼ਕਾਂ ਦੇ ਇਕ ਹੋਰ ਸੰਮੇਲਨ ਦਾ ਐਲਾਨ ਕੀਤਾ ਗਿਆ। ਇਸ ਵਾਰ ਇਹ ਉੱਤਰ ਪ੍ਰਦੇਸ਼ ਵਿਚ ਕੀਤਾ ਜਾਣਾ ਹੈ। ਫਿਰ 14 ਫਰਵਰੀ ਨੂੰ ਗ੍ਰਹਿ ਮੰਤਰੀ ਨੇ ਅਡਾਨੀ ਮੁੱਦੇ 'ਤੇ ਇੰਟਰਵਿਊ 'ਚ ਕਿਹਾ ਕਿ ਭਾਜਪਾ ਲਈ 'ਡਰਨ ਜਾਂ ਲੁਕੋਣ ਵਾਲੀ ਕੋਈ ਗੱਲ ਨਹੀਂ ਹੈ।'

ਉਸ ਨੇ ਇਕ ਵਾਰ ਫਿਰ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਸੰਭਾਵਨਾ ਤੋਂ ਕੰਨ ਬੰਦ ਕਰ ਲਏ ਅਤੇ ਵਿਰੋਧੀ ਪਾਰਟੀਆਂ ਨੂੰ ਅਦਾਲਤ ਵਿਚ ਜਾਣ ਦੀ ਸਲਾਹ ਦਿੱਤੀ। ਜਦੋਂ ਉਹ ਅਜੇ ਬੋਲ ਹੀ ਰਿਹਾ ਸੀ ਤਾਂ ਪੁਲਿਸ ਨੇ ਮੁੰਬਈ ਤੇ ਦਿੱਲੀ ਵਿਚ ਦਫ਼ਤਰਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਟੈਕਸ ਅਧਿਕਾਰੀਆਂ ਨੇ ਛਾਪੇ ਸ਼ੁਰੂ ਕਰ ਦਿੱਤੇ। ਨਹੀਂ, ਅਡਾਨੀ ਦੇ ਦਫ਼ਤਰਾਂ 'ਚ ਨਹੀਂ, ਬੀ.ਬੀ.ਸੀ. ਦੇ ਦਫ਼ਤਰਾਂ 'ਚ!

15 ਫਰਵਰੀ ਨੂੰ ਖ਼ਬਰਾਂ ਦਾ ਸਾਰਾ ਮਾਹੌਲ ਹੀ ਬਦਲ ਗਿਆ ਅਤੇ ਨਵ-ਸਾਮਰਾਜਵਾਦੀ ਹਮਲੇ ਬਾਰੇ ਰਿਪੋਰਟਿੰਗ ਵੀ। 'ਗਰਮਜੋਸ਼ੀ ਵਾਲੀਆਂ ਅਤੇ ਲਾਭਕਾਰੀ' ਮੀਟਿੰਗਾਂ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ, ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਐਲਾਨ ਕੀਤਾ ਕਿ ਭਾਰਤ 470 ਬੋਇੰਗ ਅਤੇ ਏਅਰਬੱਸ ਹਵਾਈ ਜਹਾਜ਼ ਖ਼ਰੀਦੇਗਾ। ਬਾਇਡਨ ਨੇ ਕਿਹਾ ਕਿ ਇਸ ਸੌਦੇ ਨਾਲ 10 ਲੱਖ ਤੋਂ ਵਧੇਰੇ ਅਮਰੀਕੀ ਨੌਕਰੀਆਂ ਪੈਦਾ ਹੋਣਗੀਆਂ। ਏਅਰਬੱਸ ਦਾ ਇੰਜਣ ਰੋਲਸ ਰਾਇਸ ਦਾ ਹੋਵੇਗਾ। ਯੂ.ਕੇ. ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ: 'ਬਰਤਾਨੀਆ ਦੇ ਉੱਭਰ ਰਹੇ ਹਵਾਈ ਜਹਾਜ਼ ਨਿਰਮਾਣ ਖੇਤਰ ਲਈ ਹੱਦ ਆਸਮਾਨ ਹੀ ਹੈ।' ਇਉਂ ਖ਼ਿੜਦਾ ਹੈ ਕਮਲ, ਲਹੂ ਤੇ ਦੌਲਤ ਦੀ ਦਲਦਲ ਵਿਚ। ਤੇ ਯਕੀਨਨ, ਸੱਚ ਸੋਨੇ ਵਾਂਗ ਚਮਕਦਾ ਹੋਇਆ ਬਾਹਰ ਆਉਂਦਾ ਹੈ।

# ਗੁਰਮਤਿ ਦੀ ਮੌਲਿਕਤਾ

ਸਿਰਦਾਰ ਕਪੂਰ ਸਿੰਘ ਰਚਿਤ ਪਾਰਾਸ਼ਰ-ਪ੍ਰਸ਼ਨ ਦੇ ਪੰਜਾਬੀ ਅਨੁਵਾਦ ਦੀ ਅਨੁਵਾਦਕੀ ਵਿਚ ਪ੍ਰੋ. ਹਰਪਾਲ ਸਿੰਘ ਪਨੂੰ ਲਿਖਦੇ ਹਨ, "ਡਾ. ਧਰਮਾਨੰਤ ਸਿੰਘ ਦੀ ਦੋ ਜਿਲਦਾਂ ਵਿਚ ਛਪੀ ਕਿਤਾਬ "ਵੈਦਿਕ ਗੁਰਮਤਿ" ਦੇ ਪਾਠ ਉਪਰੰਤ ਲਗਦਾ ਹੈ ਕਿ ਜਿਵੇਂ ਗੁਰਮਤਿ ਅਤੇ ਵੈਦਿਕ ਮਤਿ ਵਿਚ ਕੋਈ ਫਰਕ ਨਹੀਂ। ਪ੍ਰਸ਼ਨ ਹੈ ਜੇ ਕੋਈ ਫਰਕ ਨਹੀਂ, ਤਦ ਗੁਰਮਤਿ ਦੀ ਲੋੜ ਨਹੀਂ ਸੀ। ਵੈਦਿਕ ਮਤਿ ਨੂੰ ਗੁਰਮੁਖੀ ਲਿਪੀ ਅਤੇ ਪੰਜਾਬੀ ਜਬਾਨ ਵਿਚ ਸਮਝਿਆ ਸਮਝਾਇਆ ਜਾ ਸਕਦਾ ਸੀ। ਸਿਰਦਾਰ ਕਪੂਰ ਸਿੰਘ ਗੁਰਮਤਿ ਦਾ ਪੁਰਾਤਨ ਸ੍ਰੋਤ ਵੈਦਿਕ ਮਤਿ ਨੂੰ ਮੰਨਣ ਤੋਂ ਝਿਜਕਦੇ ਨਹੀਂ ਪਰ ਸਿਖ ਗੁਰੂ ਸਾਹਿਬਾਨ ਨੇ ਉਸ ਵਿਚੋਂ ਕੀ ਲਿਆ, ਕੀ ਛਡਿਆ, ਇਸ ਵਿਚ ਨਿਖੇੜਾ ਕਰਦੇ ਹਨ।"

ਦਰਅਸਲ ਇਹ ਨਿਖੇੜਾ ਹੀ ਗੁਰਮਤਿ ਦੀ ਮੌਲਿਕਤਾ ਨੂੰ ਪ੍ਰਗਟ ਕਰਦਾ ਹੈ। ਸਿਰਦਾਰ ਕਪੂਰ ਸਿੰਘ ਦੇ ਕਥਨ ਅਨੁਸਾਰ, "ਬ੍ਰਹਮ ਸੂਤਰ ਹਿੰਦੂ ਮਤਿ ਦੀ ਆਧਾਰਸ਼ਿਲਾ ਹਨ। ਬ੍ਰਹਮ ਸੂਤਰ ਵੇਦਾਂਤ ਦੀ ਨੀਂਹ ਹਨ ਅਤੇ ਵੇਦਾਂਤ ਹਿੰਦੂ ਮਤਿ ਦਾ ਦ੍ਰਾਸ਼ਨਿਕ ਤਤਸਾਰ ਹੈ। ਬ੍ਰਹਮ ਸੂਤਰਾਂ ਦਾ ਮਤਲਬ ਬ੍ਰਹਮ ਨੂੰ ਜਾਣਨ ਵਾਸਤੇ ਸਹਾਈ ਕੁੰਜੀਪਾਠ ਹੈ।"

"ਬ੍ਰਹਮਸੂਤਰ ਸੂਤ੍ਰ ਸਾਹਿਤ ਦੀ ਚਰਮਸੀਮਾ ਹਨ। ਇਨ੍ਹਾਂ ਦੇ ਕਰਤਾ ਬਾਦ੍ਰਾਇਣ ਨੇ ਉਪਨਿਸ਼ਦਾਂ ਵਿਚਲੇ ਚਿੰਤਨ ਦੀ ਦਿਸ਼ਾ ਨੂੰ ਨੇਮਬਧ ਕੀਤਾ। ਬਾਦ੍ਰਾਇਣ ਦਾ ਬ੍ਰਹਮਸੂਤਰ ਵੇਦਾਂਤ ਸਕੂਲ ਦਾ ਇਕੋਇਕ ਗ੍ਰੰਥ ਨਹੀਂ ਪਰ ਹਾਂ, ਇਹ ਸ਼ਾਇਦ ਆਖਰੀ ਤੇ ਬਿਹਤਰੀਨ ਹੈ। ਭਾਰਤ ਵਿਚਲੇ



**ਗੁਰਬਚਨ ਸਿੰਘ**
**ਫੋਨ: +91-98156-98451**

ਸਾਰੇ ਹਿੰਦੂ ਸੰਪਰਦਾਏ ਇਸ ਕਾਰਜ ਨੂੰ ਮਹਾਨ ਮੰਨਦੇ ਹਨ।"

ਉਪਨਿਸ਼ਦਾਂ (ਵੇਦਾਂਤ) ਵਿਚ ਬ੍ਰਹਮ ਦਾ ਜ਼ਿਕਰ ਇਸ ਰੂਪ ਵਿਚ ਕੀਤਾ ਗਿਆ ਹੈ -

"ਬ੍ਰਹਮ ਨੂੰ ਯਕਸ਼ ਦੇ ਰੂਪ ਵਿਚ ਵੇਖਣ ਕਾਰਨ ਅਗਨੀ ਵਾਯੂ ਤੇ ਇੰਦਰ ਦੂਜੇ ਦੇਵਤਿਆਂ ਤੋਂ ਉਤਮ ਮੰਨੇ ਜਾਂਦੇ ਹਨ, ਕਿਉਂਕਿ ਇਨ੍ਹਾਂ ਦੇਵਤਿਆਂ ਨੇ ਬ੍ਰਹਮ ਨੂੰ ਨੇੜੇ ਤੋਂ ਵੇਖਿਆ ਹੈ ਤੇ ਇਨ੍ਹਾਂ ਨੂੰ ਹੀ ਸਭ ਤੋਂ ਪਹਿਲਾਂ ਗਿਆਨ ਹੋਇਆ ਕਿ ਬ੍ਰਹਮ ਦੀ ਹੋਂਦ ਹੈ। ਅਗਨੀ ਤੇ ਵਾਯੂ ਤੋਂ ਇੰਦਰ ਦਾ ਮਹਤਵ ਜ਼ਿਆਦਾ ਹੈ, ਕਿਉਂਕਿ ਉਸ ਨੇ ਬ੍ਰਹਮ ਬਹੁਤ ਨੇੜੇ ਤੋਂ ਵੇਖਿਆ ਹੈ ਅਤੇ ਸਭ ਤੋਂ ਪਹਿਲਾਂ ਉਸ ਨੂੰ ਹੀ ਇਹ ਗਿਆਨ ਹੋਇਆ ਕਿ ਬ੍ਰਹਮ ਦੀ ਹੋਂਦ ਹੈ।" (ਕੇਨ ਉਪਨਿਸ਼ਦ, ਸਫਾ 37)

"ਬ੍ਰਹਮ ਨੇ ਦੇਵਤਿਆਂ ਵਾਸਤੇ ਜਿਤ ਪ੍ਰਾਪਤ ਕੀਤੀ। ਬ੍ਰਹਮ ਦੀ ਜਿਤ ਨਾਲ ਦੇਵਤਿਆਂ ਦਾ ਮਾਣ ਵਧਿਆ। ਉਨ੍ਹਾਂ ਨੇ ਸੋਚਿਆ, "ਇਹ ਸਾਡੀ ਹੀ ਜਿਤ ਹੈ, ਇਹ ਸਾਡੀ ਹੀ ਮਹਿਮਾ ਹੈ"। ਉਹ ਹੰਕਾਰ ਵਿਚ ਆ ਗਏ। ਆਪਣੇ ਆਪ ਨੂੰ ਬ੍ਰਹਮ ਨਾਲੋਂ ਵਡਾ ਸਮਝਣ ਲਗ ਪਏ। ਬ੍ਰਹਮ ਦੇਵਤਿਆਂ ਦੇ ਇਸ ਭਾਵ ਨੂੰ ਜਾਣ ਗਿਆ ਤੇ ਉਨ੍ਹਾਂ ਦੇ ਸਾਹਮਣੇ ਪ੍ਰਗਟ ਹੋਇਆ। ਪਰ ਦੇਵਤੇ ਉਸ ਨੂੰ ਸਮਝ ਨਾ ਸਕੇ। ਉਹ ਆਪਸ ਵਿਚ ਸੋਚਣ ਲਗੇ ਕਿ ਇਹ ਯਕਸ਼ ਕੌਣ ਹੈ?"

ਉਨ੍ਹਾਂ ਨੇ ਅਗਨੀ ਨੂੰ ਕਿਹਾ - "ਹੇ ਜਾਤਵੇਦ! ਤੂੰ ਇਹ ਜਾਨਣ ਦੀ ਖੇਚਲ ਕਰ ਕਿ ਇਹ ਯਕਸ਼ ਕੌਣ ਹੈ।"

ਉਸ ਨੇ ਕਿਹਾ - "ਠੀਕ ਹੈ"।

ਉਹ ਉਸ ਕੋਲ ਆਇਆ। ਉਸ ਨੂੰ ਯਕਸ਼ ਨੇ ਪੁੱਛਿਆ - "ਤੂੰ ਕੌਣ ਹੈਂ?"

ਉਸ ਨੇ ਕਿਹਾ - "ਮੈਂ ਅਗਨੀ ਹਾਂ, ਮੈਂ ਜਾਤਵੇਦਾ ਹਾਂ।"

ਯਕਸ਼ ਨੇ ਫਿਰ ਪੁੱਛਿਆ - "ਅਛਾ, ਤਾਂ ਤੇਰੇ ਵਿਚ ਕੀ ਸ਼ਕਤੀ ਹੈ?"

ਅਗਨੀ ਨੇ ਕਿਹਾ - "ਮੈਂ ਇਹ ਸਭ ਕੁਝ ਜਲਾ ਸਕਦਾ ਹਾਂ, ਜੋ ਕੁਝ ਵੀ ਇਸ ਪ੍ਰਿਥਵੀ ਉਤੇ ਹੈ।"

ਯਕਸ਼ ਨੇ ਉਸ ਦੇ ਸਾਹਮਣੇ ਇਕ ਤਿਨਕਾ ਰਖਿਆ ਅਤੇ ਕਿਹਾ - "ਇਸ ਨੂੰ ਜਲਾ।"

ਅਗਨੀ ਪੂਰੀ ਸ਼ਕਤੀ ਨਾਲ ਉਸ ਤਿਨਕੇ ਕੋਲ ਗਿਆ ਪਰ ਉਹ ਉਸ ਨੂੰ ਜਲਾ ਨਾ ਸਕਿਆ ਅਤੇ ਚੁਪ ਚਾਪ ਵਾਪਸ ਆ ਗਿਆ। ਵਾਪਸ ਆ ਕੇ ਉਸ ਨੇ ਦੇਵਤਿਆਂ ਨੂੰ ਕਿਹਾ - "ਮੈਂ ਤਾਂ ਇਹ ਜਾਣ ਨਹੀਂ ਸਕਿਆ ਕਿ ਇਹ ਯਕਸ਼ ਕੌਣ ਹੈ।"

ਫਿਰ ਉਨ੍ਹਾਂ ਨੇ ਵਾਯੂ ਨੂੰ ਕਿਹਾ - "ਹੇ ਵਾਯੂ! ਤੂੰ ਇਸ ਦੀ ਜਾਣਕਾਰੀ ਲਿਆ ਤੇ ਪਤਾ ਕਰ ਕਿ ਇਹ ਯਕਸ਼ ਕੌਣ ਹੈ?"

ਉਸ ਨੇ ਕਿਹਾ - "ਠੀਕ ਹੈ"।

ਉਹ ਉਸ ਕੋਲ ਆਇਆ। ਉਸ ਨੂੰ ਯਕਸ਼ ਨੇ ਪੁਛਿਆ - "ਤੂੰ ਕੌਣ ਹੈਂ?"

ਉਸ ਨੇ ਕਿਹਾ - "ਮੈਂ ਵਾਯੂ ਹਾਂ, ਮੈਂ ਮਾਤਰਿਸ਼ਵਾ ਹਾਂ।"

ਯਕਸ਼ ਨੇ ਫਿਰ ਪੁੱਛਿਆ - "ਅੱਛਾ, ਤਾਂ ਤੇਰੇ ਵਿਚ ਕੀ ਸ਼ਕਤੀ ਹੈ?"

ਵਾਯੂ ਨੇ ਕਿਹਾ - "ਮੈਂ ਇਹ ਸਭ ਕੁਝ ਉਡਾ ਸਕਦਾ ਹਾਂ, ਜੋ ਕੁਝ ਵੀ ਇਸ ਪ੍ਰਿਥਵੀ ਉਤੇ ਹੈ।"

ਯਕਸ਼ ਨੇ ਉਸ ਦੇ ਸਾਹਮਣੇ ਇਕ ਤਿਨਕਾ ਰੱਖਿਆ ਅਤੇ ਕਿਹਾ - "ਇਸ ਨੂੰ ਉਡਾ।"

ਵਾਯੂ ਪੂਰੀ ਸ਼ਕਤੀ ਨਾਲ ਉਸ ਤਿਨਕੇ ਕੋਲ ਗਿਆ ਪਰ ਉਹ ਉਸ ਨੂੰ ਉਡਾ ਨਾ ਸਕਿਆ ਅਤੇ ਵਾਪਸ ਆ ਗਿਆ। ਵਾਪਸ ਆ ਕੇ ਉਸ ਨੇ ਦੇਵਤਿਆਂ ਨੂੰ ਕਿਹਾ - "ਮੈਂ ਤਾਂ ਇਹ ਜਾਣ ਨਹੀਂ ਸਕਿਆ ਕਿ ਇਹ ਯਕਸ਼ ਕੌਣ ਹੈ।"

ਫਿਰ ਉਨ੍ਹਾਂ ਨੇ ਇੰਦਰ ਨੂੰ ਕਿਹਾ - "ਹੇ ਮਘਵਨ! ਤੂੰ ਇਸ ਦੀ ਜਾਣਕਾਰੀ ਲਿਆ ਤੇ ਪਤਾ ਕਰ ਕਿ ਇਹ ਯਕਸ਼ ਕੌਣ ਹੈ?"

ਉਸ ਨੇ ਕਿਹਾ, "ਠੀਕ ਹੈ।"

ਜਦੋਂ ਉਹ ਉਸ ਦੇ ਨੇੜੇ ਆਇਆ ਤਾਂ ਯਕਸ਼ ਉਸ ਦੇ ਸਾਹਮਣੇ ਗਾਇਬ ਹੋ ਗਿਆ। ਪਰ ਉਸੇ ਵੇਲੇ ਆਕਾਸ਼ ਵਿਚ ਬੜੀ ਸ਼ੋਭਾ ਵਾਲੀ ਹੈਮਵਤੀ ਉਮਾ ਦੇਵੀ ਪ੍ਰਗਟ ਹੋਈ। ਇੰਦਰ ਨੇ ਉਸ ਨੂੰ ਪੁੱਛਿਆ - "ਇਹ ਯਕਸ਼ ਕੌਣ ਸੀ?"

ਉਹ ਬੋਲੀ - "ਇਹ ਬ੍ਰਹਮ ਸੀ। ਬ੍ਰਹਮ ਦੀ ਇਸ ਜਿਤ ਨਾਲ ਤੁਹਾਡਾ ਮਾਣ ਵਧਿਆ ਹੈ",

ਤਾਂ ਇੰਦਰ ਨੂੰ ਗਿਆਨ ਹੋਇਆ ਕਿ ਇਹ ਬ੍ਰਹਮ ਹੈ।

ਅਗਨੀ, ਵਾਯੂ ਤੇ ਇੰਦਰ ਦਾ 'ਬ੍ਰਹਮ' ਦੇ ਪ੍ਰਸੰਗ ਵਿਚ ਉਕਤ ਸੰਵਾਦ ਸਪੱਸ਼ਟ ਕਰਦਾ ਹੈ ਕਿ ਬ੍ਰਹਮ ਸਾਰੇ ਦੇਵਤਿਆਂ ਤੋਂ ਸਰਬ ਸ਼ਕਤੀਮਾਨ ਹੈ ਅਤੇ ਸਾਰੇ ਦੇਵਤੇ ਬ੍ਰਹਮ ਦੇ ਅਧੀਨ ਹਨ। ਬ੍ਰਹਮ ਦੇ ਹੁਕਮ ਤੋਂ ਬਿਨਾਂ ਅਗਨੀ ਦੇਵਤਾ ਇਕ ਤਿਨਕਾ ਵੀ ਨਹੀਂ ਸਾੜ ਸਕਦਾ, ਵਾਯੂ ਦੇਵਤਾ ਇਕ ਤਿਨਕਾ ਵੀ ਨਹੀਂ ਉਡਾ ਸਕਦਾ ਤੇ ਇੰਦਰ ਦੇਵਤਾ ਬ੍ਰਹਮ ਉਤੇ ਆਪਣਾ ਹੁਕਮ ਨਹੀਂ ਚਲਾ ਸਕਦਾ।

ਸਭ ਤਤਾਂ ਵਿਚ ਉਹ ਪਛਾਣ ਕੇ।
ਆਪਣੇ ਅੰਦਰ ਝਾਤ ਮਾਰ ਕੇ।
ਬ੍ਰਹਮ-ਲੀਨ ਫਿਰ ਉਹ ਹੋਏ ਨੇ।
ਬ੍ਰਹਮ-ਪਰਾਇਣ ਉਹ ਫਿਰ ਹੋ ਕੇ।
ਜਨਮ ਮਰਣ ਤੋਂ ਉਹ ਛੁਟਦੇ ਨੇ।
(ਸ੍ਵੇਤਾਸ੍ਵਤਰ ਉਪਨਿਸ਼ਦ, ਸਫਾ 609)

ਬ੍ਰਹਮ ਗਿਆਨੀ ਮਨੁੱਖ ਬ੍ਰਹਮ ਨੂੰ ਜਾਣ ਕੇ ਤੇ ਸਾਰੇ ਤੱਤਾਂ ਵਿਚ ਉਸ ਦੀ ਹੋਂਦ ਪਛਾਣ ਕੇ ਜਦੋਂ ਆਪਣੇ ਅੰਦਰ ਭਾਵ ਆਪਣੇ ਆਤਮ ਵਿਚ ਝਾਤੀ ਮਾਰਦਾ ਹੈ ਤਾਂ ਉਸ ਨੂੰ ਆਪਣੀ ਹਕੀਕਤ ਸਮਝ ਆਉਂਦੀ ਹੈ। ਫਿਰ ਉਹ ਬ੍ਰਹਮ ਵਿਚ ਲੀਨ ਹੋ ਕੇ ਬ੍ਰਹਮ ਦੇ ਆਸਰੇ ਜਨਮ ਮਰਨ ਦੇ ਭਰਮ ਤੋਂ ਛੁੱਟ ਜਾਂਦਾ ਹੈ।

ਬ੍ਰਹਮ ਤਤ ਹੀ ਇਹ ਆਤਮ ਹੈ।
ਉਪਨਿਸ਼ਦਾਂ ਦਾ ਇਹੀ ਸਾਰ ਹੈ।
ਬ੍ਰਹਮ-ਤਤ ਹੀ ਪਰਮ-ਤਤ ਹੈ।
ਉਪਨਿਸ਼ਦਾਂ ਦਾ ਇਹੀ ਸਾਰ ਹੈ।
(ਸ੍ਵੇਤਾਸ੍ਵਤਰ ਉਪਨਿਸ਼ਦ, ਸਫਾ 615)

ਬ੍ਰਹਮ ਦੀ ਏਨੀ ਸਪੱਸ਼ਟ ਵਿਆਖਿਆ ਹੋਣ ਦੇ ਬਾਵਜੂਦ ਉਪਨਿਸ਼ਦਾਂ ਦੇ ਇਸੇ ਦੌਰ ਵਿਚ ਕੁਝ ਲੋਕ ਬ੍ਰਹਮ ਦੇ ਵਿਅਕਤੀ ਰੂਪ ਦੀ ਪੂਜਾ ਸ਼ੁਰੂ ਕਰ ਦੇਂਦੇ ਹਨ, ਜਿਸ ਦੀ ਖੁਦ ਉਪਨਿਸ਼ਦਾਂ ਵਿਚ ਆਲੋਚਨਾ ਕੀਤੀ ਗਈ ਹੈ।

ਬਾਣੀ ਜਿਸ ਨੂੰ ਜਾਣ ਨਾ ਸਕਦੀ।
ਬਾਣੀ ਜਿਸ ਤੋਂ ਸਭ ਕੁਝ ਜਾਣੇ।
ਬ੍ਰਹਮ ਉਸੀ ਨੂੰ ਸਮਝੋ ਭਾਈ।
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)
ਮਨ ਤੋਂ ਜਿਸ ਦਾ ਮਨਨ ਨ ਹੋਈ।
ਮਾਨਸ ਜਿਸ ਤੋਂ ਸਭ ਕੁਝ ਜਾਣੇ।
ਬ੍ਰਹਮ ਉਸ ਨੂੰ ਸਮਝੋ ਭਾਈ।
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)
ਪ੍ਰਾਣਾਂ ਰਾਹੀਂ ਜੀਵੇ ਨਾਹੀਂ।
ਪ੍ਰਾਣ ਉਸੇ ਤੋਂ ਕਾਰਜ ਕਰਦੇ।
ਬ੍ਰਹਮ ਉਸੀ ਨੂੰ ਸਮਝੋ ਭਾਈ।
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)

ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ। ਭਾਵ 'ਬ੍ਰਹਮ' ਮਨੁੱਖ ਦੇ ਆਪਣੇ ਸਰੀਰੀ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ। ਬਲਕਿ ਮਨ ਸਾਰਾ ਕੁਝ ਉਸ ਬ੍ਰਹਮ ਤੋਂ ਜਾਣਦਾ ਹੈ ਅਤੇ ਇਹ ਬ੍ਰਹਮ ਉਹ ਨਹੀਂ ਹੈ ਜਿਸ ਦੀ ਲੋਕ (ਬ੍ਰਹਮਾ ਦੇ ਰੂਪ ਵਿਚ) ਪੂਜਾ ਕਰਦੇ ਹਨ। ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਨਹੀਂ ਪਾਉਂਦਾ ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ। ਬ੍ਰਹਮ ਉਹ ਨਹੀਂ ਹੈ, ਜਿਸ ਦੀ ਲੋਕ ਪੂਜਾ ਕਰਦੇ ਹਨ ਸਗੋਂ ਇਹ ਬ੍ਰਹਮ ਸਮੁੱਚੇ ਜੀਵਨ ਦਾ ਮੂਲ ਆਧਾਰ ਹੈ।

ਉਪਨਿਸ਼ਦਾਂ ਦਾ ਗਿਆਨ ਇਸ ਸਚਾਈ ਬਾਰੇ ਸਪੱਸ਼ਟ ਹੈ ਕਿ 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ। ਸਗੋਂ ਬ੍ਰਹਮ ਉਹ ਹੈ ਜਿਹੜਾ ਸਗਲ ਬ੍ਰਹਿਮੰਡੀ ਪਸਾਰੇ ਭਾਵ ਬ੍ਰਹਮ ਦੇ ਆਕਾਰ ਰੂਪ ਵਿਚ ਮਨੁੱਖੀ ਸੋਚ ਦੀ ਸੀਮਾ ਤੋਂ ਪਾਰ ਹੈ, ਜਿਸ ਦਾ ਅੰਤ ਜਾਣਿਆ ਨਹੀਂ ਜਾ ਸਕਦਾ, ਜਿਹੜਾ ਮਨੁੱਖ ਦੇ ਆਪਣੇ ਸਰੀਰੀ ਮਨ ਦੇ ਅਨੁਭਵ ਦੀ ਪਕੜ ਵਿਚ ਨਹੀਂ ਆ ਸਕਦਾ ਤੇ ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ। ਜਿਹੜਾ ਅਸੀਮ ਹੈ ਤੇ ਮਨੁੱਖੀ ਸੋਚ ਤੋਂ ਪਾਰ ਹੈ। ਇਸੇ ਲਈ ਇਸ ਨੂੰ ਪਾਰਬ੍ਰਹਮ ਵੀ ਕਿਹਾ ਜਾਂਦਾ ਹੈ। ਵੈਦਿਕ ਫਿਲਾਸਫੀ ਅਨੁਸਾਰ ਇਹ ਬ੍ਰਹਮ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਮੂਲ ਆਧਾਰ ਹੈ।

ਪਰ ਜਾਪਦਾ ਹੈ ਕਿ ਬੌਧਿਕ ਉਣਤਾਈ ਦੇ ਇਸ ਦੌਰ ਵਿਚ ਬ੍ਰਹਮ ਦੇ ਪੁਰਖ ਰੂਪ ਮਨ-ਕਲਪਿਤ ਬ੍ਰਹਮਾ ਦੀ ਹੋਂਦ ਨੂੰ ਮਾਨਤਾ ਮਿਲਣੀ ਆਰੰਭ ਹੋ ਗਈ ਹੈ। ਹੌਲੀ-ਹੌਲੀ ਬ੍ਰਹਮ ਦਾ ਸੰਕਲਪ ਓਝਲ ਹੁੰਦਾ ਗਿਆ ਅਤੇ ਬ੍ਰਹਮਾ ਦਾ ਸੰਕਲਪ ਲੋਕ ਮਾਨਤਾ ਪ੍ਰਾਪਤ ਕਰਦਾ ਗਿਆ। ਮਨੂ ਸਿਮ੍ਰਿਤੀ ਦੇ ਐਨ ਮੁਢ ਵਿਚ ਬ੍ਰਹਮਾ ਦੇ ਪੈਦਾ ਹੋਣ ਬਾਰੇ ਇਹ ਜਾਣਕਾਰੀ ਦਿੱਤੀ ਗਈ ਹੈ:

ਕਾਲ ਦਾ ਸਮਾਂ ਹੈ। ਇਕ ਸਥਾਨ ਉਤੇ ਮਹਾਂਰਿਸ਼ੀ ਲੋਗ ਇਕਾਗਰ-ਚਿੱਤ ਤੇ ਸੁਖੀ ਆਸਣ ਵਿਚ ਬੈਠੇ ਭਗਵਾਨ ਮਨੂ ਦੇ ਕੋਲ ਪੂਰੀ ਸ਼ਰਧਾ ਭਗਤੀ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ :

"ਹੇ ਭਗਵਾਨ! ਸਾਰੇ ਵਰਣਾਂ - ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ — ਅਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ




ਦੀ ਮਾਤਾ ਦੇ ਸੰਜੋਗ ਭਾਵ ਉਚ ਵਰਣ ਦੇ ਪਿਤਾ ਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਅਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕਰਮਵਾਰ ਨਿਭਾਹੇ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਹ ਕਹੋ!

ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਸੱਪ, ਮਛੀ, ਪੰਛੀ ਆਦਿ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਮਨੁੱਖ, ਪਸ਼ੂ ਆਦਿ), ਸੇਤਜ (ਮੈਲ ਤੋਂ ਪੈਦਾ ਹੋਣ ਵਾਲੇ ਜੀਵ ਭਾਵ ਖਟਮਲ, ਜੂੰਆਂ ਆਦਿ), ਉਤਭੁਜ (ਭਾਵ ਬੀਜ ਤੋਂ ਪੈਦਾ ਹੋਣ ਵਾਲੀ ਬਨਸਪਤੀ) ਸਾਰੇ ਜੀਵ ਸਮੂਹਾਂ ਦੇ ਜਨਮ ਅਤੇ ਮੌਤ, ਉਨ੍ਹਾਂ ਦੇ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ, ਉਨ੍ਹਾਂ ਦੇ ਵਿਸ਼ਵਾਸਾਂ ਅਤੇ ਉਨ੍ਹਾਂ ਦੇ ਆਚਾਰ ਨੂੰ ਯਥਾਯੋਗ ਅਤੇ ਇੱਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ। ਕਿਉਂਕਿ ਹੇ ਪ੍ਰਭੂ! ਸਿਰਫ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁਖੀ ਸੋਚ ਤੋਂ ਪਾਰ ਤਥਾ ਅਮਿਤ ਵੇਦ ਦੇ ਸਦੀਵੀ ਗਿਆਨ ਦੇ ਜਾਣਨਹਾਰ, ਯਗ ਕਰਤਾ ਅਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ!'

ਫਿਰ ਮਹਾਂਰਿਸ਼ੀਆਂ ਵਲੋਂ ਇਸ ਤਰ੍ਹਾਂ ਪੁੱਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂ ਉਨ੍ਹਾਂ ਸਾਰੇ ਮਹਾਂਰਿਸ਼ੀਆਂ ਦਾ ਉਚਿਤ ਸਤਿਕਾਰ ਕਰ ਕੇ ਬੋਲੇ :

"ਸੁਣੋ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ ਤਾਂ ਫਿਰ ਆਪਣੀ ਇੱਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁਖੀ ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ ਆਕਾਸ਼ ਆਦਿ ਮੂਲ ਤਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖੁਦ ਪ੍ਰਗਟ ਹੋਏ। ਫਿਰ ਉਸ ਪਰਮਾਤਮਾ ਨੇ ਅਨੇਕ ਤਰ੍ਹਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਅਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁਧ ਆਂਡੇ ਦਾ ਰੂਪ ਧਾਰਨ ਕਰ ਲਿਆ ਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।"

... "ਉਸ ਮਹਾਨ ਤੇਜ ਵਾਲੇ ਬ੍ਰਹਮਾਂ ਨੇ ਇਸ ਲੋਕ ਦੀ ਰਖਿਆ ਲਈ ਆਪਣੇ ਮੂੰਹ ਬਾਹਾਂ ਜੰਘਾ ਤੇ ਪੈਰਾਂ ਵਿਚੋਂ ਕਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨ੍ਹਾਂ ਦੇ ਕੰਮ ਅਡ-ਅਡ ਨਿਸ਼ਚਿਤ ਕਰ ਦਿਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿਤਾ ਕਿ ਉਹ ਦੂਜੇ ਤਿੰਨਾਂ ਵਰਣਾਂ ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਨ੍ਹਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।"

ਇੰਝ ਸਮਾਂ ਪਾ ਕੇ ਬ੍ਰਹਮ ਦਾ ਸੰਕਲਪ ਧੁੰਦਲਾ ਪੈਂਦਾ ਗਿਆ ਅਤੇ ਮਨੂ ਸਿਮ੍ਰਿਤੀ ਦਾ ਇਹੀ ਮਨ-ਕਲਪਿਤ ਬ੍ਰਹਮਾ ਜਾਤਪਾਤੀ ਬ੍ਰਾਹਮਣਵਾਦ ਦਾ ਆਧਾਰ ਬਣ ਗਿਆ, ਜਿਹੜਾ ਹੁਣ ਤਕ ਲੋਕ ਮਨਾਂ ਵਿਚ ਆਪਣੀ ਥਾਂ ਬਣਾਈ ਬੈਠਾ ਹੈ।

ਗੁਰਮਤਿ ਨੇ ਮਨੂ ਸਿਮ੍ਰਿਤੀ ਦੇ ਇਸ ਮਨ-ਕਲਪਿਤ 'ਰੱਬੀ ਹਸਤੀ' ਬ੍ਰਹਮਾ ਦੀ ਕਰਤਾਰੀ ਹੋਂਦ ਨੂੰ ਮੂਲੋਂ ਹੀ ਨਕਾਰ ਦਿੱਤਾ ਹੈ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ (ਪੰਨਾ 1035)
ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559)
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੈ ਦਰ ਸਾਚੈ ਆਕੀ ਮਰਹਿ ਅਫਾਰੀ॥ (ਪੰਨਾ 991)

ਤਥਾ ਬ੍ਰਹਮਾ ਬਿਸਨ ਮਹੇਸ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿੱਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਝੂਠ ਹੈ। ਬ੍ਰਹਮਾ ਬਿਸਨ ਤੇ ਸਾਰੇ ਰਿਖੀ ਮੁਨੀ ਸ਼ੰਕਰ (ਸ਼ਿਵਜੀ) ਇੰਦਰ ਅਤੇ ਹੋਰ ਵੀ ਸਾਰੇ ਤਪੇ ਭਾਵ ਤਪ ਕਰਨ ਵਾਲੇ ਉਸ ਸੱਚੇ ਮਾਲਕ ਏਕੋ ਬ੍ਰਹਮ ਦੇ ਦਰਬਾਰ ਵਿਚ ਮੰਗਤੇ ਹਨ। ਜਿਹੜੇ ਉਸਦੇ ਹੁਕਮ ਵਿਚ ਚੱਲਦੇ ਹਨ, ਸਿਰਫ ਓਹੀ ਉਸ ਦੇ ਦਰ ਉਤੇ ਸੋਹਣੇ ਲੱਗਦੇ ਹਨ ਬਾਕੀ ਸਾਰੇ ਆਪਣੇ ਹੰਕਾਰ ਵਿਚ ਆਫਰੇ ਹੀ ਮਰ ਜਾਂਦੇ ਹਨ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਪੰਨਾ 1128)

ਯਥਾ ਜਾਤ-ਪਾਤ ਨੂੰ ਮੰਨਣ ਵਾਲਾ ਜਾਂ ਜਾਤ ਦਾ ਹੰਕਾਰ ਕਰਨ ਵਾਲਾ ਮਨੁੱਖ ਮੂਰਖ ਤੇ ਗਵਾਰ ਹੈ। ਕਿਉਂਕਿ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਦੇ ਮਨ ਵਿਚ ਬਹੁਤ ਵਿਕਾਰ ਪੈਦਾ ਹੋ ਜਾਂਦੇ ਹਨ। ਜਾਤੀ ਹੰਕਾਰ ਕਿਸੇ ਦੂਜੇ ਮਨੁੱਖ ਨੂੰ ਨੁਕਸਾਨ ਬਾਅਦ ਵਿਚ ਪਹੁੰਚਾਉਂਦਾ ਹੈ, ਪਹਿਲਾਂ ਇਹ ਹੰਕਾਰ ਮਨੁੱਖ ਦੇ ਆਪਣੇ ਮਨ ਵਿਚ ਵਿਗਾੜ ਪੈਦਾ ਕਰਦਾ ਹੈ। ਜਾਤੀ ਹੰਕਾਰ ਮਨੁੱਖ ਦੀ ਆਪਣੀ ਚੇਤਨਾ ਤੇ ਆਪਣੇ ਮਨ ਵਿਚਲੀ ਆਪਣੀ ਸਮਾਜੀ ਹੋਂਦ ਨੂੰ ਛੋਟਾ ਕਰ ਲੈਂਦਾ ਹੈ। ਉਹ ਖੁਦ ਹੀ ਆਪਣਾ ਸਮਾਜੀ ਦਾਇਰਾ ਸੀਮਤ ਕਰ ਲੈਂਦਾ ਹੈ। ਇਹ ਸੀਮਤਾਈ ਉਸ ਦੀ ਸਮਾਜੀ ਸੂਝ ਨੂੰ ਜ਼ਿੰਦਗੀ ਭਰ ਪੂਰਨ ਰੂਪ ਵਿਚ ਖਿੜਨ ਨਹੀਂ ਦੇਂਦੀ ਤੇ ਫਿਰ ਇਹੀ ਜਾਤੀ ਹੰਕਾਰ ਸਮਾਜ ਵਿਚ ਵੰਡੀਆਂ ਪਾਉਣ ਦਾ ਕਾਰਨ ਬਣਦਾ ਹੈ। ਸਮਾਜੀ ਜ਼ਿੰਦਗੀ ਵਿਚ ਲੜਾਈ ਝਗੜਿਆਂ ਦਾ ਆਧਾਰ ਬਣਦਾ ਹੈ।

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥ (ਪੰਨਾ 1053)

ਯਥਾ ਸਿਮ੍ਰਤੀਆਂ ਤੇ ਸ਼ਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਮਨ-ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁੱਖ ਇਨ੍ਹਾਂ ਨੂੰ ਪੜ੍ਹਦਾ ਹੈ ਪਰ ਸਬਦੁ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਗਿਆਨ ਵੱਲ ਮੂੰਹ ਕਰਨ ਵਾਲੇ ਕਿਸੇ ਵਿਰਲੇ ਮਨੁੱਖ ਨੂੰ ਹੀ ਇਸ ਸਚਾਈ ਦਾ ਭੇਦ ਪਤਾ ਲੱਗਦਾ ਹੈ।

ਸਮਾਂ ਪਾ ਕੇ ਵੈਦਿਕ ਫਿਲਾਸਫੀ ਦੀਆਂ ਦੋ ਧਾਰਾਵਾਂ ਬਣ ਗਈਆਂ। ਬ੍ਰਹਮ ਦੀ ਸਤਿ ਹੋਂਦ ਨੂੰ ਬੁਲੰਦ ਕਰਦੀ ਗੁਰਮਤਿ ਦੀ ਬ੍ਰਹਮਵਾਦੀ ਧਾਰਾ ਤੇ ਬ੍ਰਹਮਾ ਦੀ ਮਨ ਕਲਪਿਤ ਹੋਂਦ ਨੂੰ ਸਥਾਪਿਤ ਕਰਦੀ ਬ੍ਰਾਹਮਣਵਾਦੀ ਧਾਰਾ। ਮਨੂਵਾਦ ਬ੍ਰਹਮਾ ਦੇ ਨਾਂ ਉਤੇ ਕੀਤਾ ਗਿਆ ਬ੍ਰਾਹਮਣਵਾਦ ਦਾ ਵਿਸਥਾਰ ਹੈ। ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤ-ਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿੱਤਾ ਗਿਆ ਹੈ। ਇਹੀ ਮਨੂਵਾਦੀ ਸੋਚ ਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣਵਾਦੀ ਮਾਨਸਿਕਤਾ ਨੇ ਵਰਣ ਵੰਡ ਨੂੰ ਜਾਤ-ਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਖਾਨਿਆਂ ਵਿਚ ਵੰਡ ਦਿੱਤਾ। ਇਹੀ ਵੰਡ ਅਜੋਕੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਇਸ ਵੰਡ ਦੇ ਆਧਾਰ ਉਤੇ ਬਣੀ ਮਾਨਸਿਕਤਾ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਆਰ ਐਸ ਐਸ ਇਸੇ ਬ੍ਰਾਹਮਣਵਾਦ ਦੀ ਪੈਰੋਕਾਰ ਹੈ ਅਤੇ ਮੋਦੀਕੇ ਇਸੇ ਬ੍ਰਾਹਮਣਵਾਦ ਨੂੰ ਆਧਾਰ ਬਣਾ ਕੇ ਰਾਜਨੀਤੀ ਕਰ ਰਹੇ ਹਨ।

ਅੱਜ ਆਰ ਐਸ ਐਸ ਤੇ ਮੋਦੀਕਿਆਂ ਦੀ ਰਾਜਨੀਤੀ ਨੂੰ ਧਰਮ ਨਿਰਪੱਖਤਾ ਜਾਂ ਜਮਾਤੀ ਆਧਾਰ ਉਤੇ ਜਥੇਬੰਦੀਆਂ ਬਣਾ ਕੇ ਭਾਂਜ ਨਹੀਂ ਦਿੱਤੀ ਜਾ ਸਕਦੀ ਬਲਕਿ ਗੁਰਮਤਿ ਦੀ ਬ੍ਰਹਮਵਾਦੀ ਧਾਰਾ ਨੂੰ ਆਧਾਰ ਬਣਾ ਕੇ ਹੀ ਉਸ ਨੂੰ ਸਮਾਜ ਅਤੇ ਰਾਜਨੀਤੀ ਵਿਚੋਂ ਪਛਾੜਿਆ ਜਾ ਸਕਦਾ ਹੈ। ਬਾਬਾ ਸਾਹਿਬ ਅੰਬੇਡਕਰ ਨੇ ਵੀ ਇਸੇ ਬ੍ਰਹਮਵਾਦੀ ਧਾਰਾ ਦੀ ਪੁਸ਼ਟੀ ਕੀਤੀ ਹੈ।

ਸ਼ਾਇਦ ਇਹੀ ਸੋਚ ਕੇ ਸਿਰਦਾਰ ਕਪੂਰ ਸਿੰਘ ਨੇ "ਪਾਰਾਸ਼ਰ-ਪ੍ਰਸ਼ਨ" ਵਿਚ ਲਿਖਿਆ ਹੈ, "ਹਿੰਦੂਵਾਦ ਦੀ ਬੁਨਿਆਦੀ ਆਤਮਾ ਨੂੰ ਬਚਾਇਆ ਜਾਣਾ ਜ਼ਰੂਰੀ ਹੈ। ਰਾਜਸੀ ਅਹਿਮੀਅਤ ਤੇ ਸਮਾਜੀ ਤੰਦਰੁਸਤੀ ਗੁਆਏ ਬਗੈਰ ਜੇ ਇਸ ਗੁੰਝਲ (ਪ੍ਰੰਪਰਾ ਤੇ ਆਧੁਨਿਕਤਾ ਵਿਚਲੇ ਟਕਰਾਅ) ਦਾ ਕੋਈ ਹਲ ਨਿਕਲਦਾ ਹੈ, ਉਹ ਸਿਖ ਧਰਮ ਹੈ। ਕੇਵਲ ਭਵਿਖ ਤਹਿ ਕਰੇਗਾ, ਜਿਹੜੇ ਦੇਸ ਦੀ ਵਾਗਡੋਰ ਸਿਖ ਸੰਭਾਲਣਗੇ, ਉਹ ਵਿਆਪਕ ਦੂਰਅੰਦੇਸ਼ੀ ਅਤੇ ਕਰਮ ਦੇ ਬਲੀ ਹੋਣਗੇ ਨਾ ਕਿ ਹਠਧਰਮੀ ਦੇ ਤੰਗ ਨਜ਼ਰੀਏ ਵਾਲੇ।"

# ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ 2023

## ਪੁਸਤਕਾਂ, ਸ਼ਬਦ, ਸੰਵਾਦ ਤੇ ਸੰਗੀਤ ਦਾ ਜਲੌਅ

ਪੰਜਾਬ ਦਾ ਗਿਆਨ, ਗ੍ਰੰਥ, ਪੁਸਤਕਾਂ ਤੇ ਸੰਗੀਤ ਨਾਲ ਬਹੁਤ ਗੂੜ੍ਹਾ ਨਾਤਾ ਰਿਹਾ ਹੈ ਭਾਵੇਂ ਕਿ ਇਸ ਵਰਤਾਰੇ ਦੇ ਨਾਲ-ਨਾਲ ਪੰਜਾਬ ਚਾਹੀਆਂ-ਅਣਚਾਹੀਆਂ ਜੰਗਾਂ ਦਾ ਮੈਦਾਨ ਵੀ ਬਣਿਆ ਰਿਹਾ। ਇਸ ਵੇਲੇ ਆਪਣੇ ਵਾਰਸਾਂ ਨੂੰ ਪੁਸਤਕਾਂ, ਸ਼ਬਦ, ਸੰਵਾਦ ਤੇ ਸੰਗੀਤ ਨਾਲ ਜੋੜਨਾ ਬਹੁਤ ਵੱਡਾ ਤੇ ਜ਼ਰੂਰੀ ਕਾਰਜ ਹੈ। ਸਿਆਣਿਆਂ ਦਾ ਕਥਨ ਹੈ ਕਿ ਅਗਲੀਆਂ ਪੀੜ੍ਹੀਆਂ ਨੂੰ ਸ਼ਾਨਦਾਰ ਬਣਾਉਣ ਲਈ ਸੰਗੀਤ ਅਤੇ ਵਿਰਾਸਤੀ ਕਹਾਣੀਆਂ



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 70873-20578**

ਦੇ ਲੜ ਲਾਉਣਾ ਚਾਹੀਦਾ ਹੈ। ਇਸ ਵਾਰ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ' ਇਨ੍ਹਾਂ ਨੁਕਤਿਆਂ ਉਪਰ ਕੇਂਦਰਿਤ ਰਿਹਾ। ਸੰਗੀਤ ਦੀ ਸੰਗਤ ਅਤੇ ਪੁਸਤਕਾਂ ਦਾ ਮੇਲਾ ਪੰਜਾਬ ਦੀ ਬੌਧਿਕਤਾ ਲਈ ਜਰਖੇਜ਼ਤਾ ਦਾ ਮੌਕਾ ਲੈ ਕੇ ਆਇਆ।


ਪੰਜਾਬੀ ਵਿਭਾਗ ਦੁਆਰਾ ਵਿਰਾਸਤੀ ਵਿੱਦਿਅਕ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਸਾਲਾਨਾ ਫੀਚਰ ਬਣ ਚੁੱਕਾ ਅਤੇ ਪੰਜਾਬ ਦੇ ਪਾਠਕਾਂ, ਲੇਖਕਾਂ, ਚਿੰਤਕਾਂ ਅਤੇ ਕਲਾਕਾਰਾਂ ਵੱਲੋਂ ਉਡੀਕਿਆ ਜਾਂਦਾ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ' 14 ਤੋਂ 18 ਫਰਵਰੀ ਤਕ ਆਪਣੀ ਮਹਿਕ ਬਿਖੇਰਦਾ ਰਿਹਾ।

ਇਸ ਮੇਲੇ ਦੀ ਸ਼ੁਰੂਆਤ ਕਾਲਜ ਦੀ ਸਥਾਪਨਾ ਦੇ ਸੰਕਲਪਾਂ ਨੂੰ ਯਾਦ ਕਰਦਿਆਂ ਸਮਕਾਲ ਦੀਆਂ ਲੋੜਾਂ ਦੇ ਚਿੰਤਨ ਨਾਲ ਹੋਈ। ਉਦਘਾਟਨ ਕਰਨ ਵਾਲੀਆਂ ਹਸਤੀਆਂ ਵਿਚ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ. ਰਜਿੰਦਰ ਮੋਹਨ ਸਿੰਘ ਛੀਨਾ, ਆਨਰੇਰੀ ਸਕੱਤਰ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ, ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਵਿੱਤ ਸਕੱਤਰ ਸ. ਗੁਨਬੀਰ ਸਿੰਘ, ਪ੍ਰਿੰਸੀਪਲ ਡਾ. ਮਹਿਲ ਸਿੰਘ ਤੇ ਡਾ. ਆਤਮ ਸਿੰਘ ਰੰਧਾਵਾ ਸ਼ਾਮਲ ਸਨ। ਉਦਘਾਟਨੀ ਸਮਾਰੋਹ ਨੇ ਮੇਲੇ ਦੇ ਕੇਂਦਰੀ ਨੁਕਤੇ ਬਾਰੇ ਕਿਹਾ ਕਿ ਖ਼ਾਲਸਾ ਕਾਲਜ ਸਿੱਖ ਸਮਾਜ ਦੀ ਚਾਨਣ ਮੁਨਾਰਾ ਇਤਿਹਾਸਕ ਵਿਦਿਅਕ ਸੰਸਥਾ ਹੈ। ਇਹ ਸੰਸਥਾ ਸਮੇਂ ਦੀਆਂ ਲੋੜਾਂ ਅਨੁਸਾਰ ਕੌਮ ਨੂੰ ਨਵੀਂ ਵਿਦਿਆ ਨਾਲ ਜੋੜਨ ਦਾ ਮਹੱਤਵਪੂਰਨ ਉਪਰਾਲਾ ਕਰਦੀ ਹੈ ਅਤੇ ਹੁਣ ਹਰ ਸਾਲ ਇਸ ਸੰਸਥਾ ਵਲੋਂ ਪੁਸਤਕ ਮੇਲਾ ਲਗਾ ਕੇ ਪੰਜਾਬੀਆਂ ਨੂੰ ਸ਼ਬਦਾਂ ਨਾਲ ਜੋੜਨ ਦਾ ਉਪਰਾਲਾ ਸ਼ਲਾਘਾਯੋਗ ਹੈ। ਸਿਆਣਿਆਂ ਇਹ ਵੀ ਕਿਹਾ ਕਿ ਇਲੈਕਟ੍ਰੌਨਿਕ ਯੁੱਗ ਵਿਚ ਵੀ ਪੁਸਤਕਾਂ ਦਾ ਕੋਈ ਬਦਲ ਨਹੀਂ ਹੈ।

ਸਾਹਿਤ ਮੇਲੇ ਦੀ ਵਿਸ਼ੇਸ਼ ਖ਼ੂਬੀ ਇਹ ਰਹੀ ਕਿ ਇਸ ਵਿਚ ਉਨ੍ਹਾਂ ਹਸਤੀਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੀ ਕਲਾ ਰਾਹੀਂ ਪੰਜਾਬ ਦੀ ਵਿਸ਼ਵ ਵਿਚ ਸ਼ਾਨਦਾਰ ਪਛਾਣ ਬਣਾਉਣ ਵਿਚ ਯੋਗਦਾਨ ਪਾਇਆ ਹੈ। ਇਸ ਪੱਖੋਂ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਹਸਤੀਆਂ ਵਿਚੋਂ ਚਿੱਤਰਕਾਰ ਸਿਧਾਰਥ ਅਤੇ ਗਾਇਕ ਰੱਬੀ ਸ਼ੇਰਗਿੱਲ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ। 'ਸੁਰਤਿ ਪੰਜਾਬ: ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿਸ਼ੇ ਬਾਰੇ ਸੰਵਾਦ ਰਚਾਉਂਦਿਆਂ ਪੰਜਾਬ ਦੀਆਂ ਜੜ੍ਹਾਂ ਦੀ ਮਹਾਨਤਾ ਦੀ ਗੱਲ ਹੋਈ ਅਤੇ ਸਮਕਾਲ ਦੀਆਂ ਚੁਣੌਤੀਆਂ ਦਾ ਫਿਕਰ ਕਰਦਿਆਂ ਭਵਿੱਖ ਦੇ ਬਿਹਤਰੀਨ ਰਾਹਾਂ ਦੀ ਤਲਾਸ਼ ਦਾ ਚਰਚਾ ਵੀ ਹੋਇਆ। ਚਿੱਤਰਕਾਰ ਸਿਧਾਰਥ ਨੇ ਮੌਕੇ ਉਪਰ ਚਿੱਤਰ ਬਣਾਇਆ ਅਤੇ ਰੱਬੀ ਸ਼ੇਰਗਿੱਲ ਨੇ ਸੂਫੀ ਗਾਇਕੀ ਦਾ ਰੰਗ ਵੀ ਪੇਸ਼ ਕੀਤਾ ਜਿਸ ਨੂੰ ਦਰਸ਼ਕਾਂ ਨੇ ਭਰਪੂਰ ਸਰਾਹਿਆ। ਇਸੇ ਲੜੀ ਵਿਚ 'ਸੁਰ, ਸ਼ਬਦ ਤੇ ਸੰਵਾਦ' ਪ੍ਰੋਗਰਾਮ ਵਿਚ ਪ੍ਰਸਿੱਧ ਸ਼ਾਇਰ ਜਸਵੰਤ ਜ਼ਫ਼ਰ ਨੇ ਗਾਇਕ ਬੀਰ ਸਿੰਘ ਨੂੰ ਉਸ ਦੀ ਗਾਇਕੀ ਦੇ ਅਨੁਭਵ ਬਾਰੇ ਸੁਆਲ ਜੁਆਬ ਕੀਤੇ ਅਤੇ ਬੀਰ ਸਿੰਘ ਨੇ ਆਪਣੀ ਗਾਇਕੀ ਦੇ ਨਮੂਨੇ ਵੀ ਪੇਸ਼ ਕੀਤੇ।

ਸਾਹਿਤਕ ਵਿਧਾਵਾਂ ਵਿਚੋਂ 'ਸੁਖਨ ਦੇ ਸੂਰਜ' ਪ੍ਰੋਗਰਾਮ ਦੌਰਾਨ ਪੰਜਾਬੀ ਦੇ ਨਾਮਵਰ ਸ਼ਾਇਰਾਂ ਜਿਵੇਂ ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਜੌਹਲ, ਸੁਖਵਿੰਦਰ ਅੰਮ੍ਰਿਤ ਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ। ਮਾਣ ਪੰਜਾਬੀਆਂ ਦਾ ਅਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਯੂ. ਕੇ. ਵੱਲੋਂ ਇਸ ਮੇਲੇ ਵਿਚ ਵਿਸ਼ੇਸ਼ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਮੇਲੇ ਵਿਚ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸੰਧੂ ਦਾ ਰੂਬਰੂ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਰਮਿੰਦਰ ਕੌਰ ਨੇ ਕੀਤੀ ਜਦਕਿ ਲੇਖਕ ਨਾਲ ਸੰਵਾਦ ਡਾ. ਕੁਲਵੰਤ ਸਿੰਘ ਨੇ ਰਚਾਇਆ ਅਤੇ ਹਾਜ਼ਰ ਸਰੋਤਿਆਂ ਨੂੰ ਇਸ ਦਾ ਹਿੱਸਾ ਬਣਾਇਆ। ਕਹਾਣੀਕਾਰ ਵਰਿਆਮ ਸੰਧੂ ਨੇ ਆਪਣੇ ਜੀਵਨ ਅਨੁਭਵ ਅਤੇ ਕਹਾਣੀ ਸਿਰਜਣਾ ਦੇ ਪਲਾਂ ਦੀ ਦਰਸ਼ਕਾਂ ਨਾਲ ਸਾਂਝ ਪਵਾਈ। ਕਹਾਣੀਕਾਰ ਮੰਟੋ ਦੀਆਂ ਕਹਾਣੀਆਂ 'ਤੇ ਆਧਾਰਿਤ ਸ਼ਰਧਾ ਦੁਆਰਾ ਨਿਰਦੇਸ਼ਿਤ ਅਤੇ ਖ਼ਾਲਸਾ ਕਾਲਜ ਦੇ ਥਿਏਟਰ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਤਿਆਰ ਨਾਟਕ 'ਅਫਸਾਨਾ' ਦਿਖਾਇਆ ਗਿਆ। ਮਿੰਨੀ ਕਹਾਣੀ ਲੇਖਕ ਮੰਚ, ਪੰਜਾਬ ਵੱਲੋਂ ਕਰਵਾਏ ਗਏ ਮਿੰਨੀ ਕਹਾਣੀ ਦਰਬਾਰ ਦੀ ਪ੍ਰਧਾਨਗੀ ਦਰਵੇਸ਼ ਸਾਹਿਤਕਾਰ ਅਤੇ ਸਮਾਜ ਸੇਵੀ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕੀਤੀ।

ਆਪਣੇ ਪੁਰਖਿਆਂ ਦੀ ਦੇਣ ਨੂੰ ਵਾਰਸਾਂ ਦਰਮਿਆਨ ਪੁਸਤਕਾਂ ਬਾਰੇ ਸੰਵਾਦ ਕਰਨ ਲਈ ਭਾਈ ਵੀਰ ਸਿੰਘ ਜਨਮ-ਸ਼ਤਾਬਦੀ ਅਤੇ ਸ. ਮਹਿੰਦਰ ਸਿੰਘ ਸਰਨਾ ਜਨਮ-ਸ਼ਤਾਬਦੀ ਦੇ ਪ੍ਰੋਗਰਾਮ ਕੀਤੇ ਗਏ। ਭਾਈ ਵੀਰ ਸਿੰਘ ਜਨਮ-ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਵਿਚ ਡਾ. ਰਾਣਾ ਨਈਅਰ, ਡਾ. ਸਰਬਜੋਤ ਸਿੰਘ ਬਹਿਲ ਅਤੇ ਡਾ. ਸੁਖਬੀਰ ਕੌਰ ਮਾਹਲ ਨੇ ਸ਼ਿਰਕਤ ਕੀਤੀ। ਬੁਲਾਰਿਆਂ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਇਤਿਹਾਸਕ ਤੌਰ 'ਤੇ ਅਮੀਰ ਕਰਨ ਵਿਚ ਭਾਈ ਵੀਰ ਸਿੰਘ ਵੱਲੋਂ ਪਾਏ ਯੋਗਦਾਨ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਸ. ਮਹਿੰਦਰ ਸਿੰਘ ਸਰਨਾ ਜਨਮ-ਸ਼ਤਾਬਦੀ ਨੂੰ ਸਮਰਪਿਤ ਪੈਨਲ ਚਰਚਾ ਹੋਈ, ਜਿਸ ਵਿਚ ਮੁੱਖ ਮਹਿਮਾਨ ਵਜੋਂ ਸ. ਨਵਤੇਜ ਸਿੰਘ ਸਰਨਾ ਸਾਬਕਾ ਭਾਰਤੀ ਰਾਜਦੂਤ ਪਹੁੰਚੇ। ਇਸ ਪੈਨਲ ਚਰਚਾ ਵਿਚ ਭਾਗ ਲੈਣ ਵਾਲੇ ਮਾਹਿਰ ਵਿਦਵਾਨਾਂ ਵਿਚ ਡਾ. ਮਹਿਲ ਸਿੰਘ ਅਤੇ ਡਾ. ਅਮਨਪ੍ਰੀਤ ਸਿੰਘ ਗਿੱਲ ਸ਼ਾਮਿਲ ਰਹੇ। ਵਿਦਵਾਨਾਂ ਨੇ ਸਪੱਸ਼ਟ ਕੀਤਾ ਕਿ ਮਹਿੰਦਰ ਸਿੰਘ ਸਰਨਾ ਦੀਆਂ ਰਚਨਾਵਾਂ ਵਿਸ਼ੇਸ਼ ਕਰ ਕਹਾਣੀਆਂ ਵਿਚੋਂ '47 ਦੀ ਵੰਡ ਦਾ ਸੰਪੂਰਨ ਦੁੱਖ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਦੋਵਾਂ ਪਾਸਿਆਂ ਦੀ ਬਰਬਰਤਾ ਨੂੰ ਇਹ ਕਹਾਣੀਆਂ ਬਾਖ਼ੂਬੀ ਪੇਸ਼ ਕਰਦੀਆਂ ਹਨ।








*ਮੇਲੇ ਵਿਚ ਸ਼ਾਮਲ ਪੰਜਾਬੀ ਦੇ ਨਾਮਵਰ ਸ਼ਾਇਰ ਡਾ. ਸੁਰਜੀਤ ਪਾਤਰ, ਕਹਾਣੀਕਾਰ ਵਰਿਆਮ ਸੰਧੂ ਤੇ ਗਾਇਕ ਰੱਬੀ ਸ਼ੇਰਗਿੱਲ*



*ਮੇਲੇ ਦੇ ਉਦਘਾਟਨੀ ਸਮਾਰੋਹ ਵਿਚ ਸ਼ਮਲ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਸ਼ਖ਼ਸੀਅਤਾਂ।*






ਪੰਜਾਬ ਦੇ ਸਮਕਾਲੀ ਮਸਲਿਆਂ ਬਾਰੇ ਸੰਵਾਦ ਕਰਨ ਲਈ ਪੈਨਲ ਚਰਚਾ ਦਾ ਵਿਸ਼ਾ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ 'ਸੰਵਾਦ ਏ ਪੰਜਾਬ' ਸੀ। ਇਸ ਵਿਸ਼ੇ 'ਤੇ ਵਿਚਾਰ ਚਰਚਾ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਵਿਚ ਸ. ਅਮਰਜੀਤ ਸਿੰਘ ਗਰੇਵਾਲ, ਡਾ. ਸੁਰਜੀਤ ਸਿੰਘ, ਡਾ. ਗੁਰਮੁਖ ਸਿੰਘ ਅਤੇ ਡਾ. ਮਹਿਲ ਸਿੰਘ ਸਨ। ਵਿਦਵਾਨਾਂ ਨੇ ਕਿਹਾ ਕਿ ਪੰਜਾਬ ਬਾਰੇ ਸਮੇਂ-ਸਮੇਂ 'ਤੇ ਵੱਖ-ਵੱਖ ਕਹਾਣੀਆਂ ਬਣਦੀਆਂ ਹਨ ਜੋ ਪੰਜਾਬ ਨੂੰ ਸਮਝਣ ਲਈ ਸਹਾਇਕ ਹੋ ਸਕਦੀਆਂ ਹਨ। ਇਸ ਸਮੇਂ ਪੰਜਾਬ ਵਿਚ ਵਿਨਾਸ਼ਕਾਰੀ ਅਤੇ ਉਸਾਰੂ ਦੋਵੇਂ ਕਿਸਮ ਦੀ ਹਿੰਸਾ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਇਸੇ ਤਰ੍ਹਾਂ ਵਿਸ਼ਵ ਵਿਚ ਪੰਜਾਬੀ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਵਿਸ਼ਵ ਕਾਨਫਰੰਸਾਂ ਦਾ ਮਾਤ-ਭਾਸ਼ਾ ਦੀ ਤਰੱਕੀ ਵਿਚ ਯੋਗਦਾਨ ਜਗਤ ਪੰਜਾਬੀ ਸਭਾ, ਕੈਨੇਡਾ ਵੱਲੋਂ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਅਜਾਇਬ ਸਿੰਘ ਚੱਠਾ ਨੇ ਕੀਤੀ।

ਮੇਲੇ ਵਿਚ ਸੰਜੀਦਾ ਸੰਗੀਤਕ ਪੇਸ਼ਕਾਰੀਆਂ ਵੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਪੰਜੇ ਦਿਨਾਂ ਦੀਆਂ ਸ਼ਾਮਾਂ ਸੰਗੀਤਕ ਪੇਸ਼ਕਾਰੀਆਂ ਨਾਲ ਸਜੀਆਂ ਰਹੀਆਂ, ਇਨ੍ਹਾਂ ਵਿਚ ਸੂਫੀ ਗਾਇਕ ਯਾਕੂਬ, ਬਾਬਾ ਬੇਲੀ, ਗੁਰਮੀਤ ਬਾਵਾ ਨੂੰ ਸਮਰਪਿਤ ਗਲੋਰੀ ਬਾਵਾ ਦੀ ਸੰਗੀਤਕ ਪੇਸ਼ਕਾਰੀ ਅਤੇ ਹਰਿੰਦਰ ਸੋਹਲ ਨੇ ਵੀ ਨਵੀਂ ਪੰਜਾਬੀ ਗਾਇਕੀ ਦੇ ਰੰਗ ਪੇਸ਼ ਕੀਤੇ।

ਮੇਲੇ ਦੌਰਾਨ ਮੁੱਲਵਾਨ ਰਚਨਾਵਾਂ ਲੋਕ-ਅਰਪਣ ਵੀ ਕੀਤੀਆਂ ਗਈਆਂ। ਜਿਨ੍ਹਾਂ ਵਿਚ ਕਾਲਜ ਦਾ ਖੋਜ ਰਸਾਲਾ 'ਸੰਵਾਦ-17', 'ਖ਼ਾਲਸਾ ਕਾਲਜ ਅੰਮ੍ਰਿਤਸਰ - ਚਾਨਣ ਮੁਨਾਰਾ' (ਕੌਫੀ ਟੇਬਲ ਬੁੱਕ), ਸ. ਹਰਭਜਨ ਸਿੰਘ ਚੀਮਾ ਦੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ-ਸਿੱਖ ਰਾਜ ਦੀਆਂ ਬਾਤਾਂ', ਡਾ. ਹਰਦੇਵ ਸਿੰਘ ਦੀ ਪੁਸਤਕ 'ਭਾਈ ਨੰਦ ਲਾਲ ਦੀਆਂ ਰਚਨਾਵਾਂ ਅਤੇ ਸਿੱਖ ਫਲਸਫਾ', ਅਜੈਪਾਲ ਸਿੰਘ ਢਿੱਲੋਂ ਦੀ ਕਾਵਿ ਪੁਸਤਕ 'ਅਜਮਲ', ਪਰਮਿੰਦਰ ਸੋਢੀ ਅਤੇ ਅਮਨਦੀਪ ਮਨੂ ਦੀ ਸਾਂਝੀ ਪੁਸਤਕ 'ਕੁਦਰਤ ਨਾਦ', ਪਰਗਟ ਸਿੰਘ ਸਤੌਜ ਦਾ ਨਾਵਲ '1947', ਡਾ. ਪਰਮਜੀਤ ਸਿੰਘ ਢੀਂਗਰਾ ਦੀ ਪੁਸਤਕ 'ਗੁਲਾਮੀ ਦੀ ਦਾਸਤਾਨ', ਵਾਹਿਦ ਦੀ ਪੁਸਤਕ 'ਪ੍ਰਿਜ਼ਮ 'ਚੋਂ ਲੰਘਦਾ ਸ਼ਹਿਰ', ਹਰਜੋਤ ਦੁਆਰਾ ਅਨੁਵਾਦਤ ਅਮਿਤ ਖਾਨ ਦੀ ਪੁਸਤਕ 'ਨਾਈਟ ਕਲੱਬ', ਪ੍ਰਵਾਸੀ ਪੰਜਾਬੀ ਸਾਹਿਤਕਾਰ ਗੁਰਚਰਨ ਸਿੰਘ ਸੱਗੂ ਦੀ ਪੁਸਤਕ 'ਵੇਖਿਆ ਸ਼ਹਿਰ ਬੰਬਈ' ਦਾ ਦੂਸਰਾ ਐਡੀਸ਼ਨ ਸ਼ਾਮਿਲ ਸਨ।

ਇਸ ਮੇਲੇ ਦੀ ਖਾਸ ਪ੍ਰਾਪਤੀ ਇਹ ਹੈ ਕਿ ਇਕ ਪਾਸੇ ਸਮਾਗਮਾਂ ਵਾਲਾ ਪੰਡਾਲ ਦਰਸ਼ਕਾਂ/ਸਰੋਤਿਆਂ ਨਾਲ ਭਰਿਆ ਰਿਹਾ ਅਤੇ ਦੂਸਰੇ ਪਾਸੇ 70 ਤੋਂ ਵੱਧ ਪੁਸਤਕਾਂ ਦੀਆਂ ਦੁਕਾਨਾਂ ਉਪਰ ਪੁਸਤਕ ਪ੍ਰੇਮੀਆਂ ਦੀ ਸਵੇਰੇ 10 ਵਜੇ ਤੋਂ ਹੀ ਰੌਣਕ ਸ਼ੁਰੂ ਹੋ ਜਾਂਦੀ ਜੋ ਸ਼ਾਮ 6-7 ਵਜੇ ਤੱਕ ਖ਼ਾਲਸਾ ਕਾਲਜ ਨੂੰ ਮੇਲੇ ਦਾ ਰੂਪ ਦੇਈ ਰੱਖਦੀ। ਇਨ੍ਹਾਂ ਪੁਸਤਕ ਪ੍ਰੇਮੀਆਂ ਵਿਚ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਕੁਦਰਤੀ ਵਸਤੂਆਂ ਵੇਚਣ ਵਾਲਿਆਂ ਦੇ ਪੰਡਾਲਾਂ ਵਿਚ ਵੀ ਦਰਸ਼ਕਾਂ ਨੇ ਵਿਸ਼ੇਸ਼ ਰੁਚੀ ਵਿਖਾਈ।

ਸਾਹਿਤ ਮੇਲੇ ਵਿਚ ਕੁਦਰਤੀ ਵਸਤੂਆਂ ਦੀ ਵਿਕਰੀ ਸਮੇਤ ਲੱਖਾਂ ਦੀ ਗਿਣਤੀ ਵਿਚ ਪੁਸਤਕਾਂ ਵਿਕੀਆਂ। ਇਸ ਨਾਲ ਪੰਜਾਬ ਵਿਚ ਪੁਸਤਕਾਂ ਦੀ ਕਦਰ ਦੇ ਮਾਹੌਲ ਉਪਰ ਤਸੱਲੀ ਪ੍ਰਗਟ ਕੀਤੀ ਜਾ ਸਕਦੀ ਹੈ। ਭਾਵੇਂ ਸਾਹਿਤ ਮੇਲਾ ਸੱਤਵੀਂ ਵਾਰੀ ਹੋ ਰਿਹਾ ਹੈ ਪਰ ਜਦੋਂ ਖਾਲਸਾ ਕਾਲਜ ਦੇ ਇਤਿਹਾਸ ਵੱਲ ਦੇਖਦੇ ਹਾਂ ਤਾਂ ਇਹ ਮਾਣ ਵਾਲੀ ਗੱਲ ਹੈ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ 130 ਸਾਲ ਦਾ ਸ਼ਾਨਦਾਰ ਇਤਿਹਾਸ ਹੈ। ਇਸ ਪੁਸਤਕ ਮੇਲੇ ਦਾ ਪ੍ਰਬੰਧਕ ਪੰਜਾਬੀ ਵਿਭਾਗ ਪੂਰੀ ਦੁਨੀਆ ਵਿਚ ਪੰਜਾਬੀ ਅਕਾਦਮਿਕਤਾ ਦੇ ਖੇਤਰ ਵਿਚ ਮੋਢੀ ਤੇ ਮਾਣਯੋਗ ਪ੍ਰਾਪਤੀਆਂ ਲਈ ਜਾਣਿਆ ਜਾਂਦਾ ਹੈ। ਕਾਲਜ ਦੇ ਪੰਜਾਬੀ ਵਿਭਾਗ ਦਾ ਗੌਰਵਮਈ ਇਤਿਹਾਸ ਹੈ। 1949 ਵਿਚ ਐਮ.ਏ. ਪੰਜਾਬੀ ਆਰੰਭ ਕਰਨ ਵਾਲਾ ਪੰਜਾਬੀ ਜ਼ੁਬਾਨ ਦਾ ਇਹ ਪਹਿਲਾ ਵਿਭਾਗ ਹੈ। ਇਹ ਵਿਭਾਗ ਅਕਾਦਮਿਕ, ਸਾਹਿਤਕ, ਖੋਜ ਤੇ ਸੰਵਾਦ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹੈ। ਵਿਭਾਗ ਆਪਣੀ ਮਹਾਨ ਚਿੰਤਨ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਸਮਕਾਲ ਨਾਲ ਸੰਵਾਦ ਰਚਾ ਰਿਹਾ ਹੈ ਅਤੇ ਭਵਿੱਖ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਦੇ ਨਕਸ਼ ਤਲਾਸ਼ਦਾ ਹੋਇਆ ਨਿਰੰਤਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁੱਲਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾ ਰਿਹਾ ਹੈ। ਆਸ ਹੈ ਕਿ ਖਾਲਸਾ ਕਾਲਜ ਇਸ ਤਰ੍ਹਾਂ ਦੇ ਮੁੱਲਵਾਨ ਕਾਰਜ ਕਰਦਾ ਰਹੇਗਾ ਤੇ ਇੱਥੇ ਕਿਤਾਬ, ਸ਼ਬਦ, ਸੰਵਾਦ ਤੇ ਸੰਗੀਤ ਦੀ ਜੋਤ ਜਗਦੀ ਰਹੇਗੀ...।



# ਨੋਬੇਲ ਇਨਾਮ: ਨਿਰੋਲਤਾ ਦੀ ਭਾਲ ਅਤੇ ਪੇਚੀਦਗੀ ਦੀਆਂ ਪਰਤਾਂ

**ਨੋਬੇਲ ਪੁਰਸਕਾਰ ਹਾਸਿਲ ਕਰਨ ਵਾਲੇ ਵਿਗਿਆਨੀਆਂ, ਸਾਹਿਤਕਾਰਾਂ ਅਤੇ ਅਰਥ ਸ਼ਾਸਤਰੀਆਂ ਦੇ ਕੰਮ ਅਤੇ ਜ਼ਿੰਦਗੀ ਦਾ ਬਿਆਨੀਆ ਤਿਆਰ ਕਰਨਾ ਮੀਡੀਆ ਅਤੇ ਵਿਦਿਅਕ ਅਦਾਰਿਆਂ ਦੀ ਦਿਲਚਸਪੀ ਰਿਹਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਨੋਬੇਲ ਇਨਾਮ ਜੇਤੂਆਂ ਬਾਰੇ ਉਚੇਚੇ ਸਮਾਗਮ ਕਰਵਾਏ ਜਿਨ੍ਹਾਂ ਬਾਰੇ ਵਿਸਥਾਰ ਸਹਿਤ ਚਰਚਾ ਯੂਨੀਵਰਸਿਟੀ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਨੇ ਕੀਤੀ ਹੈ।**

ਨੋਬੇਲ ਪੁਰਸਕਾਰ ਪੰਜ ਵੱਖ-ਵੱਖ ਵਿਸ਼ਿਆਂ ਵਿਚ ਉੱਚ ਮਿਆਰੀ ਖੋਜ ਕਰਨ ਵਾਲੇ ਵਿਗਿਆਨੀਆਂ ਅਤੇ ਅਰਥ ਸ਼ਾਸਤਰੀਆਂ ਅਤੇ ਸਾਹਿਤਕਾਰਾਂ ਨੂੰ ਦਿੱਤਾ ਜਾਂਦਾ ਹੈ। ਵਿਗਿਆਨ ਵਿਚ ਤਿੰਨ ਵਿਸ਼ੇ ਭੌਤਿਕ ਵਿਗਿਆਨ, ਸਰੀਰ ਵਿਗਿਆਨ ਅਤੇ ਰਾਸਾਇਣ ਵਿਗਿਆਨ ਹਨ। ਅਰਥ ਸ਼ਾਸਤਰ ਅਤੇ ਸਾਹਿਤ ਹਨ। ਇਨ੍ਹਾਂ ਤੋਂ ਇਲਾਵਾ ਅਮਨ ਕਾਇਮ ਕਰਨ ਲਈ ਕੀਤੇ ਉਪਰਾਲਿਆਂ ਲਈ ਨੋਬੇਲ ਪੁਰਸਕਾਰ ਦਿੱਤਾ ਜਾਂਦਾ ਹੈ। ਸਵੀਡਿਸ਼ ਖੋਜੀ ਅਤੇ ਸਨਅਤਕਾਰ ਐਲਫਰਡ ਨੋਬੇਲ ਦੀ ਵਸੀਅਤ ਮੁਤਾਬਕ ਉਸ ਦੀ ਪੂੰਜੀ ਨਾਲ 1901 ਤੋਂ ਪੰਜ ਨੋਬੇਲ ਪੁਰਸਕਾਰ ਦਿੱਤੇ ਜਾਂਦੇ ਹਨ ਅਤੇ ਅਰਥ ਸ਼ਾਸਤਰ ਦਾ ਛੇਵਾਂ ਨੋਬੇਲ ਪੁਰਸਕਾਰ ਦਰਅਸਲ ਸਵੀਰਿਗਜ਼ ਰੀਕਸਬੈਂਕ ਪ੍ਰਾਈਜ਼ ਹੈ ਜੋ ਐਲਫਰਡ ਨੋਬੇਲ ਦੀ ਯਾਦ ਵਿਚ ਅਰਥ ਵਿਗਿਆਨ ਦੇ ਵਿਸ਼ੇ ਵਿਚ 1968 ਤੋਂ ਬੈਂਕ ਆਫ ਸਵੀਡਨ ਨੇ ਸ਼ੁਰੂ ਕੀਤਾ ਸੀ ਅਤੇ 1969 ਵਿਚ ਪਹਿਲੀ ਵਾਰ ਦਿੱਤਾ ਗਿਆ। ਇਹ ਤਕਨੀਕੀ ਪੱਖੋਂ



**ਦਲਜੀਤ ਅਮੀ**
**ਫੋਨ: +91-72919-77145**

ਨੋਬੇਲ ਪੁਰਸਕਾਰ ਨਹੀਂ ਹੈ ਪਰ ਇਸ ਦੀ ਪਛਾਣ ਨੋਬੇਲ ਪੁਰਸਕਾਰਾਂ ਨਾਲ ਬੱਝੀ ਹੋਈ ਹੈ ਕਿਉਂਕਿ ਪੁਰਸਕਾਰ ਹਾਸਿਲ ਕਰਨ ਵਾਲਿਆਂ ਦੇ ਨਾਮਾਂ ਦਾ ਐਲਾਨ ਇਕੱਠਾ ਕੀਤਾ ਜਾਂਦਾ ਹੈ ਅਤੇ ਇਹ ਇੱਕੋ ਸਮਾਗਮ ਵਿਚ ਤਕਸੀਮ ਕੀਤੇ ਜਾਂਦੇ ਹਨ।

ਨੋਬੇਲ ਪੁਰਸਕਾਰ ਹਾਸਿਲ ਕਰਨ ਵਾਲੇ ਵਿਗਿਆਨੀਆਂ, ਸਾਹਿਤਕਾਰਾਂ ਅਤੇ ਅਰਥ ਸ਼ਾਸਤਰੀਆਂ ਦੇ ਕੰਮ ਅਤੇ ਜ਼ਿੰਦਗੀ ਦਾ ਬਿਆਨੀਆ ਤਿਆਰ ਕਰਨਾ ਮੀਡੀਆ ਅਤੇ ਵਿਦਿਅਕ ਅਦਾਰਿਆਂ ਦੀ ਦਿਲਚਸਪੀ ਰਿਹਾ ਹੈ। ਇਹ ਬਿਆਨੀਆ ਪਾਠਕਾਂ, ਸਰੋਤਿਆਂ ਅਤੇ ਦਰਸ਼ਕਾਂ ਦੇ ਮੁਹਾਂਦਰੇ ਮੁਤਾਬਕ ਸੰਖੇਪ ਜਾਂ ਤਫ਼ਸੀਲ ਅਤੇ ਰਸਾਈ ਨੂੰ ਧਿਆਨ ਵਿਚ ਰੱਖ ਕੇ ਸੰਘਣਾ ਜਾਂ ਪੇਤਲਾ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਬੋਲੀਆਂ ਵਿਚ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਰਸਾਈ ਦਾ ਘੇਰਾ ਮੋਕਲਾ ਹੋ ਸਕੇ। ਇਸ ਲੇਖ ਦਾ ਬੁਨਿਆਦੀ ਮਕਸਦ ਪੰਜਾਬੀ ਯੂਨੀਵਰਸਿਟੀ ਵਿਚ ਸ਼ੁਰੂ ਕੀਤੇ ਸਾਲਾਨਾ ਸਮਾਗਮ ਦੇ ਹਵਾਲੇ ਨਾਲ ਵੱਖ-ਵੱਖ ਵਿਸ਼ਿਆਂ ਦੇ ਗਿਆਨ ਨਾਲ ਉਭਰਦੀਆਂ ਸਾਂਝੀਆਂ ਤੰਦਾਂ ਦੀ ਨਿਸ਼ਾਨਦੇਹੀ ਕਰਨਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਨੋਬੇਲ ਪੁਰਸਕਾਰਾਂ ਦੇ ਹਵਾਲੇ ਨਾਲ ਸਾਲਾਨਾ ਸਮਾਗਮ ਦੀ ਵਿਉਂਤਬੰਦੀ ਕੀਤੀ ਹੈ ਜਿਸ ਵਿਚ ਨੋਬੇਲ ਪੁਰਸਕਾਰ ਹਾਸਿਲ ਕਰਨ ਵਾਲੇ ਵਿਗਿਆਨੀਆਂ, ਅਰਥ ਸ਼ਾਸਤਰੀਆਂ ਅਤੇ ਸਾਹਿਤਕਾਰਾਂ ਦੇ ਕੰਮ ਦਾ ਬਿਆਨੀਆ ਪੰਜਾਬੀ ਵਿਚ ਉਸੇ ਵਿਸ਼ੇ ਦੇ ਮਾਹਿਰ ਰਾਹੀਂ ਪੇਸ਼ ਕੀਤਾ ਜਾਵੇਗਾ। ਇੱਕ ਸਮਾਗਮ ਵਿਚ ਪੰਜ ਖ਼ਸੂਸੀ ਭਾਸ਼ਨਾਂ ਰਾਹੀਂ ਇਹ ਬਿਆਨੀਆ ਪੇਸ਼ ਹੋਵੇਗਾ ਜਿਸ ਦੀ ਸ਼ੁਰੂਆਤ 2022 ਦੇ ਨੋਬੇਲ ਪੁਰਸਕਾਰਾਂ ਬਾਰੇ ਪਹਿਲੀ ਫਰਵਰੀ 2023 ਨੂੰ ਕੀਤੇ ਸਮਾਗਮ ਨਾਲ ਕੀਤੀ ਗਈ ਹੈ।

ਪੰਜਾਬੀ ਯੂਨੀਵਰਸਿਟੀ ਦੇ ਸਮਾਗਮ ਦੀ ਖ਼ਾਸੀਅਤ ਇਹ ਹੈ ਕਿ ਸਾਰੇ ਵਿਸ਼ਿਆਂ ਦਾ ਬਿਆਨੀਆ ਇੱਕ ਮੰਚ ਉੱਤੇ ਪੇਸ਼ ਕੀਤਾ ਜਾਵੇਗਾ। ਹਾਲੀਆ ਦੌਰ ਵਿਚ ਵਿਦਿਅਕ ਅਦਾਰਿਆਂ ਅੰਦਰ ਵਿਸ਼ਿਆਂ ਦੀ ਘੇਰਾਬੰਦੀ ਜਾਂ ਖ਼ਾਨਾਬੰਦੀ ਇਸ ਤਰ੍ਹਾਂ ਹੋ ਗਈ ਹੈ ਕਿ ਖ਼ਸੂਸੀ ਵਿਸ਼ੇ ਦਾ ਗਿਆਨ ਉਸੇ ਤੱਕ ਮਹਿਦੂਦ ਰਹਿ ਜਾਂਦਾ ਹੈ। ਇਸ ਮਸ਼ਕ ਦੇ ਲਗਾਤਾਰ ਜਾਰੀ ਰਹਿਣ ਨਾਲ ਹਰ ਵਿਸ਼ੇ ਦੀ ਆਪਣੀ ਪੇਸ਼ੇਵਰ ਬੋਲੀ ਅਜਿਹੀ ਹੋ ਜਾਂਦੀ ਹੈ ਕਿ ਇਸ ਨਾਲ ਦੂਜੇ ਵਿਸ਼ਿਆਂ ਵਿਚ ਕਾਰਜਸ਼ੀਲ ਜਗਿਆਸੂ ਮਨੁੱਖ ਤੱਕ ਦਾ ਵੀ ਉਤਸ਼ਾਹ ਮੱਠਾ ਪੈ ਜਾਂਦਾ ਹੈ। ਨੋਬੇਲ ਪੁਰਸਕਾਰ ਤਕਸੀਮ ਕਰਨ ਵਾਲੇ ਸਮਾਗਮ ਤੋਂ ਬਾਅਦ ਇਨ੍ਹਾਂ ਦਾ ਬਿਆਨੀਆ ਵਿਸ਼ਿਆਂ ਦੀ ਘੇਰਾਬੰਦੀ ਤੱਕ ਮਹਿਦੂਦ ਹੋ ਜਾਂਦਾ ਹੈ ਅਤੇ ਇਸ ਦੀ ਅਵਾਮੀ ਰਸਾਈ ਦਾ ਕੰਮ ਮੀਡੀਆ ਅਦਾਰਿਆਂ ਦੇ ਹਿੱਸੇ ਆਉਂਦਾ ਹੈ ਜੋ ਜ਼ਿਆਦਾਤਰ ਪੇਤਲਾ ਅਤੇ ਡੰਗ-ਟਪਾਊ ਹੋ ਜਾਂਦਾ ਹੈ। ਇਹ ਬਿਆਨੀਆ ਜਗਿਆਸੂ ਮਨੁੱਖ ਨੂੰ ਜਾਣਕਾਰੀ ਦਿੰਦਾ ਹੈ ਪਰ ਉਸ ਦੇ ਗਿਆਨ ਵਿਚ ਵਾਧਾ ਕਰਨ ਦਾ ਤਰੱਦਦ ਨਹੀਂ ਕਰਦਾ।

ਇਸ ਪੱਖੋਂ ਪੰਜਾਬੀ ਯੂਨੀਵਰਸਿਟੀ ਦਾ ਉਪਰਾਲਾ ਨਿਵੇਕਲਾ ਹੈ ਜੋ ਪੰਜਾਬੀ ਮਨੁੱਖ ਲਈ ਇਹ ਬਿਆਨੀਆ ਤਿਆਰ ਕਰਨ ਦਾ ਕੰਮ ਕਰੇਗਾ। ਅਜਿਹੀ ਮਸ਼ਕ ਦਾ ਮਕਸਦ ਪਹਿਲੇ ਸਮਾਗਮ ਵਿਚ ਨਜ਼ਰ ਆਇਆ ਜਿੱਥੇ ਪ੍ਰੋ. ਹਿਮੇਂਦਰ ਭਾਰਤੀ, ਪ੍ਰੋ. ਪੁਸ਼ਪਿੰਦਰ ਸਿਆਲ, ਪ੍ਰੋ. ਅਰਵਿੰਦ, ਪ੍ਰੋ. ਪੂਨਮ ਪਤਿਆਰ ਅਤੇ ਡਾ. ਰਾਕੇਸ਼ ਕੁਮਾਰ ਨੇ ਕ੍ਰਮਵਾਰ ਸਰੀਰ ਵਿਗਿਆਨ, ਸਾਹਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਅਰਥ ਵਿਗਿਆਨ ਦੇ ਨੋਬੇਲ ਪੁਰਸਕਾਰਾਂ ਬਾਰੇ ਭਾਸ਼ਨ ਦਿੱਤੇ।

ਹਿਮੇਂਦਰ ਭਾਰਤੀ ਨੇ ਸਵਾਂਤੇ ਪਾਬੋ ਦੀ ਨੋਬੇਲ ਪੁਰਸਕਾਰ ਹਾਸਿਲ ਕਰਨ ਵਾਲੀ ਖੋਜ ਬਾਰੇ ਦੱਸਿਆ ਕਿ ਇਸ ਖੋਜ ਨਾਲ ਮਨੁੱਖੀ ਵਿਗਾਸ ਬਾਰੇ ਸੂਝ ਵਿਚ ਚੋਖਾ ਵਾਧਾ ਹੋਇਆ ਹੈ। ਇਸ ਖੋਜ ਨਾਲ ਮਨੁੱਖ ਦੇ ਨਸਲੀ ਤੱਤ, ਧਰਤੀ ਉੱਤੇ ਮਨੁੱਖੀ ਆਮਦ ਦੇ ਸਫ਼ਰ, ਅੰਤਰ-ਨਸਲੀ ਰਿਸ਼ਤਿਆਂ ਅਤੇ ਇਨ੍ਹਾਂ ਰਿਸ਼ਤਿਆਂ ਰਾਹੀਂ ਹੋਏ ਵਿਗਾਸ ਬਾਰੇ ਸਮਝ ਵਧੀ ਹੈ। ਇਸ ਖੋਜ ਦਾ ਅਸਰ ਵਿਗਿਆਨ ਦੇ ਨਾਲ-ਨਾਲ ਸਮਾਜਿਕ ਵਿਗਿਆਨ ਦੀ ਸਮਝ ਵਿਚ ਤਬਦੀਲੀਆਂ ਆਉਣ ਵਾਲੀਆਂ ਹਨ। ਹਿਮੇਂਦਰ ਨੇ ਤਫ਼ਸੀਲ ਨਾਲ ਬਿਆਨੀਆ ਦਿੱਤਾ ਕਿ ਸਵਾਂਤੇ ਪਾਬੋ ਨੇ ਦਹਾਕਿਆਂ ਬੱਧੀ ਖੋਜ ਕੀਤੀ ਹੈ ਜਿਸ ਨਾਲ ਇੱਕ ਪਾਸੇ ਤਾਂ ਡੀ.ਐੱਨ.ਏ. ਦੀ ਪੜ੍ਹਤ ਲਈ ਲੋੜੀਂਦੀ ਮਿਕਦਾਰ ਅਤੇ ਮਿਆਰ ਦਾ ਹਿਸਾਬ ਬਿਹਤਰ ਹੋ ਗਿਆ ਹੈ। ਮਨੁੱਖ ਦੀ ਆਪਣੇ ਮੁੱਢ ਬਾਰੇ ਜਗਿਆਸਾ ਨੇ





*ਐਲਫਰਡ ਨੋਬੇਲ ਜਿਨ੍ਹਾਂ ਦੇ ਨਾਂ 'ਤੇ ਨੋਬੇਲ ਇਨਾਮ ਦਿੱਤੇ ਜਾਂਦੇ ਹਨ ਅਤੇ (ਸੱਜੇ) ਡਾ. ਰਾਕੇਸ਼ ਕੁਮਾਰ, ਪ੍ਰੋ. ਪੁਸ਼ਪਿੰਦਰ ਸਿਆਲ, ਪ੍ਰੋ. ਅਰਵਿੰਦ, ਪ੍ਰੋ. ਪੂਨਮ ਪਤਿਆਰ ਤੇ ਪ੍ਰੋ. ਹਿਮੇਂਦਰ ਭਾਰਤੀ ਜਿਨ੍ਹਾਂ ਨੋਬੇਲ ਇਨਾਮਾਂ ਬਾਰੇ ਤਬਸਰਾ ਕੀਤਾ।*

ਗਿਆਨ ਦੀ ਨਵੀਂ ਪੌੜੀ ਚੜ੍ਹੀ ਹੈ। ਪਾਬੋ ਦੀ ਖੋਜ ਨੇ ਸਾਬਿਤ ਕੀਤਾ ਹੈ ਕਿ ਵਿਗਾਸ ਦੌਰਾਨ ਨਿਆਂਨਡਰਥਾਲ ਅਤੇ ਡੈਨੀਸੋਵਾ ਵਰਗੇ ਫ਼ਨਾਹ ਹੋ ਚੁੱਕੇ ਜੀਵ ਮਨੁੱਖੀ ਪੁਰਖਿਆਂ ਵਿਚ ਸ਼ੁਮਾਰ ਸਨ। ਇਹ ਪੁਰਖੇ ਮਨੁੱਖ ਦੇ ਵੇਲ ਵਾਧੇ ਵਿਚ ਸੰਗ-ਸੇਜ ਰਹੇ ਹਨ। ਇਨ੍ਹਾਂ ਪੁਰਖਿਆਂ ਦੇ ਨਸਲੀ ਤੱਤ ਦੇ ਮਨੁੱਖੀ ਵਿਗਾਸ ਵਿਚ ਅਸਰਅੰਦਾਜ਼ ਹੋਣ ਨਾਲ ਮਨੁੱਖ ਕਈ ਬਿਮਾਰੀਆਂ ਨਾਲ ਲੜਨ ਦੇ ਕਾਬਿਲ ਹੋਇਆ ਹੈ ਅਤੇ ਕਈਆਂ ਦੀ ਜੱਦ ਵਿਚ ਆਇਆ ਹੈ। ਮਨੁੱਖ, ਨਿਆਂਨਡਰਥਾਲ ਅਤੇ ਡੈਨੀਸੋਵਾ ਦੀ ਸੰਗ-ਸੇਜੀ ਵਿਚੋਂ ਹੋਇਆ ਵੇਲ ਵਾਧਾ ਇਹ ਸਮਝਣ ਵਿਚ ਸਹਾਈ ਹੋਇਆ ਹੈ ਕਿ ਧਰਤੀ ਉੱਤੇ ਮਨੁੱਖ ਨੇ ਆਪਣੇ ਵਧਾਰੇ ਦਾ ਸਫ਼ਰ ਕਿਵੇਂ ਕੀਤਾ ਹੈ। ਸਵਾਂਤੇ ਪਾਬੋ ਨੇ ਡੀ.ਐੱਨ.ਏ. ਦੇ ਅਧਿਐਨ ਰਾਹੀਂ ਮਨੁੱਖ ਦੇ ਪੁਰਖਿਆਂ ਦੇ ਨਸਲੀ-ਘੋਲ-ਮੇਲ ਦੀ ਥਾਹ ਪਾਈ ਹੈ। ਉਨ੍ਹਾਂ ਦੀ ਖੋਜ ਵਿਚ ਇੱਕ ਪਾਸੇ ਪ੍ਰਯੋਗਸ਼ਾਲਾਵਾਂ ਅੰਦਰ ਹੋਇਆ ਕੰਮ ਹੈ ਅਤੇ ਦੂਜੇ ਪਾਸੇ ਪੁਰਾਤਤਵ ਵਿਗਿਆਨ ਦਾ ਸਹੇਜਿਆ ਗਿਆਨ ਕੰਮ ਆਇਆ ਹੈ। ਹਿਮੇਂਦਰ ਨੇ ਸਾਫ਼ ਸ਼ਬਦਾਂ ਵਿਚ ਸਪਸ਼ਟ ਕੀਤਾ ਕਿ 'ਨਿਰੋਲ ਨਸਲ' ਦੀ ਧਾਰਨਾ ਬੇਮਾਇਨਾ ਹੈ ਅਤੇ ਉਸ ਦੀ ਬੁਨਿਆਦ ਉੱਤੇ ਬਣੀ ਮਜ਼ਹਬੀ-ਸਿਆਸੀ ਸਮਝ ਅਗਿਆਨਤਾ ਹੈ। ਨਸਲੀ ਖੋਟ ਵਿਗਾਸ ਦਾ ਸਦੀਵੀ ਤੱਤ ਹੈ ਜਿਸ ਨਾਲ ਨਸਲੀ ਤਬਦੀਲੀਆਂ ਆਉਂਦੀਆਂ ਹਨ। ਨਵੀਆਂ ਨਸਲਾਂ ਬਣਦੀਆਂ ਹਨ। ਪੁਰਾਣੀਆਂ ਅਤੇ ਨਵੀਆਂ ਨਾਲੋ-ਨਾਲ ਵਿਚਰਦੀਆਂ ਹਨ। ਕਈ ਵਾਰ ਪੁਰਾਣੀਆਂ ਖ਼ਤਮ ਹੋ ਜਾਂਦੀਆਂ ਹਨ। ਕਈ ਵਾਰ ਪੁਰਾਣੀਆਂ ਆਪਣਾ ਨਸਲੀ ਖ਼ਾਸਾ ਤਬਦੀਲ ਕਰ ਲੈਂਦੀਆਂ ਹਨ। ਇਹ ਸਮੁੱਚਾ ਰੁਝਾਨ ਆਪਣੀ ਪੇਚੀਦਗੀ ਸਮੇਤ ਲਗਾਤਾਰ ਸਰਗਰਮ ਰਹਿੰਦਾ ਹੈ। ਇਸ ਗਤੀ ਵਿਚ ਵੇਲ-ਵਾਧਾ ਹੁੰਦਾ ਹੈ ਜੋ ਬੁਨਿਆਦੀ ਖ਼ਾਸਾ ਕਾਇਮ ਰੱਖਦਾ ਹੋਇਆ ਹਰ ਮੋੜ ਉੱਤੇ ਖੋਟ ਨਾਲ ਨਵੀਂ ਜ਼ਰਬ-ਤਕਸੀਮ ਕਰਦਾ ਹੈ, ਜਮ੍ਹਾ-ਮਨਫ਼ੀ ਹੁੰਦਾ ਹੈ।

ਸਾਹਿਤ ਵਿਚ ਇਸ ਵਾਰ ਦਾ ਨੋਬੇਲ ਪੁਰਸਕਾਰ ਐਨੀ ਅਰਨੌਕਸ ਨੂੰ ਮਿਲਿਆ ਹੈ ਜੋ ਫਰਾਂਸ ਦੀ ਸ਼ਹਿਰੀ ਹੈ। ਸਮਾਜ ਵਿਗਿਆਨ ਪੜ੍ਹਾਉਂਦੀ ਰਹੀ ਹੈ। ਪੁਸ਼ਪਿੰਦਰ ਸਿਆਲ ਨੇ ਐਨੀ ਅਰਨੌਕਸ ਦੀ ਸ਼ਖ਼ਸੀਅਤ ਅਤੇ ਸਾਹਿਤ ਦਾ ਬਿਆਨੀਆ ਪੇਸ਼ ਕੀਤਾ। ਐਨੀ ਅਰਨੌਕਸ ਨੂੰ ਪੁਰਸਕਾਰ ਉਨ੍ਹਾਂ ਦੀ 'ਦਲੇਰੀ ਅਤੇ ਤੁਰਸ਼ਬਿਆਨੀ' ਲਈ ਦਿੱਤਾ ਗਿਆ ਹੈ ਜਿਸ ਰਾਹੀਂ ਉਹ 'ਜੜ੍ਹਾਂ, ਬੇਗਾਨਗੀ ਅਤੇ ਨਿੱਜ ਉੱਤੇ ਲੱਗੇ ਸਮਾਜਿਕ ਬੰਧੇਜ' ਦੀਆਂ ਰਮਜ਼ਾਂ ਫਰੋਲਦੀ ਹੈ। ਪੁਸ਼ਪਿੰਦਰ ਸਿਆਲ ਨੇ ਐਨੀ ਅਰਨੌਕਸ ਦੇ ਸਾਹਿਤ ਨੂੰ ਕਈ ਰਵਾਇਤਾਂ ਦੀ ਲਗਾਤਾਰਤਾ ਵਿਚ ਰੱਖ ਕੇ ਪੇਸ਼ ਕੀਤਾ। ਫਰਾਂਸ ਦੀ ਸਾਹਿਤ ਦੀ ਰੀਤ ਹੈ ਅਤੇ ਸਮਾਜ ਵਿਗਿਆਨ ਦੀ ਰੀਤ ਹੈ। ਉਸ ਦੀ ਲਿਖਤ ਵਿਚ ਨਾਰੀਵਾਦੀ ਸੋਚ ਅਤੇ ਲਹਿਰਾਂ ਦਾ ਅਸਰ ਹੈ। ਉਸ ਉੱਤੇ ਫਰਾਂਸ ਦੇ ਇਤਿਹਾਸ ਦਾ ਵੇਗ ਅਸਰਅੰਦਾਜ਼ ਹੁੰਦਾ ਹੈ। ਉਸ ਦੀ ਆਪਣੀ ਜ਼ਿੰਦਗੀ ਦਾ ਤਜਰਬਾ ਹੈ ਅਤੇ ਕਾਮਾ ਮੇਲ ਦੇ ਮਾਪਿਆਂ ਦੀਆਂ ਯਾਦਾਂ ਹਨ। ਦੂਜੀ ਆਲਮੀ ਜੰਗ ਦਾ ਪਰਛਾਵਾਂ ਪੈਂਦਾ ਹੈ ਅਤੇ ਵੀਹਵੀਂ ਸਦੀ ਦੇ ਦੂਜੇ ਅੱਧ ਦੀ ਭੰਨ-ਟੁੱਟ ਹੈ। ਜਰਮਨ ਦਾ ਖ਼ੌਫ਼ ਫਰਾਂਸ ਦੀ ਸੋਚ ਉੱਤੇ ਤਾਰੀ ਹੈ ਕਿ ਫਰਾਂਸ ਵਿਚ ਬਿਮਾਰੀਆਂ ਦੇ ਨਾਮ ਜਰਮਨ ਬੋਲੀ ਦੇ ਸ਼ਬਦ ਹਨ। ਐਨੀ ਅਰਨੌਕਸ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈਂਦੀ ਹੈ। ਫਲਸਤੀਨ ਦੀ ਹਮਾਇਤ ਕਰਦੀ ਹੈ। ਇਸਰਾਈਲ ਦੇ ਫਰਾਂਸ ਨਾਲ ਵਧ ਰਹੇ ਤਾਲਮੇਲ ਉੱਤੇ ਸੁਆਲ ਕਰਦੀ ਹੈ। ਪੁਸ਼ਪਿੰਦਰ ਸਿਆਲ ਨੇ ਦਲੀਲ ਦਿੱਤੀ ਕਿ ਐਨੀ ਅਰਨੌਕਸ ਦਾ ਸਾਹਿਤ ਇਸ ਸਤਨਾਜੇ ਵਿਚੋਂ ਵਿਗਸਦਾ ਹੈ। ਉਹ ਸ਼ਰਧਾਲੂ ਜਾਂ ਪੀੜਤ ਰਹਿਣ ਦੀ ਥਾਂ ਆਪਣੇ ਬੌਧਿਕ ਤੇਜ਼ ਨਾਲ ਪੜਚੋਲੀਆ ਨਜ਼ਰੀਆ ਉਸਾਰਦੀ ਹੈ। ਉਹ ਲਿੰਗ, ਜਮਾਤ ਅਤੇ ਬੋਲੀ ਦੀਆਂ ਨਾਬਰਾਬਰੀਆਂ ਵਿਚ ਫਸੀ ਹੋਈ ਜ਼ਿੰਦਗੀ ਨੂੰ ਲਗਾਤਾਰ ਵੱਖ-ਵੱਖ ਜ਼ਾਵੀਏ ਤੋਂ ਪੇਸ਼ ਕਰਦੀ ਹੈ। 'ਨਿਰੋਲ ਨਸਲ' ਦਾ ਧੜਵੈਲ ਤਜਰਬੇ ਦੀਆਂ ਯਾਦਾਂ ਨਾਲ ਜਿਉਣ ਵਾਲੀ ਐਨੀ ਅਰਨੌਕਸ ਆਪਣੀ ਸਾਹਿਤ ਰਾਹੀਂ ਇਹ ਰਮਜ਼ ਫਰੋਲ ਰਹੀ ਹੈ ਕਿ 'ਨਿਰੋਲ' ਦੀ ਭਾਲ ਬੇਮਾਇਨਾ ਹੈ। ਰੀਤਾਂ, ਤਜਰਬਿਆਂ, ਯਾਦਾਂ, ਜਗਿਆਸਾ, ਬੌਧਿਕ ਮਸ਼ਕ ਅਤੇ ਇਨਸਾਫ਼ਪਸੰਦੀ ਦੇ ਤਕਾਜ਼ੇ ਦਾ ਪੇਚੀਦਾ ਤਾਣਾ-ਬਾਣਾ ਸਾਹਿਤ ਪੈਦਾ ਕਰਦਾ ਹੈ ਜਿਸ ਦੀ ਰਸਾਈ ਇਸੇ ਪੇਚੀਦਗੀ ਨਾਲ ਹੋਣੀ ਹੈ।

ਭੌਤਿਕ ਵਿਗਿਆਨ ਦਾ ਨੋਬੇਲ ਪੁਰਸਕਾਰ ਤਿੰਨ ਵਿਗਿਆਨੀਆਂ ਅਲੇਨ ਅਸਪੈਕਟ, ਜੌਨ ਕਲੌਜ਼ਰ ਅਤੇ ਐਂਟਨ ਜ਼ੈਲਿੰਗਰ ਨੂੰ ਮਿਲਿਆ ਹੈ। ਪ੍ਰੋ. ਅਰਵਿੰਦ ਨੇ ਇਨ੍ਹਾਂ ਵਿਗਿਆਨੀਆਂ ਦੀ ਖੋਜ ਦਾ ਬਿਆਨੀਆ ਪੇਸ਼ ਕਰਦਿਆਂ ਕਿਹਾ ਕਿ ਕਿ ਭੌਤਿਕ ਵਿਗਿਆਨ ਦੇ ਇਤਿਹਾਸ ਵਿਚ ਇਹ ਨਵਾਂ ਮੋੜ ਹੈ ਜੋ ਮਨੁੱਖੀ ਜਗਿਆਸਾ ਨੂੰ ਗਿਆਨ ਦੀਆਂ ਨਵੀਆਂ ਸੰਭਾਵਨਾਵਾਂ ਦੇ ਮੁਖ਼ਾਤਬ ਕਰਦਾ ਹੈ। ਵੱਖ-ਵੱਖ ਪੜਾਵਾਂ ਉੱਤੇ ਭੌਤਿਕ ਵਿਗਿਆਨ ਦਾ ਦਾਅਵਾ ਰਿਹਾ ਹੈ ਕਿ ਮਾਦੇ ਦੀ ਬਣਤਰ ਅਤੇ ਕਿਰਿਆਸ਼ੀਲਤਾ ਬਾਰੇ ਮੁਕੰਮਲ ਗਿਆਨ ਹੋ ਚੁੱਕਿਆ ਹੈ ਜਾਂ ਹੋਣ ਵਾਲਾ ਹੈ। ਵਿਗਿਆਨਕ ਖੋਜ ਨੇ ਮੁਕੰਮਲ ਗਿਆਨ ਪ੍ਰਾਪਤੀ ਦੇ ਦਾਅਵਿਆਂ ਉੱਤੇ ਤਫ਼ਸੀਲ ਦੀ ਬਾਰੀਕੀ ਅਤੇ ਪਸਾਰੇ ਦੀ ਵਿਸ਼ਾਲਤਾ ਪੱਖੋਂ ਲਗਾਤਾਰ ਕਾਟਾ ਮਾਰਿਆ ਹੈ। ਅਲੇਨ ਅਸਪੈਕਟ ਨੇ 1980-81 ਵਿਚ ਕੁਆਂਟਮ ਮਕੈਨਿਕਸ ਵਿਚ ਖੋਜ ਅੱਗੇ ਵਧਾਈ ਕਿ ਦੋ ਜਾਂ ਦੋ ਤੋਂ ਜ਼ਿਆਦਾ ਕਣ ਬੱਝੀ ਹੋਈ ਹਾਲਤ ਵਿਚ ਹਨ ਪਰ ਜੇ ਬੱਝੇ ਹੋਏ ਜੋਟੇ ਦਾ ਕੋਈ ਕਣ ਨਿਖੜ ਜਾਂਦਾ ਹੈ ਅਤੇ ਉਨ੍ਹਾਂ ਵਿਚਕਾਰ ਫ਼ਾਸਲਾ ਆ ਜਾਂਦਾ ਹੈ ਤਾਂ ਕੀ ਹੋਵੇਗਾ? ਅਲੇਨ ਅਸਪੈਕਟ ਨੇ ਬੱਝੇ ਹੋਏ ਰੌਸ਼ਨੀ ਦੇ ਕਣਾਂ, ਫੋਟੋਨ ਨਾਲ ਨਵੀਂ ਲੀਹ ਪਾਉਣ ਵਾਲੇ ਤਜਰਬੇ ਕੀਤੇ ਜਿਨ੍ਹਾਂ ਨਾਲ ਕੁਆਂਟਮ ਕੰਪਿਊਟਰ, ਕੁਆਂਟਮ ਨੈੱਟਵਰਕ ਅਤੇ ਕੁਆਂਟਮ ਸੰਚਾਰ ਦੇ ਰਾਹ ਖੁੱਲ੍ਹ ਗਏ। ਅਲੇਨ ਅਸਪੈਕਟ ਦੀ ਖੋਜ ਦੀ ਬੁਨਿਆਦ ਜੌਨ ਕਲੌਜ਼ਰ ਦੇ 1972 ਵਿਚ ਕੀਤੇ ਗਏ ਤਜਰਬੇ ਸਨ ਜੋ ਐਂਟਨ ਜ਼ੈਲਿੰਗਰ ਦੇ 1997-98 ਵਿਚ ਕੀਤੇ ਤਜਰਬਿਆਂ ਨਾਲ ਹੋਰ ਅੱਗੇ ਵਧੇ। ਇਸ ਖੋਜ ਰਾਹੀਂ ਕੁਆਂਟਮ ਸੰਚਾਰ ਵਿਗਿਆਨ ਵਿਚ ਖੋਜ ਦੀ ਹੋਰ ਗੁੰਜਾਇਸ਼ ਸਾਹਮਣੇ ਆਈ ਹੈ। ਪ੍ਰੋ ਅਰਵਿੰਦ ਨੇ ਦਲੀਲ ਪੇਸ਼ ਕੀਤੀ ਕਿ ਵਿਗਿਆਨ ਦਾ ਵਧਾਰਾ ਸਾਂਝ ਉੱਤੇ ਟਿਕਿਆ ਹੈ ਜਿਸ ਰਾਹੀਂ ਨਵੇਂ ਦਿਸਹੱਦੇ ਤੈਅ ਹੁੰਦੇ ਹਨ। ਜਾਣੇ ਅਤੇ ਅਣਜਾਣੇ ਦਾ ਦਿਸਹੱਦਾ ਬਦਲਦਾ ਹੈ। ਇਹ ਪੁਰਸਕਾਰ 1972 ਤੋਂ 1997-98 ਦੇ ਤਿੰਨ ਵਿਗਿਆਨੀਆਂ ਦੇ ਪਰਚਿਆਂ ਨੂੰ ਤਸਲੀਮ ਕਰਦਾ ਹੈ ਪਰ ਖੋਜ ਇਸ ਤੋਂ ਪਹਿਲਾਂ ਜਾਰੀ ਸੀ ਜਿਸ ਦਾ ਪਰਚਾ 1972 ਵਿਚ ਛਪਿਆ ਅਤੇ 1997-98 ਤੋਂ ਬਾਅਦ ਵੀ ਜਾਰੀ ਹੈ ਜਿਸ ਦੀ ਅਹਿਮੀਅਤ ਨੂੰ ਹੁਣ ਪਛਾਣ ਮਿਲੀ ਹੈ। ਇਹ ਤਿੰਨ ਵਿਗਿਆਨੀ

(ਬਾਕੀ ਅਗਲੇ ਸਫ਼ੇ 'ਤੇ)







*ਖੱਬਿਓਂ: ਸਰੀਰ ਵਿਗਿਆਨੀ ਸਵਾਂਤੇ ਪਾਬੋ, ਸਾਹਿਤਕਾਰ ਐਨੀ ਅਰਨੌਕਸ ਅਤੇ ਭੌਤਿਕ ਵਿਗਿਆਨੀ ਅਲੇਨ ਅਸਪੈਕਟ, ਜੌਨ ਕਲੌਜ਼ਰ ਤੇ ਐਂਟਨ ਜ਼ੇਲਿੰਗਰ।*

# ਇਨਸਾਨ ਲਈ ਕੁਦਰਤ ਅਤੇ ਵਿਗਿਆਨ ਤੋਂ ਬਿਨਾ ਜੀਣਾ ਅਸੰਭਵ


**ਰਾਸ਼ਟਰੀ ਵਿਗਿਆਨ ਦਿਵਸ 'ਤੇ ਵਿਸ਼ੇਸ਼**

ਇੰਜ: ਜਸਬੀਰ ਸਿੰਘ
ਫੋਨ: 99148-18333

ਸਵੇਰੇ ਉਠਦਿਆਂ ਹੀ ਸਭ ਤੋਂ ਪਹਿਲਾਂ ਆਪਣਾ ਮੋਬਾਈਲ ਦੇਖਣ ਜਾਂ ਕਮਰੇ ਦੀ ਬੱਤੀ ਜਗਾਉਣ ਤੋਂ ਲੈ ਕੇ ਸਾਰੇ ਦਿਨ ਵਿਚ ਜੋ ਵੀ ਅਸੀਂ ਵਰਤਦੇ ਹਾਂ ਵਿਗਿਆਨ ਦੀ ਦੇਣ ਹੈ। ਪੱਥਰਾਂ ਨੂੰ ਤੋੜਨ ਲਈ ਔਜਾਰ ਬਣਾਉਣ, ਆਵਾਜਾਈ ਲਈ ਪਹੀਏ ਦੀ ਕਾਢ ਅਤੇ ਉਸ ਤੋਂ ਬਾਅਦ ਇਨਸਾਨ ਵੱਲੋਂ ਆਪਣੀ ਲੋੜ ਅਨੁਸਾਰ ਕਈ ਹੋਰ ਅਣਗਿਣਤ ਕਾਢਾਂ ਕੱਢੀਆਂ ਗਈਆਂ। ਜਿਵੇਂ ਜਿਵੇਂ ਇਨਸਾਨ ਵਿਚ ਵਿਗਿਆਨ ਦੀ ਸਮਝ ਵਧੀ, ਉਵੇਂ ਉਵੇਂ ਇਨਸਾਨ ਨੇ ਆਪਣੀ ਸੋਚ ਅਤੇ ਜ਼ਰੂਰਤ ਮੁਤਾਬਕ ਯੰਤਰ ਬਣਾਉਣੇ ਸ਼ੁਰੂ ਕੀਤੇ। ਅੱਜ ਦੇ ਸਮੇਂ ਵਿਚ ਹਰੇਕ ਖੇਤਰ ਵਿਚ ਵਰਤੀਆਂ ਜਾਣ ਵਾਲੀਆਂ ਬਹੁਤ ਹੀ ਉੱਨਤ ਤਕਨੀਕਾਂ, ਮਸ਼ੀਨਾਂ, ਗੈਜੇਟ ਆਦਿ ਇਨਸਾਨ ਵਿਚ ਵਿਗਿਆਨਕ ਸੋਚ ਸਬੰਧੀ ਆਈ ਪਰਿਪੱਕਤਾ ਨੂੰ ਦਰਸਾਉਂਦੇ ਹਨ। ਖੋਜ ਅਤੇ ਵਿਕਾਸ ਸਬੰਧੀ ਕੀਤੇ ਜਾ ਰਹੇ ਨਿਰੰਤਰ ਯਤਨਾਂ ਸਦਕਾ ਸਾਨੂੰ ਆਉਣ ਵਾਲੇ ਸਮੇਂ ਵਿਚ ਹੋਰ ਵੀ ਕਈ ਕੁਝ ਦੇਖਣ ਨੂੰ ਮਿਲੇਗਾ ਜੋ ਅੱਜ ਦੇ ਸਮੇਂ ਚਾਹੇ ਸੁਪਨਾ ਜਿਹਾ ਲੱਗਦਾ ਹੋਵੇ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜਿੱਥੇ ਇਨਸਾਨ ਨੂੰ ਜੀਣ ਲਈ ਕੁਦਰਤ ਦੀ ਲੋੜ ਹੈ ਉਥੇ ਹੀ ਵਿਗਿਆਨ ਬਿਨਾ ਜੀਣਾ ਵੀ ਸੰਭਵ ਨਹੀਂ ਹੈ।

ਭਾਰਤ ਦੇ ਮਹਾਨ ਭੌਤਿਕ ਵਿਗਿਆਨੀ ਸਰ ਚੰਦਰਸ਼ੇਖਰ ਵੇਂਕਟ ਰਮਨ ਦੇ ਸਨਮਾਨ ਤੇ ਯਾਦ ਵਿਚ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਜਾਂਦਾ ਹੈ। ਸਰ ਸੀ.ਵੀ. ਰਮਨ ਦੁਆਰਾ ਮਹਾਨ ਖੋਜ 'ਰਮਨ ਇਫੈਕਟ' ਦੀ ਪੁਸ਼ਟੀ 28 ਫਰਵਰੀ 1928 ਦੇ ਦਿਨ ਕੀਤੀ ਗਈ ਸੀ। ਉਸ ਉਪਰੰਤ ਸਾਲ 1930 ਵਿਚ ਉਨ੍ਹਾਂ ਨੂੰ ਇਸ ਖੋਜ ਲਈ ਨੋਬੇਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ (ਐਨ.ਸੀ.ਐਸ.ਟੀ.ਸੀ.) ਵਲੋਂ ਸਾਲ 1986 ਵਿਚ ਭਾਰਤ ਸਰਕਾਰ ਨੂੰ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਦੇ ਰੂਪ ਵਿਚ ਮਨਾਏ ਜਾਣ ਦੀ ਪੇਸ਼ਕਸ਼ ਦਿੱਤੀ ਗਈ ਸੀ। ਭਾਰਤ ਸਰਕਾਰ ਵੱਲੋਂ ਰਾਸ਼ਟਰੀ ਵਿਗਿਆਨ ਦਿਵਸ ਲਈ ਹਰ ਸਾਲ ਇਕ ਥੀਮ ਰੱਖਿਆ ਜਾਂਦਾ ਹੈ ਅਤੇ ਸਾਲ 2023 ਲਈ ਇਹ ਥੀਮ ਹੈ 'ਗਲੋਬਲ ਸਾਇੰਸ ਫਾਰ ਗਲੋਬਲ ਵੈੱਲਬੀਂਗ' ਜਿਸ ਤਹਿਤ ਵਿਸ਼ਵ-ਵਿਆਪੀ ਸੰਦਰਭ ਵਿਚ ਲੋਕਾਂ ਦੀ ਵਿਗਿਆਨਕ ਮੁੱਦਿਆਂ ਪ੍ਰਤੀ ਜਾਗਰੂਕਤਾ ਵਧਾਉਣ ਦਾ ਉਦੇਸ਼ ਹੈ, ਜਿਸ ਨਾਲ ਵਿਸ਼ਵ-ਵਿਆਪੀ ਤੰਦਰੁਸਤੀ 'ਤੇ ਅਸਰ ਪੈ ਰਿਹਾ ਹੈ।

ਰਾਸ਼ਟਰੀ ਵਿਗਿਆਨ ਦਿਵਸ ਮੌਕੇ ਦੇਸ਼ ਦੇ ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਵਿਗਿਆਨ ਨਾਲ ਸੰਬੰਧਤ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਵਿਚ ਵਿਗਿਆਨ ਪ੍ਰਤੀ ਜਾਗਰੂਕਤਾ ਅਤੇ ਰੁਚੀ ਵਿਚ ਵਾਧਾ ਕਰਦੇ ਹਨ। ਇਸ ਤੋਂ ਇਲਾਵਾ ਹੋਰਨਾਂ ਸੰਗਠਨਾਂ ਵਿਚ ਵੀ ਵਿਗਿਆਨ ਨਾਲ ਸਬੰਧਤ ਭਾਸ਼ਣ, ਰੇਡੀਓ ਤੇ ਟੀ.ਵੀ. ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਹ ਦਿਨ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਵਿਗਿਆਨ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਮਨਾਇਆ ਜਾਂਦਾ ਹੈ। ਇਸ ਦਾ ਉਦੇਸ਼ ਮਾਨਵ ਕਲਿਆਣ ਲਈ ਵਿਗਿਆਨ ਦੇ ਹਰ ਮਹੱਤਵ ਨੂੰ ਉਜਾਗਰ ਕਰਨਾ ਹੈ। ਇਹ ਵਿਗਿਆਨ ਦੇ ਹਰ ਖੇਤਰ ਨੂੰ ਉਜਾਗਰ ਕਰਨ ਅਤੇ ਵਿਕਾਸ ਲਈ ਨਵੀਆਂ ਤਕਨੀਕਾਂ ਨੂੰ ਅਪਨਾਉਣ ਲਈ ਮਨਾਇਆ ਜਾਂਦਾ ਹੈ।




ਜਿੱਥੇ ਅਸੀਂ ਵਿਗਿਆਨ ਦੀਆਂ ਕਾਢਾਂ ਕਰਕੇ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਸੁੱਖ ਮਾਣ ਰਹੇ ਹਾਂ, ਉਥੇ ਹੀ ਆਪਣੀਆਂ ਕਈ ਅਣਗਹਿਲੀਆਂ ਕਰਕੇ ਅਸੀਂ ਕੁਦਰਤੀ ਵਾਤਾਵਰਨ ਨੂੰ ਦੂਸ਼ਿਤ ਅਤੇ ਆਪਣੀ ਸਿਹਤ ਨੂੰ ਖਤਰੇ ਵਿਚ ਵੀ ਪਾ ਰਹੇ ਹਾਂ। ਮੋਬਾਈਲ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਖਾਸ ਕਰਕੇ ਬੱਚਿਆਂ ਉਪਰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਾੜੇ ਪ੍ਰਭਾਵ ਪੈ ਰਹੇ ਹਨ। ਹਰ ਪਾਸੇ ਉੱਚੀਆਂ ਆਵਾਜ਼ਾਂ ਅਤੇ ਉੱਚ ਆਵਿਰਤੀ ਵਾਲੀ ਗੂੰਜ ਨਾਲ ਹੌਲੀ ਹੌਲੀ ਸਾਡੀ ਸੁਣਨ ਸ਼ਕਤੀ 'ਤੇ ਅਸਰ ਪੈ ਰਿਹਾ ਹੈ ਜਿਸਦਾ ਅਹਿਸਾਸ ਸਾਨੂੰ ਨੇੜਲੇ ਭਵਿੱਖ ਵਿਚ ਹੋਵੇਗਾ। ਤੇਜ਼ ਉਦਯੋਗੀਕਰਨ ਨਾਲ ਸਾਡੇ ਵਾਤਾਵਰਨ 'ਤੇ ਕਈ ਤਰ੍ਹਾਂ ਦੇ ਮਾੜੇ ਅਸਰ ਹੋ ਰਹੇ ਹਨ। ਸਾਡੀ ਹਵਾ-ਪਾਣੀ ਜਿਸ 'ਤੇ ਮਨੁੱਖਤਾ ਦਾ ਜੀਵਨ ਨਿਰਭਰ ਹੈ, ਹੌਲੀ ਹੌਲੀ ਜ਼ਹਿਰੀਲੇ ਹੋ ਰਹੇ ਹਨ। ਅਜਿਹੇ ਹੋਰ ਕਈ ਖਤਰੇ ਸਾਡੇ ਨੇੜੇ-ਤੇੜੇ ਮੰਡਰਾ ਰਹੇ ਹਨ। ਲੋੜ ਹੈ ਸਾਨੂੰ ਐਸੇ ਵਿਕਾਸ ਵੱਲ ਵਧਣ ਦੀ ਜਿਸ ਦਾ ਨੁਕਸਾਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਾ ਭੁਗਤਣਾ ਪਏ। ਲੋੜ ਹੈ ਸਾਨੂੰ ਅਜਿਹੀਆਂ ਤਕਨੀਕਾਂ ਖੋਜਣ ਦੀ ਜਿਸ ਨਾਲ ਵਿਕਾਸ ਤਾਂ ਹੋਵੇ ਪਰ ਵਾਤਾਵਰਨ 'ਤੇ ਉਸਦਾ ਕੋਈ ਮਾੜਾ ਪ੍ਰਭਾਵ ਨਾ ਪਵੇ।

ਇਸ ਲੇਖ ਰਾਹੀਂ ਸਮੂਹ ਪਾਠਕਾਂ ਨੂੰ ਬੇਨਤੀ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਵਿਗਿਆਨਕ ਤੱਥਾਂ ਬਾਰੇ ਖੁਦ ਜਾਗਰੂਕ ਹੋਈਏ ਅਤੇ ਨਾਲ ਹੀ ਆਪਣੇ ਬੱਚਿਆਂ ਵਿਚ ਵਿਗਿਆਨ ਦੇ ਪ੍ਰਤੀ ਰੁਚੀ ਵਧਾਉਣ ਦੇ ਉਪਰਾਲੇ ਕਰੀਏ। ਵਿਦਿਅਕ ਅਦਾਰਿਆਂ ਵਿਚ ਵਿਗਿਆਨ ਨਾਲ ਸਬੰਧਤ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ। ਗਿਆਨ ਅਤੇ ਵਿਗਿਆਨ ਦੇ ਸੁਮੇਲ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਸ਼ਾਮਲ ਕਰੀਏ ਤਾਂ ਹੀ ਇਹ ਦਿਨ ਮਨਾਉਣਾ ਸਫਲ ਹੋਏਗਾ।

# ਨੋਬੇਲ ਇਨਾਮ

*(ਪਿਛਲੇ ਸਫੇ ਦਾ ਬਾਕੀ)*

ਤਿੰਨ ਮੁਲਕਾਂ ਤੋਂ ਹਨ: ਅਲੇਨ ਅਸਪੈਕਟ ਦਾ ਮੁਲਕ ਫਰਾਂਸ ਹੈ, ਜੌਨ ਕਲੌਜ਼ਰ ਦੀ ਪੈਦਾਇਸ਼ ਅਮਰੀਕਾ ਦੀ ਹੈ ਅਤੇ ਐਂਟਨ ਜ਼ੈਲਿੰਗਰ ਦਾ ਵਤਨ ਆਸਟਰੀਆ ਹੈ। ਇਨ੍ਹਾਂ ਦਾ ਪੈਦਾ ਕੀਤਾ ਵਿਗਿਆਨ ਆਲਮੀ ਸਰਮਾਇਆ ਹੈ।

ਰਸਾਇਣ ਵਿਗਿਆਨ ਦਾ ਨੋਬੇਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਤੌਰ ਉਤੇ ਦਿੱਤਾ ਗਿਆ ਹੈ ਜੋ ਅਮਰੀਕਾ ਦੀ ਕੈਰੋਲਿਨ ਆਰ. ਬਾਰਟੋਜ਼ੀ, ਡੈਨਮਾਰਕ ਦਾ ਮੌਰਟਨ ਮੈਲਡਲ ਅਤੇ ਅਮਰੀਕਾ ਦਾ ਕੇ. ਬੈਰੀ ਸ਼ਾਰਪਲੈੱਸ ਹਨ। ਇਸ ਪੁਰਸਕਾਰ ਦਾ ਬਿਆਨੀਆ ਪ੍ਰੋ. ਪੂਨਮ ਪੇਤੀਆਰ ਨੇ ਦਿੱਤਾ। ਰਾਸਾਇਣ ਵਿਗਿਆਨ ਦਾ ਖ਼ਾਸਾ ਅਣੂ ਦੀ ਪੇਚੀਦਗੀ ਦੀ ਥਾਹ ਪਾਉਣਾ ਹੈ ਜੋ ਬਹੁਤ ਸਰਮਾਏ ਅਤੇ ਸਮੇਂ ਪੱਖੋਂ ਮਹਿੰਗਾ ਕੰਮ ਰਿਹਾ ਹੈ। ਕਲਿੱਕ ਰਾਸਾਇਣ ਵਿਗਿਆਨ ਵਿਚ ਅਣੂਆਂ ਦਾ ਆਪਸੀ ਜੋੜ ਚਟਕ ਨਾਲ ਬਣਦਾ ਹੈ ਅਤੇ ਨਿਪੁੰਨ ਹੁੰਦਾ ਹੈ। 2002 ਵਿਚ ਮੌਰਟਨ ਮੈਲਡਲ ਅਤੇ ਕੇ. ਬੈਰੀ ਸ਼ਾਰਪਲੈੱਸ ਨੇ ਆਪੋ-ਆਪਣੇ ਤੌਰ 'ਤੇ ਨਫ਼ੀਸ ਅਤੇ ਨਿਪੁੰਨ ਰਸਾਇਣਕ ਪ੍ਰਤੀਕਰਮ ਵਿਕਸਿਤ ਕੀਤਾ ਜਿਸ ਦੀ ਵਰਤੋਂ ਹੁਣ ਦਵਾਈਆਂ ਬਣਾਉਣ ਵਾਲੀ ਸਨਅਤ ਕਰਦੀ ਹੈ। ਇਸ ਦੇ ਨਾਲ ਇਸ ਦੀ ਵਰਤੋਂ ਡੀ.ਐਨ.ਏ. ਦੀ ਨਕਸ਼ਾਨਵੀਸੀ ਅਤੇ ਨਵਾਂ ਮਾਦਾ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਪ੍ਰੋ. ਪੂਨਮ ਨੇ ਰਾਸਾਇਣ ਵਿਗਿਆਨ ਦੀ ਇਸ ਖੋਜ ਦੇ ਹਵਾਲੇ ਨਾਲ ਕਿਹਾ ਕਿ ਖੋਜ ਦਾ ਮਿਆਰ ਮਨੁੱਖੀ ਤਾਲਮੇਲ ਅਤੇ ਸਾਂਝ ਨਾਲ ਉੱਚਾ ਹੁੰਦਾ ਹੈ ਜਿਸ ਵਿਚ ਔਰਤਾਂ ਦਾ ਹਿੱਸਾ ਜ਼ਿਕਰ ਗੋਚਰਾ ਹੈ।

ਐਲਫਰਡ ਨੋਬੇਲ ਦੀ ਯਾਦ ਵਿਚ ਅਰਥ ਵਿਗਿਆਨ ਦਾ ਸਵੀਰਿਗਜ਼ ਰੀਕਸਬੈਂਕ ਪੁਰਸਕਾਰ ਤਿੰਨ ਅਰਥ ਸ਼ਾਸਤਰੀਆਂ ਨੂੰ ਦਿੱਤਾ ਗਿਆ। ਬੈਨ ਐੱਸ. ਬਰਨਾਨਕੇ, ਡਗਲਸ ਡਬਲਿਊ. ਡਾਇਮੰਡ ਅਤੇ ਫਿਲਪ ਐੱਚ. ਡਿਵਿੰਗ ਨੂੰ 'ਬੈਂਕਾਂ ਅਤੇ ਵਿੱਤੀ ਸੰਕਟ' ਬਾਰੇ ਕੀਤੀ ਖੋਜ ਲਈ ਇਸ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਮਹਾਂਮੰਦੀ ਨੇ 1930ਵਿਆਂ ਵਿਚ ਸਮੁੱਚੀ ਦੁਨੀਆ ਦੇ ਅਰਥਚਾਰੇ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ ਜਿਸ ਦਾ ਅਸਰ ਕਈ ਸਾਲਾਂ ਤੱਕ ਕਾਇਮ ਰਿਹਾ ਅਤੇ ਇਹ ਸਮਾਜ ਉਤੇ ਕਈ ਪੱਖੋਂ ਅਸਰਅੰਦਾਜ਼ ਹੋਇਆ। ਇਸ ਤੋਂ ਬਾਅਦ ਵੀ ਵਿੱਤੀ ਸੰਕਟ ਆਏ ਪਰ ਉਨ੍ਹਾਂ ਨਾਲ ਨਜਿੱਠਣ ਦਾ ਇੰਤਜ਼ਾਮ ਬਿਹਤਰ ਸਾਬਤ ਹੋਇਆ ਜਿਸ ਦਾ ਸਿਹਰਾ ਇਸ ਸਾਲ ਇਹ ਇਨਾਮ ਜਿੱਤਣ ਵਾਲੇ ਅਰਥ ਸ਼ਾਸਤਰੀਆਂ ਦੇ ਸਿਰ ਬੱਝਦਾ ਹੈ। ਇਨ੍ਹਾਂ ਦੀ ਖੋਜ ਨੇ ਦਰਸਾਇਆ ਕਿ ਬੈਂਕਾਂ ਨੂੰ ਡਿਗਣ ਤੋਂ ਬਚਾਉਣ ਦੀ ਕੀ ਅਹਿਮੀਅਤ ਹੈ। ਪ੍ਰੋ. ਰਾਕੇਸ਼ ਕੁਮਾਰ ਨੇ ਇਨ੍ਹਾਂ ਅਰਥ ਸ਼ਾਸਤਰੀਆਂ ਦੀ ਖੋਜ ਦਾ ਬਿਆਨੀਆ ਹਾਲੀਆ ਦੌਰ ਦੀਆਂ ਮਿਸਾਲਾਂ ਨਾਲ ਪੇਸ਼ ਕੀਤਾ। ਇਸ ਖੋਜ ਨਾਲ ਜੁੜੇ ਬੁਨਿਆਦੀ ਸੁਆਲ ਇਹ ਸਨ ਕਿ ਅਰਥਚਾਰੇ ਅਤੇ ਸਮਾਜ ਵਿਚ ਬੈਂਕਾਂ ਦੀ ਕੀ ਭੂਮਿਕਾ ਹੈ? ਇਨ੍ਹਾਂ ਦੇ ਡਿਗਣ ਨਾਲ ਕੀ ਹੁੰਦਾ ਹੈ? ਬੈਂਕਾਂ ਬਾਰੇ ਅਜੋਕੀ ਖੋਜ ਦੀ ਨੀਂਹ ਬੈਨ ਐੱਸ. ਬਰਨਾਨਕੇ, ਡਗਲਸ ਡਬਲਿਊ. ਡਾਇਮੰਡ ਅਤੇ ਫਿਲਪ ਐੱਚ. ਡੇਵਿੰਗ ਨੇ 1980ਵਿਆਂ ਦੇ ਸ਼ੁਰੂ ਵਿਚ ਰੱਖੀ ਸੀ। ਇਨ੍ਹਾਂ ਨੇ ਅੰਕੜਾ ਪੜਚੋਲ ਦੇ ਨਾਲ-ਨਾਲ ਇਤਿਹਾਸਕ ਸਰੋਤਾਂ ਦਾ ਇਸਤੇਮਾਲ ਕਰਦੇ ਹੋਏ ਦਰਸਾਇਆ ਸੀ ਕਿ 1930ਵਿਆਂ ਦੀ ਮਹਾਂਮੰਦੀ ਵਿਚ ਬੈਂਕਾਂ ਦੇ ਨਾਕਾਮਯਾਬ ਹੋਣ ਵਾਲਾ ਤੱਤ ਫ਼ੈਸਲਾਕੁਨ ਸੀ। ਬਰਨਾਨਕੇ ਦੀ ਖੋਜ ਨੇ ਸਾਬਤ ਕੀਤਾ ਕਿ ਬੈਂਕਾਂ ਦੇ ਸੰਕਟ ਦਾ ਅਰਥਚਾਰੇ ਉੱਤੇ ਮਾਰੂ ਅਸਰ ਪੈਂਦਾ ਹੈ। ਇਸੇ ਨੁਕਤੇ ਦੀ ਵਿਆਖਿਆ ਵਿਚ ਉਨ੍ਹਾਂ ਬੈਂਕਾਂ ਦੀ ਬਿਹਤਰ ਕਾਰਗੁਜ਼ਾਰੀ ਲਈ ਅਸਰਦਾਰ ਨੇਮਾਂ ਦੀ ਅਹਿਮੀਅਤ ਨੂੰ ਉਘਾੜਿਆ ਸੀ। ਡਗਲਸ ਡਬਲਿਊ. ਡਾਇਮੰਡ ਅਤੇ ਫਿਲਪ ਐੱਚ. ਡੇਵਿੰਗ ਨੇ ਉਹ ਸਿਧਾਂਤਕ ਚੌਖਟਾ ਤਿਆਰ ਕੀਤਾ ਜਿਸ ਰਾਹੀਂ ਬੈਂਕਾਂ ਦੀ ਹੋਂਦ ਦਾ ਬਿਆਨੀਆ ਤਿਆਰ ਕੀਤਾ। ਇਨ੍ਹਾਂ ਦੀ ਖੋਜ ਨੇ ਦਰਸਾਇਆ ਕਿ ਬੈਂਕਾਂ ਦੀ ਸਮਾਜਿਕ ਭੂਮਿਕਾ ਕਾਰਨ ਇਨ੍ਹਾਂ ਦੇ ਡੁੱਬ ਜਾਣ ਦੀਆਂ ਅਫ਼ਵਾਹਾਂ ਇਨ੍ਹਾਂ ਨੂੰ ਨਿਤਾਣਾ ਕਰ ਦਿੰਦੀਆਂ ਹਨ ਅਤੇ ਸਮਾਜ ਹੀ ਇਨ੍ਹਾਂ ਦਾ ਨਿਤਾਣਾਪਣ ਘਟਾ ਸਕਦਾ ਹੈ। ਅਜੋਕੇ ਬੈਂਕ ਨੇਮਾਂ ਦੀ ਬੁਨਿਆਦ ਇਨ੍ਹਾਂ ਖੋਜਾਂ ਉੱਤੇ ਟਿਕੀ ਹੋਈ ਹੈ। ਪ੍ਰੋ. ਰਾਕੇਸ਼ ਕੁਮਾਰ ਨੇ ਹਾਲੀਆ ਦੌਰ ਦੀਆਂ ਮਿਸਾਲਾਂ ਨਾਲ ਦੱਸਿਆ ਕਿ ਜਦੋਂ ਗਾਹਕਾਂ ਵਿਚ ਬੇਭਰੋਸਗੀ ਕਾਰਨ ਲੋਕ ਯੈੱਸ ਬੈਂਕ ਵਿਚੋਂ ਲਗਾਤਾਰ ਪੈਸਾ ਕਢਵਾ ਰਹੇ ਸਨ ਤਾਂ ਰਿਜ਼ਰਵ ਬੈਂਕ ਨੇ ਪੰਜ ਲੱਖ ਤੱਕ ਦੀ ਬਚਤ ਦਾ ਜ਼ਿੰਮਾ ਆਪਣੇ ਸਿਰ ਲਿਆ ਸੀ ਅਤੇ ਨਾਲ ਪੈਸੇ ਕਢਵਾਉਣ ਦੀ ਹੱਦ ਮਿੱਥ ਦਿੱਤੀ ਸੀ। ਇਸ ਨਾਲ ਗਾਹਕਾਂ ਵਿਚ ਭਰੋਸਾ ਵਧਿਆ ਅਤੇ ਬੈਂਕ ਦੇ ਸਰਮਾਏ ਨੂੰ ਖੋਰਾ ਲੱਗਣਾ ਬੰਦ ਹੋਇਆ। ਇੱਕ ਪਾਸੇ ਤਾਂ ਇਹ ਬੈਂਕ ਡੁੱਬਣ ਤੋਂ ਬਚ ਗਿਆ ਅਤੇ ਦੂਜੇ ਪਾਸੇ ਹੋਰ ਬੈਂਕ ਇਸ ਦੇ ਮਾਰੂ ਅਸਰ ਤੋਂ ਬਚ ਗਏ ਜਿਸ ਕਾਰਨ ਵਿੱਤੀ ਬੇਭਰੋਸਗੀ ਜ਼ਿਆਦਾ ਨਹੀਂ ਫੈਲੀ। ਇਸ ਸਮੁੱਚੀ ਖੋਜ ਨਾਲ ਅਰਥਚਾਰੇ ਦੇ ਠਹਿਰਾਉ ਵਿਚ ਸਰਕਾਰੀ ਦਖ਼ਲਅੰਦਾਜ਼ੀ ਅਤੇ ਪੂੰਜੀ ਦਾ ਪੇਚੀਦਾ ਰਿਸ਼ਤਾ ਸਾਹਮਣੇ ਆਉਂਦਾ ਹੈ।



ਰਸਾਇਣ ਵਿਗਿਆਨੀ ਕੈਰੋਲਿਨ ਆਰ. ਬਾਰਟੋਜ਼ੀ, ਮੌਰਟਨ ਮੈਲਡਲ ਅਤੇ ਕੇ. ਬੈਰੀ ਸ਼ਾਰਪਲੈੱਸ।



ਅਰਥ ਸ਼ਾਸਤਰੀ ਬੈਨ ਐੱਸ. ਬਰਨਾਨਕੇ, ਡਗਲਸ ਡਬਲਿਊ. ਡਾਇਮੰਡ ਅਤੇ ਫਿਲਪ ਐੱਚ. ਡਿਵਿੰਗ।

ਨੋਬੇਲ ਪੁਰਸਕਾਰ ਮਨੁੱਖਤਾ ਦੇ ਭਲੇ ਲਈ ਕੀਤੀਆਂ ਬੌਧਿਕ ਪ੍ਰਾਪਤੀਆਂ ਨੂੰ ਤਸਲੀਮ ਕਰਨ ਲਈ ਦਿੱਤੇ ਜਾਂਦੇ ਹਨ। ਅਮਨ ਲਈ ਕੀਤੇ ਉਪਰਾਲਿਆਂ ਲਈ ਦਿੱਤੇ ਜਾਣ ਵਾਲੇ ਨੋਬੇਲ ਪੁਰਸਕਾਰ ਦੀ ਸਿਆਸਤ ਲਗਾਤਾਰ ਚਰਚਾ ਵਿਚ ਰਹੀ ਹੈ। ਸਾਹਿਤ ਦੇ ਨੋਬੇਲ ਪੁਰਸਕਾਰ ਦੀ ਇਹ ਚਰਚਾ ਲਗਾਤਾਰ ਰਹੀ ਹੈ ਕਿ ਕਿਸ ਤਰ੍ਹਾਂ ਦੀ ਸੋਚ ਵਾਲੇ ਸਾਹਿਤਕਾਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਕਿਸ ਸੋਚ ਦੇ ਸਾਹਿਤ ਨੂੰ ਥਾਪੜਾ ਮਿਲਦਾ ਹੈ। ਮੁਕਾਬਲਤਨ ਭੌਤਿਕ ਵਿਗਿਆਨ, ਸਰੀਰ ਵਿਗਿਆਨ ਅਤੇ ਰਸਾਇਣ ਵਿਗਿਆਨ ਦੇ ਵਿਸ਼ਿਆਂ ਵਿਚ ਇਹ ਚਰਚਾ ਘੱਟ ਰਹੀ ਹੈ ਪਰ ਉੱਤਰੀ ਅਮਰੀਕੀ ਅਤੇ ਪੱਛਮੀ ਯੂਰਪ ਦੀਆਂ ਪ੍ਰਯੋਗਸ਼ਾਲਾਵਾਂ ਜਾਂ ਖੋਜ ਅਦਾਰਿਆਂ ਦਾ ਇਨ੍ਹਾਂ ਪੁਰਸਕਾਰਾਂ ਉੱਤੇ ਗਲਬਾ ਰਿਹਾ ਹੈ। ਇਸ ਟੀਰ ਦੇ ਬਾਵਜੂਦ ਨੋਬੇਲ ਪੁਰਸਕਾਰ ਖੋਜ ਅਤੇ ਸਾਹਿਤ ਦੇ ਮਿਆਰ ਲਈ ਆਲਮੀ ਪਛਾਣ ਕਾਇਮ ਕਰ ਸਕਿਆ ਹੈ ਅਤੇ ਚਰਚਾ ਦਾ ਸਬੱਬ ਬਣਦਾ ਹੈ।

ਪੰਜਾਬੀ ਯੂਨੀਵਰਸਿਟੀ ਦੀ ਇਸ ਪਹਿਲਕਦਮੀ ਨਾਲ ਵੱਖ-ਵੱਖ ਵਿਸ਼ਿਆਂ ਦੀ ਖੋਜ ਦੇ ਸਾਂਝੇ ਨੁਕਤੇ ਸਹਿਜੇ ਹੀ ਸਾਹਮਣੇ ਆ ਗਏ ਹਨ। ਇੱਕ ਪਾਸੇ ਤਾਂ ਗਿਆਨ-ਵਿਗਿਆਨ ਅਤੇ ਸਾਹਿਤ ਸਿਰਜਣਾ ਦਾ ਸਮਾਜਿਕ ਪੱਖ ਹੈ ਕਿ ਇਹ ਸਾਂਝੇ ਤਜਰਬੇ ਦੀ ਉਪਜ ਹੈ ਅਤੇ ਦੂਜਾ ਪਾਸਾ ਇਹ ਹੈ ਕਿ ਨਿਰੋਲ ਜਾਂ ਪਾਕੀਜ਼ਗੀ ਦੀ ਹਰ ਧਾਰਨਾ ਜਾਂ ਸੋਚ ਮਹਿਜ਼ ਅਗਿਆਨਤਾ ਹੈ। ਪ੍ਰੋ. ਹਿਮੇਂਦਰ ਭਾਰਤੀ ਨੇ ਆਪਣੀ ਤਕਰੀਰ ਦੇ ਅਖ਼ੀਰ ਵਿਚ ਬਾਂਦਰ ਤੋਂ ਮਨੁੱਖ ਤੱਕ ਦੇ ਵਿਗਾਸ ਨੂੰ ਪੇਸ਼ ਕਰਨ ਲਈ ਵਰਤੀ ਜਾਂਦੀ ਤਸਵੀਰ ਦਿਖਾ ਕੇ ਕਿਹਾ ਕਿ 'ਬਾਂਦਰ ਤੋਂ ਮਨੁੱਖ ਤੱਕ ਦੀ ਲੜੀ' ਦੀ ਇਹ ਸਿੱਧੜ ਜਿਹੀ ਪੇਸ਼ਕਾਰੀ ਵਿਗਾਸ ਦੇ ਸਮੁੱਚੇ ਰੁਝਾਨ ਦੀ ਪੇਚੀਦਗੀ ਖ਼ਤਮ ਕਰ ਦਿੰਦੀ ਹੈ। ਇਸ ਪੇਚੀਦਗੀ ਦਾ ਪੰਜ ਪੁਰਸਕਾਰਾਂ ਦੇ ਹਵਾਲੇ ਨਾਲ ਬਿਆਨੀਆ ਦੇ ਕੇ ਪੰਜਾਬੀ ਯੂਨੀਵਰਸਿਟੀ ਨੇ ਇਹ ਪਿਰਤ ਪਾਉਣ ਦੀ ਪਹਿਲਕਦਮੀ ਕੀਤੀ ਹੈ ਕਿ ਨਵੇਂ ਦਿਸਹੱਦੇ ਛੂਹਣ ਵਾਲਾ ਗਿਆਨ ਪੰਜਾਬੀ ਵਿਚ ਵਰਤਾਇਆ ਜਾ ਸਕਦਾ ਹੈ।

# ਖਵਾਜਾ ਅਹਿਮਦ ਅੱਬਾਸ ਦੀ ਪੋਥੀ 'ਟਾਪੂ ਨਹੀਂ ਹਾਂ ਮੈਂ'

***ਖਵਾਜਾ ਅਹਿਮਦ ਅੱਬਾਸ (7 ਜੂਨ 1914-1 ਜੂਨ 1987) ਦਾ ਫਿਲਮੀ ਅਤੇ ਸਾਹਿਤ ਦੀ ਦੁਨੀਆ ਵਿਚ ਆਪਣਾ ਮੁਕਾਮ ਹੈ। ਉਹਨੇ ਫਿਲਮਾਂ ਬਣਾਈਆਂ, ਫਿਲਮਾਂ ਦੀਆਂ ਪਟਕਥਾਵਾਂ ਲਿਖੀਆਂ, ਨਾਵਲਾਂ ਦੀ ਰਚਨਾ ਕੀਤੀ ਅਤੇ ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ ਪੱਤਰਕਾਰੀ ਵੀ ਕੀਤੀ। 'ਟਾਪੂ ਨਹੀਂ ਹਾਂ ਮੈਂ' ਉਨ੍ਹਾਂ ਦੀ ਸਵੈ-ਜੀਵਨੀ ਹੈ ਜਿਸ ਦਾ ਉਰਦੂ ਤੋਂ ਪੰਜਾਬੀ ਵਿਚ ਅਨੁਵਾਦ ਡਾ. ਨਰੇਸ਼ ਨੇ ਕੀਤਾ ਹੈ। ਇਥੇ ਪੇਸ਼ ਲਿਖਤ ਖਵਾਜਾ ਅਹਿਮਦ ਅੱਬਾਸ ਦੀ ਸਵੈ-ਜੀਵਨੀ ਦਾ ਮੁੱਖਬੰਧ ਹੈ।***

ਕਲਾ ਪਰਿਕਰਮਾ

ਇਹ ਪੁਸਤਕ ਮੈਂ ਆਪਣੀ 60ਵੀਂ ਵਰ੍ਹੇਗੰਢ 'ਤੇ ਲਿਖਣੀ ਆਰੰਭ ਕੀਤੀ ਸੀ। ਇਸ ਨੂੰ ਪੂਰੀ ਹੋਣ ਵਿਚ ਦੋ ਵਰ੍ਹੇ ਲੱਗ ਗਏ। ਇਸ ਪੁਸਤਕ ਦੇ ਨਾ ਲਿਖੇ ਜਾਣ ਜਾਂ ਘੱਟੋ-ਘੱਟ ਪੂਰੀ ਨਾ ਹੋਣ ਦੀ ਬੜੀ ਗੁੰਜਾਇਸ਼ ਸੀ। ਇਹ ਇਕ ਮਿੱਤਰ ਦੇ ਕਹਿਣ 'ਤੇ ਲਿਖਣੀ ਸ਼ੁਰੂ ਹੋਈ ਸੀ। ਜਦੋਂ ਉਸ ਨੇ ਮੈਨੂੰ ਆਪਣੀ ਆਤਮ-ਕਥਾ ਲਿਖਣ ਲਈ ਆਖਿਆ ਤਾਂ ਮੈਂ ਪੁੱਛਿਆ ਕਿ ਮੇਰੇ ਜਿਹੇ ਹਰਫਨਮੌਲਾ ਦੀ ਆਤਮ-ਕਥਾ ਪੜ੍ਹਨ ਵੱਲ ਕੌਣ ਰੁਚਿਤ ਹੋਵੇਗਾ? ਉਸ ਨੇ ਆਖਿਆ- ਇਹੋ ਤਾਂ ਗੱਲ ਹੈ; ਬੜੇ ਲੋਕ ਰਾਜਨੀਤੀ, ਸਾਹਿਤ ਅਤੇ ਫਿਲਮਾਂ ਬਾਰੇ ਪੜ੍ਹਨਾ ਪਸੰਦ ਕਰਨਗੇ।

ਲਿਹਾਜ਼ਾ ਲਿਖਣਾ ਆਰੰਭ ਹੋ ਗਿਆ। ਅੱਧੀ ਪੁਸਤਕ ਲਿਖ ਕੇ ਹੀ ਮੇਰੀ ਬੱਸ ਹੋ ਗਈ।

**ਖਵਾਜਾ ਅਹਿਮਦ ਅੱਬਾਸ**

ਪਹਿਲੀ ਗੱਲ ਇਹ ਕਿ ਮੇਰੀਆਂ ਅੱਖਾਂ ਵਿਚ ਕੁਝ ਖਰਾਬੀ ਪੈਦਾ ਹੋ ਗਈ। ਅੱਖਾਂ ਦੇ ਡਾਕਟਰ ਨੇ ਦੱਸਿਆ ਕਿ ਮੋਤੀਆਬਿੰਦ ਉਤਰ ਆਇਆ ਹੈ। ਫਿਰ ਮੇਰੇ ਦਿਮਾਗ 'ਤੇ ਅਧਰੰਗ ਦਾ ਹਮਲਾ ਹੋ ਗਿਆ ਜਿਸ ਕਾਰਨ ਮੈਂ ਪੂਰੀ ਤਰ੍ਹਾਂ ਅਪਾਹਜ ਹੋ ਗਿਆ। ਇਹ ਹਮਲਾ ਜਾਨ-ਲੇਵਾ ਵੀ ਹੋ ਸਕਦਾ ਸੀ ਪਰ ਅੰਗ-ਗਿਆਨ ਦੇ ਮਾਹਿਰ ਡਾ. ਸਿੰਘਲ ਅਤੇ ਮੇਰੇ ਫੈਮਿਲੀ ਡਾਕਟਰ ਗੰਡੋਤਰਾ ਦੀ ਕਿਰਪਾ ਨਾਲ ਅੱਧੀ ਰਾਤ ਵਿਚ ਹੀ ਇਸ ਦਾ ਪ੍ਰਭਾਵ ਸਮਾਪਤ ਹੋ ਗਿਆ। ਡਾਕਟਰ ਸਿੰਘਲ ਨੇ ਪਹਿਲਾਂ ਆਪਣੇ ਕਲੀਨਿਕ ਵਿਚ ਮੇਰੀ ਹਰਕਤੀ ਲਾਚਾਰੀ ਦਾ ਮੁਆਇਨਾ ਕੀਤਾ, ਫਿਰ ਟਾਟਾ ਮੈਮੋਰੀਅਲ ਹਸਪਤਾਲ ਤੋਂ ਮੇਰਾ ਐਕਸਰੇ ਕਢਾਇਆ। ਇਸ ਤੋਂ ਵੀ ਡਾ. ਸਿੰਘਲ ਦੀ ਤਸੱਲੀ ਨਾ ਹੋਈ ਤਾਂ ਉਨ੍ਹਾਂ ਆਖਿਆ ਕਿ ਮੈਂ ਤਾਂ ਹੀ ਭਵਿੱਖ ਵਿਚ ਤੁਹਾਡੀ ਸਿਹਤ ਬਾਰੇ ਨਿਸ਼ਚਾ ਕਰ ਸਕਦਾ ਹਾਂ ਜੇ ਤੁਸੀਂ ਈ.ਐਮ.ਆਈ. ਕਰਾ ਲਵੋਂ। ਈ.ਐਮ.ਆਈ. ਕਰਾਉਣੀ ਕੇਵਲ ਅਮਰੀਕਾ ਵਿਚ ਹੀ ਸੰਭਵ ਸੀ। ਲਿਹਾਜ਼ਾ ਮਹਾਰਾਸ਼ਟਰ ਸਰਕਾਰ, ਬੰਬਈ ਪ੍ਰਦੇਸ਼ ਕਾਂਗਰਸ ਕਮੇਟੀ (ਮੇਰੇ ਮਿੱਤਰ ਰਜਨੀ ਪਟੇਲ ਦੀ ਕ੍ਰਿਪਾਲਤਾ ਸਦਕੇ) ਅਤੇ ਕਸ਼ਮੀਰ ਸਰਕਾਰ (ਸ਼ੇਖ ਅਬਦੁੱਲਾ ਦੀ ਮਿਹਰਬਾਨੀ ਸਦਕਾ) ਦੀ ਖੁੱਲ੍ਹਦਿਲੀ ਅਤੇ ਉਦਾਰਤਾ ਸਦਕਾ ਮੈਂ ਦੂਰ-ਦੁਰੇਡੇ ਸਫ਼ਰ 'ਤੇ ਨਿਊਯਾਰਕ (ਅਮਰੀਕਾ) ਲਈ ਰਵਾਨਾ ਹੋ ਗਿਆ। ਮੌਂਟੀਫੀਵਰੋ ਹਸਪਤਾਲ ਵਿਚ ਮੇਰੀ ਈ.ਐਮ.ਆਈ, ਹੋਈ ਅਤੇ ਡੈਨਬਰੀ ਹਸਪਤਾਲ ਵਿਚ ਏਂਜਿਓਗ੍ਰਾਫ਼ੀ (ਇਕ ਤਰ੍ਹਾਂ ਦਾ ਅਰਪੇਸ਼ਨ ਹੀ ਆਖੋ)। ਦੱਸਿਆ ਗਿਆ ਹੈ ਕਿ ਮੈਂ ਮੁੜ ਅਜਿਹੇ ਕਿਸੇ ਹਮਲੇ ਤੋਂ ਸੁਰੱਖਿਅਤ ਹਾਂ। ਉਸ ਸਮੇਂ ਅੱਖਾਂ ਵਿਚ ਦਵਾਈ ਪਾ ਕੇ ਇਕ ਘੰਟੇ ਲਿਖ-ਪੜ੍ਹ ਸਕਦਾ ਹਾਂ। ਪਰਮਾਤਮਾ ਦੀ ਮਿਹਰ ਸੀ ਕਿ ਮੈਂ ਫਿਲਮਾਂ ਅਤੇ ਨਾਟਕ ਦੇਖ ਸਕਦਾ ਸੀ।

ਪੁਸਤਕ ਦਾ ਮਗਰਲਾ ਜ਼ਿਆਦਾਤਰ ਹਿੱਸਾ ਮੈਨੂੰ ਬਿਸਤਰੇ 'ਤੇ ਲੰਮੇ ਪਿਆਂ-ਪਿਆਂ ਲਿਖਣਾ ਪਿਆ। ਤੱਥਾਂ, ਤਾਰੀਖਾਂ ਅਤੇ ਹਵਾਲਿਆਂ ਦੀ ਪੁਸ਼ਟੀ ਮੇਰਾ ਵਫ਼ਾਦਾਰ ਯੋਗ ਸਕੱਤਰ ਸੈਯਦ ਅਬਦੁਰ-ਰਹਿਮਾਨ ਕਰਦਾ ਸੀ। ਉਹ ਮੇਰਾ ਬੋਲਿਆ ਲਿਖਦਾ ਸੀ, ਟਾਈਪ ਕਰਦਾ ਸੀ ਅਤੇ ਮਸੌਦਾ ਦੁਬਾਰਾ ਟਾਈਪ ਕਰਦਾ ਸੀ।


ਮੈਂ ਸੈਯਦ ਅਬਦੁਰ-ਰਹਿਮਾਨ ਅਤੇ ਆਪਣੇ ਕਈ ਮਿੱਤਰਾਂ, ਵਿਸ਼ੇਸ਼ ਕਰ ਕੇ ਐਨ.ਜੀ. ਜੋਗ, ਇੰਦਰ ਰਾਜ ਆਨੰਦ ਅਤੇ ਵੀ.ਪੀ. ਸਾਠੇ ਦਾ ਰਿਣੀ ਹਾਂ ਕਿ ਉਨ੍ਹਾਂ ਪਹਿਲਾਂ ਮਸੌਦਾ ਪੜ੍ਹਿਆ ਅਤੇ ਵਧਾਉਣ ਘਟਾਉਣ ਬਾਰੇ ਕੁਝ ਮਸ਼ਵਰੇ ਵੀ ਦਿੱਤੇ।

ਨਿਊਯਾਰਕ ਤੋਂ ਮੁੜਨ ਮਗਰੋਂ ਮੈਂ ਨਿਰੰਤਰ ਮੌਤ ਦੀ ਛਾਂ ਹੇਠਾਂ ਜੀਵਨ ਬਤੀਤ ਕਰ ਰਿਹਾ ਹਾਂ। ਮੈਨੂੰ ਮਰਨ ਦਾ ਸ਼ੌਕ ਨਹੀਂ ਪਰ ਹਰ ਕਿਸੇ ਨੂੰ ਜਾਪਦਾ ਹੈ ਕਿ ਮੈਂ ਮਰ ਰਿਹਾ ਹਾਂ ਜਾਂ ਅਪਾਹਜ ਹੋ ਗਿਆ ਹਾਂ। ਹੁਣ ਉਹ ਸਾਰੇ ਲੋਕ ਮੇਰੇ ਜ਼ਿੰਦਾ ਰਹਿਣ ਦੀ ਜ਼ਿੱਦ 'ਤੇ ਹੈਰਾਨ ਹਨ। ਮੈਂ ਹੁਣ ਵੀ ਸਮੁੰਦਰ ਕੰਢੇ ਸੈਰ ਕਰਦਾ ਹਾਂ। ਚੜ੍ਹਦੇ ਸੂਰਜ ਦਾ ਲਿਸ਼ਕਾਰਾ ਮੇਰੀਆਂ ਮੋਤੀਆਬਿੰਦ ਮਾਰੀਆਂ ਅੱਖਾਂ ਨੂੰ ਅਜਿਹਾ ਅੰਨ੍ਹਾ ਕਰ ਦਿੰਦਾ ਹੈ ਕਿ ਮੈਂ ਉਦੋਂ ਤਕ ਆਪਣੇ ਮਿੱਤਰਾਂ ਨੂੰ ਵੀ ਨਹੀਂ ਪਛਾਣ ਸਕਦਾ ਜਦੋਂ ਤਕ ਉਹ ਮੇਰੇ ਬਹੁਤ ਨੇੜੇ ਨਾ ਆ ਜਾਣ। ਜਿਥੋਂ ਤਕ ਇਸ ਪੁਸਤਕ ਲਈ ਜਾਣ-ਪਛਾਣ ਲਿਖਣ ਦਾ ਸਬੰਧ ਹੈ ਤਾਂ ਮੈਂ ਅਜੇ ਤਕ ਜੀਵਤ ਹਾਂ ਅਤੇ ਮੋਤੀਏ ਦਾ ਅਪਰੇਸ਼ਨ ਕਰਾਉਣ ਦੀ ਆਸ ਕਰ ਰਿਹਾ ਹਾਂ। ਇਸ ਵਿਚ ਕੁਝ ਮਾਹੀਨਿਆਂ ਦੀ ਹੋਰ ਦੇਰ ਵੀ ਹੋ ਸਕਦੀ ਹੈ। ਅਪਰੇਸ਼ਨ ਮਗਰੋਂ ਮੈਂ ਸਾਫ਼-ਸਾਫ਼ ਦੇਖ ਸਕਾਂਗਾ। ਮੇਰਾ ਮਿੱਤਰ ਇੰਦਰ ਰਾਜ ਆਨੰਦ ਇਸ ਸਬੰਧ ਵਿਚ ਮੈਥੋਂ ਬਾਜ਼ੀ ਮਾਰ ਗਿਆ ਹੈ ਅਤੇ ਆਪਣੀਆਂ ਦੋਵਾਂ ਅੱਖਾਂ ਦਾ ਅਪਰੇਸ਼ਨ ਕਰਾ ਚੁੱਕਾ ਹੈ।


ਮੈਂ ਅਜੇ ਤਕ ਜੀਵਤ ਵੀ ਹਾਂ ਅਤੇ ਆਦਮ ਦੇ ਜਾਇਆਂ ਨਾਲ ਬੱਝਿਆ ਹੋਇਆ ਵੀ ਹਾਂ। ਮੈਂ ਅਜੇ ਵੀ ਸੋਹਣੀਆਂ ਸ਼ਕਲਾਂ 'ਤੇ ਲੱਟੂ ਹੁੰਦਾ ਹਾਂ, ਭਾਵੇਂ ਅਜਿਹੀ ਕੋਈ ਸ਼ਕਲ ਉਦੋਂ ਹੀ ਦੇਖ ਸਕਦਾ ਹਾਂ ਜਦੋਂ ਉਹ ਮੇਰੇ ਏਨੀ ਨੇੜੇ ਆ ਜਾਵੇ ਕਿ ਮੈਂ ਉਸ ਨੂੰ ਚੁੰਮ ਸਕਾਂ। ਮੈਂ ਅਜੇ ਵੀ ਆਜ਼ਾਦੀ, ਸਾਮਵਾਦ, ਵਿਸ਼ਵ ਸ਼ਾਂਤੀ ਅਤੇ ਕਈ ਹੋਰ ਮਾਮਲਿਆਂ ਬਾਰੇ ਬੜਾ ਜੋਸ਼ ਮਹਿਸੂਸ ਕਰਦਾ ਹਾਂ। ਮੈਂ ਜ਼ਿੰਦਾ ਹਾਂ ਪਰ ਮਰਨ ਲਈ ਵੀ ਤਿਆਰ ਹਾਂ। ਮੌਤ ਅੱਜ ਵੀ ਆ ਸਕਦੀ ਹੈ (ਆਸ ਕਰਨੀ ਚਾਹੀਦੀ ਹੈ), ਵੀਹ ਸਾਲਾਂ ਮਗਰੋਂ ਵੀ। ਮੇਰਾ ਖਿਆਲ ਹੈ ਕਿ ਉਹ ਉਦੋਂ ਆਵੇਗੀ ਜਦੋਂ ਮੈਂ ਆਪਣੇ ਦੋਸਤ ਰੂਸੀ ਕਰੰਜੀਆ ਦੇ ਅਖਬਾਰ 'ਬਲਿਟਜ਼' ਲਈ 'ਦਿ ਲਾਸਟ ਪੇਜ' ਲਿਖ ਰਿਹਾ ਹੋਵਾਂਗਾ। ਮੈਨੂੰ ਆਸ ਹੈ ਕਿ ਉਹ 'ਦਿ ਲਾਸਟ ਪੇਜ' ਮੇਰੀ ਮਰਨ ਮਗਰੋਂ ਦੀ ਲਿਖਤ ਹੋਵੇਗਾ। ਨਿਰਸੰਦੇਹ ਜੇਕਰ ਮਰਨ ਮਗਰੋਂ ਵੀ ਕੋਈ ਜ਼ਿੰਦਗੀ ਹੁੰਦੀ ਹੈ (ਜਿਸ ਬਾਰੇ ਮੈਂ ਅਜੇ ਵੀ ਭੰਬਲਭੂਸੇ ਵਿਚ ਹਾਂ) ਤਾਂ ਮੈਨੂੰ ਪਰਲੋਕ ਤੋਂ ਆਪਣੀਆਂ ਲਿਖਤਾਂ ਭੇਜਣ ਵਿਚ ਖੁਸ਼ੀ ਮਹਿਸੂਸ ਹੋਵੇਗੀ।

## ਅੱਬਾਸ ਦੀ ਲਿਖਤ ਦਾ ਰੰਗ

ਅਮਰੀਕਾ ਵਿਚ ਪਹਿਲੀ ਵਾਰੀ ਮੇਰਾ ਮੌਤ ਨਾਲ ਸਾਹਮਣਾ ਹੋਇਆ। ਅਸੀਂ ਪੰਜ ਜਣੇ-ਵਫਦ ਮੁਖੀ ਯੂਸੁਫ਼ ਮਹਿਰਾਲੀ, ਰੇਣੁਕਾ ਰਾਏ (ਬਾਅਦ ਵਿਚ ਬੰਗਾਲ ਤੋਂ ਸੰਸਦ ਮੈਂਬਰ), ਬਾਅਦ ਵਿਚ ਪੱਤਰਕਾਰੀ ਨੂੰ ਪੇਸ਼ਾ ਬਣਾਉਣ ਵਾਲਾ ਐਸ.ਕੇ. ਬੈਂਸ, ਮੈਂ ਅਤੇ ਗੱਡੀ ਦਾ ਡਰਾਈਵਰ ਬੋਸਟਨ ਤੋਂ ਪਾਵਕੀਪਸੀ ਜਾ ਰਹੇ ਸੀ। ਚਾਰ ਸੌ ਮੀਲ ਦਾ ਆਉਣ-ਜਾਣ ਸੀ। ਅਸੀਂ ਤੜਕਸਾਰ ਹੀ ਤੁਰ ਪਏ ਸੀ। ਹੁਣ ਅਸੀਂ ਵਾਪਸ ਆ ਰਹੇ ਸੀ। ਡਰਾਈਵਰ ਸਮੇਤ ਸਭ ਨੂੰ ਨੀਂਦਰ ਆ ਰਹੀ ਸੀ। ਅੱਧੀ ਰਾਤ ਬੀਤ ਚੁੱਕੀ ਸੀ। ਨਿਰਸੰਦੇਹ ਡਰਾਈਵਰ ਸੁਯੋਗ ਡਰਾਈਵਰ ਸੀ (ਮੈਂ ਗੱਡੀ ਚਲਾਉਣ ਨੂੰ ਜਾਨ ਜੋਖੋਂ ਮਹਿਸੂਸ ਕਰਦਾ ਹਾਂ, ਇਸ ਲਈ ਮੇਰੇ ਲਈ ਹਰ ਡਰਾਈਵਰ ਸੁਪਰਮੈਨ ਹੁੰਦਾ ਹੈ)। ਮੈਂ ਉਸ ਦੇ ਨਾਲ ਵਾਲੀ ਸੀਟ 'ਤੇ ਬੈਠਾ ਸੀ। ਮੈਨੂੰ ਉਸ ਦੀਆਂ ਅੱਖਾਂ ਵਿਚ ਨੀਂਦਰ ਦਿਖਾਈ ਦੇ ਰਹੀ ਸੀ। ਮੈਨੂੰ ਇਕ ਹਰਿਆਣਵੀ ਗੀਤ ਯਾਦ ਸੀ। ਉਸ ਨੂੰ ਜਗਾਈ ਰੱਖਣ ਲਈ ਮੈਂ ਗੀਤ ਗਾਉਣ ਲੱਗ ਪਿਆ। ਡਰਾਈਵਰ ਨੇ ਆਖਿਆ, "ਚੰਗਾ ਵਿਚਾਰ ਹੈ ਜਨਾਬ। ਤੁਹਾਡੀ ਆਵਾਜ਼ ਮੈਨੂੰ ਜਗਾਈ ਰੱਖੇਗੀ।" ਮੈਨੂੰ ਜਾਪਿਆ ਟਕੋਰ ਕਰ ਰਿਹਾ ਹੈ। ਮੈਂ ਤੁਰੰਤ ਗਾਉਣਾ ਬੰਦ ਕਰ ਦਿੱਤਾ।...




***ਖਵਾਜਾ ਅਹਿਮਦ ਅੱਬਾਸ ਦੀ ਪੰਜਾਬੀ ਵਿਚ ਛਪੀ ਸਵੈ-ਜੀਵਨੀ 'ਟਾਪੂ ਨਹੀਂ ਹਾਂ ਮੈਂ' ਦਾ ਮੁਖੜਾ। ਕਿਤਾਬ ਦਾ ਉਰਦੂ ਤੋਂ ਅਨੁਵਾਦ ਡਾ. ਨਰੇਸ਼ ਨੇ ਕੀਤਾ ਹੈ।***




***ਸਵੈ-ਜੀਵਨੀ ਦਾ ਅੰਗਰੇਜ਼ੀ ਅਨੁਵਾਦ।***



***ਚੜ੍ਹਦੀ ਉਮਰੇ ਖਵਾਜਾ ਅਹਿਮਦ ਅੱਬਾਸ।***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਮਾਰਚ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-576



*'ਟਾਂਗਾ ਲਾਹੌਰ ਹੋਵੇ ਭਾਵੇਂ ਝੰਗ ਦਾ, ਟਾਂਗੇ ਵਾਲਾ ਖ਼ੈਰ ਮੰਗ ਦਾ',*
*ਹੁੰਦਾ ਸੀ ਕਦੇ ਜੋ ਸੜਕਾਂ ਦਾ ਰਾਜਾ, ਬਚਿਆ ਹੈ ਭਾੜੇ ਭੰਗ ਦਾ।*
*ਕਿਲ੍ਹੇ ਸਾਹਮਣੇ ਭੰਗੀ ਤੋਪਾਂ ਵਾਂਗਰ, ਵਿੱਚ ਬਾੜੇ ਹੈ ਖੜ੍ਹਾਇਆ,*
*ਸਮਾਂ ਬਦਲਿਆ ਹੈ ਯੁੱਗ ਤੇਜ਼ੀ ਦਾ, ਜਾਪੇ ਗਿਆ ਦਫ਼ਨਾਇਆ।*

## ਕੈਪਸ਼ਨ ਮੁਕਾਬਲਾ-574



ਸਬਜ਼ੀਆਂ ਵਾਲੀ ਦੁਕਾਨ ਲੱਦ ਲਈ
ਘਰੋ-ਘਰੀ ਪਹੁੰਚਾਵੇਂਗਾ।
ਮੰਨ ਗਏ ਮਿੱਤਰਾ ਸਕੀਮ ਤੇਰੀ ਨੂੰ
ਛਿੱਲੜ ਚਾਰ ਕਮਾਏਂਗਾ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਵੇਖੋ ਮੋਪਿਡ ਕਿੱਧਰੋਂ ਲੈ ਪੁਰਾਣਾ,
ਬੰਬੂਕਾਟ ਬਣਾਇਆ।
ਥੋਕ ਦੇ ਵਿਚ ਖਰੀਦ ਸਬਜ਼ੀਆਂ,
ਪਿੰਡ 'ਚ ਗੇੜਾ ਲਾਇਆ।
ਆੜ੍ਹਤੀਏ ਬੰਬੂਕਾਟ ਜਾਂ ਤੱਕਿਆ,
ਕੋਲ ਉਸਦੇ ਆਇਆ।
ਆੜ੍ਹਤ ਦਾ ਉਸ ਬਿੱਲ ਕੱਟ ਕੇ,
ਉਸ ਦੇ ਹੱਥ ਫੜਾਇਆ
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਮੋਪੇਡ 'ਤੇ ਅੱਠ-ਦਸ ਥੈਲੇ ਟੰਗ ਕੇ
ਜ਼ਰੂਰੀ ਸਬਜ਼ੀਆਂ ਨਾਲ ਘਰ ਕੇ
ਬਣ ਲਿਆ ਠੇਲਾ
ਪਿੰਡ ਪਿੰਡ ਗਲੀ-ਗਲੀ ਹੋਕੇ ਮਾਰ ਕੇ
ਹੰਭ ਗਿਆ
ਬੜੀ ਮੁਸ਼ਕਿਲ ਲੰਘਦੀ ਹੈ
ਜ਼ਿੰਦਗੀ ਦੀ ਬੇਲਾ
ਲਾਗਤ ਮੁੱਲ 'ਤੇ ਵੇਚ ਕੇ ਵੀ
ਲੋਕੀਂ ਕਹਿਣ ਮਹਿੰਗਾ
ਪੂਰੀ ਊਰਜਾ
ਆਪਣੀ ਖਤਮ ਕਰ ਕੇ
ਕਮਾਈਏ ਟਕਾ ਧੇਲਾ
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਕੋਈ ਵੀ ਕਿੱਤਾ
ਛੋਟਾ ਜਾਂ ਵੱਡਾ ਨਹੀਂ ਹੁੰਦਾ
ਜਜ਼ਬਾ ਹੋਣਾ ਚਾਹੀਦਾ।
ਸਬਜ਼ੀ ਮੰਡੀ ਦਾ ਆਕਾਰ ਤੇ ਸਥਾਨ
ਕਿਤੇ ਵੀ ਹੋਵੇ
ਸਜਾਉਣ ਦਾ ਤਜਰਬਾ ਹੋਣਾ ਚਾਹੀਦਾ
ਛੋਟੇ ਖੇਤਰ ਵਿਚ ਵੀ ਤਰੱਕੀ ਦੀ ਤਸਵੀਰ
ਡਿਜੀਟਲ ਕੰਡੇ ਦੇ ਮੂੰਹੋਂ ਬੋਲਦੀਆਂ
ਹਰ ਘਰ ਤਾਜ਼ਾ ਸਬਜ਼ੀਆਂ ਪਹੁੰਚਾਉਣਾ।
ਸਵੈ ਰੁਜ਼ਗਾਰ ਦਾ ਰਸਤਾ ਖੋਲ੍ਹਦੀਆਂ।
***-ਹਰਜੋਤ ਕੌਰ***

---

ਜਾ ਕੇ ਸਬਜ਼ੀ ਮੰਡੀ ਨਹੀਂ ਛੱਡੀ ਕੋਈ ਸ਼ੈਅ
ਤੋੜ ਸਰੀਰ ਨੂੰ
ਲੱਦ ਲਾਦੂ ਖੋਤੇ ਵਾਂਗ
ਦੇ ਹੋਕਾ ਗਲੀ ਗਲੀ ਘੁਮਾ ਮੋਪਡ
ਸੁਖਾਲਾ ਨਹੀਂ ਹੈ ਜੋਖਮ ਭਰਿਆ
ਹਿਰਖ ਨਹੀਂ ਫੇਰੀ ਵਾਲੇ ਨੂੰ
ਗਾਹਕ ਦੀ ਲੋੜ ਪੂਰੀ
ਫਰੀ ਵਾਲੇ ਦੀ ਜੇਬ ਹਰੀ
ਪੱਕੇ ਗਾਹਕ ਉਡੀਕਦੇ ਰਹਿੰਦੇ
ਸਬਜ਼ੀ ਵਾਲੇ ਨੂੰ
ਢਿੰਡੋਰਾ ਵੀ ਬਹੁਤਾ ਨਹੀਂ ਫੇਰਨਾ ਪੈਂਦਾ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*

# ਬਰਲਿਨ ਦੀਆਂ ਓਲੰਪਿਕ ਖੇਡਾਂ ਦਾ ਹੀਰੋ ਜੇਸੀ ਓਵੇਂਜ਼

**ਵਿਸ਼ਵ ਦੇ ਮਹਾਨ ਖਿਡਾਰੀ**



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਜੇਸੀ ਓਵੇਂਜ ਮਨੁੱਖੀ ਜੁੱਸੇ ਵਿਚ ਤਾਕਤ ਦਾ ਬੰਬ ਸੀ। ਜਦ ਦੌੜਦਾ ਤਾਂ ਇਉਂ ਲੱਗਦਾ ਜਿਵੇਂ ਉਹਦੇ ਪੈਰਾਂ ਹੇਠ ਅੱਗ ਮੱਚਦੀ ਹੋਵੇ। ਉਹ ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਸਭ ਤੋਂ ਤੇਜ਼ਤਰਾਰ ਦੌੜਾਕ ਸਾਬਤ ਹੋਇਆ। ਉਸ ਨੇ 5 ਮਈ 1935 ਨੂੰ 45 ਮਿੰਟਾਂ ਦੌਰਾਨ ਤਿੰਨ ਵਿਸ਼ਵ ਰਿਕਾਰਡ ਤੋੜੇ ਤੇ ਚੌਥਾ ਬਰਾਬਰ ਕੀਤਾ। ਉਹਦਾ ਲੰਮੀ ਛਾਲ ਦਾ ਵਿਸ਼ਵ ਰਿਕਾਰਡ 24 ਸਾਲ ਉਹਦੇ ਨਾਂ ਖੜ੍ਹਾ ਰਿਹਾ! ਬਰਲਿਨ ਦੀਆਂ ਓਲੰਪਿਕ ਖੇਡਾਂ-1936 ਵਿਚ ਉਹ 100, 200 ਤੇ 4+100 ਮੀਟਰ ਰਿਲੇਅ ਦੌੜਾਂ ਦੇ ਨਾਲ ਲੰਮੀ ਛਾਲ ਦੇ ਮੁਕਾਬਲੇ ਨਵੇਂ ਓਲੰਪਿਕ ਤੇ ਵਿਸ਼ਵ ਰਿਕਾਰਡਾਂ ਨਾਲ ਜਿੱਤਿਆ। ਉਹਦਾ ਬਚਪਨ ਬੇਸ਼ੱਕ ਅੰਤਾਂ ਦੀ ਗ਼ਰੀਬੀ 'ਚ ਗੁਜ਼ਰਿਆ ਸੀ ਪਰ ਉਹ ਗੋਦੜੀ ਦਾ ਲਾਲ ਸਾਬਤ ਹੋਇਆ।

ਜੇਸੀ ਉਸ ਦਾ ਅਸਲੀ ਨਾਂ ਨਹੀਂ ਸੀ। ਉਸ ਦਾ ਜਮਾਂਦਰੂ ਨਾਂ ਜੇਮਜ਼ ਕਲੀਵਲੈਂਡ ਓਵੇਂਜ਼ ਸੀ। ਜਦ ਉਹ ਨੌਂ ਸਾਲ ਦੀ ਉਮਰੇ ਆਪਣੇ ਜਨਮ ਸਥਾਨ ਤੋਂ ਉੱਜੜ ਕੇ ਕਲੀਵਲੈਂਡ, ਓਹਾਇਓ ਦੇ ਸਕੂਲ ਵਿਚ ਪੜ੍ਹਨ ਲੱਗਾ ਤਾਂ ਅਧਿਆਪਕਾ ਨੇ ਉਸ ਦਾ ਨਾਂ ਪੁੱਛਿਆ। ਉਸ ਨੇ ਨਾਂ ਮੂਹਰਲੇ ਅੱਖਰਾਂ ਮੁਤਾਬਿਕ ਜੇ ਸੀ ਦੱਸਿਆ ਤਾਂ ਮੈਡਮ ਨੇ ਰਜਿਸਟਰ ਵਿਚ ਜੇਸੀ ਲਿਖ ਲਿਆ। ਬਾਅਦ ਵਿਚ ਲੋਕ ਜੇਮਜ਼ ਕਲੀਵਲੈਂਡ ਨੂੰ ਭੁੱਲ ਗਏ ਤੇ ਉਹ 'ਜੇਸੀ' ਨਾਂ ਨਾਲ ਹੀ ਮਸ਼ਹੂਰ ਹੋਇਆ। ਉਹ ਅਫਰੀਕੀ ਮੂਲ ਦਾ ਸਿਆਹਫ਼ਾਮ ਅਮਰੀਕਨ ਅਥਲੀਟ ਸੀ। ਉਹਦੇ ਦਾਦੇ ਪੜਦਾਦੇ ਗੋਰੇ ਅਮਰੀਕਨਾਂ ਦੇ ਗ਼ੁਲਾਮ ਸਨ।

ਉਹਦਾ ਜਨਮ 12 ਸਤੰਬਰ 1913 ਨੂੰ ਮਾਤਾ ਮੇਰੀ ਐਮਾ ਫਿਟਸ਼ਰਾਲਟ ਦੀ ਕੁੱਖੋਂ ਪਿਤਾ ਹੈਨਰੀ ਕਲੀਵਲੈਂਡ ਓਵੇਂਜ਼ ਦੇ ਘਰ ਓਕਵਿੱਲ, ਅਲਬਾਮਾ ਵਿਚ ਹੋਇਆ ਸੀ। ਉਹ ਤਿੰਨ ਭੈਣਾਂ ਤੇ ਸੱਤ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਉਸ ਨੂੰ ਬਚਪਨ ਵਿਚ ਹੀ ਬੜੇ ਔਖੇ ਤੇ ਕਰੜੇ ਕੰਮ ਕਰਨੇ ਪਏ ਜਿਸ ਨਾਲ ਉਹਦਾ ਜੁੱਸਾ ਸਖ਼ਤ ਤੇ ਹੰਢਣਸਾਰ ਹੋ ਗਿਆ ਜੋ ਬਾਅਦ ਵਿਚ ਦੌੜਾਂ ਦੌੜਨ ਤੇ ਛਾਲਾਂ ਲਾਉਣ ਦੇ ਕੰਮ ਆਇਆ। ਜੁਆਨੀ ਵਿਚ ਉਹਦਾ ਕੱਦ 5 ਫੁੱਟ 11 ਇੰਚ ਤੇ ਵਜ਼ਨ 75 ਕਿੱਲੋਗਰਾਮ ਸੀ। ਨੌਂ ਸਾਲਾਂ ਦਾ ਸੀ ਕਿ ਅਮਰੀਕਾ ਦੀ 'ਗ੍ਰੇਟ ਮਾਈਗ੍ਰੇਸ਼ਨ' (1910-1940) ਦੌਰਾਨ ਉਨ੍ਹਾਂ ਦਾ ਪਰਿਵਾਰ ਓਕਵਿੱਲ ਅਲਬਾਮਾ ਤੋਂ ਕਲੀਵਲੈਂਡ ਓਹਾਇਓ ਚਲਾ ਗਿਆ। ਉਥੇ ਉਸ ਨੇ ਸਕੂਲ ਤੇ ਕਾਲਜ ਦੀ ਪੜ੍ਹਾਈ ਕੀਤੀ ਤੇ ਕੋਚ ਲੈਰੀ ਸਨਾਈਡਰ ਦੀ ਕੋਚਿੰਗ ਨਾਲ 1935 'ਚ ਐਨਆਰਬਰ ਮਿਸ਼ੀਗਨ ਯੂਨੀਵਰਸਿਟੀ ਵਿਚ ਵਿਸ਼ਵ ਦੇ ਚਾਰ ਰਿਕਾਰਡ ਨਵਿਆਏ।

ਉਹ ਸਕੂਲ ਦਾ ਵਿਦਿਆਰਥੀ ਸੀ ਕਿ ਉਸ ਦਾ 1915 ਵਿਚ ਜੰਮੀ ਮਿਨੀ ਰੁਥ ਸੋਲੋਮਨ ਨਾਲ ਪਿਆਰ ਹੋ ਗਿਆ। ਅਣਵਿਆਹੀ ਮਿਨੀ ਨੇ 1932 ਵਿਚ ਉਸ ਦੀ ਧੀ ਗਲੋਰੀਆ ਨੂੰ ਜਨਮ ਦਿੱਤਾ। 1935 ਵਿਚ ਉਨ੍ਹਾਂ ਨੇ ਵਿਆਹ ਕਰਵਾ ਲਿਆ ਤੇ ਦੋ ਬੱਚੇ ਹੋਰ ਪੈਦਾ ਕੀਤੇ। ਮਿਨੀ ਰੁੱਥ ਤੇ ਜੇਸੀ ਦੀ ਅਖ਼ੀਰ ਤਕ ਨਿਭੀ। ਉਹ 86 ਸਾਲ ਜੀਵੀ, 21 ਸਾਲ ਰੰਡੇਪਾ ਕੱਟਿਆ ਤੇ 2001 ਵਿਚ ਮਰੀ।

ਜਰਮਨੀ ਦੇ ਡਿਕਟੇਟਰ ਹਿਟਲਰ ਦੀ ਤਾਨਾਸ਼ਾਹੀ ਵੇਲੇ ਬਰਲਿਨ ਦੀਆਂ ਓਲੰਪਿਕ ਖੇਡਾਂ 'ਚ ਕਾਲੇ ਜੇਤੂਆਂ ਦਾ ਆਗਮਨ ਸ਼ੁਰੂ ਹੋਇਆ ਸੀ। ਪਹਿਲੀ ਵਾਰ ਅਮਰੀਕਾ ਦੇ ਖਿਡਾਰੀ ਦਲ ਵਿਚ ਅਫਰੀਕੀ ਮੂਲ ਦੇ 18 ਅਮਰੀਕਨ ਖਿਡਾਰੀ ਸ਼ਾਮਲ ਕੀਤੇ ਗਏ ਸਨ। ਉਥੇ ਜੇਸੀ ਨੇ ਉਹ ਜਲਵੇ ਵਿਖਾਏ ਕਿ ਬਰਲਿਨ ਦੀਆਂ ਓਲੰਪਿਕ ਖੇਡਾਂ ਨੂੰ ਜੇਸੀ ਓਵੇਂਜ਼ ਦੀਆਂ ਖੇਡਾਂ ਕਹਿ ਕੇ ਯਾਦ ਕੀਤਾ ਜਾਂਦੈ। ਉਸ ਨੇ ਉਪਰੋਥਲੀ ਸੋਨੇ ਦੇ ਚਾਰ ਤਮਗੇ ਜਿੱਤੇ। ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਅਥਲੀਟ ਨੇ ਇਕੋ ਓਲੰਪਿਕਸ ਵਿਚੋਂ ਚਾਰ ਗੋਲਡ ਮੈਡਲ ਜਿੱਤੇ ਹੋਣ।



ਬਰਲਿਨ ਨੇ ਖੇਡਾਂ ਕਰਾਉਣ ਦੀ ਤਿਆਰੀ ਵਿਸ਼ਾਲ ਪੈਮਾਨੇ ਉੱਤੇ ਕੀਤੀ ਸੀ। ਓਲੰਪਿਕ ਸਟੇਡੀਅਮ ਵਿਚ ਇਕ ਲੱਖ ਦਸ ਹਜ਼ਾਰ ਦਰਸ਼ਕ ਸਮਾ ਸਕਦੇ ਸਨ। ਜਰਮਨ ਸਿੱਧ ਕਰਨਾ ਚਾਹੁੰਦੇ ਸਨ ਕਿ ਨਾਜ਼ੀਆਂ ਜਿਹਾ ਹੋਰ ਕੋਈ ਨਹੀਂ ਤੇ ਉਨ੍ਹਾਂ ਦੀ ਆਰੀਅਨ ਨਸਲ ਸਰਬੋਤਮ ਹੈ। ਪਹਿਲੇ ਹੀ ਮੁਕਾਬਲੇ ਵਿਚ ਜਰਮਨੀ ਦੇ ਗੋਲਾ ਸੁਟਾਵੇ ਹਾਂਸਵੋਲਕੇ ਨੇ ਨਵੇਂ ਓਲੰਪਿਕ ਰਿਕਾਰਡ ਨਾਲ ਗੋਲਡ ਮੈਡਲ ਜਿੱਤਿਆ ਤਾਂ ਉਸ ਨੂੰ ਹਿਟਲਰ ਕੋਲ ਲਿਜਾਇਆ ਗਿਆ। ਹਿਟਲਰ ਨੇ ਹੱਥ ਮਿਲਾ ਕੇ ਉਹਨੂੰ ਸ਼ਾਬਾਸ਼ ਦਿੱਤੀ। ਉਸ ਪਿੱਛੋਂ ਅਮਰੀਕਾ ਦੇ ਸਾਂਵਲੇ ਅਥਲੀਟ ਸੀ. ਜਾਨ੍ਹਸਨ ਨੇ 2.03 ਮੀਟਰ ਉੱਚੀ ਛਾਲ ਲਾ ਕੇ ਨਵੇਂ ਓਲੰਪਿਕ ਰਿਕਾਰਡ ਨਾਲ ਸੋਨ-ਤਗਮਾ ਜਿੱਤਿਆ ਤਾਂ ਹਿਟਲਰ ਆਪਣੀ ਸੀਟ ਤੋਂ ਉਠ ਕੇ ਚਲਾ ਗਿਆ ਤਾਂ ਜੋ ਉਸ ਨਾਲ ਹੱਥ ਨਾ ਮਿਲਾਉਣਾ ਪਵੇ!

ਜੇਸੀ ਓਵੇਂਜ਼ ਨੇ ਪਹਿਲਾ ਸੋਨ-ਤਗਮਾ 100 ਮੀਟਰ ਦੀ ਦੌੜ 'ਚੋਂ ਜਿੱਤਿਆ। ਉਹਨੇ ਸੱਤ-ਫੁੱਟੇ ਕਦਮਾਂ ਨਾਲ 10.03 ਸੈਕੰਡ ਵਿਚ ਦੌੜ ਪੂਰੀ ਕੀਤੀ। ਦੂਜਾ ਸੋਨ-ਤਗਮਾ 8.06 ਮੀਟਰ ਲੰਮੀ ਛਾਲ ਲਾ ਕੇ ਜਿੱਤਿਆ। ਤੀਜਾ ਸੋਨੇ ਦਾ ਤਗਮਾ 200 ਮੀਟਰ ਦੌੜ ਵਿਚ 20.07 ਸੈਕੰਡ ਦੇ ਸਮੇਂ ਨਾਲ ਹਾਸਲ ਕੀਤਾ ਤੇ ਚੌਥਾ ਸੋਨ-ਤਗਮਾ 4+100 ਮੀਟਰ ਰੀਲੇਅ ਦੌੜ ਵਿਚੋਂ ਪ੍ਰਾਪਤ ਕੀਤਾ। ਜੈਸੀ ਓਵੇਂਜ਼ ਨਾਲ ਹੋਰਨਾਂ 'ਸਾਂਵਲਿਆਂ' ਨੇ 14 ਮੈਡਲ ਜਿੱਤੇ ਜਿਸ ਨਾਲ ਨੀਗਰੋ ਨਸਲ ਦੀ ਬੱਲੇ-ਬੱਲੇ ਹੋ ਗਈ।

ਓਲੰਪਿਕ ਪਿੰਡ 136 ਏਕੜ ਰਕਬੇ ਵਿਚ ਵਸਾਇਆ ਗਿਆ ਸੀ ਜਿੱਥੇ ਪਹਿਰੇ ਏਨੇ ਸਖ਼ਤ ਸਨ ਕਿ ਨਾਜ਼ੀ ਸਿਪਾਹੀਆਂ ਦੀਆਂ ਭੂਰੀਆਂ ਵਰਦੀਆਂ ਖਿਡਾਰੀਆਂ ਦੇ ਟਰੈਕ ਸੂਟਾਂ ਤੋਂ ਵਧੇਰੇ ਦਿਸਦੀਆਂ ਰਹੀਆਂ। ਭਾਰਤ ਵੱਲੋਂ ਓਲੰਪਿਕ ਖੇਡਾਂ ਵਿਚ ਪੰਜ ਅਥਲੀਟ ਭੇਜੇ ਗਏ ਸਨ। ਉਨ੍ਹਾਂ 'ਚ ਪੰਜਾਬ ਦੇ ਰੌਣਕ ਸਿੰਘ ਤੇ ਨਿਰੰਜਨ ਸਿੰਘ ਸਨ। ਭਾਰਤੀ ਹਾਕੀ ਟੀਮ ਦੇ ਕਪਤਾਨ, ਤੀਜੀ ਵਾਰ ਓਲੰਪਿਕ ਖੇਡ ਰਹੇ ਧਿਆਨ ਚੰਦ ਸਨ। ਉਨ੍ਹਾਂ ਨੂੰ ਹਾਕੀ ਦਾ ਜਾਦੂਗਰ ਕਿਹਾ ਜਾਂਦਾ ਸੀ। ਭਾਰਤ ਨੇ ਹੰਗਰੀ ਨੂੰ 4-0, ਅਮਰੀਕਾ ਨੂੰ 7-0, ਜਪਾਨ ਨੂੰ 9-0, ਫਰਾਂਸ ਨੂੰ 10-0 ਤੇ ਫਾਈਨਲ ਮੈਚ ਵਿਚ ਜਰਮਨੀ ਨੂੰ 8-1 ਗੋਲਾਂ ਦੇ ਵੱਡੇ ਫਰਕ ਨਾਲ ਹਰਾ ਕੇ ਲਗਾਤਾਰ ਤੀਜੀ ਵਾਰ ਸੋਨੇ ਦਾ ਤਮਗ਼ਾ ਜਿੱਤਿਆ ਸੀ। ਉਂਜ ਸਭ ਤੋਂ ਬਹੁਤੇ ਮੈਡਲ ਜਰਮਨੀ ਨੇ ਜਿੱਤੇ ਸਨ ਤੇ ਅਮਰੀਕਾ ਦੋਇਮ ਰਿਹਾ ਸੀ। ਜਰਮਨੀ ਦੇ 33 ਸੋਨੇ, 26 ਚਾਂਦੀ ਤੇ 12 ਤਾਂਬੇ ਦੇ ਮੈਡਲ ਜਦ ਕਿ ਅਮਰੀਕਾ ਦੇ 24 ਸੋਨੇ, 20 ਚਾਂਦੀ ਤੇ 12 ਤਾਂਬੇ ਦੇ ਮੈਡਲ ਸਨ। ਉਨ੍ਹਾਂ ਵਿਚ 8 ਸੋਨੇ, 3 ਚਾਂਦੀ ਤੇ 2 ਤਾਂਬੇ ਦੇ ਤਗਮੇ ਪਹਿਲੀ ਵਾਰ ਭਾਗ ਲੈ ਰਹੇ ਨੀਗਰੋਆਂ ਦੇ ਸਨ।

**1935 ਵਿਚ ਲਾਈ 26 ਫੁੱਟ 5 ਇੰਚ ਲੰਮੀ ਛਾਲ ਨਾਲ ਜੇਸੀ ਦੀਆਂ ਧੁੰਮਾਂ ਕੁਲ ਦੁਨੀਆ ਵਿਚ ਪੈ ਗਈਆਂ ਸਨ। ਇਹੋ ਕਾਰਨ ਸੀ ਕਿ ਆਮ ਜਰਮਨ ਵਾਸੀ ਉਸ ਨੂੰ ਬਰਲਿਨ ਦੀਆਂ ਓਲੰਪਿਕ ਖੇਡਾਂ ਵਿਚ ਦੌੜਦੇ ਤੇ ਛਾਲਾਂ ਲਾਉਂਦੇ ਵੇਖਣਾ ਚਾਹੁੰਦੇ ਸਨ। ਹਿਟਲਰ ਨੇ ਉਸ ਨੂੰ ਹਰਾਉਣ ਲਈ** ਇਕ ਜਰਮਨ ਨੌਜਵਾਨ ਲੁਜ਼ ਲੌਂਗ ਨੂੰ ਉਹਲਾ ਰੱਖ ਕੇ ਤਿਆਰੀ ਕਰਵਾਈ ਸੀ। ਉਸ ਦੀ ਛਾਲ਼ ਓਲੰਪਿਕ ਰਿਕਾਰਡ ਤੋਂ ਵੱਧ ਲੱਗਣ ਲੱਗ ਪਈ ਸੀ।

ਤਿੰਨ ਟਰਾਇਲ ਛਾਲਾਂ ਵਿਚ ਕੁਆਲੀਫਾਈ ਕਰਨਾ ਜ਼ਰੂਰੀ ਸੀ। ਜੇਸੀ ਨੇ ਪਹਿਲੀ ਛਾਲ ਵੈਸੇ ਹੀ ਪ੍ਰੈਕਟਿਸ ਵਜੋਂ ਲਾਈ ਜੋ ਫਾਊਲ ਸੀ ਪਰ ਜੱਜਾਂ ਨੇ ਉਹ ਪਹਿਲੀ ਟਰਾਇਲ ਛਾਲ ਗਿਣ ਲਈ। ਪਿੱਛੇ ਰਹਿ ਗਈਆਂ ਦੋ ਟਰਾਇਲ ਛਾਲਾਂ। ਲੁਜ਼ ਲੌਂਗ ਪਹਿਲੀ ਛਾਲ਼ ਨਾਲ ਹੀ ਫਾਈਨਲ ਮੁਕਾਬਲੇ ਲਈ ਕੁਆਲੀਫ਼ਾਈ ਕਰ ਗਿਆ। ਜੇਸੀ ਓਵੇਂਜ਼ ਉਹਦੀ 26 ਫੁੱਟ ਦੀ ਛਾਲ ਤੋਂ ਹੱਕਾ-ਬੱਕਾ ਰਹਿ ਗਿਆ! ਸੋਚਣ ਲੱਗਾ ਇਹ ਅਫ਼ਲਾਤੂਨ ਕਿੱਥੋਂ ਨਿਕਲ ਆਇਆ? ਹਿਟਲਰ ਦੇ ਨਸਲਵਾਦ ਨੇ ਜੇਸੀ ਦਾ ਪਾਰਾ ਚੜ੍ਹਾ ਦਿੱਤਾ। ਰੋਹ ਵਿਚ ਆਇਆ ਜੇਸੀ ਦੂਜੀ ਛਾਲ ਫਾਊਲ ਕਰ ਬੈਠਾ। ਅਣਗਹਿਲੀ 'ਚ ਉਹਦਾ ਪੈਰ ਛਾਲ਼ ਚੁੱਕਣ ਵਾਲੀ ਫੱਟੀ ਤੋਂ ਮਾਮੂਲੀ ਅੱਗੇ ਚਲਾ ਗਿਆ ਸੀ। ਬੱਸ ਇਕੋ ਮੌਕਾ ਹੋਰ ਸੀ। ਜੇਸੀ ਦੀ ਘਬਰਾਹਟ ਹੋਰ ਵਧ ਗਈ। ਜੇ ਆਖ਼ਰੀ ਛਾਲ਼ ਵੀ ਫ਼ਾਊਲ ਹੋ ਜਾਂਦੀ ਜਾਂ ਮਿੱਥੀ ਦੂਰੀ ਤੋਂ ਘੱਟ ਰਹਿ ਜਾਂਦੀ ਤਾਂ ਸਾਲਾਂ ਦੀ ਮਿਹਨਤ 'ਤੇ ਪਾਣੀ ਫਿਰ ਜਾਣਾ ਸੀ।

ਆਖ਼ਰੀ ਟਰਾਇਲ ਦੀ ਉਡੀਕ ਵਿਚ ਉਹ ਗੁੱਸੇ ਨਾਲ਼ ਜ਼ਮੀਨ 'ਤੇ ਠੁੱਡੇ ਮਾਰ ਰਿਹਾ ਸੀ ਕਿ ਇਕ ਹਮਦਰਦ ਹੱਥ ਉਸ ਦੇ ਮੋਢੇ 'ਤੇ ਆ ਟਿਕਿਆ। ਉਸ ਨੇ ਮੁੜ ਕੇ ਵੇਖਿਆ ਤਾਂ 26 ਫੁੱਟ ਛਾਲ ਲਾਉਣ ਵਾਲਾ ਲੁਜ਼ ਲੌਂਗ ਖੜ੍ਹਾ ਸੀ। ਗੋਰਾ ਨਿਸ਼ੋਹ, ਪਤਲਾ, ਲੰਮਾ, ਬਿੱਲੀਆਂ ਅੱਖਾਂ ਤੇ ਭੂਰੇ ਵਾਲ਼ਾਂ ਵਾਲਾ। ਉਸ ਨੇ ਜੇਸੀ ਨਾਲ਼ ਹੱਥ ਮਿਲਾਇਆ ਤੇ ਹਮਦਰਦੀ ਨਾਲ ਕਿਹਾ, "ਅੱਜ ਤੈਨੂੰ ਕੀ ਹੋ ਗਿਆ ਜੇਸੀ? ਨਾਰਮਲ ਰਹਿ ਕੇ ਛਾਲ ਲਾ। ਤੂੰ ਤਾਂ ਜੰਪਿੰਗ ਪਿੱਟ ਤੋਂ ਇਕ ਫੁੱਟ ਪਿੱਛੋਂ ਛਾਲ਼ ਚੁੱਕੇਂ ਤਾਂ ਵੀ ਕੁਆਲੀਫ਼ਾਈ ਕਰ ਸਕਦੈਂ। ਗੁੱਡ ਲੱਕ!" ਲੁਜ਼ ਲੌਂਗ ਦੀ ਹਮਦਰਦੀ ਨਾਲ਼ ਓਵੇਂਜ਼ ਨਾਰਮਲ ਹੋ ਗਿਆ। ਉਸ ਨੇ ਤੀਜੀ ਛਾਲ਼ ਫੱਟੀ ਤੋਂ ਪਿੱਛੇ ਰੱਖੇ ਤੌਲੀਏ ਦੀ ਨਿਸ਼ਾਨੀ ਕੋਲੋਂ ਚੁੱਕੀ ਤੇ ਆਸਾਨੀ ਨਾਲ ਕੁਆਲੀਫ਼ਾਈ ਕਰ ਗਿਆ।

ਉਸੇ ਦਿਨ ਪਿਛਲੇ ਪਹਿਰ ਫ਼ਾਈਨਲ ਮੁਕਾਬਲੇ ਵਿਚ ਦੋਹਾਂ ਅਥਲੀਟਾਂ ਨੇ ਗੋਲਡ ਮੈਡਲ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਲੁਜ਼ ਲੌਂਗ ਨੇ ਆਪਣੇ ਖੇਡ ਕਰੀਅਰ ਦੀ ਸਭ ਤੋਂ ਲੰਬੀ ਛਾਲ਼ ਲਾਈ, ਪਰ ਜੇਸੀ ਓਵੇਂਜ਼ ਉਸ ਤੋਂ ਵੀ ਵੱਧ ਲੰਮੀ ਛਾਲ਼ ਲਾ ਕੇ ਸੋਨੇ ਦਾ ਤਗਮਾ ਜਿੱਤ ਗਿਆ। ਲੁਜ਼ ਲੌਂਗ ਨੇ ਸੁਹਿਰਦ ਖੇਡ ਭਾਵਨਾ ਨਾਲ ਜੇਸੀ ਦਾ ਹੱਥ ਘੁੱਟ ਕੇ ਵਧਾਈ ਦਿੱਤੀ ਤੇ ਉਸ ਨਾਲ ਫ਼ੋਟੋ ਖਿਚਵਾਏ। ਕੈਬਿਨ 'ਚ ਬੈਠਾ ਹਿਟਲਰ ਅਕਲਕਾਂਦ ਹੋ ਉੱਠਿਆ। ਲੁਜ਼ ਨੇ ਉਸ ਵੱਲ ਵੇਖਿਆ ਪਰ ਕੋਈ ਪਰਵਾਹ ਨਾ ਕੀਤੀ। ਇਸ ਦੀ ਸਜ਼ਾ ਉਸ ਨੂੰ ਆਪਣੀ ਜਾਨ ਦੇ ਕੇ ਭੁਗਤਣੀ ਪਈ ਕਿਉਂਕਿ ਬਾਅਦ ਵਿਚ ਹਿਟਲਰ ਨੇ ਉਸ ਨੂੰ ਜੰਗ ਵਿਚ ਝੋਕ ਦਿੱਤਾ ਸੀ।

ਉਸੇ ਰਾਤ ਜੇਸੀ ਓਵੇਂਜ਼, ਲੁਜ਼ ਲੌਂਗ ਦਾ ਧੰਨਵਾਦ ਕਰਨ ਉਹਦੇ ਕਮਰੇ ਵਿਚ ਗਿਆ। ਉਹ ਦੋ ਘੰਟੇ ਦੋਸਤਾਨਾ ਗੱਲਾਂ ਕਰਦੇ ਰਹੇ। ਲੁਜ਼ ਲੌਂਗ ਨੂੰ ਹਿਟਲਰ ਦੇ ਨਸਲਵਾਦ ਵਿਚ ਵਿਸ਼ਵਾਸ ਨਹੀਂ ਸੀ ਤੇ ਨਾ ਹੀ ਉਹ ਉਸ ਤੋਂ ਡਰਦਾ ਸੀ। ਉਥੇ ਦੋਹਾਂ ਮਹਾਨ ਅਥਲੀਟਾਂ ਵਿਚਕਾਰ ਨਸਲਵਾਦ ਦੀਆਂ ਹੱਦਾਂ ਨਕਾਰਦੀ ਗੂੜ੍ਹੀ ਦੋਸਤੀ ਹੋ ਗਈ ਜੋ ਪਿੱਛੋਂ ਪਰਿਵਾਰਕ ਸਬੰਧਾਂ 'ਚ ਬਦਲ ਗਈ। ਜੇਸੀ ਓਵੇਂਜ਼ ਉਸ ਦੋਸਤੀ ਨੂੰ ਆਪਣੇ ਸਾਰੇ ਤਮਗਿਆਂ ਤੋਂ ਕਿਤੇ ਅਣਮੁੱਲੀ ਸਮਝਦਾ ਰਿਹਾ। ਇਹ ਸੀ ਖੇਡਾਂ ਦੀ ਸੱਚੀ-ਸੁੱਚੀ ਭਾਵਨਾ! ਰਿਕਾਰਡ ਬਣਦੇ ਤੇ ਟੁੱਟਦੇ ਰਹਿੰਦੇ ਹਨ, ਪਰ ਖੇਡ ਭਾਵਨਾ ਅਮਰ ਰਹਿੰਦੀ ਹੈ। ਬਦਕਿਸਮਤੀ ਨਾਲ ਲੁਜ਼ ਲੌਂਗ ਦੂਜੇ ਵਿਸ਼ਵ ਯੁੱਧ 'ਚ ਲੜਦਾ 1943 'ਚ 30 ਸਾਲ ਦੀ ਜੁਆਨ ਉਮਰੇ ਤਾਨਾਸ਼ਾਹੀ ਦੀ ਭੇਟ ਚੜ੍ਹ ਗਿਆ, ਪਰ ਉਹਦੀ ਖੇਡ ਭਾਵਨਾ ਖੇਡਾਂ ਦੇ ਇਤਿਹਾਸ ਵਿਚ ਅਮਰ ਹੋ ਗਈ। ਹੁਣ ਵੀ ਲੋਕ ਲੰਮੀ ਛਾਲ ਦੇ ਉਸ ਮੁਕਾਬਲੇ ਨੂੰ ਇੰਟਰਨੈੱਟ 'ਤੇ ਵੇਖਦੇ ਹਨ ਤੇ ਵਿਦਿਆਰਥੀ ਸਕੂਲਾਂ/ਕਾਲਜਾਂ ਦੀਆਂ ਕਿਤਾਬਾਂ ਦੇ ਪਾਠਕ੍ਰਮ ਵਿਚ ਪੜ੍ਹਦੇ ਹਨ। ਅਮਰ ਰਹੇ ਲੁਜ਼ ਲੌਂਗ!

ਜੇਸੀ ਵਾਪਸ ਅਮਰੀਕਾ ਮੁੜਿਆ ਤਾਂ ਹੋਰਨਾਂ ਗੋਰੇ ਜੇਤੂਆਂ ਸੰਗ ਸਾਂਵਲੇ ਖਿਡਾਰੀਆਂ ਨੂੰ ਵ੍ਹਾਈਟ ਹਾਊਸ ਨਾ ਸੱਦਿਆ ਗਿਆ। ਉਦੋਂ ਉਸ ਨੂੰ ਕੋਈ ਵੱਡੇ ਮਾਣ ਸਨਮਾਨ ਨਾ ਮਿਲੇ ਤੇ ਨਾ ਚੱਜ ਦਾ ਰੁਜ਼ਗਾਰ। 1940 ਤੇ 44 ਦੀਆਂ ਓਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਚੜ੍ਹ ਗਈਆਂ। ਜੇਸੀ ਨਿੱਕੀਆਂ ਮੋਟੀਆਂ ਨੌਕਰੀਆਂ ਕਰਦਾ ਰਿਹਾ ਜਿਨ੍ਹਾਂ ਵਿਚ ਘੋੜਿਆਂ ਬਰਾਬਰ ਦੌੜ ਕੇ ਡਾਲਰ ਕਮਾਉਣਾ ਵੀ ਸੀ। ਇਸ ਦੌਰਾਨ ਉਹ ਚੇਨ ਸਮੋਕਰ ਬਣ ਗਿਆ ਜਿਸ ਨਾਲ ਫੇਫੜਿਆਂ ਦਾ ਕੈਂਸਰ ਹੋ ਗਿਆ। ਆਖ਼ਰ 31 ਮਾਰਚ 1980 ਨੂੰ ਉਹ ਟਕਸਨ, ਐਰੀਜ਼ੋਨਾ ਵਿਚ ਫੌਤ ਹੋ ਗਿਆ। ਉਸ ਨੂੰ ਲੇਕ ਆਫ਼ ਮੈਮਰੀਜ਼ ਐਟ ਓਕਵੁੱਡਜ਼ ਸੀਮੈਟਰੀ ਸ਼ਿਕਾਗੋ ਵਿਚ ਦਫਨਾ ਦਿੱਤਾ ਗਿਆ। ਬਰਲਿਨ ਦੀਆਂ ਓਲੰਪਿਕ ਖੇਡਾਂ ਦੇ ਦਫਨਾਏ ਗਏ ਹੀਰੋ ਨੂੰ ਕੋਈ ਸਾਰ ਨਹੀਂ ਕਿ ਪਿੱਛੋਂ ਉਹਦੀਆਂ ਅਨੇਕ ਫਿਲਮਾਂ ਬਣੀਆਂ, ਪੁਸਤਕਾਂ ਛਪੀਆਂ, ਡਾਕ ਟਿਕਟਾਂ ਨਿਕਲੀਆਂ ਅਤੇ ਅਮਰੀਕਾ ਤੇ ਵਿਸ਼ਵ ਦੇ ਵੱਡੇ ਤੋਂ ਵੱਡੇ ਮਾਣ ਸਨਮਾਨ ਮਿਲੇ। ਕਾਸ਼! ਉਹ ਤਾਕਤ ਦਾ ਜਿਸਮਾਨੀ ਬੰਬ ਅਜੋਕੇ ਸਮਿਆਂ 'ਚ ਜੰਮਿਆ ਹੁੰਦਾ।

# ਖਿਡਾਰੀਆਂ ਦੀ 'ਨਿਲਾਮੀ' ਮਾਣ ਨਹੀਂ ਅਪਮਾਨ

ਕ੍ਰਿਕਟ ਖਿਡਾਰਨਾਂ ਨਾਲ 'ਨਿਲਾਮੀ', 'ਬੋਲੀ', 'ਖਰੀਦਣਾ' 'ਵਿਕਣਾ' ਵਰਗੇ ਲਫ਼ਜ਼ ਵਰਤਣਾ ਉਨ੍ਹਾਂ ਨੂੰ 'ਮੰਡੀ ਦਾ ਮਾਲ' ਬਣਾਉਣਾ ਨਹੀਂ ਤਾਂ ਹੋਰ ਕੀ ਹੈ? ਖੇਡਾਂ ਮਨੁੱਖੀ ਜੁੱਸੇ ਦੀਆਂ ਖ਼ੂਬਸੂਰਤ ਸਰਗਰਮੀਆਂ ਹਨ। ਇਹ ਮਨੁੱਖੀ ਸਰੀਰਕ ਸਮਰੱਥਾ ਦੇ ਜਲਵਿਆਂ ਨਾਲ ਮਨੁੱਖਤਾ ਦੀ ਮਾਨਸਿਕ ਤੇ ਰੂਹਾਨੀ ਤ੍ਰਿਪਤੀ ਦਾ ਸਾਧਨ ਬਣਦੀਆਂ ਹਨ। ਪਰ ਪੈਸੇ ਨੇ ਮਨੁੱਖੀ ਸ਼ਕਤੀ ਦੀਆਂ ਬੁਲੰਦੀਆਂ ਸਿੱਕਿਆਂ ਦੇ ਢੇਰਾਂ ਮੂਹਰੇ ਬੌਣੀਆਂ ਬਣਾ ਧਰੀਆਂ ਹਨ। ਹੁਣ ਖਿਡਾਰੀਆਂ ਦੀਆਂ ਡੋਰਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥਾਂ 'ਚ

**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਹਨ। ਖੇਡਾਂ ਦੀ ਮੁਕਤੀ ਆਖ਼ਰ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਘਰਾਣਿਆਂ ਦੀ ਚੌਧਰ ਦੇ ਖ਼ਾਤਮੇ ਨਾਲ ਹੀ ਹੋਣੀ ਹੈ।

ਖਿਡਾਰਨਾਂ ਨੂੰ 'ਮੰਡੀ ਦਾ ਮਾਲ' ਬਣਾਉਣ ਵਾਲੀ ਭਾਸ਼ਾ ਵੇਖੋ: ਭਾਰਤੀ ਕ੍ਰਿਕਟ ਟੀਮ ਦੀ ਉਪ ਕਪਤਾਨ ਸਮ੍ਰਿਤੀ ਮੰਧਾਨਾ ਸਭ ਤੋਂ ਮਹਿੰਗੀ ਵਿਕੀ! ਉਸ ਨੂੰ ਰਾਇਲ ਬੰਗਲੌਰ ਚੈਲੰਜਰ ਨੇ ਖਰੀਦਿਆ। ਪਲੇਠੀ ਮਹਿਲਾ ਪ੍ਰੀਮੀਅਰ (ਡਬਲਿਊਪੀਐੱਲ) ਦੀ ਨਿਲਾਮੀ ਵਿਚ ਉਹਦੀ ਬੋਲੀ 3.40 ਕਰੋੜ ਦੀ ਲੱਗੀ। ਭਾਰਤੀ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ 1.80 ਲੱਖ 'ਚ ਵਿਕੀ ਜਦਕਿ ਚਾਰ ਮੁਲਕਾਂ ਦੀਆਂ ਕ੍ਰਿਕਟ ਕਪਤਾਨਾਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ। ਐਸਲੇ ਗਾਰਡਨਰ ਦੀ ਬੋਲੀ 3.20 ਕਰੋੜ 'ਤੇ ਟੁੱਟੀ। ਨਤਾਲੀ ਸਕੀਵਰ ਵੀ 3.20 ਕਰੋੜ 'ਚ ਨਿਲਾਮ ਹੋਈ। ਦੀਪਤੀ ਸ਼ਰਮਾ 2.60 ਕਰੋੜ 'ਚ ਯੂਪੀ ਵਾਰੀਅਰਜ਼ ਨੇ ਖਰੀਦੀ। ਜੈਮਿਮਾ ਰੋਡਰਿਗਜ਼ ਦਾ ਦਿੱਲੀ ਕੈਪੀਟਲਜ਼ ਨੇ 2.20 ਕਰੋੜ ਮੁੱਲ ਪਾਇਆ। ਬੈਥ ਮੂਨੀ ਗੁਜਰਾਤ ਜਾਇੰਟਸ ਨੇ 2 ਕਰੋੜ 'ਚ ਖਰੀਦੀ। ਐਲਿਸ ਪੈਰੀ ਦੀ ਬੋਲੀ 1.7 ਕਰੋੜ ਪਈ। ਕੁਲ 20 ਖਿਡਾਰਨਾਂ ਦੀ ਨਿਲਾਮੀ ਕਰੋੜ ਰੁਪਏ ਤੋਂ ਉਪਰ ਗਈ। ਕੁਝ ਲੱਖਾਂ 'ਚ ਤੇ ਕੁਝ ਹਜ਼ਾਰਾਂ 'ਚ ਸਸਤੀਆਂ ਵਿਕੀਆਂ। ਕਈਆਂ ਵਿਚਾਰੀਆਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ।

ਹੈਰਾਨੀ ਦੀ ਗੱਲ ਹੈ ਕਿ ਅਜਿਹੇ ਲਫ਼ਜ਼ ਵਰਤੇ ਜਾਣ 'ਤੇ ਨਾ ਖਿਡਾਰੀਆਂ ਨੂੰ ਕੋਈ ਉਜਰ ਹੈ ਤੇ ਨਾ ਖਿਡਾਰਨਾਂ ਨੂੰ। ਖਿਡਾਰੀਆਂ ਨੂੰ ਸਖ਼ਤ ਇਤਰਾਜ਼ ਹੋਣਾ ਚਾਹੀਦੈ ਕਿ ਉਨ੍ਹਾਂ ਨੂੰ 'ਵਿਕੇ' ਜਾਂ 'ਖਰੀਦੇ' ਕਿਉਂ ਕਿਹਾ ਜਾ ਰਿਹੈ? ਮਾਣ ਸਨਮਾਨ ਨਾਲ ਟੀਮਾਂ 'ਚ ਪਾਏ ਕਿਉਂ ਨਹੀਂ ਕਹਿੰਦੇ? ਇਹਦੇ ਉਲਟ ਸਭ ਤੋਂ ਮਹਿੰਗੀ ਵਿਕਣ ਵਾਲੀ ਸਮ੍ਰਿਤੀ ਮੰਧਾਨਾ ਨੇ ਬਿਆਨ ਦੇ ਦਿੱਤਾ, "ਅੱਗੇ ਅਸੀਂ ਆਈਪੀਐੱਲ 'ਚ ਪੁਰਸ਼ ਖਿਡਾਰੀਆਂ ਦੀ ਨਿਲਾਮੀ ਦੇਖਦੇ ਰਹੇ ਹਾਂ। ਹੁਣ ਮਹਿਲਾ ਖਿਡਾਰਨਾਂ ਲਈ ਇਸ ਤਰ੍ਹਾਂ ਦੀ ਨਿਲਾਮੀ ਹੋਣਾ ਸਾਡੇ ਲਈ ਵੀ 'ਵੱਡਾ ਦਿਨ' ਹੈ।"

ਖਿਡਾਰੀਆਂ ਨੂੰ ਪੈਸਿਆਂ ਦੇ ਲਾਲਚਵੱਸ ਕੋਈ ਇਤਰਾਜ਼ ਹੋਵੇ ਜਾਂ ਨਾ ਹੋਵੇ ਪਰ ਬਤੌਰ ਖੇਡ ਲੇਖਕ ਮੈਨੂੰ ਖੇਡਾਂ ਖਿਡਾਰੀਆਂ ਨਾਲ ਜੋੜੇ ਜਾ ਰਹੇ ਮੰਡੀ ਦੇ ਮਾਲ ਵਾਂਗ ਨਿਲਾਮੀ, ਬੋਲੀ, ਖਰੀਦਣ ਤੇ ਵਿਕਣ ਵਰਗੇ ਸ਼ਬਦ ਵਰਤਣ 'ਤੇ ਸਖ਼ਤ ਇਤਰਾਜ਼ ਹੈ। ਖੇਡ ਮੈਦਾਨਾਂ ਦੇ ਜੁਝਾਰੂਆਂ ਨੂੰ ਇਹ ਸ਼ਬਦ ਅਪਮਾਨਿਤ ਕਰਨ ਵਾਲੇ ਹਨ ਜੋ ਸ਼ੋਭਾ ਨਹੀਂ ਦਿੰਦੇ। ਇਉਂ ਤਾਂ ਕੱਲ੍ਹ ਨੂੰ ਖੇਡ ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਯਾਨੀ ਹਰ ਤਰ੍ਹਾਂ ਦੇ ਮੀਡੀਆਕਾਰਾਂ ਨਾਲ ਵੀ ਨਿਲਾਮ ਹੋਣ, ਖਰੀਦਣ ਤੇ ਵਿਕਣ ਦੇ ਵਿਸ਼ੇਸ਼ਣ ਲੱਗਣ ਲੱਗ ਪੈਣਗੇ। ਬੇਸ਼ਕ ਅਸਲੀਅਤ ਇਹੋ ਹੈ ਕਿ ਪੂੰਜੀਵਾਦੀ ਯੁੱਗ 'ਚ ਖੇਡਾਂ ਦੇ ਵਪਾਰੀਕਰਨ ਦਾ ਸਿਲਸਿਲਾ ਪੂਰੀ ਦੁਨੀਆ 'ਚ ਚੱਲ ਚੁੱਕਿਐ। ਕਿਸੇ ਖੇਡ ਦੀ ਵਿਕਰੀ, ਉਹਦੇ ਦਰਸ਼ਕਾਂ ਦੀ ਗਿਣਤੀ ਤੈਅ ਕਰਦੀ ਹੈ ਕਿ ਉਹ ਖੇਡ-ਕੰਪਨੀਆਂ ਲਈ ਕਿੰਨੇ ਕੁ ਮੁਨਾਫ਼ੇ ਦਾ ਜ਼ਰੀਆ ਹੋ ਸਕਦੀ ਹੈ। ਭਾਰਤ ਵਿਚ ਕ੍ਰਿਕਟ ਦੀ ਖੇਡ ਇਹਦੀ ਸਭ ਤੋਂ ਵੱਧ ਸ਼ਿਕਾਰ ਹੈ। ਇਹ ਉਹੀ ਵਰਤਾਰਾ ਹੈ ਜਿਹੜਾ ਕਬੱਡੀ ਤੇ ਪੰਜਾਬੀ ਗਾਇਕੀ 'ਚ ਚੱਲ ਰਿਹੈ ਜੋ ਮੁਨਾਫ਼ੇਖੋਰ ਕਾਰੋਬਾਰਾਂ ਲਈ ਲੁਭਾਉਣੀ ਥਾਂ ਬਣਿਆ ਹੋਇਐ।

**ਨੋਟ:** 1912 ਦੀਆਂ ਓਲੰਪਿਕ ਖੇਡਾਂ ਸਮੇਂ ਮਹਾਨ ਅਥਲੀਟ ਜਿਮ ਥੋਰਪੇ ਅਮਰੀਕਾ ਦੀ ਅਥਲੈਟਿਕਸ ਟੀਮ ਵਿਚ ਚੁਣਿਆ ਗਿਆ। ਉਹ ਏਨਾ ਤਕੜਾ ਸੀ ਕਿ ਖੇਡ ਅਧਿਕਾਰੀਆਂ ਨੂੰ ਨਿਰਣਾ ਕਰਨਾ ਔਖਾ ਸੀ ਪਈ ਉਸ ਨੂੰ ਕਿਹੜੇ-ਕਿਹੜੇ ਮੁਕਾਬਲੇ 'ਚ ਪਾਉਣ? ਅਖ਼ੀਰ ਅਜਿਹੇ ਦੋ ਈਵੈਂਟਾਂ ਵਿਚ ਪਾਉਣ ਦਾ ਫੈਸਲਾ ਲਿਆ ਜੋ ਸਭ ਤੋਂ ਔਖੇ ਸਨ। ਜਿਮ ਥੋਰਪੇ ਨੇ ਪਟੈਂਥਲਨ ਤੇ ਡਕੈਥਲਨ ਦੋਹਾਂ ਵਿਚੋਂ ਹੀ ਗੋਲਡ ਮੈਡਲ ਜਿੱਤ ਲਏ। ਸਵੀਡਨ ਦੇ ਬਾਦਸ਼ਾਹ ਨੇ ਉਸ ਨੂੰ ਸਨਮਾਨ ਦਿੰਦਿਆਂ ਕਿਹਾ, "ਸ੍ਰੀਮਾਨ ਜੀ, ਤੁਸੀਂ ਦੁਨੀਆ ਦੇ ਮਹਾਨਤਮ ਅਥਲੀਟ ਹੋ!"

ਅਜੇ ਛੇ ਮਹੀਨੇ ਵੀ ਨਹੀਂ ਸਨ ਗੁਜ਼ਰੇ ਕਿ ਜਿਮ ਥੋਰਪੇ 'ਤੇ ਪੇਸ਼ਾਵਰ ਖਿਡਾਰੀ ਹੋਣ ਦਾ ਦੋਸ਼ ਲੱਗ ਗਿਆ। ਕਿਸੇ ਨੇ ਭੇਤ ਖੋਲ੍ਹ ਦਿੱਤਾ ਕਿ ਉਸ ਨੇ ਪੈਸੇ ਲੈ ਕੇ ਬੇਸਬਾਲ ਦੇ ਕੁਝ ਮੈਚ ਖੇਡੇ ਸਨ। ਇੰਜ ਉਹ ਪੇਸ਼ਾਵਰ ਖਿਡਾਰੀ ਬਣ ਗਿਆ ਸੀ। ਓਲੰਪਿਕ ਖੇਡਾਂ ਦਾ ਨਿਯਮ ਹੈ ਕਿ ਸ਼ੌਕੀਆ ਖਿਡਾਰੀ ਹੀ ਓਲੰਪਿਕ ਖੇਡਾਂ ਵਿਚ ਭਾਗ ਲੈ ਸਕਦੇ ਹਨ। ਪੈਸਿਆਂ ਬਦਲੇ ਖੇਡਣ ਵਾਲੇ ਖਿਡਾਰੀ ਓਲੰਪਿਕ ਖੇਡਾਂ 'ਚ ਭਾਗ ਨਹੀਂ ਲੈ ਸਕਦੇ। ਅੱਜ-ਕੱਲ੍ਹ ਇਹ ਗੱਲ ਅਜੀਬ ਲੱਗ ਸਕਦੀ ਹੈ ਪਰ ਉਸ ਵੇਲੇ ਦੀ ਕੌਮਾਂਤਰੀ ਓਲੰਪਿਕ ਕਮੇਟੀ ਨੇ ਜਿਮ ਥੋਰਪੇ ਦੇ ਜਿੱਤੇ ਤਗਮੇ ਵਾਪਸ ਲੈ ਲਏ ਸਨ ਅਤੇ ਓਲੰਪਿਕ ਖੇਡਾਂ ਦੇ ਨਤੀਜਿਆਂ ਤੇ ਰਿਕਾਰਡਾਂ 'ਚੋਂ ਉਹਦਾ ਨਾਂ ਮੇਟ ਦਿੱਤਾ ਸੀ। ਆਖ਼ਰ ਉਹ ਦਿਨ ਵੀ ਆਏ ਜਦੋਂ 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਸਟਾਕਹੋਮ ਓਲੰਪਿਕਸ ਦੇ ਹੀਰੋ ਨੂੰ ਆਪਣੇ ਹੀ ਮੁਲਕ 'ਚ ਹੋ ਰਹੀਆਂ ਓਲੰਪਿਕ ਖੇਡਾਂ ਵੇਖਣੋਂ ਆਤੁਰ ਵੇਖਿਆ ਗਿਆ। ਉਹ ਪਾਟੇ ਪੁਰਾਣੇ ਕੱਪੜਿਆਂ ਵਿਚ ਗੇਟ ਮੂਹਰੇ ਖੜ੍ਹਾ ਸੀ ਤੇ ਉਸ ਦੇ ਕੋਲ ਟਿਕਟ ਲੈ ਕੇ ਅੰਦਰ ਜਾਣ ਜੋਗੇ ਪੈਸੇ ਵੀ ਨਹੀਂ ਸਨ।

ਇਹ ਵੱਖਰੀ ਗੱਲ ਹੈ ਕਿ ਮਰਨ ਉਪਰੰਤ ਉਹਦੇ ਤਗਮੇ ਉਹਦੇ ਵਾਰਸਾਂ ਨੂੰ ਮੋੜ ਦਿੱਤੇ ਗਏ ਤੇ ਉਹਦਾ ਮਾਣ ਸਨਮਾਨ ਬਹਾਲ ਕਰ ਦਿੱਤਾ ਗਿਆ।

# ਪਿੰਡ ! ਆ ਆਪਾਂ ਮਿਲੀਏ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੇ ਪਿੰਡ ਜਾ ਕੇ ਉਸ ਨੂੰ ਮਿਲਣ, ਬੀਤੇ ਦਿਨਾਂ ਦੀ ਯਾਦ ਤਰੋ-ਤਾਜ਼ਾ ਕਰਨ ਅਤੇ ਆਪਣੇ ਬਚਪਨ ਨੂੰ ਮੁੜ ਜਿਊਣ ਦੀ ਆਸ ਪ੍ਰਗਟਾਈ ਹੈ। ਪਰ ਉਹ ਇਸ ਗੱਲੋਂ ਨਿਰਾਸ਼ ਹਨ ਕਿ ਪਿੰਡ ਹੁਣ ਪਹਿਲਾਂ ਵਰਗਾ ਨਹੀਂ ਰਿਹਾ, ਪਹਿਲਾਂ ਵਰਗਾ ਪਿਆਰ ਤੇ ਅਪਣੱਤ ਲੋਕਾਂ ਵਿਚ ਨਹੀਂ ਰਹੀ। ਉਨ੍ਹਾਂ ਨਸ਼ਿਆਂ 'ਚ ਗ਼ਲਤਾਨ ਹੋ ਰਹੀ ਨੌਜਵਾਨੀ ਲਈ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।*

ਪਿੰਡ, ਬਹੁਤ ਚਿਰ ਹੋਇਆ ਤੈਨੂੰ ਮਿਲਿਆਂ। ਬੜਾ ਚਿੱਤ ਕਰਦਾ ਹੈ ਤੈਨੂੰ ਮਿਲਣ ਲਈ। ਪਿੰਡ ਰਾਹੀਂ ਆਪਣੇ ਆਪ ਨੂੰ ਮਿਲਣਾ, ਆਪਣੇ ਬੀਤੇ ਨੂੰ ਯਾਦ ਕਰਨਾ ਅਤੇ ਬਚਪਨੇ ਦੀਆਂ ਗਲੀਆਂ ਵਿਚ ਬੇਫ਼ਿਕਰੀ ਨਾਲ ਘੁੰਮਣਾ। ਉਨ੍ਹਾਂ ਪਲਾਂ ਨੂੰ ਜਿਊਣਾ, ਜਦੋਂ ਨਿੱਘੇ ਜਹੇ ਚੌਗਿਰਦੇ ਵਿਚ ਆਪਣਿਆਂ ਦਾ ਨਿੱਘ ਮਾਣਦਾ ਸੀ, ਉਚੇਰੇ ਸੁਪਨੇ ਲੈਂਦਾ ਸੀ ਅਤੇ ਮਨ ਵਿਚ ਕੁਝ ਵੱਖਰਾ ਤੇ ਖਾਸ ਕਰਨ ਦਾ ਚਾਅ ਅੰਗੜਾਈਆਂ ਭਰਦਾ ਸੀ। ਪਿੰਡ, 50 ਕੁ ਸਾਲ ਬੀਤ ਗਏ ਨੇ ਤੈਥੋਂ ਦੂਰ ਹੋਇਆਂ। ਬਹੁਤ ਬਦਲ ਗਿਆ ਹੋਵੇਂਗਾ ਤੂੰ ਵੀ ਕਿਉਂਕਿ ਬਦਲਣਾ ਕੁਦਰਤ ਦਾ ਨਿਜ਼ਾਮ। ਸਮੇਂ ਸੰਗ ਤੁਰਨ ਲਈ ਤਬਦੀਲੀ ਬਹੁਤ ਜ਼ਰੂਰੀ। ਪਰ ਇਹ ਤਬਦੀਲੀ ਉਸਾਰੂ ਤੇ ਸੇਧਮਈ ਹੋਵੇ ਅਤੇ ਇਸ ਤਬਦੀਲੀ ਵਿਚੋਂ ਤੁਸੀਂ ਸਰਘੀ ਦਾ ਲਿਸ਼ਕਾਰਾ ਦੇਖ ਸਕਦੇ ਹੋਵੋ ਨਾ ਕਿ ਇਸ ਤਦਬੀਲੀ ਵਿਚ ਸ਼ਾਮ ਦਾ ਘੁਸਮੁਸਾ ਹੋਵੇ ਕਿਉਂਕਿ;

ਪਿੰਡ
ਘਰਾਂ ਦਾ ਸਮੂਹ ਨਹੀਂ ਹੁੰਦਾ
ਸਗੋਂ ਘਰਾਂ 'ਚ ਧੜਕਦੀ ਜ਼ਿੰਦਗੀ
ਛੱਤਾਂ 'ਤੇ ਉਂਘਦੇ ਜਿਸਮਾਂ ਦੀ ਸਰਗੋਸ਼ੀ
ਚੌਂਕਿਆ ਵਿਚ ਪੱਕਦੀ ਤੌਣ
ਚੁੱਗਲੀਆਂ ਕਰਦੀ ਚੁੱਲਿਆਂ ਦੀ ਅੱਗ
ਤੇ ਮਿਲ ਕੇ ਬੈਠਾ ਪਰਿਵਾਰ ਹੁੰਦਾ।

ਇਸ ਵਿਚ ਬੱਝਦਾ ਹੈ
ਰਿਸ਼ਤਿਆਂ ਦਾ ਮੁੱਢ
ਚਿੜੀਆਂ ਦੇ ਚੰਬੇ ਦੀ ਉਡਾਣ
ਪ੍ਰਦੇਸੀ ਪੁੱਤ ਦੇ ਹੇਜ 'ਚ
ਦਰਾਂ ਦੇ ਨਾਮ ਕੀਤੇ ਹੌਕੇ
ਤੇ ਉਸਦੇ ਪਰਤਣ 'ਤੇ
ਖੇੜਿਆਂ ਦਾ ਵਰਦਾਨ ਹੁੰਦਾ।

ਪਿੰਡ
ਜਨਗਣਨਾ ਵੀ ਨਹੀਂ ਹੁੰਦਾ
ਇਹ ਤਾਂ ਵੱਖੋ-ਵੱਖਰੇ ਧਰਮਾਂ ਦਾ ਸੰਗਮ
ਜਾਤਾਂ ਤੇ ਮਜ਼੍ਹਬਾਂ ਦਾ ਰਲੇਵਾਂ
ਵਿਭਿੰਨ ਕਿੱਤਿਆਂ ਦੀ ਇਕਸੁਰਤਾ
ਮੋਹ ਦਾ ਵੱਗਦਾ ਦਰਿਆ
ਅਪਣੱਤ ਦਾ ਜਗਦਾ ਚਿਰਾਗ
ਤੇ ਸਾਂਝ ਦੀ ਸੇਕੀ ਜਾ ਰਹੀ ਧੂਣੀ ਹੁੰਦਾ।

ਪਿੰਡ
ਘਰਾਂ ਤੇ ਗਲੀਆਂ ਦੀ ਨਕਸ਼ਾਕਾਰੀ ਵੀ ਨਹੀਂ
ਸਗੋਂ
ਇਹ ਤਾਂ ਦੀਵਾਲੀ ਦੀ ਜਗਮਗਾਹਟ,
ਨਵ-ਜੰਮਿਆਂ ਦੀ ਲੋਹੜੀ
ਧੂਣੀ ਸੇਕਦਾ ਕੋੜਮਾ

ਗੁਰਪੁਰਬ ਮਨਾਉਂਦੀ ਸੰਗਤ
ਵਿਸਾਖੀ ਤੇ ਗਾਏ ਢੋਲੇ ਅਤੇ ਮਾਹੀਏ,
ਛਿੰਝਾਂ ਤੇ ਖੇਤ ਮੁਕਾਬਲੇ
ਦਰਗਾਹੀਂ ਮੇਲੇ ਤੇ ਜਗਰਾਤੇ ਹੁੰਦਾ।

ਪਿੰਡ
ਕਦੇ ਵੀ ਖੇਤਾਂ ਦੀ ਮੁਰੱਬੇਬੰਦੀ ਨਹੀਂ ਹੁੰਦਾ
ਸਗੋਂ
ਟਿਊਬਵੈੱਲ ਦੀ ਪੈ ਰਹੀ ਧਾਰ
ਚੁਬੱਚੇ ਦੇ ਪਾਣੀਆਂ ਦੀਆਂ ਲਹਿਰਾਂ
ਆੜ 'ਚ ਵੱਗਦਾ ਪਾਣੀ
ਸਿੰਜੇ ਜਾ ਰਹੇ ਕਿਆਰੇ
ਪੁੰਘਰਦੇ ਬੀਜ
ਲਹਿਰਾਉਂਦੀਆਂ ਫ਼ਸਲਾਂ
ਪੰਛੀਆਂ ਦਾ ਚਹਿਕਣਾ
ਤੇ ਬਿਰਖ਼ਾਂ 'ਚ
ਸਰਸਰਾਉਂਦੀ 'ਵਾ ਦਾ ਸੰਗੀਤ ਹੁੰਦਾ।

ਪਿੰਡ
ਸਿਰਫ਼ ਪਿੰਡ ਹੁੰਦਾ
ਪੱਤੀਆਂ 'ਚ ਤਬਦੀਲ ਨਹੀਂ ਹੁੰਦਾ
ਭਾਈਚਾਰਿਆਂ 'ਚ ਟੋਟੇ ਨਹੀਂ ਹੁੰਦਾ
ਅਤੇ ਨਾ ਹੀ ਨਿੱਕੇ ਦਾਇਰਿਆਂ ਦਾ ਹਾਮੀ।

ਪਿੰਡ
ਕਦੇ ਨਹੀਂ ਸੌਂਦਾ
ਸਦਾ ਸਫ਼ਰ 'ਚ ਰਹਿੰਦਾ
ਕਦੇ ਖੇਤ ਤੇ ਕਦੇ ਹਵੇਲੀ
ਕਦੇ ਕੋਰਟ-ਕਚਿਹਿਰੀ
ਕਦੇ ਡੇਰੇ ਤੇ ਕਦੇ ਮੱਸਿਆ
ਕਦੇ ਮੁਕਾਣ ਤੇ ਕਦੇ ਵਿਆਹ
ਕਦੇ ਵੀਜ਼ਾ ਲੈਣ ਜਾਣਾ
ਤੇ ਕਦੇ ਵਿਦੇਸ਼ ਨੂੰ ਉਡਾਰੀ।

ਪਿੰਡ
ਕਦੇ ਫਿਰਨੀ ਅੰਦਰ ਹੀ
ਸੁੰਗੜਿਆ ਹੁੰਦਾ ਸੀ
ਪਰ
ਹੁਣ ਪਿੰਡ ਫਿਰਨੀ ਤੋਂ ਬਾਹਰ ਨਿਕਲ
ਕਸਬਿਆਂ
ਨਗਰਾਂ
ਮਹਾਂ-ਨਗਰਾਂ
ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਫੈਲ ਚੁੱਕਾ ਹੈ।

ਪਿੰਡ ਦੇ ਬਦਲਣ ਨਾਲ ਤਿੜਕ ਜਾਂਦਾ ਏ ਤੁਹਾਡਾ ਤੁਸੱਵਰ ਜਦ ਇਹ ਬਦਲਾਅ ਨਿਵਾਣਾਂ ਵੰਨੀਂ ਜਾਂਦਾ ਹੋਵੇ। ਇਸ 'ਚੋਂ ਤੁਸੀਂ ਰਸਾਤਲ ਨੂੰ ਕਿਆਸ ਸਕਦੇ ਹੋਵੋ ਜਾਂ ਤੁਹਾਨੂੰ ਉਹ ਕੁਝ ਨਾ ਨਜ਼ਰ ਆਉਂਦਾ ਹੋਵੇ ਜਿਸ ਨੂੰ ਮਨ ਵਿਚ ਧਾਰ ਕੇ ਪਿੰਡ ਨੂੰ ਮਿਲਣਾ ਚਾਹੁੰਦੇ ਹੋ। ਪਿੰਡ ਤੋਂ ਦੂਰ ਰਹਿੰਦਿਆਂ ਵੀ ਪਿੰਡ ਮੇਰੇ ਅੰਦਰ ਵੱਸਦਾ ਹੈ, ਧੜਕਦਾ ਹੈ। ਇਸਨੂੰ ਕਿਸੇ ਵੀ ਵਕਤ ਵਿਸਾਰਿਆ ਨਹੀਂ ਜਾ ਸਕਦਾ, ਕਿਉਂਕਿ ਪਿੰਡ ਉਹ ਜਗ੍ਹਾ ਹੈ ਜਿੱਥੇ ਤੁਹਾਡੀਆਂ ਜੜ੍ਹਾਂ ਨੇ, ਜਿਸ ਕਰਕੇ ਬੰਦਾ ਆਪਣੇ ਮੂਲ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਮੇਰੀ ਤਮੰਨਾ ਹੈ ਕਿ ਪਿੰਡ ਸਦਾ ਚਿਰੰਜੀਵ ਰਹੇ ਅਤੇ ਜਿਉਂਦੀ ਰਹੇ ਇਸਨੂੰ ਵਾਰ ਵਾਰ ਮਿਲਣ ਦੀ ਤਮੰਨਾ।

ਮੇਰਾ ਤਾਂ ਅਕਸਰ ਹੀ ਜੀਅ ਕਰਦੈ ;
ਜੀਅ ਕਰਦੈ! ਸਭ ਛੱਡ ਛੁਡਾ ਕੇ
ਪਿੰਡ ਨੂੰ ਮੈਂ ਉਡ ਜਾਵਾਂ
ਫਿਰਨੀ ਦੀ ਇਕ ਚੁੱਟਕੀ ਭਰਕੇ
ਚੁੰਮ ਮੱਥੇ ਨੂੰ ਲਾਵਾਂ
ਇਸਦੀਆਂ ਗਲੀਆਂ ਦੇ ਵਿਚ ਫਿਰਦਾ
ਉਮਰਾਂ ਨੂੰ ਭੁੱਲ ਜਾਵਾਂ
ਤੇ ਇਸਦੀ ਆਬੋ-ਹਵਾ 'ਚ ਗੁੰਮਿਆ
ਰੁੱਸਿਆ ਮਨ ਪਰਚਾਵਾਂ।

ਜੀਅ ਕਰਦੈ! ਘਰ ਦੇ ਦਰਾਂ 'ਤੇ
ਮੱਥਾ ਜਾ ਛੁਹਾਵਾਂ
ਸਦਾ ਸਲਾਮਤ ਰਹੇ ਘਰ ਮੇਰਾ
ਲਾਹੀਆਂ ਸਿਰੋਂ ਬਲਾਵਾਂ
ਇਸਦੀ ਪਿੱਛਲੀ ਕੋਠੜੀ ਵਿਚੋਂ

ਦੀਵਾ ਲੱਭ ਲਿਆਵਾਂ
ਤੇ ਇਸਦੀ ਕੋਸੀ ਰੌਸ਼ਨੀ ਦੇ ਵਿਚ
ਸੁੱਤੇ ਅੱਖਰ ਜਗਾਵਾਂ।

ਚਿੱਤ ਕਰਦੈ! ਬੀਤਿਆਂ ਜੀਣ ਲਈ
ਵਿਚ ਹਵੇਲੀ ਜਾਵਾਂ
ਪੱਠੇ ਕੁੱਤਰਾਂ ਤੇ ਪਾਣੀ ਡਾਹਵਾਂ
ਤੇ ਖੁਰਲੀਏ ਪੱਠੇ ਪਾਵਾਂ
ਆਟੇ ਦੀ ਮੁੱਠ ਧੂੜ ਤੂੜੀ 'ਤੇ
ਤੋਕੜ ਮੱਝ ਪਸਮਾਵਾਂ
ਤੇ ਜੀਵਨ-ਰੱਤਾ ਇਹ ਚੌਗਿਰਦਾ
ਸਾਹਾਂ ਵਿਚ ਰਮਾਵਾਂ।

ਬਹੁਤ ਮਨ ਕਰਦੈ ਨੰਗੇ ਪੈਰੀਂ
ਖੇਤੀਂ ਗੇੜਾਂ ਲਾਵਾਂ
ਆੜ 'ਚ ਵੱਗਦਾ ਪਾਣੀ ਪੀਵਾਂ
ਗਾਜਰ ਪੁੱਟ ਕੇ ਖਾਵਾਂ
ਖੂਹ ਤੇ ਵੱਸਦੀਆਂ ਸੱਤੇ ਨਿਆਮਤਾਂ
ਹੰਢਾਂਵਾਂ ਤੇ ਲਰਜ਼ਾਵਾਂ
ਤੇ ਖੇਤਾਂ ਵਿਚ ਵੱਸਦੇ ਰੱਬ ਦੇ
ਦਰਸ਼ਨ ਕਰਕੇ ਆਵਾਂ।

ਜੀਅ ਕਰਦੈ! ਚੌਂਕੇ ਬੈਠੀ ਮਾਂ ਦੀਆਂ
ਲਹਿੰਦਿਆਂ ਰੋਟੀਆਂ ਖਾਵਾਂ
ਕਦੇ ਆਟੇ ਦੀ ਚਿੜੀ ਨਾਲ ਪਰਚਾਂ
ਜਦ ਰੋਂਦੂ ਮੂੰਹ ਬਣਾਵਾਂ
ਝਿੜਕੇ ਬਾਪ ਤਾਂ ਚੁੱਪ ਕਰ ਜਾਵਾਂ
ਸਹਿਮਾਂ ਤੇ ਪਛਤਾਵਾਂ
ਤੇ ਮਾਪਿਆਂ ਦੀ ਰਹਿਬਰੀ ਦੇ ਵਿਚ
ਖੁਦ ਨੂੰ ਮੁੜ ਉਲਥਾਵਾਂ।

ਮਨ ਕਰਦੈ! 'ਕੇਰਾਂ ਛੱਤ ਤੇ ਸੌਂਵਾਂ
ਤੇ ਚੁੱਪ ਨੂੰ ਸੀਨੇ ਲਾਵਾਂ
ਅੰਬਰ ਦਾ ਮੈਂ ਭਰ ਕਲਾਵਾ
ਆਪਣੇ ਕੋਲ ਬੈਠਾਵਾਂ
ਤਾਰਿਆਂ ਦੀ ਸੱਜੀ ਮਹਿਫ਼ਲੇ
ਗੀਤ ਚਾਨਣ ਦੇ ਗਾਵਾਂ



ਤੇ ਰਾਤ ਦੀ ਪਾਕ ਫ਼ਿਜ਼ਾ ਦੇ ਵਿਚ
ਖੁਦ ਨਗ਼ਮਾ ਬਣ ਜਾਵਾਂ।

ਪਰ
ਕੈਲੰਡਰ ਦੇ ਵਿਚ ਸਿਮਟੀ ਜ਼ਿੰਦਗੀ

ਤਰੀਖਾਂ ਵਿਚ ਲੰਘਾਵਾਂ
ਚੇਤੇ ਰਿਹਾ ਨਾ ਖੁੱਲਾ ਅੰਬਰ
ਭੁੱਲੀਆਂ ਪਿੰਡ ਦੀ ਰਾਹਵਾਂ
ਪਾਕ ਮੁਹੱਬਤ ਤੇ ਖੂਨ ਦੇ ਰਿਸ਼ਤੇ
ਹਿੱਕ ਦੇ ਵਿਚ ਦਫ਼ਨਾਵਾਂ
ਤੇ ਕਬਰਾਂ ਜੇਹਾ ਮੈਂ ਨਿਕਰਮਾ
ਕੀਕਣ ਪਿੰਡ ਨੂੰ ਜਾਵਾਂ।

ਪਿਛਲੇ ਪੰਜਾਹ ਸਾਲਾਂ ਵਿਚ ਇੰਨਾ ਬਦਲ ਚੁੱਕਾ ਹੈ ਕਿ ਹੁਣ ਪਿੰਡ ਬੇਪਛਾਣ ਹੋ ਗਿਆ। ਮੈਂ ਤਾਂ ਚਾਹੁੰਦਾ ਸਾਂ ਕਿ ਪਿੰਡ ਜ਼ਰੂਰ ਬਦਲਦਾ ਜਿਸ 'ਤੇ ਵਕਤ ਨੂੰ ਨਾਜ਼ ਹੁੰਦਾ। ਪਰ ਪਿੰਡ ਜਿਹੜਾ ਸਦਾ ਜਾਗਦਾ ਸੀ ਅਤੇ ਜਵਾਕਾਂ ਦੇ ਨੈਣਾਂ ਵਿਚ ਸੁਪਨੇ ਧਰਦਾ ਸੀ, ਉਸੀ ਪਿੰਡ ਦੇ ਜਵਾਕਾਂ ਦੇ ਸੁਪਨੇ ਅੱਜ ਕੱਲ੍ਹ ਸਿਉਂਕੇ ਹੋਏ ਨੇ। ਕਦੇ ਸਮਾਂ ਸੀ ਜਦ ਪਿੰਡ ਵਿਚ ਕਿਸੇ ਨੇ ਉਚੇਰੀ ਪੜ੍ਹਾਈ ਕਰਨੀ ਜਾਂ ਚੰਗੀ ਨੌਕਰੀ 'ਤੇ ਲੱਗਣਾ ਤਾਂ ਸਾਰਾ ਪਿੰਡ ਉਸਨੂੰ ਵਧਾਈਆਂ ਦਿੰਦਾ ਸੀ। ਮਾਪੇ ਆਪਣੇ ਬੱਚਿਆਂ ਨੂੰ ਉਸਦੀ ਉਦਾਹਰਣ ਦਿੰਦੇ, ਚੰਗੀ ਵਿਦਿਆ ਹਾਸਲ ਕਰਨ ਅਤੇ ਵਧੀਆ ਮਨੁੱਖ ਬਣਨ ਲਈ ਪ੍ਰੇਰਿਤ ਕਰਦੇ ਸਨ। ਯਾਦ ਹੈ ਭਾਈ ਰਤਨ ਸਿੰਘ ਜੀ ਅਕਸਰ ਹੀ ਮੇਰੇ ਸਮੇਤ ਕਾਲਜ ਜਾਣ ਵਾਲੇ ਪੜ੍ਹਾਕੂਆਂ ਨੂੰ ਪੁੱਛਦੇ ਰਹਿੰਦੇ ਕਿ ਪੜ੍ਹਾਈ ਕਿਵੇਂ ਚੱਲ ਰਹੀ ਹੈ ਤੇ ਅੱਗੇ ਕੀ ਕਰਨ ਦਾ ਵਿਚਾਰ ਹੈ? ਸਾਡੇ ਮਾਪੇ ਤਾਂ ਅਨਪੜ੍ਹ ਸਨ ਪਰ ਕਿਉਂਕਿ ਉਸਦਾ ਇਕ ਪੁੱਤ ਆਰਮੀ ਵਿਚ ਅਫਸਰ ਅਤੇ ਦੂਸਰਾ ਆਈ ਏ ਐਸ ਬਣ ਗਿਆ ਸੀ। ਇਸ ਲਈ ਉਸ ਦੀਆਂ ਪਿੰਡ ਦੇ ਜੁਆਕਾਂ ਪ੍ਰਤੀ ਸ਼ੁੱਭਭਾਵਨਾਵਾਂ ਹੀ ਸਨ ਕਿ ਉਹ ਬੱਚਿਆਂ ਦੀ ਪੜ੍ਹਾਈ ਪ੍ਰਤੀ ਫ਼ਿਕਰਮੰਦ ਅਤੇ ਪੜ੍ਹਾਈ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ। ਇਹ ਪਿੰਡ ਦੇ ਭਾਈਚਾਰੇ ਦੀ ਵਡੱਤਣ ਹੀ ਸੀ ਕਿ ਉਨ੍ਹਾਂ ਲਈ ਸਾਰੇ ਬੱਚੇ ਸਾਂਝੇ ਹੁੰਦੇ ਸਨ। 'ਕੇਰਾਂ ਮੈਂ ਸੁਵੱਖਤੇ ਹੀ ਖੂਹ ਤੋਂ ਪੱਠੇ ਲੈ ਕੇ ਆ ਰਿਹਾ ਸੀ। ਰਸਤੇ ਵਿਚ ਸ਼ਰੀਕੇ ਵਿਚ ਲੱਗਦੀ ਚਾਚੀ ਨੇ ਪੁੱਛਿਆ, 'ਤੂੰ ਸਕੂਲੇ ਕਿਉਂ ਨਹੀਂ ਗਿਆ?' ਜਦ ਮੈਂ ਦੱਸਿਆ ਕਿ ਅੱਜ ਮੇਰਾ ਪੇਪਰ ਹੈ। ਪੱਠੇ ਘਰ ਸੁੱਟ ਕੇ ਫਿਰ ਸਕੂਲ ਜਾਣਾ ਹੈ। ਤਾਂ ਉਸਦੀ ਸਲਾਹ ਸੀ ਕਿ ਦਹੀਂ ਖਾ ਕੇ ਪੇਪਰ ਦੇਣ ਜਾਵੀਂ, ਪੇਪਰ ਬਹੁਤ ਵਧੀਆ ਹੋਵੇਗਾ। ਅਜੇਹੀ ਨੇਕ ਸੋਚ ਅੱਜ ਪਿੰਡ ਦੇ ਚੌਗਿਰਦੇ ਵਿਚੋਂ ਗੁੰਮ ਹੋ ਚੁੱਕੀ ਹੈ। ਕਿਸੇ ਬੱਚੇ ਨੂੰ ਕੁਸੰਗਤ ਵਿਚ ਪਾਉਣ ਲਈ ਗਵਾਂਢੀ ਹਰ ਹੀਲਾ ਵਰਤਦੇ ਪਰ ਸੁਮੱਤ ਦੇਣਾ ਉਨ੍ਹਾਂ ਦੀ ਸੋਚ ਵਿਚ ਸ਼ਾਮਲ ਨਹੀਂ।

ਪਿੰਡ ਦਾ ਹਰ ਵਿਅਕਤੀ ਬੱਚਿਆਂ ਨੂੰ ਗਲਤ ਕੰਮ ਕਰਨ ਤੋਂ ਝਿੜਕ ਸਕਦਾ ਸੀ। ਬੱਚਿਆਂ ਵਿਚ ਬਜ਼ੁਰਗਾਂ ਪ੍ਰਤੀ ਇੰਨਾ ਡਰ ਹੁੰਦਾ ਸੀ ਕਿ ਉਹ ਕੁਝ ਵੀ ਅਜੇਹਾ ਨਹੀਂ ਕਰਦੇ ਸਨ ਜਿਸ ਨਾਲ ਪਰਿਵਾਰ ਜਾਂ ਪਿੰਡ ਦੀ ਬਦਨਾਮੀ ਹੁੰਦ ਹੋਵੇ। ਪਰ ਪਿੰਡ ਹੁਣ ਅਜੇਹਾ ਨਹੀਂ ਰਿਹਾ। ਜੁਆਕ ਤਾਂ ਬਜ਼ੁਰਗਾਂ ਨੂੰ ਕੀ, ਆਪਣੇ ਮਾਪਿਆਂ ਦੀਆਂ ਮੱਤਾਂ ਮੰਨਣ ਤੋਂ ਮੁੱਨਕਰ। ਇਸ ਮੁੱਨਕਰੀ ਦਾ ਹੀ ਸਿੱਟਾ ਕਿ ਪਿੰਡ ਦੇ ਜੁਆਕ ਜਾਂ ਤਾਂ ਨਸ਼ਿਆਂ ਵਿਚ ਗਲਤਾਨ ਹੋ ਕੇ ਸੋਨੇ ਵਰਗੀਆਂ ਦੇਹਾਂ ਗਾਲ਼ ਰਹੇ ਹਨ ਜਾਂ ਉਨ੍ਹਾਂ ਦੀ ਪੜ੍ਹਾਈ ਦਾ ਮਿਆਰ ਸਿਰਫ਼ ਆਈਲੈਟਸ ਤੀਕ ਹੀ ਸੁੰਗੜ ਗਿਆ ਹੈ। ਸ਼ਾਇਦ ਹੀ ਪਿੰਡ ਦੇ ਕਿਸੇ ਜੁਆਕ ਨੂੰ ਪਤਾ ਹੋਵੇ ਕਿ ਪਿੰਡ ਦੇ ਕਿੰਨੇ ਨੌਜਵਾਨਾਂ ਨੇ ਉਚੇ ਰੁਤਬੇ ਹਾਸਲ ਕੀਤੇ ਜਾਂ ਉਹ ਮੱਲਾਂ ਮਾਰਨ ਵਾਲਿਆਂ ਨੂੰ ਜਾਣਦੇ ਜਾਂ ਪਛਾਣਦੇ ਹੋਣ।

ਪਿੰਡ, ਤੈਨੂੰ ਤਾਂ ਯਾਦ ਹੀ ਹੋਣਾ ਕਿ ਖੂਹਾਂ ਦੇ ਅੰਮ੍ਰਿਤ ਵਰਗੇ ਪਾਣੀਆਂ ਵਿਚ ਜ਼ਿੰਦਗੀ ਧੜਕਦੀ ਸੀ ਜਦ ਕਿ ਅੱਜ ਕੱਲ੍ਹ ਮੌਤ ਨਾਲ ਮੰਤਰਿਆ ਪਾਣੀ ਲੋਕ ਪੀਣ ਲਈ ਮਜਬੂਰ। ਦੇਸੀ ਕਣਕ ਦਾ ਖਰਾਸ ਨਾਲ ਪੀਸੇ ਆਟੇ ਨਾਲ ਕਦੇ ਗਲੂਟੋਨ ਦਾ ਫ਼ਿਕਰ ਨਹੀਂ ਸੀ ਕਰੀਦਾ। ਦੇਸੀ ਕਮਾਦ ਦਾ ਗੁੜ ਖਾਂਦਿਆਂ ਕਦੇ ਸ਼ੂਗਰ ਨਹੀਂ ਸੀ ਹੋਈ ਪਰ ਹੁਣ ਖੰਡ ਖਾਂਦਿਆਂ ਸ਼ੂਗਰ ਹੋਣ ਦਾ ਡਰ ਮਨਾਂ ਵਿਚ ਬੈਠ ਚੁੱਕਾ। ਤੇਰੇ ਚੌਗਿਰਦੇ ਵਿਚ ਬਾਸਮਤੀ ਦੀ ਮਹਿਕ ਫੈਲਦੀ ਸੀ ਪਰ ਅਜੋਕੇ ਝੋਨੇ ਦੀ ਕੇਹੀ ਪਿਰਤ ਪਈ ਕਿ ਤੂੰ ਆਪਣੀ ਮਿੱਟੀ ਵੀ ਜ਼ਹਿਰੀਲੀ ਕਰ ਲਈ ਤੇ ਪਾਣੀ ਵੀ ਮੁਕਾ ਲਿਆ। ਖੂਹ ਦੀਆਂ ਟਿੰਡਾਂ ਵਿਚੋਂ ਬੁੱਕਾਂ ਨਾਲ ਪਾਣੀ ਪੀਣ ਵਾਲੇ ਹੁਣ ਬੋਤਲਬੰਦ ਪਾਣੀ ਪੀਣ ਲਈ ਮਜਬੂਰ।

ਪਿੰਡ ਤੂੰ ਤਾਂ ਭੋਲਾ-ਭਾਲਾ ਸੈਂ। ਤੂੰ ਇਸ ਚਾਲ ਨੂੰ ਸਮਝ ਨਾ ਸਕਿਆ ਅਤੇ ਇਸ ਮੱਕੜੀ-ਜਾਲ ਵਿਚ ਕੇਹਾ ਉਲਝਿਆ ਕਿ ਤੂੰ ਆਪਣੀ ਸਿਹਤ ਵੀ ਵਿਗਾੜ ਲਈ ਤੇ ਆਪਣਾ ਸਮੁੱਚ ਵੀ। ਹੁਣ ਤੇਰੇ ਪੱਲੇ ਸਿਰਫ਼ ਬਿਮਾਰੀਆਂ ਅਤੇ ਇਨ੍ਹਾਂ ਕਾਰਨ ਤੇਰੀ ਲੁੱਟ ਲਈ ਤੋਂ ਹਸਪਤਾਲਾਂ ਦੀ ਲਾਮਢੋਰੀ। ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਵਿਚ ਘਿਰੇ ਦੀ ਹੁਣ ਨਹੀਂ ਕੋਈ ਪੁੱਛਦਾ ਤੇਰੀ ਬਾਤ। ਹਾਕਮਾਂ ਦੇ ਚੇਤਿਆਂ ਵਿਚੋਂ ਗਵਾਚ ਗਈ ਹੈ ਤੇਰੀ ਔਕਾਤ ਕਿ ਤੇਰੀ ਕਿਹੜੀ ਆ ਜਾਤ। 'ਨੇਰੇ ਵਿਚ ਗਵਾਚੇ ਮੇਰੇ ਪਿੰਡ, ਹੁਣ ਕੱਦ ਉਗੇਗੀ ਪ੍ਰਭਾਤ ਅਤੇ ਮੁੱਕੇਗੀ ਇਹ ਸਾਹ-ਪੀਣੀ ਰਾਤ, ਕੁਝ ਸਮਝ ਨਹੀਂ ਆਉਂਦਾ।

ਮੇਰੇ ਪਿਆਰੇ ਪਿੰਡ, ਉਸ ਸਮੇਂ ਘਰ ਕੱਚੇ ਸਨ ਪਰ ਪਰਿਵਾਰਕ ਸਬੰਧ ਬਹੁਤ ਪੱਕੇ ਹੁੰਦੇ ਸਨ। ਘਰ ਨਿੱਕੇ ਸੀ ਪਰ ਘਰ ਵਾਲੇ ਬਹੁਤ ਵੱਡੇ ਲੋਕ ਹੁੰਦੇ ਸਨ। ਹੁਣ ਘਰ ਤਾਂ ਵੱਡੇ ਬਣ ਗਏ ਪਰ ਬੌਣੇ ਲੋਕ ਰਹਿੰਦੇ ਨੇ ਇਨ੍ਹਾਂ ਘਰਾਂ 'ਚ। ਉਸ ਸਮੇਂ ਘਰ ਇਕਹਿਰੇ ਸਨ ਪਰ ਭਰੇ-ਭਕੁੰਨੇ। ਹੁਣ ਘਰ ਦੀ ਬਜਾਏ ਬਹੁ-ਮੰਜ਼ਲੀ ਕੋਠੀਆਂ ਉਸਰ ਗਈਆਂ ਨੇ ਪਰ ਉਹ ਖਾਲੀ ਭਾਂ ਭਾਂ ਕਰਦੀਆਂ। ਸਿਰਫ਼ ਕੁਝ ਕੁ ਦਰਾਂ ਵਿਚ ਬੈਠੇ ਬਜ਼ੁਰਗ ਮਾਪੇ, ਪ੍ਰਦੇਸੀ ਬੱਚਿਆਂ ਨੂੰ ਉਡੀਕਦੇ, ਕਬਰਾਂ ਨੂੰ ਜਾਣ ਲਈ ਕਾਹਲੇ।

ਮੇਰੇ ਪਿੰਡ, ਉਸ ਸਮੇਂ ਨੰਗੇ ਪੈਰੀਂ ਅਤੇ ਮੋਢੇ 'ਤੇ ਬੋਰੀ ਧਰੀ ਸਕੂਲ ਜਾਂਦੇ ਬੱਚਿਆਂ ਦੇ ਸੁਪਨੇ ਬਹੁਤ ਵੱਡੇ ਸਨ। ਉਨ੍ਹਾਂ ਵਿਚੋਂ ਕੋਈ ਪ੍ਰੋਫੈਸਰ, ਕੋਈ ਮੁੱਖ-ਅਧਿਆਪਕ, ਕੋਈ ਇੰਜੀਨੀਅਰ, ਕੋਈ ਡਾਕਟਰ, ਕੋਈ ਫੌਜੀ ਅਫਸਰ ਤੇ ਕੋਈ ਆਈ ਏ ਐਸ ਅਫਸਰ ਬਣਿਆ। ਨੰਗੇ ਪੈਰੀਂ ਖੇਡ-ਮੈਦਾਨਾਂ ਵਿਚ ਖੇਡਣ ਵਾਲਿਆਂ ਵਿਚੋਂ ਹੀ ਕਈ ਅਰਜਨਾ ਅਵਾਰਡੀ ਬਣੇ। ਕਿਸੇ ਨੇ ਕਬੱਡੀ ਵਿਚ ਮੱਲਾਂ ਮਾਰੀਆਂ ਅਤੇ ਕੋਈ ਪੰਜਾਬ ਪੱਧਰ ਦਾ ਭਲਵਾਨ ਬਣਿਆ। ਪਰ ਅੱਜ ਕੱਲ੍ਹ ਬੱਚਿਆਂ ਦੇ ਕੋਲ ਵਧੀਆ ਡਰੈਸਾਂ, ਚੰਗੇ ਸਕੂਲ ਅਤੇ ਸੁੱਖ ਸਹੂਲਤਾਂ ਤਾਂ ਹਨ ਪਰ ਉਚੇ ਰੁਤਬਿਆਂ 'ਤੇ ਪਹੁੰਚਣ ਵਾਲੇ ਤਾਂ ਉਂਗਲਾਂ ਦੀ ਗਿਣਤੀ ਤੋਂ ਵੀ ਘੱਟ।

ਪਿੰਡ, ਉਹ ਵੀ ਕੇਹਾ ਸਮੇਂ ਸੀ ਕਿ ਨਿੱਕੇ-ਨਿੱਕੇ ਦਾਇਰਿਆਂ ਵਿਚ ਰਹਿਣ ਵਾਲੇ ਬੱਚਿਆਂ ਦਾ ਮਾਨਸਿਕ ਅੰਬਰ ਬਹੁਤ ਵਿਸ਼ਾਲ ਸੀ। ਉਨ੍ਹਾਂ ਦੀ ਪ੍ਰਵਾਜ਼ ਤੇ ਅੰਦਾਜ਼ ਵੀ ਨਿਵੇਕਲਾ ਸੀ। ਉਨ੍ਹਾਂ ਨੇ ਆਪਣੇ ਹਿੱਸੇ ਦਾ ਅਸਮਾਨ ਵੀ ਖੁਦ ਤਲਾਸ਼ਿਆ ਅਤੇ ਆਪਣੀ ਪ੍ਰਵਾਜ਼ ਨੂੰ ਨਵਾਂ ਅੰਜ਼ਾਮ ਵੀ ਦਿੱਤਾ। ਫਰ ਹੁਣ ਵਿਸ਼ਵ-ਪਿੰਡ ਵਿਚ ਰਹਿਣ ਵਾਲੇ ਬੱਚਿਆਂ ਦਾ ਅੰਬਰ ਵੀ ਸੁੰਘੜ ਗਿਆ। ਪ੍ਰਵਾਜ਼ ਵੀ ਨਿੱਕੀ ਜਹੀ ਅਤੇ ਨਿੱਕੀਆਂ ਵਲਗਣਾਂ ਵਿਚ ਹੀ ਜੀਵਨ ਦੇ ਅਨਮੋਲ ਪਲਾਂ ਨੂੰ ਗਵਾ ਦਿੰਦੇ ਨੇ ਜਿਨ੍ਹਾਂ ਵਿਚ ਨਰੋਇਆ ਅਤੇ ਵਿਲੱਖਣ ਸਿਰਜਿਆ ਜਾ ਸਕਦਾ ਹੈ। ਪਿੰਡ, ਬੱਚਿਆਂ ਕੋਲ ਸੁੱਖ ਸਹੂਲਤਾਂ ਨਹੀਂ ਸਨ ਹੁੰਦੀਆਂ ਪਰ ਉਨ੍ਹਾਂ ਨੇ ਆਪਣੀ ਹਿੰਮਤ ਅਤੇ ਮਿਹਨਤ ਨਾਲ ਸੱਭ ਕੁਝ

*(ਬਾਕੀ ਅਗਲੇ ਸਫੇ 'ਤੇ)*

# ਹਰਿਆਣਾ ਗੋਲਕ ਦਾ ਮਹਾਂਭਾਰਤ

## ਵਿਚਾਰ-ਚਰਚਾ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਅੰਮ੍ਰਿਤਸਰ ਦੇ ਪਿੰਡ ਕੈਰੋਂ ਹਾਈ ਸਕੂਲ ਅੱਠਵੀਂ ਜਮਾਤ ਵਿਚ ਪੜ੍ਹਦੇ ਸਮੇਂ ਇਕ ਮਾਸਟਰ ਨੰਦ ਲਾਲ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਉਨ੍ਹਾਂ ਦੀ ਲਿਖਾਈ ਟੂਕ 'ਸੱਪ ਜਦ ਸੜਕਾਂ 'ਤੇ ਨਿਕਲ ਆਉਂਦੇ ਹਨ ਜਾਂ ਕੀੜਿਆਂ ਨੂੰ ਖੰਭ ਨਿਕਲ ਆਉਂਦੇ ਹਨ ਤਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ', ਮੈਨੂੰ ਅਜੇ ਤੱਕ ਯਾਦ ਹੈ। ਇਸ ਦਾ ਮਤਲਬ ਸਪਸ਼ਟ ਹੈ ਕਿ ਜਦ ਕੋਈ ਵਿਅਕਤੀ ਆਪਣੀ ਵਿੱਤੋਂ ਜਾਂ ਆਪਣੇ ਅਧਿਕਾਰ ਖੇਤਰ ਤੋਂ/ ਕੱਪੜਿਆਂ ਤੋਂ ਬਾਹਰ ਹੋ ਜਾਂਦਾ ਹੈ ਤਾਂ ਇਸ ਦਾ ਵਿਸਫੋਟ ਨਿਸ਼ਚਿਤ ਹੈ।

ਅਜੇਹੀਆਂ ਕਹਾਣੀਆਂ ਇਤਿਹਾਸ ਵਿਚ ਬਹੁਤ ਸੁਣੀਆਂ ਜਾਂਦੀਆਂ ਹਨ ਪਰ ਹੁਣੇ ਕੁਝ ਤਾਜ਼ਾ ਘਟਨਾਵਾਂ ਨੇ ਸਿੱਖ ਸੰਗਤ ਨੂੰ ਗੰਭੀਰ ਸੰਕਟ ਵਿਚ ਪਾ ਦਿੱਤਾ ਹੈ। ਮੈਂ ਜਮਾਂਦਰੂ ਸਿੱਖ ਹਾਂ ਤੇ ਜਦੋਂ ਮੈਂ ਜੰਮਿਆ ਸੀ ਓਦੋਂ ਸਿੱਖ ਹੋਣ ਦਾ ਮਤਲਬ ਅਕਾਲੀ ਹੀ ਸਮਝਿਆ ਜਾਂਦਾ ਸੀ। ਮੇਰਾ ਬਾਬਾ ਸ. ਸੋਹਣ ਸਿੰਘ ਜੈਤੋ, ਨਨਕਾਣਾ ਤੇ ਫਿਰ ਪੰਜਾਬੀ ਸੂਬੇ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਤੇ ਉਨ੍ਹਾਂ ਦੀ ਗੁੜ੍ਹਤੀ ਅਨੁਸਾਰ ਮੇਰੀ ਵੀ ਇਹੀ ਧਾਰਨਾ ਪੱਕੀ ਹੋ ਗਈ। ਬਹੁਤ ਦੇਰ ਬਾਅਦ ਇਹ ਸਮਝ ਆਈ ਕਿ ਸਿੱਖ ਤੇ ਅਕਾਲੀ ਵਿਚ ਫਰਕ ਹੈ। ਸਾਰੇ ਸਿੱਖ ਅਕਾਲੀ ਨਹੀਂ ਪਰ ਸਾਰੇ ਅਕਾਲੀ ਸਿੱਖ ਹੋ ਸਕਦੇ ਹਨ। ਅਕਾਲ ਤਖ਼ਤ ਸਿੱਖਾਂ ਦੀ ਸਿਰਮੌਰ ਸੁਪਰੀਮ ਅਥਾਰਿਟੀ ਤੇ ਕਸਟੋਡੀਅਨ ਸਮਝੀ ਜਾਂਦੀ ਹੈ।

1950 ਤੋਂ ਅੱਜ ਤੱਕ ਅਕਾਲੀਆਂ ਵੱਲੋਂ 'ਪੰਜਾਬੀ ਸੂਬੇ' ਜਾਂ 'ਪੰਥ ਖ਼ਤਰੇ ਵਿਚ' ਦੇ ਨਾਂ 'ਤੇ ਕੀਤੇ ਸੱਤਿਆਗ੍ਰਹਿ ਮੈਂ ਆਪ ਅੱਖੀਂ ਵੇਖੇ ਤੇ ਹੱਡਾਂ 'ਤੇ ਹੰਢਾਏ ਹਨ। ਅੰਮ੍ਰਿਤਸਰ ਵਿਚ ਨਿੱਤ ਦਿਨ ਹੜਤਾਲਾਂ ਬੰਦ ਜਲੂਸ ਕਰਫ਼ਿਊ ਨੇ ਸ਼ਾਂਤਮਈ ਰਹਿਣ ਵਾਲੇ ਸ਼ਹਿਰੀਆਂ ਦਾ ਦਮ ਘੁੱਟਣ ਲਾ ਦਿੱਤਾ। ਏਨੇ ਭਾਰੀ ਅਕਾਲੀ ਮੋਰਚੇ ਲਾ ਕੇ ਸੌੜੇ ਹਿਤ ਵਾਲੇ ਕੁੱਝ ਆਗੂਆਂ ਨੇ ਸ਼ਰੀਫ ਸ਼ਹਿਰੀਆਂ ਨੂੰ ਗੁਮਰਾਹ ਕਰ ਕੇ ਪੰਜਾਬ ਨੂੰ ਸੁੰਗੇੜ ਦਿੱਤਾ ਤੇ ਆਪਣੀ ਚੌਧਰ ਵਾਲੇ ਖੇਤਰ 'ਪੰਜਾਬੀ ਸੂਬੀ' ਨੂੰ 'ਪੰਜਾਬੀ ਸੂਬਾ' ਨਾਂ ਦੇ ਕੇ ਹਥਿਆ ਲਿਆ। ਕੇਂਦਰੀ ਸਰਕਾਰ ਵੀ ਸ਼ਾਇਦ ਮਿਲੀ ਭੁਗਤ ਕਾਰਨ ਮੰਨ ਗਈ। ਨਵੀਂ ਸੂਬੀ ਦੇ ਜਨਮ ਮੌਕੇ ਬੜੇ ਜਸ਼ਨ ਮਨਾਏ ਗਏ ਤੇ ਹੁਣ ਵੀ ਹਰ ਸਾਲ ਮਨਾਏ ਜਾਂਦੇ ਹਨ। ਇਸ ਸਮੇਂ ਅਕਾਲ ਤਖ਼ਤ ਵੀ ਸੁਭਵਾਨ ਸਰੋਤਾ ਬਣ ਕੇ ਵੇਖਦਾ ਰਿਹਾ। ਪਰਤਾਪ ਸਿੰਘ ਕੈਰੋਂ ਪਲਵਲ ਆਗਰਾ ਤੱਕ ਆਪਣਾ ਅਧਿਕਾਰ ਸਮਝਦਾ ਮਹਾਂ ਪੰਜਾਬ ਬਣਾਉਣ ਦੀਆਂ ਸਕੀਮਾਂ ਘੜਦਾ ਰਿਹਾ ਪਰ ਉਸ ਦੇ ਕਤਲ ਹੋਣ ਬਾਅਦ ਇਹ ਸਭ ਧਰਿਆ ਧਰਾਇਆ ਰਹਿ ਗਿਆ। ਪੰਜਾਬ ਦੀ ਸਰ ਜ਼ਮੀਨ ਤੋਂ ਹਿਮਾਚਲ ਤੇ ਹਰਿਆਣੇ ਨੂੰ ਅੱਡ ਕਰ ਦਿੱਤਾ ਗਿਆ। ਭਰਾਵਾਂ ਵਿਚਕਾਰ ਸਿਆਸੀ ਕੰਧਾਂ ਨੇ ਉਨ੍ਹਾਂ ਨੂੰ ਅਲੱਗ ਅਲੱਗ ਕਰ ਦਿੱਤਾ ਪਰ ਉੱਧਰ ਰਹਿ ਗਏ ਸਿੱਖ ਤੇ ਧਰਮ ਅਸਥਾਨ ਪੰਥ ਦਾ ਹਿੱਸਾ ਬਣੇ ਰਹੇ। ਉਹ ਸਿੱਖਾਂ ਦਾ ਅੰਗ ਸਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਮਾਨ ਵਿਚ ਰਹੇ ਹਨ। ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਦੇ ਸਿੱਖ ਜੋ ਇਸ 'ਪੰਜਾਬੀ ਚਾਰਦੀਵਾਰੀ' ਤੋਂ ਬਾਹਰ ਕੱਢ ਦਿੱਤੇ ਗਏ, ਪੰਜਾਬ ਵਿਚ ਰਹਿਣ ਦਾ ਵਾਸਤਾ ਪਾਉਂਦੇ ਰਹੇ ਪਰ ਉਨ੍ਹਾਂ ਦੀ ਕਿਸੇ ਨਹੀਂ ਸੁਣੀ ਕਿਉਂਕਿ ਪੰਜੀ ਸਾਲ ਰਾਜ ਕਰਨ ਵਾਲਾ ਨਿਰੋਲ ਖੇਤਰ 'ਸੂਬੀ' ਉਨ੍ਹਾਂ ਡਾਹਢਿਆਂ ਦੇ ਹੱਥਾਂ ਵਿਚ ਆ ਗਈ ਸੀ। ਉਨ੍ਹਾਂ ਨੇ ਕੁਝ ਹਿੰਦੂ ਵੀਰਾਂ ਨੂੰ ਕੁਰਸੀਆਂ ਦਿਖਾ ਕੇ ਆਪਣੇ ਨਾਲ ਮਿਲਾ ਲਿਆ ਤੇ ਸ਼ੁਰੂ ਹੋ ਗਈ ਕੁਨਬਾ ਪਰਵਰੀ ਨਾਦਰ ਸ਼ਾਹੀ ਹਕੂਮਤ। 1947 ਵਿਚ ਪਾਕਿਸਤਾਨ ਬਣਨ ਨਾਲ ਅਤੇ ਸਟੇਟਾਂ ਦੇ ਵੰਡਣ ਨਾਲ ਸਿੱਖ ਪਹਿਲਾਂ ਹੀ ਬਹੁਤ ਥਾਈਂ ਵੰਡੇ ਗਏ। ਪਾਕਿਸਤਾਨ ਦੀ ਵੱਖਰੀ ਗੁਰਦੁਆਰਾ ਕਮੇਟੀ ਹੋਂਦ ਵਿਚ ਆ ਗਈ। ਦਿੱਲੀ, ਪਟਨਾ ਸਾਹਿਬ, ਹਜ਼ੂਰ ਸਾਹਿਬ ਦੀਆਂ ਅੱਡ ਕਮੇਟੀਆਂ ਬਣ ਗਈਆਂ। ਉਸ ਵੇਲੇ ਵੀ ਬੇਵਸ ਅਕਾਲ ਤਖ਼ਤ ਅਮੁੱਕ ਦਰਸ਼ਕ ਬਣ ਕੇ ਵੇਖਦਾ ਰਿਹਾ। 'ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ' ਪਰ ਕਈ ਡਾਢੇ ਆਪਣਾ ਹੱਕ ਮੰਗਣ ਵਾਲਿਆਂ ਨੂੰ ਗ਼ੱਦਾਰ ਗਰਦਾਨ ਕੇ ਸਮੁੱਚੀ ਕੌਮ ਨੂੰ ਗੁਮਰਾਹ ਕਰਨ 'ਤੇ ਤੁਲ ਗਏ।



ਹਰਿਆਣਾ ਐਡਹਾਕ ਕਮੇਟੀ ਵਲੋਂ ਗੁਰਦੁਆਰਿਆਂ 'ਤੇ ਕੀਤੇ ਗਏ ਕਬਜ਼ਿਆਂ ਸਬੰਧੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਐਡਵੋਕੇਟ ਹਰਜਿੰਦਰ ਸਿੰਘ ਧਾਮੀ।

ਹੁਣ ਹਰਿਆਣਾ ਨੇ ਆਪਣੀ ਹੱਕੀ ਮੰਗ ਕਰ ਦਿੱਤੀ ਹੈ ਤੇ ਇਸ 'ਤੇ ਸੁਪਰੀਮ ਕੋਰਟ ਦੀ ਵੀ ਸਹੀ ਮੁਹਰ ਲੱਗ ਗਈ ਹੈ ਪਰ ਅੱਡ ਹੋ ਕੇ ਵੀ ਉਹ ਸਿੱਖ ਜਾਂ ਗੁਰਦੁਆਰੇ ਅਕਾਲ ਤਖ਼ਤ ਨੂੰ ਹੀ ਸਮਰਪਣ ਹੋਣਗੇ। ਇਸ ਤਰ੍ਹਾਂ ਅਕਾਲ ਤਖ਼ਤ ਦੀ ਮਾਨ ਮਰਯਾਦਾ ਨੂੰ ਕੋਈ ਊਣ ਨਹੀਂ ਆਉਣ ਲੱਗੀ। ਪਰ ਅਫਸੋਸ! ਕਿ ਮੇਰਾ ਪਿਆਰਾ ਸਨਮਾਨਯੋਗ ਅਕਾਲ-ਤਖ਼ਤ ਵੀ ਇਸ ਦੇ ਖ਼ਿਲਾਫ਼ ਇੱਕ ਧਿਰ ਨਾਲ ਰਲ ਕੇ ਉਲਝ ਰਿਹਾ ਹੈ। ਦੁਨੀਆ ਭਰ ਦੇ ਸਿੱਖ ਅਕਾਲ ਤਖ਼ਤ ਨੂੰ ਸਮਰਪਿਤ ਹਨ। ਚਾਹੇ ਕਮੇਟੀ ਕੋਈ ਵੀ ਹੋਵੇ ਉਹ ਅਕਾਲ ਤਖ਼ਤ ਦਾ ਹੁਕਮ ਉਡੀਕਦੇ ਤੇ ਖਿੜੇ ਮੱਥੇ ਸਵੀਕਾਰਦੇ ਹਨ। ਪਰ ਜਦ ਕੋਈ ਮਹਿਸੂਸ ਕਰਦਾ ਹੈ ਕਿ ਅਕਾਲ ਤਖ਼ਤ ਦਾ ਹੁਕਮ ਉਲਾਰਵਾਦੀ ਜਾਂ ਪੱਖਪਾਤੀ ਹੈ ਜਿਵੇਂ ਕਈ ਸਾਲਾਂ ਤੋਂ ਇਹ ਧਾਰਨਾ ਬਣਦੀ ਆ ਰਹੀ ਹੈ ਤਾਂ ਇਸ ਦਾ ਪ੍ਰਤੀਕਰਮ ਹੋਣਾ ਜ਼ਰੂਰੀ ਹੈ। ਆਪਣੇ ਰਸਤੇ ਤੁਰੇ ਜਾਂਦੇ ਕੀੜੇ 'ਤੇ ਪੈਰ ਰੱਖੋਗੇ ਤਾਂ ਆਪਣੇ ਬਚਾਅ ਲਈ ਉਹ ਵੀ ਦੰਦੀ ਵੱਢਣ ਪਵੇਗਾ।

ਪਿਛਲੇ ਦੋ ਤਿੰਨ ਦਹਾਕਿਆਂ ਤੋਂ ਸਿੱਖ ਮਰਿਆਦਾਵਾਂ ਦਾ ਕਿਵੇਂ ਘਾਣ ਹੁੰਦਾ ਰਿਹਾ ਹੈ ਤੇ ਹੋ ਰਿਹਾ ਹੈ, ਉਹ ਇੱਕ ਪਰਿਵਾਰ ਵਾਸਤੇ ਸਭ ਜਾਇਜ਼ ਹੈ। ਜੇ ਉਹ ਟੱਬਰੀ ਹਰਿਮੰਦਰ ਸਾਹਿਬ ਜਾਂਦੀ ਹੈ ਤਾਂ ਮੁੱਖ ਗ੍ਰੰਥੀ ਸਮੇਤ ਸਾਰੇ ਸੇਵਾਦਾਰ ਆਪਣੀਆਂ ਡਿਊਟੀਆਂ ਛੱਡ ਕੇ ਉਨ੍ਹਾਂ ਦੀ 'ਰਸਪੈਕਟ' ਵਾਸਤੇ ਉੱਠ ਖੜੋ ਹੁੰਦੇ ਹਨ। ਇਸ ਤੋਂ ਵੱਡਾ ਅਨਰਥ ਕੀ ਹੋ ਸਕਦਾ ਹੈ। ਹਰਿਮੰਦਰ ਸਾਹਿਬ ਤੋਂ ਹੁੰਦਾ ਕੀਰਤਨ ਇੱਕ ਚੈਨਲ ਦੀ ਮਲਕੀਅਤ ਬਣ ਕੇ ਰਹਿ ਗਿਆ ਹੈ। ਅਕਾਲ ਤਖ਼ਤ ਇਸ ਦਾ ਕੋਈ ਨੋਟਿਸ ਨਹੀਂ ਲੈਂਦਾ। ਮੀਡੀਆ ਵੀ ਇੱਕ ਦੋ ਦਿਨ ਇਹ ਦ੍ਰਿਸ਼ ਦਿਖਾ ਕੇ ਚੁੱਪ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਦੀਆਂ ਬਿਰਤੀਆਂ ਹੁਣ ਹਰਿਆਣਾ ਵਿਚ ਮੱਚਣ ਵਾਲੇ ਇਕ ਹੋਰ ਮਹਾਂਭਾਰਤ ਵੱਲ ਡਾਇਵਰਟ ਹੋ ਰਹੀਆਂ ਹਨ।

ਗੁਰਦੁਆਰਿਆਂ ਦੀਆਂ ਮਾਣ ਮਰਿਆਦਾਵਾਂ ਵਿਚ ਬੇਹੁਰਮਤੀਆਂ ਰੋਕਣ ਵਾਸਤੇ ਸਿੱਖਾਂ ਨੂੰ ਲੰਮੀ ਜੱਦੋ-ਜਹਿਦ ਕਰਨੀ ਪਈ। ਸਿੱਖ ਗੁਰਦੁਆਰਾ ਬਿੱਲ ਪੰਜਾਬ ਲੈਜਿਸਲੇਟਿਵ ਕੌਂਸਲ ਵੱਲੋਂ ਸੱਤ ਮਈ 1925 ਨੂੰ ਸ਼ਿਮਲਾ ਵਿਖੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਜਿਸ ਦੇ ਹੱਕ ਵਿਚ ਸਿੱਖਾਂ ਤੋਂ ਇਲਾਵਾ ਹਿੰਦੂ ਤੇ ਮੁਸਲਮਾਨ ਮੈਂਬਰਾਂ ਨੇ ਵੀ ਫਤਵਾ ਦਿੱਤਾ। ਇਹ ਬਿੱਲ 29 ਜੁਲਾਈ 1925 ਨੂੰ ਭਾਰਤ ਦੇ ਗਵਰਨਰ ਜਨਰਲ ਦੀ ਮਨਜ਼ੂਰੀ/ਮੁਹਰ ਥੱਲੇ ਐਕਟ ਬਣ ਗਿਆ ਤੇ ਇੱਕ ਨਵੰਬਰ 1925 ਨੂੰ ਪੰਜਾਬ ਗਜ਼ਟ ਦੇ ਨੋਟੀਫਿਕੇਸ਼ਨ ਅਨੁਸਾਰ ਲਾਗੂ ਹੋ ਗਿਆ। ਇਸ ਨਾਲ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਅੰਮ੍ਰਿਤਸਰ ਹੈੱਡ ਕੁਆਰਟਰ ਵਾਲੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਅਧੀਨ ਆ ਗਿਆ। 1947 ਦੇ ਪਾਕਿਸਤਾਨ ਬਣਨ ਅਤੇ ਬਾਅਦ ਵਿਚ ਹਰਿਆਣਾ ਹਿਮਾਚਲ ਆਦਿ ਵੱਖਰੀਆਂ ਰਿਆਸਤਾਂ ਬਣਨ 'ਤੇ ਇਸ ਦੀ ਤਰਮੀਮ ਦੀ ਲੋੜ ਪੈ ਗਈ। 1966 ਦੀ ਅਮੈਂਡਮੈਂਟ ਅਨੁਸਾਰ ਕੋਈ ਸੂਬਾ ਚਾਹੇ ਤਾਂ ਆਪਣੀ ਵੱਖਰੀ ਕਮੇਟੀ ਬਣਾ ਸਕਦਾ ਹੈ ਤੇ ਇਹ ਬਿੱਲ ਕਈ ਅਦਾਲਤੀ ਪ੍ਰਕਿਰਿਆਵਾਂ ਵਿੱਚੋਂ ਲੰਘ ਕੇ ਪਾਸ ਹੋ ਚੁੱਕਾ ਹੈ।

ਪਰਤਾਪ ਸਿੰਘ ਕੈਰੋਂ ਕਿਹਾ ਕਰਦਾ ਸੀ ਕਿ ਜੱਟ ਤਾਂ ਸੁਹਾਗੇ 'ਤੇ ਚੜ੍ਹਿਆ ਵੀ ਨਹੀਂ ਮਾਣ! ਉਹ ਛੇਤੀ ਕੀਤੇ ਬੇਲ ਨਹੀਂ ਛੱਡਦਾ ਤੇ ਇਹ ਗੋਲਕ ਜਾਂ ਗੁਰਦੁਆਰਾ ਹਕੂਮਤ ਕਿਵੇਂ ਛੱਡੀ ਜਾ ਸਕਦੀ ਹੈ! ਗੁਰਦੁਆਰੇ ਦੀਆਂ ਗੋਲਕਾਂ ਤੇ ਲੰਗਰ ਬਾਦਲ ਕਿਆਂ ਨੂੰ ਬਹੁਤ ਵਰ ਆਈਆਂ। ਉਹ ਇਸ ਤੋਂ ਭਰਪੂਰ ਸਿਆਸੀ ਲਾਭ ਪ੍ਰਾਪਤ ਕਰਦੇ ਰਹੇ ਹਨ ਤੇ ਉਨ੍ਹਾਂ ਨੇ ਇਸ ਦੀ ਘੋਰ ਦੁਰਵਰਤੋਂ ਕੀਤੀ ਹੈ। ਸਿਰਸਾ ਸਾਧ ਦੀ ਮੁਆਫ਼ੀ, ਤੇ ਬੇਅਦਬੀ ਦੀਆਂ ਘਟਨਾਵਾਂ ਇਸ ਪਾਲਿਸੀ ਦਾ ਹੀ ਅੰਗ ਸਨ। ਅੰਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ ਤੇ ਏਸੇ ਕਰਕੇ ਹੁਣ ਸ਼੍ਰੋਮਣੀ ਕਮੇਟੀ ਦੇ ਹੱਥੋਂ ਹਰਿਆਣਾ ਹੀ ਨਹੀਂ ਰਾਜਸਥਾਨ ਤੇ ਹੋਰ ਸੂਬਿਆਂ ਦੇ ਗੁਰਦੁਆਰੇ ਵੀ ਨਿਕਲਣ ਵਾਲੇ ਹਨ।

ਸਾਰੇ ਬੁੱਧੀਜੀਵੀ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਕਿਸੇ ਸਟੇਟ ਦਾ ਇਹ ਅੰਦਰੂਨੀ ਮਾਮਲਾ ਹੈ ਤੇ ਸੰਵਿਧਾਨ ਅਨੁਸਾਰ ਉਨ੍ਹਾਂ ਨੂੰ ਵੱਖਰੀ ਕਮੇਟੀ ਬਣਾਉਣ ਦਾ ਹੱਕ ਹਾਸਲ ਹੈ। ਹਰਿਆਣਾ ਹੋਵੇ, ਰਾਜਸਥਾਨ ਹੋਵੇ, ਚੰਡੀਗੜ੍ਹ ਹੋਵੇ, ਜੰਮੂ ਜਾਂ ਹਿਮਾਚਲ... ਉੱਥੋਂ ਦੇ ਸਿੱਖਾਂ ਨੂੰ ਆਪਣਾ ਅਧਿਕਾਰ ਹੈ ਕਿ ਉਹ ਆਪਣੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਆਪ ਕਰਨ ਤੇ ਨਵੀਆਂ ਪ੍ਰਬੰਧਕ ਕਮੇਟੀਆਂ ਬਣਾ ਲੈਣ। ਅੰਮ੍ਰਿਤਸਰ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਫ਼ੌਜਾਂ ਨੂੰ ਕੋਈ ਹੱਕ ਨਹੀਂ ਬਣਦਾ ਕਿ ਉਹ ਉਸ ਦੂਸਰੇ ਸੂਬੇ ਦੇ ਗੋਲਕ ਕਬਜ਼ੇ ਵਾਸਤੇ ਚੜ੍ਹਾਈ ਕਰ ਕੇ ਜਾਣ ਜੋ ਉਨ੍ਹਾਂ ਪਹਿਲਾਂ ਆਪ ਹੀ ਅੱਡ ਕਰ ਦਿੱਤਾ ਹੈ।

ਅਸਲ ਵਿਚ ਬਾਹਰਲੇ ਸੂਬਿਆਂ ਦੇ ਵਸਨੀਕਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਢੁਕਵੀਂ ਨੁਮਾਇੰਦਗੀ ਨਾ ਦੇ ਕੇ ਇੱਕ ਖਾਸ ਫੈਮਲੀ ਨੇ ਫੁੱਟ ਦੇ ਇਹ ਬੀਜ ਆਪ ਹੀ ਬੀਜੇ ਸਨ। ਹੁਣ ਜੇ ਹਰਿਆਣਾ ਦੇ ਹੱਕ ਵਿਚ ਸੁਪਰੀਮ ਕੋਰਟ ਨੇ ਵੀ ਤਸਦੀਕ ਕਰ ਦਿੱਤੀ ਹੈ ਤਾਂ ਇਸ ਨੂੰ ਰੱਬ ਦਾ ਭਾਣਾ ਕਰ ਕੇ ਮੰਨਣਾ ਹੀ ਪੈਣਾ ਹੈ। ਨਵੇਂ ਚੁਣੇ ਮੈਂਬਰ ਚਾਹੇ ਸਰਕਾਰਾਂ ਦੇ ਹਿਤੈਸ਼ੀ ਹੀ ਹੋਣ, ਨੇ ਕਬਜ਼ਾ ਹਥਿਆ ਲੈਣਾ ਹੈ। ਜੇ ਮਨਮਰਜ਼ੀ ਸਹਿਮਤੀ ਨਾਲ ਉਨ੍ਹਾਂ ਨੂੰ ਚਾਬੀਆਂ ਪਕੜਾ ਦਿਓ ਤਾਂ ਠੀਕ ਹੈ ਨਹੀਂ ਤਾਂ ਉਨ੍ਹਾਂ ਇਹ ਕੰਮ ਆਪ ਜਬਰੀ ਕਰ ਲੈਣਾ ਹੈ। ਇੰਤਜ਼ਾਮੀ ਸਤਹਾ ਤਬਦੀਲੀ ਦੀ ਇਸ ਪ੍ਰਕਿਰਿਆ ਵਿਚ ਗੁਰਦੁਆਰਿਆਂ ਅੰਦਰ ਪੱਗੋ-ਪੱਗੀ ਹੱਥੋਪਾਈ ਹੁੱਲੜਬਾਜ਼ੀ ਤੋਂ ਗੁਰੇਜ਼ ਕਰਨਾ ਹੀ ਸਮੇਂ ਦੀ ਲੋੜ ਹੈ। ਜੇ ਇਹ ਕਮੇਟੀ ਉਧਰੋਂ ਕਾਮਯਾਬ ਹੋ ਜਾਂਦੀ ਤਾਂ ਇਨ੍ਹਾਂ ਬਰਛੇ ਫੜ ਕੇ ਵਿਦੇਸ਼ੀ ਗੁਰਦੁਆਰਿਆਂ ਦੇ ਕਬਜ਼ੇ ਵਾਸਤੇ ਵੀ ਧਾਵਾ ਬੋਲ ਦੇਣਾ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉੱਧਰ ਵੀ ਦੋ ਚਾਰ ਅਜੇਹੇ ਲੋਕ ਮਿਲ ਜਾਂਦੇ ਹਨ ਜੋ ਆਪਣੀ ਕੌਮ ਕਮਿਊਨਿਟੀ ਦੇ ਹਿਤ ਪਾਸੇ ਰੱਖ ਕੇ ਉਨ੍ਹਾਂ ਆਕਾਵਾਂ ਨਾਲ ਫ਼ੋਟੋ ਖਿਚਵਾ ਕੇ ਹੀ ਮੱਲ ਮਾਰੀ ਸਮਝ ਲੈਂਦੇ ਹਨ।

ਸਮਾਂ ਬੜਾ ਬਲਵਾਨ ਹੈ ਤੇ ਹੁਣ ਇਸ ਨੇ ਆਪੇ ਹੀ ਕਰਵਟ ਬਦਲ ਲਈ ਹੈ। ਇਨ੍ਹਾਂ ਦੇ ਕੀਤੇ ਪਾਪ ਤੇ ਆਪਹੁਦਰੀਆਂ, ਕੁਰੀਤੀਆਂ ਨੇ ਇਨ੍ਹਾਂ ਦੇ ਖ਼ੁਦਗਰਜ਼ ਚਿਹਰੇ ਆਪੇ ਨੰਗੇ ਕਰ ਦਿੱਤੇ ਹਨ। ਪਹਿਲਾਂ ਜਨਤਾ ਨੇ ਸਿਆਸੀ ਤੌਰ 'ਤੇ ਹਕੂਮਤ ਵਿਚ ਭਾਈਵਾਲੀ ਤੋਂ ਪਾਸੇ ਕਰ ਦਿੱਤਾ ਹੈ। ਹੁਣ ਬਾਹਰਲੇ ਸੂਬੇ ਤਾਂ ਗੁਰਦੁਆਰਾ ਕਮੇਟੀ ਦੀ ਅਧੀਨਗੀ ਤੋਂ ਗਏ, ਅਗਲੀਆਂ ਹੋਣ ਵਾਲੀਆਂ ਚੋਣਾਂ ਵਿਚ ਗੁਰਦੁਆਰਾ ਪ੍ਰਬੰਧ ਵੀ ਨਿਕਲਣਾ ਨਿਸ਼ਚਿਤ ਹੈ।

ਮੇਰੀ ਗੁਰੂ ਪਿਆਰੀ ਸਿੱਖ ਹਿਤੈਸ਼ੀ ਸਾਧ ਸੰਗਤ ਨੂੰ ਬੇਨਤੀ ਹੈ! ਹੁਸ਼ਿਆਰ! ਸਾਵਧਾਨ ਹੁਸ਼ਿਆਰ ਹੋਣ ਦਾ ਵੇਲਾ ਹੈ। ਜਬਰ ਦਾ ਮੁਕਾਬਲਾ ਜਬਰ ਨਾਲ ਨਹੀਂ ਸਬਰ ਨਾਲ ਕਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੇ ਖ਼ੂਨੀ ਟਕਰਾਅ ਤੋਂ ਬਚਣ ਲਈ ਬਹੁਤ ਤਹੱਮਲ ਦੀ ਲੋੜ ਹੈ। ਕੋਈ ਉਨ੍ਹਾਂ ਨੂੰ ਸਮਝਾਏ.. ਕਿ ਉਹ ਸਿੱਖਾਂ ਨੂੰ ਭਿੜਾ ਕੇ ਮਰਵਾਉਣ ਦਾ ਹੋਰ ਅਮਲ ਨਾ ਦੁਹਰਾਉਣ। ਇਹ ਬਰਛਿਆਂ, ਬੰਦੂਕਾਂ, ਤਲਵਾਰਾਂ ਦਾ ਵੇਲਾ ਨਹੀਂ, ਅਪੀਲ ਤੇ ਦਲੀਲ ਦਾ ਵੇਲਾ ਹੈ। ਇਹ ਸਿਆਸੀ ਲੜਾਈਆਂ ਹਨ ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਨੂੰ ਨਹੀਂ ਵੜਨਾ ਚਾਹੀਦਾ। ਜੇ ਸਿੱਖ ਕੌਮ ਨੇ ਇਹ ਮੌਕਾ ਖੁੰਝਾ ਦਿੱਤਾ ਤਾਂ ਫਿਰ ਗੁਰਦੁਆਰਿਆਂ ਵਿਚ ਸੰਖ, ਤੂਤੀਆਂ, ਪੀਪਣੀਆਂ ਹੀ ਵੱਜਣਗੀਆਂ ਤੇ ਤੁਸੀਂ ਬੇਵੱਸ ਲਾਚਾਰ ਹੋ ਕੇ ਵੇਖਦੇ ਰਹੋਗੇ।

## ਪਿੰਡ! ਆ ਆਪਾਂ ਮਿਲੀਏ

(ਪਿਛਲੇ ਸਫੇ ਦਾ ਬਾਕੀ)

ਪ੍ਰਾਪਤ ਕੀਤਾ। ਪਰ ਅਜੋਕਾ ਨੌਜਵਾਨ ਸਿਰਫ਼ ਸੁੱਖ-ਸਹੂਲਤਾਂ ਦਾ ਗੁਲਾਮ ਬਣ ਗਿਆ ਏ।

ਪਿੰਡ, ਸਾਡੇ ਸਮਿਆਂ ਵਿਚ ਤੁਰ ਕੇ, ਲੰਮੇ ਲੰਮੇ ਪੈਂਡੇ ਤੈਅ ਕਰ ਲਿਆ ਕਰਦੇ ਸਾਂ। ਪਰ ਹੁਣ ਕਾਰਾਂ ਮੋਟਰਾਂ ਹੋਣ ਦੇ ਬਾਵਜੂਦ ਸਾਡੇ ਰਿਸ਼ਤੇ ਸਾਥੋਂ ਦੂਰ ਚਲੇ ਗਏ ਨੇ ਅਤੇ ਉਨ੍ਹਾਂ ਨੂੰ ਮਿਲਣ ਲਈ ਸਾਡੇ ਕੋਲੋਂ ਵਿੱਥ ਹੀ ਪੂਰ ਹੁੰਦੀ। ਉਸ ਸਮੇਂ ਦੂਰੀਆਂ ਸੁੰਗੜ ਜਾਂਦੀਆਂ ਸਨ ਪਰ ਅੱਜ ਕੱਲ੍ਹ ਫਾਸਲੇ ਪਲ ਪਲ ਵਧ ਰਹੇ ਹਨ। ਪਿੰਡ, ਤੈਨੂੰ ਤਾਂ ਯਾਦ ਹੋਣਾ ਕਿ ਸਾਡੇ ਸਮਿਆਂ ਵਿਚ ਨਲਕਿਆਂ, ਖੂਹਾਂ, ਆਤਾਂ ਅਤੇ ਨਾਲਿਆਂ ਦਾ ਪਾਣੀ ਪੀਂਦਿਆ ਪਿਆਸ ਮਿਟਾ ਲਈਦੀ ਸੀ ਅਤੇ ਕਦੇ ਪੇਟ ਦਰਦ ਨਹੀਂ ਸੀ ਹੋਇਆ। ਅੱਜ ਕੱਲ੍ਹ ਫਿਲਟਰ ਜਾਂ ਬੋਤਲਾਂ ਦਾ ਪਾਣੀ ਪੀਂਦਿਆਂ ਵੀ ਡਰਦੇ ਰਹਿੰਦੇ ਕਿ ਕਿਤੇ ਪੇਟ ਨਾ ਖ਼ਰਾਬ ਹੋ ਜਾਵੇ। ਕਿਆਰੀ ਵਿਚੋਂ ਮੂਲੀਆਂ ਪੁੱਟ ਕੇ ਖਾਣਾ, ਖੂਹ 'ਤੇ ਛੱਲੀਆਂ ਭੁੰਨ ਕੇ ਚੱਬਣਾ ਜਾਂ ਮੂੰਗਫਲੀ ਨੂੰ ਧੂਣੀ ਬਾਲ ਕੇ ਭੁੰਨਣਾ ਅਤੇ ਹੱਥ ਤੇ ਮੂੰਹ ਨੂੰ ਲਬੇੜ ਕੇ ਅਨੰਤ ਖ਼ੁਸ਼ੀ ਹੁੰਦੀ ਸੀ। ਪਰ ਅਜੋਕੇ ਬੱਚਿਆਂ ਨੂੰ ਸਾਫ਼-ਸਫ਼ਾਈ ਦਾ ਕੇਹਾ ਜਿੰਨ ਚੰਬੜਿਆ ਕਿ ਉਨ੍ਹਾਂ ਦਾ ਬਚਪਨਾ ਹੀ ਗਵਾਚ ਗਿਆ ਹੈ। ਕਿੰਨੇ ਕੁ ਬੱਚੇ ਨੇ ਜੋ ਮਾਪਿਆਂ ਨਾਲ ਜ਼ਿੱਦ ਕਰਦਿਆਂ ਮਿੱਟੀ 'ਚ ਲਿਟਦੇ ਨੇ ਜਾਂ ਮਿੱਟੀ ਵਿਚ ਖੇਡਦੇ ਨੇ। ਤਾਂ ਹੀ ਨਵੀਂ ਪੀੜ੍ਹੀ ਐਲਰਜੀ ਦਾ ਸ਼ਿਕਾਰ ਹੋ ਰਹੀ ਹੈ।

ਪਿੰਡ, ਸਾਡੇ ਸਮਿਆਂ ਵਿਚ ਮਾਪੇ ਅਨਪੜ੍ਹ ਸਨ ਪਰ ਉਨ੍ਹਾਂ ਨੂੰ ਜ਼ਿੰਦਗੀ ਦੀ ਪੂਰਨ ਸਮਝ ਸੀ। ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਅਹਿਮੀਅਤ ਸਮਝਦੇ ਸਨ ਕਿਉਂਕਿ ਉਹ ਆਪ ਸਕੂਲੀ ਵਿਦਿਆ ਤੋਂ ਵਿਰਵੇ ਰਹਿ ਗਏ ਸਨ। ਪਰ ਅੱਜ ਕੱਲ੍ਹ ਦੇ ਮਾਪੇ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਵੀ ਬੱਚਿਆਂ ਨੂੰ ਸੁਪਨੇ ਦੇਣ ਤੋਂ ਅਸਮਰੱਥ ਨੇ। ਸਾਡੇ ਸਮਿਆਂ ਵਿਚ ਬੱਚੇ ਮਾਪਿਆਂ ਅਤੇ ਪਰਿਵਾਰ ਦੀ ਪਛਾਣ ਬਣਦੇ ਸਨ ਜਿਨ੍ਹਾਂ 'ਤੇ ਪਰਿਵਾਰ ਤੇ ਸਮਾਜ ਨੂੰ ਨਾਜ਼ ਹੁੰਦਾ ਸੀ ਪਰ ਅਜੋਕੇ ਬੱਚੇ ਕੇਹੀ ਪਛਾਣ ਸਿਰਜ ਰਹੇ ਕਿ ਮੇਰਾ ਪਿੰਡ ਹੀ ਨਮੋਸ਼ੀ ਹੰਢਾਅ ਰਿਹਾ ਏ।

ਪਿੰਡ, ਤੂੰ ਤਾਂ ਭਲੀ-ਭਾਂਤ ਜਾਣਦਾਂ ਕਿ ਸਾਡੇ ਸਮਿਆਂ ਵਿਚ ਕੁਝ ਦਿਨ ਪਿੰਡ ਤੋਂ ਬਾਹਰ ਰਹਿਣ 'ਤੇ ਪਿੰਡ ਨੂੰ ਪਰਤਣ ਦਾ ਚਾਅ ਹੁੰਦਾ ਸੀ। ਪਰ ਹੁਣ ਕੇਹਾ ਵਕਤ ਆ ਗਿਆ ਕਿ ਪਿੰਡ ਨੂੰ ਮੁੜਨ ਲੱਗਿਆਂ ਵੀ ਡਰ ਲੱਗਦਾ। ਹੁਣ ਤਾਂ ਆਪਣੇ ਹੀ ਆਪਣਿਆਂ ਲਈ ਕਬਰਾਂ ਪੁੱਟ ਰਹੇ ਅਤੇ ਆਪਣੇ ਖੇਤ ਹੀ ਬਲਦੇ ਸਿਵਿਆਂ ਵਰਗੇ। ਨਿੱਜੀ ਲਾਲਚ ਦੀ ਹਵਸ ਨੇ ਰਿਸ਼ਤਿਆਂ ਨੂੰ ਹੜੱਪ ਕਰ ਲਿਆ ਏ। ਲਹੂ, ਹੀ ਆਪਣੇ ਲਹੂ ਨੂੰ ਪੀਣ ਲਈ ਕਾਹਲਾ। ਘਰ ਦੀਆਂ ਕੰਧਾਂ ਹੀ ਚੁਗਲੀਆਂ ਕਰਨ ਲੱਗ ਪੈਣ ਤਾਂ ਦੱਸੀਂ! ਘਰਾਂ ਵਾਲੇ ਕਿੰਝ ਘਰਾਂ ਨੂੰ ਪਰਤਣਗੇ? ਉਹ ਪਿੰਡ ਨੂੰ ਮਿਲਣ ਦੀ ਲਿੱਲਕ ਨੂੰ ਸੀਨੇ ਵਿਚ ਦਫ਼ਨ ਕਰ ਸਿਰਫ਼ ਹਿਰਸ ਦੀ ਧੁਖਦੀ ਧੂਣੀ ਬਾਲੀ ਰੱਖਣਗੇ ਕਿ ਕਾਸ਼! ਉਹ ਪਿੰਡ ਜਾ ਸਕਦੇ।

ਪਿੰਡ, ਤੂੰ ਜ਼ਰੂਰ ਬਦਲਦਾ। ਪਰ ਇੰਝ ਬਦਲਦਾ ਕਿ ਤੇਰੀ ਆਤਮਾ ਜਿਉਂਦੀ ਰਹਿੰਦੀ। ਤੇਰੀ ਰੂਹ ਵਿਚ ਆਪਣਿਆਂ ਪ੍ਰਤੀ ਮੋਹ ਅਤੇ ਮੁਹੱਬਤ ਦਾ ਦੀਵਾ ਜਗਦਾ ਰਹਿੰਦਾ। ਤੇਰੀ ਧੜਕਣ ਵਿਚ ਜ਼ਿੰਦਗੀ ਦਾ ਗੀਤ ਗੂੰਜਦਾ ਰਹਿੰਦਾ ਅਤੇ ਤੈਥੋਂ ਦੂਰ ਤੁਰ ਗਏ ਸਦਾ ਹੀ ਤੇਰੀਆਂ ਦੁਆਵਾਂ ਵਿਚ ਰਹਿੰਦੇ। ਤੂੰ ਹੀ ਤਾਂ ਸਾਨੂੰ ਆਪਣੀਆਂ ਦੁਆਵਾਂ ਨਾਲ ਪਰ ਦਿੱਤੇ ਸਨ ਅਤੇ ਤੇਰੀਆਂ ਦੁਆਵਾਂ ਦੀ ਸਾਨੂੰ ਹਮੇਸ਼ਾ ਹੀ ਲੋੜ ਸੀ। ਪਰ ਹੁਣ ਤੇਰੇ ਵਲੋਂ ਬਦ-ਦੁਆਵਾਂ ਦੀ ਜਿਹੜੀ 'ਵਾ ਸਾਡੇ ਵੱਲ ਆ ਰਹੀ ਹੈ, ਇਹ ਬਹੁਤ ਪੀੜਤ ਕਰ ਰਹੀ ਹੈ।

ਪਿੰਡ, ਜੀਅ ਬਹੁਤ ਕਰਦਾ ਏ ਤੈਨੂੰ ਮਿਲਣ ਲਈ ਪਰ ਜੇਕਰ ਤੂੰ ਆਪਣੇ ਮੁੱਢਲੇ ਸਰੂਪ ਵਿਚ ਪਰਤ ਜਾਵੇਂ। ਅਜੇਹਾ ਅਜੋਕੇ ਦੌਰ ਵਿਚ ਸੰਭਵ ਨਹੀਂ ਹੋਣਾ। ਇਹ ਹਉਕਾ ਲੈ ਕੇ ਤੇ ਆਪਣਾ ਮਰਸੀਆ ਪੜ੍ਹਦਿਆਂ ਹੀ ਸਦਾ ਲਈ ਤੁਰ ਜਾਣਾ ਕਿ ਕਾਸ਼! ਮੈਂ ਆਪਣੇ ਪਿੰਡ ਨੂੰ ਉਸ ਰੂਪ ਵਿਚ ਨਾ ਮਿਲ ਸਕਿਆ ਜਿਸ ਰੂਪ ਵਿਚ ਮੈਂ ਸੱਤਰਵਿਆਂ ਵਿਚ ਪਿੰਡ ਤੋਂ ਪ੍ਰਵਾਜ਼ ਭਰੀ ਸੀ।

ਤਰਲਾ ਈ ਮੇਰੇ ਪਿੰਡ! ਆਪਣੀਆਂ ਅਸੀਸਾਂ ਅਤੇ ਸ਼ੁੱਭਭਾਵਨਾਵਾਂ ਦਾ ਚੰਦੋਆ ਸਾਡੇ ਸਿਰਾਂ 'ਤੇ ਤਣ। ਫਿਰ ਮੈਂ ਤੈਨੂੰ ਮਿਲਣ ਜ਼ਰੂਰ ਆਵਾਂਗਾ ਕਿਉਂਕਿ ਮੇਰਾ ਬਹੁਤ ਜੀਅ ਕਰਦਾ ਹੈ ਤੈਨੂੰ ਮਿਲਣ ਲਈ। ਆ ਆਪਾਂ ਮਿਲੀਏ। ਮਿਲ ਕੇ ਦੁੱਖ-ਸੁੱਖ ਸਾਂਝਾ ਕਰੀਏ ਅਤੇ ਅਜੋਕੇ ਦੌਰ ਦੇ ਭਵ-ਸਾਗਰ ਨੂੰ ਆਪਸੀ ਇਕਸੁਰਤਾ, ਇਕਾਗਰਤਾ, ਅਤੇ ਅਲਹਾਮੀ ਅੰਤਰਯਾਮਤਾ ਨਾਲ ਤਰੀਏ।

# ‘ਬਲਵਿੰਦਰ ਸੇਖੋਂ ਦਾ ਧਰਮ ਯੁੱਧ’ ਅਤੇ ਅਦਾਲਤੀ ਵਰਤਾਰਾ

## (ਸੇਖੋਂ ਤੇ ਪ੍ਰਦੀਪ ਸ਼ੁਰਮਾ ਨੇ ਮਾਣਯੋਗ ਜੱਜਾਂ ਅੱਗੇ ਤਾਂਡਵ ਨ੍ਰਿਤ ਕਿਉਂ ਨੱਚਿਆ!)

**ਪੁਲਿਸ ਵਿਭਾਗ ਤੋਂ ਬਰਖਾਸਤਡੀ.ਐਸ.ਪੀ.ਬਲਵਿੰਦਰ ਸਿੰਘ ਸੇਖੋਂ ਅਤੇ ਉਸ ਦੇ ਵਕੀਲ ਪ੍ਰਦੀਪ ਸ਼ਰਮਾ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ ਅਧੀਨ ਛੇ ਮਹੀਨੇ ਦੀ ਕੈਦ ਅਤੇ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਕਰ ਦਿੱਤਾ ਗਿਆ। ਸੇਖੋਂ ਲੰਮੇ ਸਮੇਂ ਤੋਂ ਸਿਸਟਮ ਦੇ ਕੁਹਜ ਨੂੰ ਲਗਾਤਾਰ ਉਜਾਗਰ ਕਰ ਰਿਹਾ ਹੈ ਅਤੇ ਨਿਆਂ ਲਈ ਟੱਕਰਾਂ ਮਾਰ ਰਿਹਾ ਹੈ। ਵੱਖ-ਵੱਖ ਮਸਲਿਆਂ ਬਾਰੇ ਭਰਵੀਆਂ ਟਿੱਪਣੀਆਂ ਕਰਨ ਵਾਲੇ ਵਿਦਵਾਨ ਕਰਮ ਬਰਸਟ ਨੇ ਇਸ ਮਸਲੇ ਬਾਰੇ ਵਿਸਥਾਰ ਸਹਿਤ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਉਨ੍ਹਾਂ ਪਿਛਲੇ ਸਮੇਂ ਦੌਰਾਨ ਅਦਾਲਤਾਂ ਦੀਆਂ ਟਿੱਪਣੀਆਂ ਦੀ ਪੁਣ-ਛਾਣ ਵੀ ਕੀਤੀ ਹੈ ਅਤੇ ਇਸੇ ਪ੍ਰਸੰਗ ਵਿਚ ਬਹੁਤ ਸਾਰੇ ਸਵਾਲ ਵੀ ਉਠਾਏ ਹਨ ਜੋ ਸਭ ਨੂੰ ਸੋਚਣ ਲਈ ਮਜਬੂਰ ਰਕਦੇ ਹਨ।**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦੋ ਮੈਂਬਰੀ ਬੈਂਚ (ਜਸਟਿਸ ਜੀ.ਐਸ. ਸੰਧਾਵਾਲੀਆ ਤੇ ਜਸਟਿਸ ਹਰਪ੍ਰੀਤ ਕੌਰ) ਨੇ 24 ਫਰਵਰੀ ਨੂੰ ਬਲਵਿੰਦਰ ਸਿੰਘ ਸੇਖੋਂ ਅਤੇ ਵਕੀਲ ਪ੍ਰਦੀਪ ਸ਼ਰਮਾ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ ਅਧੀਨ ਛੇ ਮਹੀਨੇ ਦੀ ਕੈਦ ਅਤੇ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਅਦਾਲਤ ਨੇ ਭਾਵੇਂ ਸਜ਼ਾ ਘੱਟ ਕਰਨ ਜਾਂ ਸਿਰਫ ਚਿਤਾਵਨੀ ਦੇਣ ਦੇ ਮਕਸਦ ਨਾਲ ਕਥਿਤ ਦੋਸ਼ੀਆਂ ਨੂੰ ਮੁਆਫੀ ਮੰਗ ਲੈਣ ਦੀ ਪੇਸ਼ਕਸ਼ ਕੀਤੀ ਸੀ ਪਰ ਉਹਨਾਂ ਸਜ਼ਾ ਭੁਗਤਣ ਨੂੰ ਤਰਜੀਹ ਦਿੱਤੀ। ਕਾਨੂੰਨ ਮੁਤਾਬਕ ਜਸਟਿਸ



**ਕਰਮ ਬਰਸਟ**
ਫੋਨ: +91-94170-73831

ਸੰਧਾਵਾਲੀਆ ਨੂੰ ਇਸ ਕੇਸ ਵਿਚ ਸੁਣਵਾਈ ਕਰਨ ਅਤੇ ਸਜ਼ਾ ਦੇਣ ਦਾ ਅਧਿਕਾਰ ਹੈ ਪਰ ਨੈਤਿਕਤਾ ਪੱਖੋਂ ਉਸ ਵੱਲੋਂ ਇਹ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ ਕਿਉਂਕਿ ਇਸ ਕੇਸ ਵਿਚ ਉਹ ਖੁਦ ਇਕ ਧਿਰ ਸੀ। ਉਸ ਉਪਰ ਨਸ਼ਾ ਕੇਸ ਵਾਲੇ ਮੁਕੱਦਮੇ ਨੂੰ ਬੇਲੋੜੇ ਤੌਰ 'ਤੇ ਲਮਕਾਉਣ ਅਤੇ ਸੇਖੋਂ ਦੀ ਰਿਟ ਪਟੀਸ਼ਨ ਵਿਚ ਕੁਝ ਨਾਮਜ਼ਦ ਦੋਸ਼ੀਆਂ ਦਾ ਬਚਾਉ ਕਰਨ ਦੇ ਦੋਸ਼ ਲਗਾਏ ਗਏ ਸਨ। ਇਸ ਤਰ੍ਹਾਂ ਇਸ ਕੇਸ ਵਿਚ ਇਕ ਕਥਿਤ ਮੁਲਜ਼ਮ ਵੱਲੋਂ ਖੁਦ ਹੀ ਜੱਜ ਬਣਕੇ ਸਜ਼ਾ ਦੇਣ ਦੀ ਮਿਸਾਲ ਪੇਸ਼ ਕੀਤੀ ਗਈ ਹੈ; ਨੈਤਿਕਤਾ ਦਾ ਤਕਾਜ਼ਾ ਉਸ ਕੋਲੋਂ ਇਸ ਕੇਸ ਨਾਲੋਂ ਵੱਖ ਹੋ ਜਾਣ ਦੀ ਮੰਗ ਕਰਦਾ ਸੀ।

ਬਲਵਿੰਦਰ ਸਿੰਘ ਸੇਖੋਂ ਬਾਰੇ ਕਾਫ਼ੀ ਕੁਝ ਲਿਖਿਆ ਜਾ ਚੁੱਕਿਆ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਦੂਜੀ ਪਾਰੀ ਦੌਰਾਨ ਉਹ ਲੁਧਿਆਣਾ ਵਿਖੇ ਬਤੌਰ ਵੀ ਐਸ ਪੀ ਕੰਮ ਕਰ ਰਿਹਾ ਸੀ ਕਿ ਉਸ ਸਮੇਂ ਦੇ ਮੰਤਰੀ ਨਵਜੋਤ ਸਿੱਧੂ ਨੇ ਕਿਸੇ ਘੁਟਾਲੇ ਦੀ ਉਸ ਨੂੰ ਨਿਰਪੱਖ ਜਾਂਚ ਕਰਨ ਦੀ ਜ਼ਿੰਮੇਵਾਰੀ ਸੌਂਪੀ ਅਤੇ ਉਹ 'ਨਿਰਪੱਖ ਜਾਂਚ' ਹੀ ਉਸ ਦੇ ਗਲੇ ਦੀ ਹੱਡੀ ਬਣ ਗਈ। ਉਸ ਦਾ ਪੇਚਾ ਪਹਿਲਾਂ ਉਸ ਸਮੇਂ ਦੇ ਧਾਕੜ ਵਜ਼ੀਰ ਭਾਰਤ ਭੂਸ਼ਣ ਆਸ਼ੂ ਨਾਲ ਪਿਆ, ਨਵਜੋਤ ਸਿੱਧੂ ਨਾਲ ਪਿਆ, ਲੁਧਿਆਣਾ ਦੇ ਬੈਂਸ ਭਰਾਵਾਂ ਨਾਲ ਪਿਆ ਅਤੇ ਫਿਰ ਪੈਂਦਾ ਪੈਂਦਾ ਪੰਜਾਬ ਦੇ ਪੂਰੇ ਰਾਜਸੀ ਤੰਤਰ, ਅਫਸਰਸ਼ਾਹੀ ਅਤੇ ਉਸ ਦੇ ਆਪਣੇ ਪੁਲਿਸ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਵੀ ਪੈਂਦਾ ਚਲਾ ਗਿਆ। ਉਸ ਦੇ ਸਨੇਹੀ ਐਡਵੋਕੇਟ ਹਰੀਸ਼ ਢਾਂਡਾ ਦੇ ਕਹਿਣ ਅਨੁਸਾਰ ਕਿਸਮਤ ਦੇ ਕੁੱਤੇ ਉਸ ਦੇ ਮਗਰ ਬਚਪਨ ਤੋਂ ਹੀ ਪਏ ਹੋਏ ਸਨ। ਉਸ ਦੇ ਆਪ ਸਹੇੜੇ 'ਮਹਾਭਾਰਤ' ਦੌਰਾਨ ਤਕੜਿਆਂ ਨੇ ਉਸ ਨੂੰ ਚੰਗੀ ਤਰ੍ਹਾਂ ਸਬਕ ਸਿਖਾਉਣ ਲਈ ਡਿਸਮਿਸ ਕਰਵਾ ਦਿੱਤਾ। ਡਿਸਮਿਸ ਹੋਣ ਤੋਂ ਪਹਿਲਾਂ ਉਸ ਕੋਲ ਸਮਝੌਤਾ ਕਰਨ ਦੇ ਬਥੇਰੇ ਮੌਕੇ ਆਏ ਪਰ ਉਸ ਨੇ ਹਥਿਆਰ ਸੁੱਟਣ ਦੀ ਬਜਾਇ ਆਪਣਾ ਧਰਮ ਯੁੱਧ ਜਾਰੀ ਰੱਖਣ ਦਾ ਸੰਕਲਪ ਲਿਆ ਅਤੇ ਪੰਜਾਬ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਪਲੇਗ ਤੋਂ ਮੁਕਤ ਕਰਾਉਣ ਲਈ ਧਰਮ ਯੁੱਧ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ। ਉਦੋਂ ਤੋਂ ਹੀ ਉਹ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਅਦਾਲਤਾਂ ਦੀ ਕਾਰਜ ਪ੍ਰਣਾਲੀ ਦੀ ਆਲੋਚਨਾ ਕਰ ਰਿਹਾ ਸੀ। ਅਦਾਲਤ ਵਿਚ ਉਸ ਉਪਰ ਇਲਜ਼ਾਮ ਲਗਾਇਆ ਗਿਆ ਕਿ ਉਸਨੇ 27 ਜਨਵਰੀ 2023 ਨੂੰ ਹੋਣ ਵਾਲੀ ਅਦਾਲਤੀ ਕਾਰਵਾਈ ਤੋਂ ਇਕ ਦਿਨ ਪਹਿਲਾਂ 17 ਮਿੰਟ ਦੀ ਵੀਡੀਓ ਜਾਰੀ ਕਰਕੇ ਪੰਜਾਬ ਹਾਈ ਕੋਰਟ ਦੇ 10 ਤੋਂ ਵੱਧ ਜੱਜਾਂ ਅਤੇ ਸੁਪਰੀਮ ਕੋਰਟ ਦੇ ਇੱਕ ਮੌਜੂਦਾ ਜੱਜ ਉਪਰ ਘਿਨਾਉਣੇ ਦੋਸ਼ ਲਾਏ ਹਨ। ਇਸ ਤੋਂ ਇਲਾਵਾ ਉਸਨੇ (ਨਸ਼ੇ ਦੇ ਕੇਸ) ਨਾਲ ਸਬੰਧਿਤ ਰਿਟ ਪਟੀਸ਼ਨ-20359-2013 ਵਿਚਅਧਿਕਾਰਤ ਬੈਂਚ ਨੂੰ ਸੁਝਾਅ ਵੀ ਦਿੱਤੇ ਸਨ ਕਿ ਇਸ ਮੁਕੱਦਮੇ ਨੂੰ ਕਿਵੇਂ ਅੱਗੇ ਵਧਾਉਣਾ ਚਾਹੀਦਾ ਹੈ?

ਸਬੰਧਤ ਜੱਜਾਂ ਨੇ 26 ਜਨਵਰੀ ਦੀ ਵੀਡੀਓ ਵਿਚ ਪ੍ਰਗਟਾਏ ਵਿਚਾਰਾਂ ਨੂੰ "ਸੰਵਿਧਾਨਕ ਅਧਿਕਾਰੀਆਂ ਵਿਰੁੱਧ ਅਪਮਾਨਜਨਕ ਸ਼ਬਦਾਵਲੀ ਵਰਤਣ, ਘਟੀਆ ਸਰੀਰਕ ਹਰਕਤਾਂ ਕਰਨ ਅਤੇ ਨਿਆਇਕ ਸੰਸਥਾਵਾਂ ਨੂੰ ਸਿਧਾਂਤਕ ਤੌਰ 'ਤੇ ਬਦਨਾਮ ਕਰਨ ਵਾਲੀ" ਦੱਸਿਆ ਹੈ। ਇਸ ਵੀਡੀਓ ਵਿਰੁੱਧ ਸਪਸ਼ਟੀਕਰਨ ਦੇਣ ਲਈ ਸੇਖੋਂ ਨੂੰ 14 ਫਰਵਰੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ ਪਰ ਅੱਗੋਂ ਅਦਾਲਤ ਅੰਦਰ ਜੱਜਾਂ ਵਲੋਂ ਅਸਲ ਮੁੱਦੇ 'ਤੇ ਕੇਂਦਰਤ ਨਾ ਹੁੰਦਿਆਂ ਦੇਖ ਕੇ ਅਤੇ ਅੱਕ ਕੇ ਸੇਖੋਂ ਤੇ ਉਸਦੇ ਸਾਥੀ ਪ੍ਰਦੀਪ ਸ਼ਰਮਾ ਨੇ ਰੋਸ ਵਜੋਂ ਆਪਣੀ ਆਵਾਜ਼ ਲੋਕ ਕਚਹਿਰੀ ਵਿਚ ਪਹੁੰਚਾਉਣ ਵਾਸਤੇ ਉਚੀ ਉਚੀ ਕੂਕਾਂ ਮਾਰੀਆਂ ਅਤੇ ਬੜਾ ਹੀ ਇਤਿਹਾਸਕ ਅਹਿਮੀਅਤ ਵਾਲਾ ਤਾਂਡਵ ਨ੍ਰਿਤ ਨੱਚਿਆ। ਇਸ ਤੋਂ ਚਿੜ੍ਹ ਕੇ ਅਦਾਲਤ ਨੇ 15 ਫਰਵਰੀ ਨੂੰ ਉਹਨਾਂ ਖਿਲਾਫ਼ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਪਰ ਸੇਖੋਂ ਅਤੇ ਸ਼ਰਮਾ ਨੇ ਅਗਲੇ ਹੀ ਦਿਨ ਇਕ ਹੋਰ ਵੀਡੀਓ ਜਾਰੀ ਕਰ ਕੇ ਅਦਾਲਤੀ ਕਾਰਜ ਪ੍ਰਣਾਲੀ ਅਤੇ ਕੁਝ ਜੱਜਾਂ ਉਪਰ ਨਾਮ ਲੈ ਕੇ ਗੰਭੀਰ ਦੋਸ਼ ਲਗਾਏ। ਅਦਾਲਤ ਨੇ 20 ਫਰਵਰੀ ਨੂੰ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਸੇਖੋਂ ਅਤੇ ਪ੍ਰਦੀਪ ਸ਼ਰਮਾ ਨੂੰ ਗ੍ਰਿਫ਼ਤਾਰ ਕਰਕੇ 24 ਫਰਵਰੀ ਨੂੰ ਹਾਈਕੋਰਟ ਦੇ ਸਬੰਧਿਤ ਜੱਜਾਂ ਮੂਹਰੇ ਪੇਸ਼ ਕੀਤਾ ਜਾਵੇ। ਪੇਸ਼ੀ ਵਾਲੇ ਦਿਨ ਦੋਵੇਂ ਹੀ ਕਥਿਤ ਮੁਲਜ਼ਮਾਂ ਨੂੰ ਛੇ ਮਹੀਨੇ ਦੀ ਸਜ਼ਾ ਅਤੇ ਦੋ ਹਜ਼ਾਰ ਦਾ ਜੁਰਮਾਨਾ ਕਰਕੇ ਬੁੜੈਲ ਜੇਲ੍ਹ ਭੇਜ ਦਿੱਤਾ ਗਿਆ ਹੈ।

ਬਹੁਤ ਸਾਰੇ ਅਖਬਾਰਾਂ, ਟੀ.ਵੀ. ਚੈਨਲਾਂ ਅਤੇ ਨਾਮੀ ਪੱਤਰਕਾਰਾਂ ਨੇ ਬਲਵਿੰਦਰ ਸਿੰਘ ਸੇਖੋਂ ਵਿਰੁੱਧ ਲਿਖਿਆ ਹੈ। ਕਈਆਂ ਨੇ ਮਲਵੀਂ ਜ਼ੁਬਾਨ ਵਿਚ ਉਸ ਵੱਲੋਂ ਉਠਾਏ ਮੁੱਦਿਆਂ ਨੂੰ ਤਾਂ ਵਾਜਬ ਠਹਿਰਾਇਆ ਹੈ ਪਰ ਗੱਲ ਕਹਿਣ ਦੇ ਅੰਦਾਜ਼ ਵਿਚ ਨੁਕਸ ਕੱਢੇ ਹਨ।

ਬਲਵਿੰਦਰ ਸਿੰਘ ਸੇਖੋਂ ਪਿਛਲੇ ਪੰਜ-ਛੇ ਸਾਲਾਂ ਤੋਂ ਲਗਾਤਾਰ ਵਿਵਸਥਾ ਅੰਦਰਲੇ ਖੋਟਾਂ ਨੂੰ ਬੇਪਰਦ ਕਰ ਰਿਹਾ ਹੈ। ਉਹ ਫੇਸਬੁੱਕ, ਯੂਟਿਊਬ, ਟਵਿੱਟਰ ਅਤੇ ਹੋਰ ਸੋਸ਼ਲ ਪਲੇਟਫਾਰਮਾਂ 'ਤੇ ਆਪਣੀ ਗੱਲ ਰੱਖ ਰਿਹਾ ਹੈ। ਉਸ ਵੱਲੋਂ ਛੇੜੀ ਮੁਹਿੰਮ, ਮੁੱਦਿਆਂ ਦੀ ਮਹੱਤਤਾ ਤੇ ਸਰਕਾਰੀ-ਤੰਤਰ ਵੱਲੋਂ ਦਿਖਾਈ ਜਾ ਰਹੀ ਬੇਰੁਖੀ, ਢਿੱਲਮੱਠ ਅਤੇ ਮਜ਼ਲੂਮਾਂ ਤੇ ਮਸਲੇ ਉਠਾਉਣ ਵਾਲਿਆਂ ਨੂੰ ਜ਼ਲੀਲ ਕਰਨ ਦੀ ਪ੍ਰਵਿਰਤੀ ਤੋਂ ਆਮ ਲੋਕ ਇੰਨੇ ਜ਼ਿਆਦਾ ਪਰੇਸ਼ਾਨ ਹਨ ਕਿ ਉਹ ਮਸਲਿਆਂ ਦੇ ਸ਼ਤਾਬੀ ਹੱਲ ਦੀ ਉਮੀਦ ਕਰਦੇ ਹਨ। ਇਹੀ ਕਾਰਨ ਹੈ ਕਿ ਤੰਤਰ ਦੇ ਲਤਾੜੇ ਲੋਕ ਬਲਵਿੰਦਰ ਸਿੰਘ ਸੇਖੋਂ ਦੀ ਗੱਲ ਸੁਣਦੇ ਵੀ ਹਨ ਅਤੇ ਉਸ ਨਾਲ ਇਕਮੁੱਠਤਾ ਵੀ ਜ਼ਾਹਰ ਕਰਦੇ ਹਨ। ਇਹੀ ਕਾਰਨ ਹੈ ਕਿ ਉਸਦੇ ਯੂਟਿਊਬ ਚੈਨਲ ਦੇ ਲਗਭਗ 37000 ਗਾਹਕ ਹਨ ਅਤੇ ਹੁਣ ਤੱਕ ਦੇ ਦਰਸ਼ਕਾਂ ਦੀ ਗਿਣਤੀ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ, ਭਾਵ ਲੱਖਾਂ ਲੋਕ ਉਸਦੀ ਗੱਲ ਧਿਆਨ ਨਾਲ ਸੁਣਦੇ ਹਨ। ਉਹਨਾਂ ਪਿੱਛੇ ਖੜ੍ਹੀ ਇਹ ਜਨਤਾ ਦੀ ਨੈਤਿਕ ਹਮਾਇਤ ਹੀ ਹੈ ਜਿਸ ਨੇ ਉਹਨਾਂ ਨੂੰ ਅਦਾਲਤ ਅੰਦਰ ਮੁਆਫ਼ੀ ਨਾ ਮੰਨਣ ਲਈ ਬਲ ਬਖ਼ਸ਼ਿਆ ਹੈ। ਇਹ ਤੱਥ ਜੱਜਾਂ ਨੂੰ ਵੀ ਨੋਟ ਕਰਨਾ ਪਿਆ ਹੈ ਕਿ "ਜਵਾਬਦਾਤਿਆਂ ਨੂੰ ਆਪਣੀ ਕਹਿਣੀ ਤੇ ਕਰਨੀ 'ਤੇ ਕੋਈ ਪਛਤਾਵਾ ਨਹੀਂ ਹੈ।"

ਸਵਾਲ ਕਰਨਾ ਬਣਦਾ ਹੈ ਕਿ ਸੇਖੋਂ ਵਰਗੇ ਲੋਕ ਜਿਹੜੇ ਮੁੱਦਿਆਂ ਨੂੰ ਕਈ ਵਰ੍ਹਿਆਂ ਅਤੇ ਦਹਾਕਿਆਂ ਤੋਂ ਉਠਾ ਰਹੇ ਹਨ, ਜੇ ਉਹਨਾਂ ਦਾ ਹੱਲ ਨਾ ਹੋ ਰਿਹਾ ਹੋਵੇ ਤਾਂ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਇਨਸਾਫ਼ ਦੀ ਉਮੀਦ ਵਿਚ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਵਾਂਗ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀ ਕਰ ਲੈਣੀ ਚਾਹੀਦੀ ਹੈ?

ਲੋਕਾਂ ਦੇ ਦਿਲ-ਧਰਾਵੇ ਲਈ ਅਕਸਰ ਦਲੀਲ ਦਿੱਤੀ ਜਾਂਦੀ ਹੈ ਕਿ ਜਮਹੂਰੀਅਤ ਅੰਦਰ ਜਨਤਾ ਨੂੰ ਸਰਕਾਰੀ ਸੰਸਥਾਵਾਂ 'ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਜੇ ਇਕ ਅਦਾਰੇ ਕੋਲੋਂ ਮਿਲੇ 'ਇਨਸਾਫ਼' ਨਾਲ ਤਸੱਲੀ ਨਹੀਂ ਹੁੰਦੀ ਤਾਂ ਉਪਰਲੇ ਅਦਾਰੇ ਵਿਚ ਫ਼ਰਿਆਦ ਕਰਨੀ ਚਾਹੀਦੀ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਦੇ ਤਾਜ਼ਾ ਬਿਆਨ ਮੁਤਾਬਕ ਦੇਸ ਦੀਆਂ ਅਦਾਲਤਾਂ ਅੰਦਰ ਚਾਰ ਕਰੋੜ ਤੋਂ ਉਪਰ ਮਾਮਲੇ ਫੈਸਲੇ ਦੀ ਉਡੀਕ ਕਰ ਰਹੇ ਹਨ। ਬੰਦੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ ਪਰ ਦਹਾਕਿਆਂ ਬੱਧੀ ਫੈਸਲਾ ਨਹੀਂ ਹੁੰਦਾ।ਪੁਲਿਸ, ਵਕੀਲਾਂ ਅਤੇ ਜੱਜਾਂ ਦੀ ਮਿਲੀਭੁਗਤ ਕਾਰਨ ਮੁਕੱਦਮੇ ਲਟਕਦੇ ਰਹਿੰਦੇ ਹਨ। ਅਖੌਤੀ ਮੁਸਲਿਮ ਦਹਿਸ਼ਤਗਰਦਾਂ, ਮਾਓਵਾਦੀਆਂ ਅਤੇ ਹੋਰ ਸਿਆਸੀ ਕੈਦੀਆਂ ਨੂੰ ਬਿਨਾ ਮੁਕੱਦਮਾ ਚਲਾਏ ਸਾਲਾਂਬੱਧੀ ਜੇਲ੍ਹਾਂ ਅੰਦਰ ਤਾੜਿਆ ਹੋਇਆ ਹੈ ਜਿਹਨਾਂ ਨੂੰ ਇਨਸਾਨੀ ਜਮਹੂਰੀ ਹੱਕ ਤਾਂ ਦੂਰ ਦੀ ਗੱਲ ਹੈ, ਜੇਲ੍ਹ ਨਿਯਮਾਂ ਅਨੁਸਾਰ ਘੱਟੋ-ਘੱਟ ਨਿਸ਼ਚਤ ਸਹੂਲਤਾਂ ਵੀ ਨਹੀਂ ਮਿਲਦੀਆਂ। ਬਿਆਸੀ ਸਾਲਾਂ ਦੇ ਫਾਦਰ ਸਟੈਨ ਸਵਾਮੀ ਦਾ ਕੇਸ ਸਾਡੇ ਸਾਹਮਣੇ ਹੈ ਜਿਸਨੂੰ ਪਾਣੀ ਪੀਣ ਲਈ ਸਿੱਪਰ ਅਤੇ ਪਲਾਸਟਿਕ ਦੀ ਨਲੀ ਲੈਣ ਵਾਸਤੇ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ ਸੀ। ਕਿਸੇ ਵੀ ਪੱਧਰ ਦੀ ਸਰਕਾਰੀ ਸੰਸਥਾ ਤੇ ਅਦਾਲਤ ਉਸਨੂੰ ਪਾਣੀ ਤੱਕ ਨਹੀਂ ਪਿਲਾ ਸਕੀ। ਸਿੱਟੇ ਵਜੋਂ ਬਿਨਾ ਦੋਸ਼ ਆਇਦ ਕੀਤੇ ਇਕ ਮੁਕੱਦਮੇ ਅਧੀਨ ਕੈਦੀ ਨੂੰ ਮੌਤ ਨੇ ਨਿਗਲ ਲਿਆ। ਇਹ ਜਿਹੜੇ ਅਦਾਲਤੀ "ਲਾਰਡ, ਮਾਈ-ਬਾਪ ਅਤੇ ਮਹਾਮਹਿਮ" ਨਿੱਕੀ-ਨਿੱਕੀ ਗੱਲ ਨੂੰ "ਅਦਾਲਤੀ ਮਾਣਹਾਨੀ" ਬਣਾ ਲੈਂਦੇ ਹਨ, ਜਵਾਬ ਦੇਣਗੇ ਕਿ ਟੀ.ਵੀ. ਪੱਤਰਕਾਰ ਅਰਨਬ ਗੋਸਵਾਮੀ ਨੂੰ ਜ਼ਮਾਨਤ ਦੇਣ ਲਈ ਇਕ ਪਾਸੇ ਦੇਸ ਦੀ ਸੁਪਰੀਮ ਕੋਰਟ ਤੁਰੰਤ ਹਰਕਤ ਵਿਚ ਆ ਜਾਂਦੀ ਹੈ, ਦੂਜੇ ਪਾਸੇ ਅਪਾਹਜ ਪ੍ਰੋਫੈਸਰ ਸਾਈਬਾਬਾ ਦੀ ਬੰਬੇ ਹਾਈਕੋਰਟ ਵੱਲੋਂ ਮਨਜ਼ੂਰ ਵਿਧੀਵਤ ਜ਼ਮਾਨਤ ਨੂੰ ਰੱਦ ਕਰਨ ਲਈ ਪੰਦਰਾਂ ਵੀਹ ਮਿੰਟਾਂ ਦੇ ਨੋਟਿਸ 'ਤੇ ਜੁੜ ਜਾਂਦੀ ਹੈ। ਸਿੱਖ ਬੰਦੀਆਂ ਦੀ ਹੀ ਗੱਲ ਲੈ ਲਵੋ। ਉਹ ਨਿਰਧਾਰਤ ਸਜ਼ਾਵਾਂ ਪੂਰੀਆਂ ਕਰਨ ਦੇ ਦੁੱਗਣੇ ਤੋਂ ਵੀ ਵੱਧ ਸਮੇਂ ਤੋਂ ਜੇਲ੍ਹਾਂ ਅੰਦਰ ਬੰਦ ਹਨ। ਕੀ ਇਹ ਗੈਰ-ਕਾਨੂੰਨੀ ਨਹੀਂ ਹੈ? ਕੀ ਸੰਧਾਵਾਲੀਏ ਜਾਂ ਹੋਰ ਕਿਸੇ ਵੀ ਜੱਜ ਨੂੰ ਖੁਦ-ਬ-ਖੁਦ (ਸੂ ਮੋਟੋ) ਨੋਟਿਸ ਨਹੀਂ ਲੈਣਾ ਚਾਹੀਦਾ? ਇਹੋ ਜਿਹੇ ਅਤਿ ਜ਼ਰੂਰੀ ਮਾਮਲਿਆਂ ਅੰਦਰ ਇਹਨਾਂ "ਮਾਈ ਲਾਰਡਾਂ" ਦੀ ਜ਼ਮੀਰ ਕਿਉਂ ਸੌਂ ਜਾਂਦੀ ਹੈ?

ਅਤੀਤ ਵਿਚ ਵੀ ਅਦਾਲਤੀ ਮਾਣਹਾਨੀ ਵਰਗੇ ਕੇਸ ਹੁੰਦੇ ਰਹੇ ਹਨ ਪਰ ਕੀ ਇਹ ਪ੍ਰਥਾ ਜਾਰੀ ਰਹਿਣੀ ਚਾਹੀਦੀ ਹੈ? ਇਸ ਵੇਲੇ ਦੁਨੀਆ ਭਰ ਅੰਦਰ ਭਾਰਤ ਨੂੰ ਇਕ ਪ੍ਰੋੜ ਲੋਕਤੰਤਰ ਵਜੋਂ ਤਸਲੀਮ ਕੀਤਾ ਜਾਣ ਲੱਗਿਆ ਹੈ। ਤਦ ਇਹ ਤਵੱਕੋ ਰੱਖਣਾ ਵੀ ਜਾਇਜ਼ ਹੈ ਕਿ ਇਸ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ "ਲੋਕ ਰਾਇ" ਦੀ ਕਦਰ ਕਰਨੀਆਂ ਵੀ ਸਿੱਖ ਲੈਣ। ਅਦਾਲਤਾਂ ਦੇ ਜੱਜ ਵੀ ਮਨੁੱਖ ਹੀ ਹਨ ਅਤੇ ਕਿਹਾ ਜਾਂਦਾ ਹੈ ਕਿ "ਮਨੁੱਖ ਗਲਤੀ ਦਾ ਪੁਤਲਾ ਹੈ।" ਫੇਰ ਇਹ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ ਕਿ ਮਨੁੱਖੀ ਜਾਮੇ ਵਿਚਲੇ ਜੱਜਾਂ ਤੋਂ ਗਲਤੀਆਂ ਨਹੀਂ ਹੁੰਦੀਆਂ ਜਾਂ ਨਹੀਂ ਹੋਣਗੀਆਂ। ਜਦੋਂ ਹੇਠਲੀਆਂ ਅਦਾਲਤਾਂ ਦੇ ਫੈਸਲੇ ਉਪਰਲੀਆਂ ਅਦਾਲਤਾਂ ਵੱਲੋਂ ਅਤੇ ਨਿੱਜੀ ਜੱਜਾਂ ਦੇ ਫੈਸਲੇ ਵੱਡੇ ਬੈਂਚਾਂ ਵੱਲੋਂ ਬਦਲ ਦਿੱਤੇ ਜਾਂਦੇ ਹਨ। ਜਦੋਂ ਉਪਰਲੀਆਂ ਅਦਾਲਤਾਂ ਹੇਠਲੇ ਜੱਜਾਂ ਤੇ ਅਦਾਲਤਾਂ ਦੀ ਤਿੱਖੀ ਨੁਕਤਾਚੀਨੀ ਕਰਦੀਆਂ ਹਨ, ਤਦ ਕੀ ਉਹਨਾਂ ਦੀ ਨਿਆਇਕ ਸਿਆਣਪ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਕੇ ਅਨੁਸ਼ਾਸਨੀ ਵਿਭਾਗੀ ਕਾਰਵਾਈ ਨਹੀਂ ਕਰਨੀ ਚਾਹੀਦੀ? ਕੋਈ ਵਿਅਕਤੀ ਵੀਹ-ਵੀਹ ਸਾਲ ਦੀ ਨਾਜਾਇਜ਼ ਕੈਦ ਭੁਗਤਣ ਤੋਂ ਬਾਅਦ ਬਾਇੱਜ਼ਤ ਬਰੀ ਹੋ ਜਾਂਦਾ ਹੈ ਕਿ ਉਸ ਵਿਅਕਤੀ ਨੂੰ ਝੂਠੇ ਕੇਸਾਂ ਵਿਚ ਉਲਝਾਉਣ ਵਾਲਿਆਂ ਅਤੇ ਕਾਨੂੰਨੀ ਦਿਮਾਗ਼ ਨਾ ਵਰਤਣ ਵਾਲੇ ਜੱਜਾਂ ਨੂੰ ਸਜ਼ਾ ਦੇ ਦਾਇਰੇ ਵਿਚ ਨਹੀਂ ਲਿਆਉਣਾ ਚਾਹੀਦਾ?

ਕੁਝ ਦਹਾਕੇ ਪਿੱਛੇ ਜਾਈਏ ਤਾਂ ਸ੍ਰੀ ਬਰਦਾਕਾਂਤ ਮਿਸ਼ਰਾ ਬਨਾਮ ਉੜੀਸਾ ਦੇ ਰਜਿਸਟਰਾਰ ਅਤੇ ਹੋਰ (1973) ਦੇ ਕੇਸ ਵਿਚ ਭਾਰਤ ਦੀ ਉੱਚਤਮ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਮੁੱਖ ਸ਼ਬਦ "ਨਿਆਂ" ਹੈ,"ਜੱਜ" ਨਹੀਂ ਹੈ। ਸਾਡੀ ਮੁੱਖ ਚਿੰਤਾ "ਜੱਜਾਂ" ਦੁਆਲੇ ਘੁੰਮਣ ਦੀ ਬਜਾਇ "ਨਿਆਂ" ਦੁਆਲੇ ਘੁੰਮਣੀ ਚਾਹੀਦੀ ਹੈ। ਅਦਾਲਤਾਂ ਦੀ ਮਾਣਹਾਨੀ ਦਾ ਕਾਨੂੰਨ ਨਾਗਰਿਕਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਬੋਲਣ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ। ਮਾਣਹਾਨੀ ਦੇ ਕਾਨੂੰਨਾਂ ਨੂੰ ਉਦੋਂ ਹੀ ਅਮਲ ਵਿਚ ਲਿਆਉਣਾ ਚਾਹੀਦਾ ਹੈ ਜਦੋਂ ਉਥੇ ਕਿਸੇ ਦਾ ਇਰਾਦਾ ਕੇਵਲ ਸਬੰਧਿਤ ਜੱਜ ਦੇ ਫੈਸਲੇ ਦੀ ਆਲੋਚਨਾ ਹੋਵੇ, ਨਾਕਿ ਇਕ ਸੰਸਥਾ ਵਜੋਂਨਿਆਂਪਾਲਿਕਾ ਦੀ ਨਿਖੇਧੀ ਕਰਨਾ। ਅਦਾਲਤੀ ਮਾਣਹਾਨੀ ਦੇ ਕਾਨੂੰਨ ਦਾ ਉਦੇਸ਼ ਅਦਾਲਤ ਦੀ ਅਖੰਡਤਾ ਨੂੰ ਬਰਕਰਾਰ ਰੱਖਣਾ ਹੈ ਅਤੇ ਇਸਨੂੰ ਇਸ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਕਿਸੇ ਵਿਅਕਤੀ ਵਜੋਂ ਕਿਸੇ ਵਿਸ਼ੇਸ਼ ਜੱਜ ਜਾਂ ਜੱਜਾਂ ਦੀ ਆਲੋਚਨਾ ਹੋਈ ਹੈ ਕਿ ਨਹੀਂ?"

ਇਕ ਹੋਰ ਅਦਾਲਤੀ ਮਾਣਹਾਨੀ ਦੇ ਮਾਮਲੇ "ਪੀ.ਐਨ. ਡੂਡਾ ਬਨਾਮ ਵੀ.ਪੀ. ਸ਼ਿਵ ਸ਼ੰਕਰ ਅਤੇ ਹੋਰ (1998)" ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ "ਜਦੋਂ ਤੱਕ ਅਜਿਹੀਆਂ ਟਿੱਪਣੀਆਂ ਨਿਆਂ ਦੀ ਵਾਜਬ ਪ੍ਰਕਿਰਿਆ ਦੀ ਉਲੰਘਣਾ ਨਹੀਂ ਕਰਦੀਆਂ ਜਾਂ ਉਲਟ ਪ੍ਰਭਾਵ ਨਹੀਂ ਪਾਉਂਦੀਆਂ ਹਨ, ਤਦ ਨਿਆਂਪਾਲਿਕਾ ਅਤੇ ਪ੍ਰੀਜ਼ਾਈਡਿੰਗ ਅਫਸਰਾਂ ਦੀ ਆਲੋਚਨਾ ਦਾ ਸੁਆਗਤ ਕੀਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਰਾਇ ਦਿੱਤੀ ਕਿ ਜੱਜਾਂ ਦੁਆਰਾ ਆਪਣੀ ਮਾਣ ਮਰਿਆਦਾ ਅਤੇ ਕਿਸੇ ਵੀ ਆਲੋਚਨਾ ਦਾ ਟਾਕਰਾ ਕਰਨ ਲਈ ਮਾਣਹਾਨੀ ਦੇ ਕਾਨੂੰਨਾਂ ਦਾ ਸਹਾਰਾ ਨਹੀਂ ਲਿਆ ਜਾਵੇਗਾ।"

ਅਰੁੰਧਤੀ ਰਾਏ (2002) ਦੇ ਮਾਮਲੇ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਇਮਾਨਦਾਰ ਆਲੋਚਨਾ ਕਰਨ ਦੀ ਪ੍ਰਵਿਰਤੀ ਨੂੰ ਜਾਇਜ਼ ਠਹਿਰਾਇਆ ਸੀ। ਜੱਜਾਂ ਦੇ ਕੰਮ-ਕਾਜ ਅਤੇ ਨਿਆਂਪਾਲਿਕਾ ਵੱਲੋਂ ਕੰਮ ਕਰਨ ਦੇ ਤਰੀਕੇ ਬਾਰੇ ਆਲੋਚਨਾਤਕ ਬਿਆਨ ਜੇ ਨੇਕ ਵਿਸ਼ਵਾਸ ਨਾਲ ਦਿੱਤੇ ਗਏ ਹਨ ਤਾਂ ਇਹ ਅਦਾਲਤ ਦੀ ਮਾਣਹਾਨੀ ਦੇ ਦਾਇਰੇ ਵਿਚ ਨਹੀਂ ਆਉਂਦੇ। ਅਦਾਲਤ ਦੀ ਮਾਣਹਾਨੀ ਦੀ ਸਜ਼ਾ ਦੇਣ ਵਾਲਾ ਕਾਨੂੰਨ ਜੱਜਾਂ ਦੇ ਵਿਵੇਕ 'ਤੇ ਵਿਆਖਿਆ ਲਈ ਵਿਸ਼ਾਲ ਥਾਂ ਛੱਡਦਾ ਹੈ ਅਤੇ ਜੱਜਾਂ ਨੂੰ ਆਪਣੀ ਆਲੋਚਨਾ ਨੂੰ ਨਿੱਜੀ ਹਮਲੇ ਦੀ ਬਜਾਇ ਲੋਕਤੰਤਰ ਦੀ ਮਜ਼ਬੂਤੀ ਵਜੋਂ ਲੈਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਕਈ ਵਾਰ ਸਪਸ਼ਟ ਕੀਤਾ ਹੈ ਕਿ ਅਦਾਲਤੀ ਫੈਸਲਿਆਂ ਦੀ ਆਲੋਚਨਾ ਦੀ ਹਮੇਸ਼ਾ ਇਜਾਜ਼ਤ ਹੁੰਦੀ ਹੈ ਅਤੇ ਇਹ ਕਿ ਜੱਜ ਦੀ ਮਾਣਹਾਨੀ ਦਾ ਮਸਲਾ ਵੱਖਰੀ ਗੱਲ ਹੁੰਦੀ ਹੈ।

ਪ੍ਰਸ਼ਾਂਤ ਭੂਸ਼ਣ, ਮੇਧਾ ਪਾਟਕਰ ਅਤੇ ਅਰੁੰਧਤੀ ਰਾਏ ਵਿਰੁੱਧ ਮਾਣਹਾਨੀ ਦੀ ਕਾਰਵਾਈ ਦਾ ਵਿਸ਼ਲੇਸ਼ਣ ਕਰਦੇ ਹੋਏ ਜਸਟਿਸ ਸ਼੍ਰੀਕਾਂਤ ਰਘੂਨਾਥ ਸਾਠੇ ਨੇ ਵਿਚਾਰ ਪੇਸ਼ ਕੀਤਾ ਸੀ ਕਿ "ਅਦਾਲਤ ਵੱਲੋਂ ਮਾਣਹਾਨੀ ਲਈ ਸਜ਼ਾ ਦੇਣ ਦੀ ਤਾਕਤ ਨੈਤਿਕ ਤੌਰ 'ਤੇ ਮਜ਼ਬੂਤ ਗਾਂਧੀਵਾਦੀਆਂ ਵਿਰੁੱਧ ਬੇਅਸਰ ਹੋਣ ਦੀ ਸੰਭਾਵਨਾ ਰੱਖਦੀ ਹੈ। ਜਿਹੜੇ ਲੋਕ ਮੁਆਫ਼ੀ ਮੰਗਣ ਦੀ ਬਜਾਇ ਸਜ਼ਾ ਭੁਗਤਣ ਲਈ ਤਿਆਰ ਹੋਣ ਅਤੇ ਆਲੋਚਨਾ ਕਰਨ



ਨਿਆਂ ਲੈਣ ਲਈ ਜੂਝ ਰਿਹਾ ਬਲਵਿੰਦਰ ਸਿੰਘ ਸੇਖੋਂ।



ਜਸਟਿਸ ਜੀ.ਐਸ. ਸੰਧਾਵਾਲੀਆ



ਜਸਟਿਸ ਹਰਪ੍ਰੀਤ ਕੌਰ

(ਬਾਕੀ ਅਗਲੇ ਸਫੇ 'ਤੇ)

# ਲੋਕ ਹਿੱਤ ਵਿਚ ਨਹੀਂ ਰਾਜਪਾਲ ਤੇ ਮੁੱਖ ਮੰਤਰੀ ਵਿਵਾਦ

ਪਿਛਲੇ ਸਮੇਂ ਬਹੁਤ ਸਾਰੇ ਸੂਬਿਆਂ ਵਿਚ ਰਾਜ ਸਰਕਾਰ ਅਤੇ ਰਾਜਪਾਲਾਂ ਵਿਚਕਾਰ ਕਿਸੇ ਨਾ ਕਿਸੇ ਮੁੱਦੇ 'ਤੇ ਵਿਵਾਦ ਚਲਦਾ ਰਿਹਾ ਹੈ। ਖਾਸ ਕਰਕੇ ਜਿਹੜੇ ਰਾਜਾਂ ਵਿਚ ਕੇਂਦਰ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਉਥੇ ਇਹ ਵਿਵਾਦ ਜ਼ਿਆਦਾ ਉੱਭਰ ਕੇ ਸਾਹਮਣੇ ਆਇਆ ਹੈ। ਦਿੱਲੀ, ਪੱਛਮੀ ਬੰਗਾਲ ਅਤੇ ਪੰਜਾਬ ਦੀ ਉਦਾਹਰਨ ਸਾਡੇ ਸਾਹਮਣੇ ਹੈ ਜਿੱਥੇ ਇਹ ਵਰਤਾਰਾ ਚਲਦਾ ਰਿਹਾ ਹੈ। ਇਸ ਦੇ ਕਾਰਨ ਭਾਵੇਂ ਕੁਝ ਵੀ ਹੋਣ ਪਰ ਇਹ ਰੁਝਾਨ ਕਿਸੇ ਵੀ ਰਾਜ ਦੇ ਲੋਕ-ਹਿੱਤ ਲਈ ਚੰਗਾ ਨਹੀਂ ਹੈ।

ਸਾਡੇ ਦੇਸ਼ ਦੇ ਸੰਵਿਧਾਨ ਦੇ ਆਰਟੀਕਲ 153 ਅਧੀਨ ਕੇਂਦਰ ਸਰਕਾਰ ਵਲੋਂ ਸਿਫਾਰਸ਼ ਕੀਤੇ ਗਏ ਕਿਸੇ ਵਿਅਕਤੀ ਨੂੰ ਰਾਸ਼ਟਰਪਤੀ ਪੰਜ ਸਾਲ ਲਈ ਕਿਸੇ ਸੂਬੇ ਦਾ ਗਵਰਨਰ ਲਗਾ ਸਕਦਾ ਹੈ ਜਿਹੜਾ ਕਿ ਭਾਰਤ ਦਾ ਨਾਗਰਿਕ ਹੋਵੇ ਅਤੇ ਉਸਦੀ ਉਮਰ 35 ਸਾਲ ਤੋਂ ਘੱਟ ਨਾ ਹੋਵੇ। ਗਵਰਨਰ ਕਿਸੇ ਸੂਬੇ ਦਾ ਸੰਵਿਧਾਨਕ ਮੁਖੀ ਮੰਨਿਆ ਜਾਂਦਾ ਹੈ। ਉਸ ਦੀ ਮਿਆਦ ਹੋਰ ਪੰਜ ਸਾਲਾਂ ਲਈ ਵਧਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਉਹ ਉਸ ਰਾਜ ਦੇ ਚੁਣੇ ਹੋਏ ਮੁੱਖ ਮੰਤਰੀ ਤੇ ਮੰਤਰੀ ਮੰਡਲ ਦੇ ਦਿੱਤੇ ਗਏ ਸੁਝਾਵਾਂ ਮੁਤਾਬਕ ਕੰਮ ਕਰੇਗਾ। ਉਹ ਕੇਂਦਰ ਸਰਕਾਰ ਅਤੇ ਸੂਬੇ ਦੀ ਸਰਕਾਰ ਵਿਚ ਪੁਲ ਦਾ ਕੰਮ ਕਰੇਗਾ ਅਤੇ ਦੋਵਾਂ ਸਰਕਾਰਾਂ ਵਿਚ ਉਸਾਰੂ ਸਬੰਧ ਬਣਾਉਣ ਲਈ ਯਤਨ ਕਰਦਾ ਰਹੇਗਾ। ਰਾਸ਼ਟਰਪਤੀ ਜਿੰਨੀ ਦੇਰ ਉਸ ਦੇ ਕੰਮ ਤੋਂ ਖੁਸ਼ ਰਹੇ ਉਨੀ ਦੇਰ ਉਹ ਕੰਮ ਕਰੇਗਾ, ਬਦਲਿਆ ਵੀ ਜਾ ਸਕਦਾ ਹੈ ਅਤੇ ਨਵਾਂ ਵੀ ਲਗਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਹੁਣੇ ਹੁਣੇ ਬਹੁਤ ਸਾਰੇ ਰਾਜਾਂ ਦੇ ਰਾਜਪਾਲ ਬਦਲੇ ਗਏ ਹਨ।

ਰਵਿੰਦਰ ਚੋਟ
ਫੋਨ-98726-73703

ਰਾਜਪਾਲ ਸੰਵਿਧਾਨਕ ਮੁਖੀਆ ਹੋਣ ਕਰਕੇ ਰਾਜ ਦੀ ਸਰਕਾਰ ਆਪਣਾ ਸਾਰਾ ਕੰਮਕਾਜ ਤੇ ਕਾਰਵਾਈ ਉਸ ਦੇ ਨਾਮ 'ਤੇ ਹੀ ਕਰਦੀ ਹੈ। ਆਰਟੀਕਲ 310 ਮੁਤਾਬਕ ਕੇਂਦਰ ਵਿਚ ਹਰ ਸਰਕਾਰੀ ਦਫਤਰ ਅਧਿਕਾਰੀ ਰਾਸ਼ਟਰਪਤੀ ਦੀ ਖੁਸ਼ੀ (The pleasure of the President) 'ਤੇ ਹੀ ਆਪਣਾ ਅਹੁਦਾ ਸੰਭਾਲਦਾ ਹੈ ਅਤੇ ਆਪਣੇ ਅਹੁਦੇ 'ਤੇ ਕਾਇਮ ਰਹਿੰਦਾ ਹੈ ਜਿੰਨੀ ਦੇਰ ਰਾਸ਼ਟਰਪਤੀ ਦੀ ਸਰਪ੍ਰਸਤੀ ਉਸ ਦੇ ਸਿਰ 'ਤੇ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ਰਾਜਪਾਲ ਦੀ ਖੁਸ਼ੀ 'ਤੇ ਸਾਰੇ ਰਾਜ ਦੀਆਂ ਸੰਵਿਧਾਨਕ ਅਹੁਦੇਦਾਰੀਆਂ ਚਲਦੀਆਂ ਹਨ। ਇਹ ਖੁਸ਼ੀ ਦਾ ਫੰਡਾ ਅੰਗਰੇਜ਼ਾਂ ਦੇ ਕਾਨੂੰਨ ਤੋਂ ਲਿਆ ਗਿਆ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜਿੰਨਾ ਸਮਾਂ ਗਵਰਨਰ ਕਿਸੇ ਸੰਵਿਧਾਨਕ ਅਹੁਦੇਦਾਰ 'ਤੇ ਖੁਸ਼ ਹੈ ਉਨੀ ਦੇਰ ਉਹ ਆਪਣੇ ਅਹੁਦੇ 'ਤੇ ਰਹੇਗਾ ਨਹੀਂ ਤਾਂ ਹਟਾ ਦਿੱਤਾ ਜਾਵੇਗਾ। ਭਾਵੇਂ ਕਿ ਅਰਟੀਕਲ 311 ਗਵਰਨਰ ਲਈ ਵੀ ਇਸ ਮਾਮਲੇ ਵਿਚ ਕੁਝ ਬੰਦਸ਼ਾਂ ਖੜੀਆਂ ਕਰਦਾ ਹੈ। ਇਸ ਮੁਤਾਬਕ ਹਟਾਏ ਜਾਣ ਵਾਲੇ ਵਿਅਕਤੀ ਨੂੰ ਆਪਣੀ ਸਫਾਈ ਪੇਸ਼ ਕਰਨ ਲਈ ਪੂਰਾ ਮੌਕਾ ਮਿਲਣਾ ਚਾਹੀਦਾ ਹੈ। ਇਹ ਗੱਲ ਸਰਕਾਰੀ ਕਰਮਚਾਰੀਆਂ 'ਤੇ ਢੁਕਦੀ ਹੈ ਪਰ ਮੁੱਖ ਮੰਤਰੀ ਜਾਂ ਮੰਤਰੀਆਂ 'ਤੇ ਲਾਗੂ ਨਹੀਂ ਹੁੰਦੀ।



ਸੰਵਿਧਾਨ ਦੇ ਆਰਟੀਕਲ 164 ਅਨੁਸਾਰ ਰਾਜਪਾਲ ਕਿਸੇ ਵੀ ਰਾਜ ਵਿਚ ਹੋਈਆਂ ਆਮ ਚੋਣਾਂ ਵਿਚ ਬਹੁਮਤ ਨਾਲ ਜਿੱਤੀ ਰਾਜਨੀਤਕ ਪਾਰਟੀ ਦੇ ਲੀਡਰ ਨੂੰ ਰਾਜ ਦਾ ਮੁੱਖ ਮੰਤਰੀ ਥਾਪਦਾ ਹੈ। ਮੁੱਖ ਮੰਤਰੀ ਰਾਜ ਦਾ ਕਾਰਜਕਾਰੀ ਮੁਖੀਆ ਹੁੰਦਾ ਹੈ। ਉਸ ਦੀ ਸਿਫਾਰਸ਼ 'ਤੇ ਹੀ ਸਾਰੇ ਮੰਤਰੀ ਨਾਮਜ਼ਦ ਕੀਤੇ ਜਾਂਦੇ ਹਨ। ਇਸ ਲਈ ਮੁੱਖ ਮੰਤਰੀ ਉਨ੍ਹਾਂ ਦੇ ਕੰਮਾਂ ਦੀ ਨਜ਼ਰਸਾਨੀ ਕਰ ਸਕਦਾ ਹੈ, ਗਵਰਨਰ ਇਸ ਵਿਚ ਦਖਲ ਨਹੀਂ ਦੇ ਸਕਦਾ। ਮੁੱਖ ਮੰਤਰੀ ਉਨ੍ਹਾਂ ਨੂੰ ਹਟਾ ਸਕਦਾ ਹੈ, ਉਨ੍ਹਾਂ ਦੇ ਵਿਭਾਗ ਬਦਲ ਸਕਦਾ ਹੈ, ਗਵਰਨਰ ਇਸ ਵਿਚ ਦਖਲ ਨਹੀਂ ਦੇ ਸਕਦਾ। ਇੱਥੋਂ ਤਕ ਕਿ 1974 ਵਿਚ ਦੇਸ਼ ਦੀ ਸਰਬਉੱਚ ਅਦਾਲਤ ਦੇ ਸੱਤ ਜੱਜਾਂ ਦੇ ਬੈਂਚ ਨੇ 'ਸਮਸ਼ੇਰ ਸਿੰਘ ਤੇ ਹੋਰਾਂ ਵਰਸਿਜ਼ ਸਟੇਟ ਆਫ ਪੰਜਾਬ' ਦੇ ਕੇਸ ਦਾ ਫੈਸਲਾ ਕਰਦਿਆਂ ਰਾਏ ਦਿੱਤੀ ਸੀ ਕਿ ਗਵਰਨਰ ਆਪਣੀਆਂ ਸੰਵਿਧਾਨਕ ਸ਼ਕਤੀਆਂ ਨੂੰ ਰਾਜ ਦੇ ਮੰਤਰੀਆ ਦੀ ਰਾਏ ਦੇ ਮੁਤਾਬਕ ਹੀ ਵਰਤੇਗਾ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਗਵਰਨਰ ਆਰਟੀਕਲ 163 ਮੁਤਾਬਕ ਮੰਤਰੀ ਮੰਡਲ ਦੇ ਸੁਝਾਵਾਂ 'ਤੇ ਕੰਮ ਕਰਨ ਦੀ ਕੋਸ਼ਿਸ਼ ਕਰੇ ਤਾਂ ਕਿ ਰਾਜ ਦਾ ਕੰਮ ਸੰਵਿਧਾਨ ਅਨੁਸਾਰ ਚਲ ਸਕੇ। ਲੋਕਤੰਤਰ ਗਵਰਨਰ ਨੂੰ ਚੁਣੀ ਹੋਈ ਸਰਕਾਰ ਦੇ ਸਮਾਨਾਂਤਰ ਸਰਕਾਰ ਚਲਾਉਣ ਦੀ ਆਗਿਆ ਨਹੀਂ ਦਿੰਦਾ। ਜਦੋਂ ਕੋਈ ਵਿਅਕਤੀ ਰਾਜਪਾਲ ਨਾਮਜ਼ਦ ਹੋ ਜਾਂਦਾ ਹੈ ਤਾਂ ਉਹ ਆਪਣੀ ਪਿਤਰੀ ਰਾਜਨੀਤਕ ਪਾਰਟੀ ਦਾ ਨੁਮਾਇੰਦਾ ਨਹੀਂ ਰਹਿੰਦਾ ਸਗੋਂ ਰਾਜ ਦੀਆਂ ਸਾਰੀਆਂ ਪਾਰਟੀਆਂ ਦਾ ਪ੍ਰਤੀਨਿਧ ਬਣ ਜਾਂਦਾ ਹੈ। ਇਸ ਲਈ ਸਭ ਦੇ ਹਿੱਤਾਂ ਲਈ ਕੰਮ ਕਰਨਾ ਹੈ।

ਪੰਜਾਬ ਵਿਚ ਵੀ ਕੁਝ ਸਮੇਂ ਤੋਂ ਪੰਜਾਬ ਸਰਕਾਰ ਅਤੇ ਮਾਣਯੋਗ ਰਾਜਪਾਲ ਵਿਚਕਾਰ ਛਿੜਿਆ ਵਿਵਾਦ ਜੱਗ ਜ਼ਾਹਿਰ ਹੈ। ਰਾਜਪਾਲ ਸਾਹਿਬ ਵਲੋਂ ਸਰਕਾਰ ਦੇ ਕੀਤੇ ਜਾ ਰਹੇ ਕੰਮਾਂ 'ਤੇ ਕਿੰਤੂ ਪਰੰਤੂ ਕੀਤਾ ਗਿਆ ਅਤੇ ਸੰਵਿਧਾਨ ਦੇ ਆਰਟੀਕਲ 167 ਅਧੀਨ ਇਨ੍ਹਾਂ ਬਾਰੇ ਸਰਕਾਰ ਤੋਂ ਜਾਣਕਾਰੀ ਮੰਗੀ ਗਈ ਹੈ। ਮੰਗੀ ਗਈ ਜਾਣਕਾਰੀ ਵਿਚ ਵਿਦਿਆ ਦੇ ਸੁਧਾਰ ਲਈ 36 ਪ੍ਰਿੰਸੀਪਲਾਂ ਨੂੰ ਟਰੇਨਿੰਗ ਲਈ ਵਿਦੇਸ਼ ਭੇਜਣ ਲਈ ਕੀਤੀ ਗਈ ਚੋਣ ਦਾ ਆਧਾਰ ਅਤੇ ਖਰਚ ਬਾਰੇ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਸੂਚਨਾ ਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਦੇ ਨਵ-ਨਿਯੁਕਤ ਚੇਅਰਮੈਨ ਦੀ ਚੋਣ ਬਾਰੇ, ਵਜ਼ੀਫੇ ਨਾ ਮਿਲਣ ਕਾਰਨ ਐਸ.ਸੀ ਵਿਦਿਆਰਥੀਆਂ ਦੇ ਪੜ੍ਹਾਈ ਛੱਡਣ ਦੇ ਸਬੰਧ ਵਿਚ ਜਾਣਕਾਰੀ, ਕੁਲਦੀਪ ਸਿੰਘ ਚਾਹਲ ਆਈ.ਪੀ ਐਸ ਅਫਸਰ ਨੂੰ ਤਰੱਕੀ ਦੇ ਕੇ ਜਲੰਧਰ ਦਾ ਪੁਲੀਸ ਕਮਿਸ਼ਨਰ ਲਗਾਉਣ 'ਤੇ ਵੀ ਸਵਾਲ ਉਠਾਇਆ ਗਿਆ ਅਤੇ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਨਿਯੁਕਤੀ ਬਾਰੇ ਵੀ ਪੁੱਛਿਆ ਗਿਆ ਹੈ। ਪੰਜਾਬ ਸਰਕਾਰ ਤੋਂ ਇਨ੍ਹਾਂ ਸਵਾਲਾਂ ਦੇ ਜੁਬਾਬ ਪੰਦਰਾਂ ਦਿਨਾਂ ਵਿਚ ਮੰਗੇ ਗਏ ਹਨ ਪਰ ਪੰਜਾਬ ਸਰਕਾਰ ਇਸ ਸਬੰਧ ਵਿਚ ਨਾਰਾਜ਼ਗੀ ਜ਼ਾਹਿਰ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰੈਸ ਰਾਹੀਂ ਸੰਦੇਸ਼ ਦਿੱਤਾ ਹੈ ਕਿ ਉਹ ਅਤੇ ਉਸ ਦੀ ਸਰਕਾਰ ਸਿਰਫ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਨੂੰ ਜੁਆਬਦੇਹ ਹਨ ਨਾ ਕਿ ਕੇਂਦਰ ਦੁਆਰਾ ਨਿਯੁਕਤ ਕਿਸੇ ਰਾਜਪਾਲ ਨੂੰ। ਉਨ੍ਹਾਂ ਇਹ ਵੀ ਕਿਹਾ ਕਿ ਰਾਜਪਾਲ ਵਲੋਂ ਮੰਗੀਆਂ ਗਈਆਂ ਜਾਣਕਾਰੀਆਂ ਦੇ ਵਿਸ਼ੇ ਸਟੇਟ ਦੇ ਵਿਸ਼ੇ ਹਨ। ਪਰ ਗਵਰਨਰ ਸੰਵਿਧਾਨ ਦੀ ਉਪਰੋਕਤ ਧਾਰਾ ਅਧੀਨ ਸੂਬਾ ਸਰਕਾਰ ਤੋਂ ਜਾਣਕਾਰੀ ਲੈਣ ਦਾ ਅਧਿਕਾਰ ਰੱਖਦਾ ਹੈ। ਗਵਰਨਰ ਦਾ ਇਹ ਕਰਤੱਵ ਹੈ ਕਿ ਉਹ ਧਿਆਨ ਰੱਖੇ ਕਿ ਰਾਜ ਸਰਕਾਰ ਦਾ ਕੰਮਕਾਜ ਸੰਵਿਧਾਨ ਦੇ ਘੇਰੇ ਵਿਚ ਹੀ ਚੱਲੇ ਪਰ ਉਹ ਪੁਰਾਣੇ ਰਾਜਿਆ ਵਾਂਗ ਆਪਣੀ ਮਰਜ਼ੀ ਨਾਲ ਸਰਕਾਰ ਦੇ ਕੰਮਾਂ ਵਿਚ ਬੇਲੋੜਾ ਦਖਲ ਦੇ ਕੇ ਲੋਕ ਹਿੱਤਾਂ ਨੂੰ ਅੱਖੋਂ ਓਹਲੇ ਕਰ ਕੇ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ ਦੇ ਹਿੱਤ ਵਿਚ ਕੰਮ ਨਹੀਂ ਕਰ ਸਕਦਾ। ਉਸ ਨੂੰ ਸੰਵਿਧਾਨ ਦੇ ਅਨੁਛੇਦ 161 ਮੁਤਾਬਕ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਕਿਸੇ ਅਪਰਾਧੀ ਦੀ ਸਜ਼ਾ ਘੱਟ ਕਰ ਸਕਦਾ ਹੈ ਜਾਂ ਮੁਆਫ ਵੀ ਕਰ ਸਕਦਾ ਹੈ।

ਪੰਜਾਬ ਦੇ ਰਾਜਪਾਲ ਨੇ ਜਿਸ ਤਰ੍ਹਾਂ ਹੁਣ ਸਰਕਾਰ ਅਤੇ ਰਾਜਪਾਲ ਵਿਚਕਾਰ ਉਠੇ ਮੱਤਭੇਦਾਂ ਨੂੰ ਜਨਤਕ ਕਰ ਦਿੱਤਾ ਹੈ ਇਸ ਦੀ ਇਜਾਜ਼ਤ ਵੀ ਸਾਡਾ ਸੰਵਿਧਾਨ ਨਹੀਂ ਦਿੰਦਾ। ਇਉਂ ਮਹਿਸੂਸ ਹੋਣ ਲੱਗ ਪਿਆ ਹੈ ਜਿਵੇਂ ਪੰਜਾਬ ਨੂੰ ਰਾਸ਼ਟਰਪਤੀ ਰਾਜ ਵਲ ਧੱਕਿਆ ਜਾ ਰਿਹਾ ਹੈ ਕਿਉਂਕਿ ਰਾਜਪਾਲ ਸੰਵਿਧਾਨ ਦੇ ਆਰਟੀਕਲ 356 ਅਧੀਨ ਰਾਜ ਦੀ ਆਰਥਿਕ ਸੁਰੱਖਿਆ ਅਤੇ ਸਿਵਲ ਅਰਾਜਕਤਾ ਦੇ ਆਧਾਰ 'ਤੇ ਰਾਸ਼ਟਰਪਤੀ ਨੂੰ ਰਾਜ ਨੂੰ ਆਪਣੇ ਅਧੀਨ ਲੈਣ ਦੀ ਸਿਫਾਰਸ਼ ਕਰ ਸਕਦਾ ਹੈ। ਜੇਕਰ ਇਹ ਵਿਵਾਦ ਇਸੇ ਤਰ੍ਹਾਂ ਵਧਦਾ ਗਿਆ ਤਾਂ ਐਮਰਜੈਂਸੀ ਵਾਲੇ ਹਾਲਾਤ ਬਣ ਸਕਦੇ ਹਨ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਬੰਧ ਪਹਿਲਾਂ ਹੀ ਬਹੁਤੇ ਸੁਖਾਵੇਂ ਨਹੀਂ ਚੱਲ ਰਹੇ। ਗਣਤੰਤਰ ਦਿਵਸ ਮੌਕੇ ਦਿੱਲੀ ਵਿਖੇ ਹੋਈ ਪਰੇਡ ਵਿਚ ਪੰਜਾਬ ਦੀ ਕੋਈ ਝਾਕੀ ਸ਼ਾਮਲ ਨਾ ਕਰਨ 'ਤੇ ਵੀ ਪੰਜਾਬ ਸਰਕਾਰ ਕਈ ਵਾਰੀ ਨਾਰਾਜ਼ਗੀ ਜ਼ਾਹਿਰ ਕਰ ਚੁੱਕੀ ਹੈ। ਪੰਜਾਬ ਸਰਕਾਰ ਨੂੰ ਇਸ ਗੱਲ ਦੀ ਵੀ ਨਾਰਾਜ਼ਗੀ ਹੈ ਕਿ ਕੇਂਦਰੀ ਬਜਟ ਵਿਚ ਵੀ ਪੰਜਾਬ ਪੱਲੇ ਕੁਝ ਨਹੀਂ ਪਾਇਆ ਗਿਆ। ਪੰਜਾਬ ਸਰਕਾਰ ਦੀ ਮਨਸ਼ਾ ਸੀ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆ ਦੀ ਪੁਲੀਸ ਦਾ ਆਧੁਨੀਕੀਕਰਨ ਕਰਨ ਲਈ ਕੇਂਦਰ ਇਕ ਹਜ਼ਾਰ ਕਰੋੜ ਦੇਵੇ, ਸਨਅਤੀ ਪੈਕੇਜ ਅਧੀਨ 2500 ਕਰੋੜ ਦੀ ਮੰਗ ਸੀ, ਪਰਾਲੀ ਪ੍ਰਬੰਧਨ ਲਈ ਵੀ 1125 ਕਰੋੜ ਮੰਗੇ ਸਨ, ਫਸਲੀ ਵਿਭਿੰਨਤਾ ਲਈ ਰਾਸ਼ੀ, ਦਿੱਲੀ ਤੋਂ ਅੰਮ੍ਰਿਤਸਰ ਤੇ ਦਿੱਲੀ ਤੋਂ ਬਠਿੰਡਾ ਲਈ ਵਿਸ਼ੇਸ਼ ਰੇਲ ਗੱਡੀ ਅਤੇ ਰਾਜਪੁਰਾ ਤੋਂ ਚੰਡੀਗੜ੍ਹ ਲਈ ਨਵਾਂ ਰੇਲ ਮਾਰਗ ਵਿਛਾਉਣ ਦੀ ਮੰਗ ਵੀ ਕੀਤੀ ਗਈ ਸੀ। ਪਰ ਇਨ੍ਹਾਂ ਮੰਗਾਂ ਵਿਚੋਂ ਕੋਈ ਵੀ ਪੂਰੀਆਂ ਨਹੀਂ ਕੀਤੀਆਂ ਗਈਆਂ। ਪੰਜਾਬ ਦੇ ਲੋਕ ਅਤੇ ਸਰਕਾਰ ਇਹ ਸੋਚਣ ਲਈ ਮਜਬੂਰ ਹੈ ਕਿ ਪੰਜਾਬ ਨੂੰ ਕਿਸਾਨ ਅੰਦੋਲਨ ਕਾਰਨ ਹੀ ਬਜਟ ਵਿਚ ਅੱਖੋਂ ਓਹਲੇ ਕੀਤਾ ਗਿਆ ਹੈ। ਇਸ ਬਜਟ ਵਿਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਫਸਲੀ ਵਿਭਿੰਨਤਾ, ਸਿੰਜਾਈ ਅਤੇ ਕਿਸਾਨੀ ਕਰਜ਼ੇ ਬਾਰੇ ਵੀ ਕੋਈ ਇਸ਼ਾਰਾ ਨਹੀਂ ਕੀਤਾ ਗਿਆ।

ਸੋ ਨਾਗਰਿਕਾਂ ਦੀ ਭਲਾਈ ਅਤੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਅਤੇ ਰਾਜਪਾਲ ਨੂੰ ਬੇਲੋੜੇ ਵਿਵਾਦ ਵਿਚ ਨਹੀਂ ਪੈਣਾ ਚਾਹੀਦਾ, ਇਸ ਨਾਲ ਰਾਜ ਦੇ ਬਹੁਤੇ ਕੰਮਾਂ ਵਿਚ ਵਿਘਨ ਪੈਂਦਾ ਹੈ। ਜਿਹੜਾ ਕਿ ਸਮਾਜ, ਪ੍ਰਾਂਤ ਤੇ ਦੇਸ਼ ਦੀ ਤਰੱਕੀ ਲਈ ਘਾਤਕ ਸਿੱਧ ਹੋ ਸਕਦਾ ਹੈ। ਦੋਵਾਂ ਧਿਰਾਂ ਨੂੰ ਲੋਕ ਹਿੱਤਾਂ ਨੂੰ ਜ਼ਰੂਰ ਧਿਆਨ ਵਿਚ ਰੱਖਣ ਦੀ ਲੋੜ ਹੈ।

---

(ਪਿਛਲੇ ਸਫੇ ਦਾ ਬਾਕੀ)

ਦੀ ਆਪਣੀ ਮੌਲਿਕ ਆਜ਼ਾਦੀ 'ਤੇ ਦ੍ਰਿੜ ਹੋਣ, ਉਹਨਾਂ ਦੇ ਸਾਹਮਣੇ ਅਦਾਲਤ ਦੇ ਨੈਤਿਕ ਹੱਕ ਨੂੰ ਖੋਰਾ ਲੱਗ ਸਕਦਾ ਹੈ।ਨਰਮਦਾ ਬਚਾਓ ਅੰਦੋਲਨ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਦੇ ਵਿਰੋਧ ਵਿਚ ਸਾਣੇ ਨੇ ਲਿਖਿਆ ਸੀ- ਜਿੱਥੇ ਸਜ਼ਾ ਦਾ ਡਰ ਖਤਮ ਹੋ ਜਾਂਦਾ ਹੈ ਅਤੇ ਵਿਅਕਤੀ ਦੁੱਖ ਝੱਲਣ ਲਈ ਤਿਆਰ ਹੁੰਦਾ ਹੈ, ਉੱਥੇ ਸਜ਼ਾ ਦੀ ਸ਼ਕਤੀ ਵੀ ਗਾਇਬ ਹੋ ਜਾਂਦੀ ਹੈ। ਇਸ ਤੋਂ ਇਲਾਵਾ, ਜਦੋਂ ਅਜਿਹੇ ਵਿਅਕਤੀਆਂ ਵਿਚ ਨੈਤਿਕ ਦ੍ਰਿੜਤਾ ਹੁੰਦੀ ਹੈ ਤਾਂ ਉਨ੍ਹਾਂ ਦੇ ਦੁੱਖਾਂ ਵਿਚ ਬੇਸ਼ਕ ਵਾਧਾ ਹੋ ਸਕਦਾ ਸੀ ਪਰ ਅਦਾਲਤ ਵਲੋਂ ਸਜ਼ਾ ਦੇਣ ਨਾਲ ਉਨ੍ਹਾਂ ਦਾ ਲੋਕਾਂ ਵਿਚ ਮਾਣ-ਸਨਮਾਨ ਵਧ ਜਾਣਾ ਸੀ ਅਤੇ ਅਦਾਲਤ ਦੇ ਆਪਣੇ ਜਨਤਕ ਸਨਮਾਨ ਨੂੰ ਖੋਰਾ ਲੱਗ ਜਾਣਾ ਸੀ। ਬਲਵਿੰਦਰ ਸਿੰਘ ਸੇਖੋਂ ਦੇ ਮਾਮਲੇ ਵਿਚ ਵੀ ਅਜਿਹਾ ਹੀ ਹੋਵੇਗਾ। ਉਹ ਪੰਜਾਬ ਦੀ ਜਨਤਾ ਦਾ ਨਾਇਕ ਬਣ ਸਕਦਾ ਹੈ।

ਪ੍ਰਸ਼ਾਤ ਭੂਸ਼ਣ ਦੀ ਵਿਵਾਦ ਵਾਲੀ ਟਿੱਪਣੀ ਦੇ ਜਵਾਬ ਵਿਚ ਜਸਟਿਸ ਏ.ਪੀ. ਸ਼ਾਹ (2020) ਨੇ ਲਿਖਿਆ:ਜਦੋਂ ਬੋਲਣ ਦੀ ਆਜ਼ਾਦੀ ਦੇ ਮੁੱਦਿਆਂ ਦੀ ਗੱਲ ਆਉਂਦੀ ਹੈ, ਤਾਂ ਅਦਾਲਤ ਆਮ ਤੌਰ 'ਤੇ ਗਰਮਜੋਸ਼ੀ ਨਾਲ ਕੰਮ ਕਰਦੀ ਹੈ। ਅਦਾਲਤ ਨੇ ਸਵੈ-ਐਲਾਨੀ"ਮਹਾਨਤਾ" ਦਾ ਪ੍ਰਦਰਸ਼ਨ ਕਰਦਿਆਂ ਭੂਸ਼ਣ ਨੂੰ ਉਸਦੇ ਦੋ ਟਵੀਟਾਂ ਖਿਲਾਫ ਮਾਣਹਾਨੀ ਦੇ ਕੇਸ ਲਈ ਇਕ ਰੁਪਏ ਦਾ ਜੁਰਮਾਨਾ ਕਰਕੇ ਛੱਡ ਦਿੱਤਾ ਪਰ ਇਸ ਸਾਰੀ ਕਾਰਵਾਈ ਵਿਚ ਇਕ ਗੱਲ ਸਪਸ਼ਟ ਸੀ ਕਿ ਅਦਾਲਤ ਅਸਹਿਣਸ਼ੀਲ ਸੰਸਥਾ ਦੇ ਰੂਪ ਵਿਚ ਸਾਹਮਣੇ ਆ ਗਈ ਹੈ।

ਉਘੇ ਕਮਿਊਨਿਸਟ ਆਗੂ ਈ.ਐਮ.ਐਸ. ਨੰਬੂਦਰੀਪਾਦ ਨੇ 9 ਨਵੰਬਰ, 1967 ਨੂੰ ਜਨਤਕ ਭਾਸ਼ਣ ਦੌਰਾਨ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਨਿਆਪਾਲਕਾ ਬਾਰੇ ਟਿੱਪਣੀਆਂ ਕੀਤੀਆਂ ਸਨ। ਸਭਨੂੰ ਪਤਾ ਹੈ ਕਿ ਮਾਰਕਸਵਾਦ ਸਰਮਾਏਦਾਰਾ ਸਟੇਟ ਨੂੰ ਇਸਦੀ ਨਿਆਪਾਲਕਾ ਸਮੇਤ ਇਸਦੇ ਸਾਰੇ ਅੰਗਾਂ ਨੂੰ ਜਨਤਾ ਨੂੰ ਲੁੱਟਣ ਵਾਲੀ ਮਸ਼ੀਨ ਮੰਨਦਾ ਹੈ ਪਰ ਫਰਵਰੀ 1968 ਵਿਚ ਕੇਰਲ ਦੀ ਹਾਈ ਕੋਰਟ ਨੇ ਅਜੀਬ ਕਦਮ ਚੁੱਕਦਿਆਂ ਨੰਬੂਦਰੀਪਾਦ ਨੂੰ ਅਦਾਲਤੀ ਮਾਣਹਾਨੀ ਦਾ ਦੋਸ਼ੀ ਠਹਿਰਾ ਦਿੱਤਾ। ਇਹ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਕਿਸੇ ਨੂੰ ਗੁਰਬਾਣੀ ਦੀ ਇਹ ਤੁਕ "ਰਾਜੇ ਸੀਹ ਮੁਕਦਮ ਕੁਤੇ" ਪੜ੍ਹਨ'ਤੇ ਕੇਸ ਵਿਚ ਉਲਝਾ ਲਿਆ ਜਾਵੇ। ਇਸ ਤੋਂ ਤੁਰੰਤ ਬਾਅਦ ਈ.ਐਮ.ਐਸ. ਨੇ ਹਾਈਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ। ਜਸਟਿਸ ਮੁਹੰਮਦ ਹਦਾਇਤੁਲਾ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਹਾਈਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਦੇ ਹੋਏ 31 ਜੁਲਾਈ, 1970 ਨੂੰ ਆਪਣੇ ਫੈਸਲੇ ਵਿਚ ਨੰਬੂਦਰੀਪਾਦ ਨੂੰ ਦੋਸ਼ੀ ਠਹਿਰਾ ਦਿੱਤਾ। ਅਦਾਲਤ ਵਲੋਂ ਮਾਰਕਸ-ਐਂਗਲਜ਼ ਦੀਆਂ ਲਿਖਤਾਂ ਵਿਚੋਂ ਟੂਕ ਲੈਕੇ ਉਸਨੂੰ ਮਾਰਕਸ ਅਤੇ ਐਂਗਲਜ਼ ਦੀਆਂ ਸੱਚੀਆਂ ਸਿੱਖਿਆਵਾਂ ਵਿਚ "ਪਨਾਹ ਲੈਣ ਦਾ ਦੋਸ਼ੀ" ਕਰਾਰ ਦੇ ਦਿੱਤਾ ਗਿਆ ਪਰ ਨਾਲ ਹੀ ਇਹ ਵੀ ਕਿਹਾ ਕਿ "ਦਿੱਤੀ ਗਈ ਸਜ਼ਾ ਦੇ ਸਬੰਧ ਵਿਚ ਅਸੀਂ ਸੋਚਦੇ ਹਾਂ ਕਿ ਇਸ ਨੂੰ ਲਾਗੂ ਕਰਨਾ ਮੁਸ਼ਕਿਲ ਸੀ। ਇਸ ਲਈ ਮਾਮੂਲੀ ਜੁਰਮਾਨੇ ਦੀ ਸਜ਼ਾ ਦੇ ਕੇ ਅਤੇ ਅਪੀਲਕਰਤਾ ਦੀ ਅਗਿਆਨਤਾ ਨੂੰ ਬੇਨਕਾਬ ਕਰਕੇ ਇਸ ਕੇਸ ਵਿਚ ਨਿਆਂ ਦਾ ਮਕਸਦ ਪੂਰਾ ਕੀਤਾ ਜਾਂਦਾ ਹੈ। ਉਸਦੀ ਜੁਰਮਾਨੇ ਦੀ ਸਜ਼ਾ ਇਕ ਹਜ਼ਾਰ ਰੁਪਏ ਤੋਂ ਘਟਾਕੇ ਪੰਜਾਹ ਰੁਪਏ ਕੀਤੀ ਜਾਂਦੀ ਹੈ।" ਇਹ ਕੇਸ ਜੱਜਾਂ ਵੱਲੋਂ ਮਾਰਕਸਵਾਦ ਵਰਗੇ ਸਿਧਾਂਤਕ ਦਰਸ਼ਨ ਸ਼ਾਸਤਰ ਵਿਚ ਦਖਲਅੰਦਾਜ਼ੀ ਕਰਨ ਦੀ ਬੇਲੋੜੀ ਕੋਸ਼ਿਸ਼ ਸੀ ਹਾਲਾਂਕਿ ਸਬੰਧਿਤ ਜੱਜ ਦੀ ਮਾਰਕਸਵਾਦ ਬਾਰੇ ਜਾਣਕਾਰੀ ਅਧੂਰੀ ਸੀ ਸਗੋਂ ਨੰਬੂਦਰੀਪਾਦ ਵੱਲੋਂ ਕਿਸੇ ਸਿਆਸੀ ਬਿਰਤਾਂਤ ਵਿਚ ਮਾਰਕਸਵਾਦ ਨੂੰ ਵਰਤਣ ਦੇ ਜਮਹੂਰੀ ਹੱਕ ਦੇ ਵੀ ਵਿਰੁੱਧ ਸੀ। ਕੇਸ ਦਾ ਫੈਸਲਾ ਕਰਨ ਲਈ ਮਾਰਕਸਵਾਦ ਨੂੰ ਪੜ੍ਹਨ ਦੀ ਲੋੜ ਨਹੀਂ ਸੀ। ਵੈਸੇ ਵੀ ਮਾਰਕਸ-ਐਂਗਲਜ਼ ਦੀ ਟੂਕ ਦੇਣ ਨਾਲ ਭਾਰਤ ਦੀ ਨਿਆਂ ਪ੍ਰਣਾਲੀ ਨੂੰ ਵੀ ਕੋਈ ਫਰਕ ਨਹੀਂ ਸੀ ਪੈਂਦਾ।

ਬਰਤਾਨੀਆ ਅੰਦਰ ਅਦਾਲਤ ਦੀ ਮਾਣਹਾਨੀ ਕਾਨੂੰਨ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਜਾ ਰਹੀ। 1968 ਵਿਚ ਲਾਰਡ ਡੇਨਿੰਗ ਨੇ ਕਿਹਾ ਸੀ ਕਿ "ਅਦਾਲਤਾਂ ਦੀ ਮਾਣ-ਮਰਿਆਦਾ ਦੀ ਰੱਖਿਆ ਕਰਨ ਲਈ ਕਿਸੇ ਵਿਰੁੱਧ ਅਦਾਲਤੀ ਮਾਣਹਾਨੀ ਕਾਨੂੰਨ" ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਇਹ ਅਦਾਲਤੀ ਪ੍ਰਬੰਧ ਪੱਕੀ ਬੁਨਿਆਦ 'ਤੇ ਟਿਕਿਆ ਹੋਣਾ ਚਾਹੀਦਾ ਹੈ; ਮਤਲਬ, ਮਾਣਹਾਨੀ ਕਾਨੂੰਨ ਦੀ ਵਰਤੋਂ ਉਹੀ ਜੱਜ ਕਰਦੇ ਹਨ ਜੋ ਨੈਤਿਕ ਤੌਰ 'ਤੇ ਕਮਜ਼ੋਰ ਹੁੰਦੇ ਹਨ। ਸਾਰੇ ਸਮਿਆਂ ਦੇ ਸਭ ਤੋਂ ਮਹਾਨ ਜੱਜ ਅਤੇ ਸਾਡੀ ਨਿਆਂਇਕ ਵਿਵਸਥਾ ਲਈ ਲਾਰਡ ਡੇਨਿੰਗ ਨੂੰ ਰੋਲ ਮਾਡਲ ਮੰਨਿਆ ਜਾਂਦਾ ਹੈ। ਉਸਨੇ ਨਾ ਸਿਰਫ ਆਪਣੀ ਕਠੋਰ ਆਲੋਚਨਾ ਸਵੀਕਾਰ ਕੀਤੀ ਬਲਕਿ ਅਪਮਾਨ ਦਾ ਸਹਾਰਾ ਲਏ ਬਿਨਾ ਸਰੀਰਕ ਚੋਟ ਨੂੰ ਵੀ ਸਵੀਕਾਰ ਕੀਤਾ। ਆਪਣੀ ਕਿਤਾਬ 'ਦਿ ਡਿਊ ਪ੍ਰੋਸੈਸ ਆਫ ਲਾਅ' ਵਿਚ ਉਹ ਦੱਸਦਾ ਹੈ ਕਿ ਕਿਵੇਂ ਮਿਸ ਸਟੋਨ ਨਾਮ ਦੀ ਔਰਤ ਨੇ ਉਸਦੇ ਮੂੰਹ 'ਤੇ ਕਿਤਾਬਾਂ ਮਾਰੀਆਂ ਸਨ। ਡੇਨਿੰਗ ਲਿਖਦਾ ਹੈ ਕਿ "ਅਸੀਂ ਇਸ ਗੱਲ ਦਾ ਨੋਟਿਸ ਹੀ ਨਹੀਂ ਲਿਆ।" ਉਹ ਲਿਖਦਾ ਹੈ ਕਿ ਉਸ ਔਰਤ ਨੇ ਉਮੀਦ ਕੀਤੀ ਸੀ ਕਿ ਅਸੀਂ ਉਸ ਨੂੰ ਅਦਾਲਤ ਦੀ ਬੇਇੱਜ਼ਤੀ ਕਰਨ ਬਦਲੇ ਦੋਸ਼ੀ ਠਹਿਰਾਵਾਂਗੇ। ਸਾਨੂੰ ਲੱਗਿਆ ਕਿ ਉਸਨੇ ਸਿਰਫ ਆਪਣੇ ਵੱਲ ਧਿਆਨ ਖਿੱਚਣ ਲਈ ਅਜਿਹਾ ਕੀਤਾ ਸੀ ਅਤੇ ਅਸੀਂ ਕੋਈ ਧਿਆਨ ਨਹੀਂ ਦਿੱਤਾ। ਉਹ ਦਰਵਾਜ਼ੇ ਵੱਲ ਚਲੀ ਗਈ। ਜਾਂਦੇ-ਜਾਂਦੇ ਉਹ ਇੰਨਾ ਹੀ ਕਹਿ ਕੇ ਚਲੀ ਗਈ ਕਿ ਇੰਨੀ ਉਕਸਾਹਟ ਦੇ ਬਾਵਜੂਦ ਤੁਹਾਡੇ ਵੱਲੋਂ ਇੰਨੀ ਸ਼ਾਂਤੀ ਰੱਖਣ ਲਈ ਮੈਂ ਤੁਹਾਡੀ ਲਾਰਡਸ਼ਿਪ ਨੂੰ ਵਧਾਈ ਦਿੰਦੀ ਹਾਂ।"

ਉਪਰੋਕਤ ਮਿਸਾਲਾਂ ਅਤੇ ਵਿਆਖਿਆ ਦੇਣ ਦਾ ਮਕਸਦ ਹੈ ਕਿ ਅਦਾਲਤੀ ਮਾਣਹਾਨੀ ਵਾਲੇ ਕਾਨੂੰਨ ਦੀ ਜਮਹੂਰੀ ਸਮਾਜ ਵਿਚ ਕੋਈ ਵਾਜਬੀਅਤ ਨਹੀਂ ਬਣਦੀ। ਇੰਗਲੈਂਡ ਵਿਚ ਇਸ ਕਾਨੂੰਨੀ ਜੁਰਮ ਦਾ ਆਖਰੀ ਮੁਕੱਦਮਾ 1931 ਵਿਚ ਚਲਾਇਆ ਗਿਆ ਸੀ।

2012 ਵਿਚ ਲਾਅ ਕਮਿਸ਼ਨ ਨੇ ਮਾਣਹਾਨੀ ਦੀਆਂ ਸ਼ਕਤੀਆਂ ਬਾਰੇ ਪੇਪਰ ਪ੍ਰਕਾਸ਼ਿਤ ਕੀਤਾ ਜਿਸ ਵਿਚ ਇਸਨੇ ਸਪਸ਼ਟ ਤੌਰ 'ਤੇ "ਅਦਾਲਤ ਨੂੰ ਬਦਨਾਮ ਕਰਨ" ਦੇ ਅਪਰਾਧ ਵਾਲੇ ਕਾਨੂੰਨ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਗਿਆ ਸੀ ਅਤੇ ਅਪਰਾਧਿਕ ਕਾਨੂੰਨ ਨੂੰ 2013 ਵਿਚ ਖਤਮ ਕਰ ਦਿੱਤਾ ਗਿਆ ਸੀ। ਜੇ ਸਾਡੇ ਮੁਲਕ ਦੇ ਪ੍ਰਧਾਨ ਮੰਤਰੀ ਵਰਗੇ ਸਭਤੋਂ ਸ਼ਕਤੀਸ਼ਾਲੀ ਅਹੁਦੇ ਉਪਰ ਬੈਠੇ ਅਤੇ ਬਹੁ-ਗਿਣਤੀ ਸੰਸਦ ਮੈਂਬਰਾਂ ਵੱਲੋਂ ਚੁਣੇ ਵਿਅਕਤੀ ਦੀ ਆਲੋਚਨਾ ਹੋ ਸਕਦੀ ਹੈ ਤਾਂ ਜੱਜਾਂ ਵਰਗੇ ਨਾਮਜ਼ਦ ਕੀਤੇ ਵਿਅਕਤੀਆਂ ਨੂੰ ਆਲੋਚਨਾ ਦੇ ਦਾਇਰੇ ਵਿਚੋਂ ਬਾਹਰ ਕਿਉਂ ਰੱਖਿਆ ਜਾਵੇ? ਜਦੋਂ ਵਾਰ-ਵਾਰ ਇਹ ਫੈਸਲਾ ਆ ਚੁੱਕਾ ਹੈ ਕਿ ਕਿਸੇ ਵਿਸ਼ੇਸ਼ ਜੱਜ ਦੀ ਆਲੋਚਨਾ ਦਾ ਕੋਈ ਅਰਥ ਨਹੀਂ ਹੈ ਕਿਉਂਕਿ ਇਸ ਨਾਲ ਸਮੁੱਚੀ ਨਿਆਇਕ ਵਿਵਸਥਾ ਨੂੰ ਕੋਈ ਫਰਕ ਨਹੀਂ ਪੈਂਦਾ।

ਬਲਵਿੰਦਰ ਸਿੰਘ ਸੇਖੋਂ ਦੇ ਮਾਮਲੇ ਵਿਚ ਤਾਂ ਮਾਣਹਾਨੀ ਵਰਗੇ ਕਾਨੂੰਨਾਂ ਨੂੰ ਅਮਲ ਵਿਚ ਹੀ ਨਹੀਂ ਲਿਆਉਣਾ ਚਾਹੀਦਾ। ਉਸਨੂੰ ਆਪਣੀ ਸੇਵਾਮੁਕਤੀ ਦੇ ਆਖਰੀ ਦਿਨ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਸੇਵਾਮੁਕਤੀ ਦੇ ਸਾਰੇ ਵਿੱਤੀ ਲਾਭ ਖੋਹ ਲਏ ਗਏ ਹਨ। ਉਸਨੂੰ ਬਿਲਕੁਲ ਹੀ ਸਾਧਨਹੀਣ ਬਣਾ ਕੇ ਪਰਿਵਾਰ ਸਮੇਤ ਭੁੱਖੇ ਮਰਨ ਲਈ ਛੱਡ ਦਿੱਤਾ ਗਿਆ ਹੈ। ਉਸ ਵੱਲੋਂ ਨਿਆਂ ਵਾਸਤੇ ਅਪੀਲ ਕਰਨ ਦੇ ਦੋ ਸਾਲਾਂ ਬਾਅਦ ਵੀ ਕੇਸ ਦੀ ਸੁਣਵਾਈ ਨਹੀਂ ਹੋ ਰਹੀ। ਕੀ ਅਜਿਹੀ ਹਾਲਤ ਵਿਚ ਉਸ ਕੋਲੋਂ ਪਿਆਰ-ਸਤਿਕਾਰ ਭਰੀ ਬੋਲੀ ਦੀ ਉਮੀਦ ਕਰਨੀ ਵਾਜਬ ਹੈ? ਸੇਖੋਂ ਕੋਲ ਭਾਵੇਂ ਆਪਣੀ ਗੱਲ ਰੱਖਣ ਲਈ ਅਖੌਤੀ ਸੱਭਿਅਕ ਸ਼ਬਦ ਵੀ ਹੋਣਗੇ ਪਰ ਜੇ ਉਸ ਕੋਲ ਆਪਣੀ ਗੱਲ ਨੂੰ ਵਜ਼ਨਦਾਰ ਬਣਾਉਣ ਲਈ ਉਹੀ ਸ਼ਬਦ ਬਚੇ ਸਨ ਜੋ ਉਸ ਨੇ ਬੋਲੇ ਤਾਂ ਇਹਦੇ ਵਿਚ ਇਤਰਾਜ਼ ਕਰਨ ਵਾਲੀ ਵੀ ਕੋਈ ਗੱਲ ਨਹੀਂ ਹੈ। ਅਸਲ ਵਿਚ ਜਦੋਂ ਅਸੀਂ ਸ਼ਬਦਾਂ ਦੀ ਆੜ ਲੈਣ ਲੱਗ ਜਾਂਦੇ ਹਾਂ ਤਾਂ ਮਸਲੇ ਦੀ ਗੰਭੀਰਤਾ ਉਪਰ ਮਿੱਟੀ ਪਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ। ਹਰ ਬੰਦੇ ਦੇ ਬੋਲਣ ਅਤੇ ਸ਼ਬਦਾਂ ਦੀ ਚੋਣ ਕਰਨ ਦੀ ਸੀਮਾ ਹੁੰਦੀ ਹੈ ਪਰ ਉਸ ਵੱਲੋਂ ਰੱਖੀ ਜਾ ਰਹੀ ਗੱਲ ਨੂੰ ਹੀ ਨਕਾਰ ਦੇਣਾ ਸਰਾਸਰ ਧੱਕਾ ਹੈ। ਬੋਲੀ ਬਾਰੇ, ਸ਼ਬਦਾਂ ਬਾਰੇ ਉਸਨੂੰ ਬਾਅਦ ਵਿਚ ਸਮਝਾਇਆ ਜਾ ਸਕਦਾ ਹੈ। ਅਸਲ ਲੋੜ ਤਾਂ ਉਹਨਾਂ ਬਾਹਰਮੁਖੀ ਹਾਲਾਤ ਨੂੰ ਆਤਮਸਾਤ ਕਰਨ ਦੀ ਹੁੰਦੀ ਹੈ ਜਿਹਨਾਂ ਅੰਦਰ ਕੋਈ ਵਿਅਕਤੀ ਆਪਣੀ ਪ੍ਰਤਿਕਿਰਿਆ ਦਿੰਦਾ ਜਾਂ ਵਿਚਾਰ ਪ੍ਰਗਟ ਕਰਦਾ ਹੈ।

ਅਜੋਕੇ ਹਾਲਾਤ ਵਿਚ ਜਦੋਂ ਕਿੰਨੇ ਹੀ ਜੱਜਾਂ ਉਪਰ ਇੱਕੋ ਹੀ ਰੰਗ ਦੇ ਕੇਸਾਂ ਵਿਚ ਪੱਖਪਾਤ ਕਰਨ, 'ਜੱਜ ਅੰਕਲ ਸਭਿਆਚਾਰ'ਪ੍ਰਫੁਲਤ ਕਰਨ ਅਤੇ ਭ੍ਰਿਸ਼ਟਾਚਾਰ ਕਰਨ ਵਰਗੇ ਗੰਭੀਰ ਇਲਜ਼ਾਮ ਲੱਗਣ ਦੇ ਬਾਵਜੂਦ ਆਪਣੇ ਅਹੁਦਿਆਂ 'ਤੇ ਰਹਿਕੇ ਫੈਸਲੇ ਕਰਨ ਦੀ ਮਨਮਰਜ਼ੀ ਦਿੱਤੀ ਜਾ ਰਹੀ ਹੈ ਤਾਂ ਸਬੰਧਿਤ ਜੱਜਾਂ ਨੂੰ ਪੜਚੋਲ ਹੇਠ ਕਿਉਂ ਨਾ ਲਿਆਂਦਾ ਜਾਵੇ?

ਇਸ ਵੇਲੇ ਮਸਲਾ ਕੇਵਲ ਬਲਵਿੰਦਰ ਸਿੰਘ ਸੇਖੋਂਦਾ ਨਹੀਂ ਰਹਿ ਗਿਆ। ਸਾਰੇ ਲੋਕਾਂ ਲਈ ਇਕ-ਸਮਾਨ ਇਨਸਾਫ ਨੂੰ ਯਕੀਨੀ ਬਣਾਉਣਾ ਵੀ ਜ਼ਰੂਰੀ ਹੋ ਗਿਆ ਹੈ। ਕਿਸੇ ਜੱਜ ਦੇ ਕਥਿਤ ਸਨਮਾਨ ਤੋਂ ਵੱਧ ਖੁਦ ਨਿਆਇਕ ਪ੍ਰਣਾਲੀ ਨੂੰ ਬਚਾਉਣ ਦੀ ਲੋੜ ਹੈ। ਸੇਖੋਂ ਵੱਲੋਂ ਵਰਤੇ ਸ਼ਬਦਾਂ ਨੂੰ ਮਾਣਹਾਨੀ ਦੀ ਢਾਲ ਬਣਾਉਣ ਜਾਂ ਮਸਲੇ ਨੂੰ ਧੁੰਦਲਾ ਕਰਨ ਦੀ ਬਜਾਏ ਉਸਦੀ ਪੀੜ ਨੂੰ ਸਮਝਣ ਦੀ ਲੋੜ ਹੈ। ਇਹ ਦੇਖਣਾ ਜ਼ਰੂਰੀ ਹੈ ਕਿ ਅਮਨ ਕਾਨੂੰਨ ਦੀ ਰਖਵਾਲੀ ਕਰਨ ਵਾਲੇ ਅਨੁਸ਼ਾਸਤ ਅਧਿਕਾਰੀ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਵਾਲੇ ਕਿਹੜੇ ਲੋਕ ਹਨ ਅਤੇ ਉਹਨਾਂ ਦੀ ਜਵਾਬਦੇਹੀ ਕਿਵੇਂ ਯਕੀਨੀ ਬਣਾਈ ਜਾਵੇ?

# ਲਾਹੌਰ: ਹਿੰਦੁਸਤਾਨ ਦਾ ਪੈਰਿਸ-3

***ਦੀਨਾ ਨਾਥ ਮਲਹੋਤਰਾ ਦਾ ਪ੍ਰਕਾਸ਼ਨ ਅਤੇ ਸਮਾਜਿਕ ਜਗਤ ਵਿਚ ਬੜਾ ਵਿਲੱਖਣ ਸਥਾਨ ਹੈ। ਉਹ ਭਾਰਤ ਵਿਚ ਪੇਪਰਬੈਕ ਪ੍ਰਕਾਸ਼ਨ ਦੇ ਮੋਢੀ ਗਿਣੇ ਜਾਂਦੇ ਹਨ। ਇਸ ਲੰਮੇ ਲੇਖ ਵਿਚ ਉਨ੍ਹਾਂ ਪੰਜਾਬ ਦੇ ਮਸ਼ਹੂਰ ਸ਼ਹਿਰ ਲਾਹੌਰ ਬਾਰੇ ਕਿੱਸਾ ਛੇੜਿਆ ਹੈ ਜਿਸ ਦੀ ਤੀਜੀ ਅਤੇ ਆਖਰੀ ਕਿਸ਼ਤ ਪੇਸ਼ ਹੈ। ਇਸ ਦਾ ਅਨੁਵਾਦ ਐੱਸ ਬਲਵੰਤ ਨੇ ਕੀਤਾ ਹੈ ਜੋ ਖੁਦ ਪ੍ਰਕਾਸ਼ਨ ਦੇ ਕਾਰੋਬਾਰ ਨਾਲ ਜੁੜੇ ਰਹੇ ਹਨ।***

ਲਾਹੌਰ ਵਿੱਦਿਆ ਦਾ ਕੇਂਦਰ ਹੋਣ ਕਰ ਕੇ ਉਥੋਂ ਦੀ ਪੰਜਾਬ ਯੂਨੀਵਰਸਿਟੀ ਵੀ ਬਹੁਤ ਹੀ ਉੱਚੀ ਪੱਧਰ ਦੀ ਸੀ। ਹਰ ਵਿਸ਼ੇ 'ਚ ਬਹੁਤ ਹੀ ਯੋਗ ਪ੍ਰੋਫੈਸਰ ਸਨ ਤੇ ਉਸ ਵੇਲੇ ਉਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜਰਮਨ ਵਿਦਵਾਨ ਏ.ਸੀ. ਵੂਲਨਰ ਸਨ ਜੋ ਬਹੁਤ ਹੀ ਸਨਮਾਨਜਨਕ ਹਸਤੀ ਸਨ। ਉਹ ਕਈ ਵਾਰ ਯੂਨੀਵਰਸਿਟੀ ਦੀ ਲਾਇਬਰੇਰੀ 'ਚੋਂ ਕਈ ਮੋਟੇ-ਮੋਟੇ ਗ੍ਰੰਥ ਚੁੱਕੀ ਆਪਣੇ ਦਫਤਰ ਵੱਲ ਜਾਂਦੇ ਦੇਖੇ ਜਾ ਸਕਦੇ ਸਨ। ਉਨ੍ਹਾਂ ਦਾ ਬਹੁਤ ਉੱਚਾ ਵਿਅਕਤਿਤਵ ਸੀ ਤੇ ਜੇ ਕੋਈ ਚਪੜਾਸੀ ਜਾਂ ਸਹਾਇਕ ਕਿਤਾਬਾਂ ਚੁੱਕਣ 'ਚ ਉਨ੍ਹਾਂ ਦੀ ਮਦਦ ਵੀ ਕਰਨ ਲੱਗਦਾ ਤਾਂ ਉਹ ਬਿਲਕੁਲ ਨਾ ਮੰਨਦੇ ਤੇ ਆਪ ਹੀ ਆਪਣਾ ਕੰਮ ਕਰਨ 'ਚ ਵਿਸ਼ਵਾਸ ਰੱਖਦੇ। ਕਿਤਾਬਾਂ ਚੁੱਕਣ ਦਾ ਭਾਰ ਉਨ੍ਹਾਂ ਨੂੰ ਆਨੰਦ ਦਿੰਦਾ, ਸਤਾਉਂਦਾ ਨਹੀਂ ਸੀ। ਵੱਖ-ਵੱਖ ਵਿਸ਼ਿਆਂ 'ਚ ਵਿਭਾਗਾਂ ਦੇ ਮੁਖੀ



**ਦੀਨਾ ਨਾਥ ਮਲਹੋਤਰਾ**
**ਅਨੁਵਾਦ: ਐੱਸ. ਬਲਵੰਤ**

ਵੀ ਜਾਣੇ-ਮਾਣੇ ਪ੍ਰੋਫੈਸਰ ਸਨ ਜੋ ਅਲੱਗ-ਅਲੱਗ ਕਾਲਜਾਂ 'ਚ ਵੀ ਪੜ੍ਹਾਉਂਦੇ ਸਨ ਤੇ ਯੂਨੀਵਰਸਿਟੀ 'ਚ ਐਮ.ਏ. ਤੇ ਆਨਰਜ਼ ਦੀਆਂ ਕਲਾਸਾਂ ਵੀ ਲੈਂਦੇ ਸਨ।

ਲਾਹੌਰ 'ਚ ਬਹੁਤ ਸਾਰੇ ਕਾਲਜ ਵੀ ਸਨ ਜਿਨ੍ਹਾਂ 'ਚ ਗੌਰਮੈਂਟ ਕਾਲਜ, ਡੀ.ਏ.ਵੀ. ਕਾਲਜ, ਫੋਰਮੈਨ ਕ੍ਰਿਸਚੀਅਨ ਕਾਲਜ, ਐਸ.ਡੀ. ਕਾਲਜ, ਦਿਆਲ ਸਿੰਘ ਕਾਲਜ, ਸਿੱਖ ਨੈਸ਼ਨਲ ਕਾਲਜ, ਹੇਲੀ ਕਾਲਜ ਆਫ ਕਾਮਰਸ, ਲਾਅ ਕਾਲਜ, ਏਡੀਸਨ ਕਾਲਜ, ਕਿੰਗ ਐਡਵਰਡ ਮੈਡੀਕਲ ਕਾਲਜ, ਵੈਟਰਨਰੀ ਕਾਲਜ ਅਤੇ ਕਈ ਹੋਰ ਕਾਲਜ। ਇਥੇ ਸਾਰੇ ਪੰਜਾਬ ਤੇ ਫਰੰਟੀਅਰ ਤੋਂ ਵਿਦਿਆਰਥੀ ਆ ਕੇ ਵਿੱਦਿਆ ਪ੍ਰਾਪਤ ਕਰਨ ਲਈ ਹੋਸਟਲ 'ਚ ਰਹਿੰਦੇ ਸਨ।

ਯੂਨੀਵਰਸਿਟੀ ਦੇ ਐਨ ਸਾਹਮਣੇ ਬਹੁਤ ਵੱਡਾ ਅਜਾਇਬ ਘਰ (ਮਿਊਜ਼ੀਅਮ) ਸੀ ਤੇ ਸੱਜੇ ਹੱਥ ਹੀ ਗੋਲ ਬਾਗ ਦੇ ਸ਼ੁਰੂ 'ਚ ਹੀ ਪੱਥਰ ਦਾ ਬਣਿਆ ਲਾਲਾ ਲਾਜਪਤ ਰਾਇ ਦਾ ਸ਼ਾਨਦਾਰ ਬੁੱਤ ਸੀ। ਉਥੇ ਹੀ ਵਿਚਕਾਰ 'ਜ਼ਮਜ਼ਮਾ' ਤੋਪ ਰੱਖੀ ਹੋਈ ਸੀ ਜਿਸ ਨੂੰ ਭੰਗੀਆਂ ਦੀ ਤੋਪ ਵੀ ਕਿਹਾ ਜਾਂਦਾ ਸੀ। ਇਹ ਬਹੁਤ ਵੱਡੀ ਅਤੇ ਪੁਰਾਣੀ ਤੋਪ ਸੀ। ਮਾਲ ਰੋਡ 'ਤੇ ਹੀ ਕਈ ਰੈਸਟੋਰੈਂਟ, ਹੋਟਲ ਤੇ ਅੰਗਰੇਜ਼ੀ ਕਿਸਮ ਦੀਆਂ ਦੁਕਾਨਾਂ ਸਨ ਜਿਨ੍ਹਾਂ 'ਚ ਚੀਪ ਜੌਹਨ, ਕ੍ਰਿਪਾਰਾਮ, ਲਾਰਿੰਗ, ਫਲੈਟੀਜ਼ ਆਦਿ ਮਸ਼ਹੂਰ ਸਨ। ਸ਼ੁਰੂ 'ਚ ਹੀ ਕਾਫੀ ਹਾਊਸ ਸੀ ਜਿਥੇ ਕਾਫੀ ਗਹਿਮਾ-ਗਹਿਮੀ ਰਹਿੰਦੀ। ਇਹ ਇਕ ਕਿਸਮ ਨਾਲ ਬੁੱਧੀਜੀਵੀਆਂ ਦਾ ਅੱਡਾ ਮੰਨਿਆ ਜਾਂਦਾ ਸੀ। ਇਥੇ ਵੱਡੀਆਂ-ਵੱਡੀਆਂ ਦੇਸੀ ਤੇ ਅੰਤਰ-ਰਾਸ਼ਟਰੀ ਸਮੱਸਿਆਵਾਂ, ਖਾਸ ਕਰਕੇ ਸੋਸ਼ਲਿਸਟ ਤੇ ਕਮਿਊਨਿਸਟ ਇਨਕਲਾਬ ਬਾਰੇ ਖੂਬ ਚਰਚਾ ਹੁੰਦੀ। ਉਸ ਸਮੇਂ 'ਚ ਪ੍ਰਗਤੀਸ਼ੀਲ ਲੇਖਕ ਤੇ ਸ਼ਾਇਰ ਵੀ ਲਾਹੌਰ 'ਚ ਹੀ ਬਿਰਾਜਮਾਨ ਸਨ। ਇਨ੍ਹਾਂ 'ਚ ਫੈਜ਼ ਅਹਿਮਦ ਫੈਜ਼, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਸਆਦਤ ਹਸਨ ਮੰਟੋ ਤੇ ਹੋਰ ਵੀ ਬਹੁਤ ਸਾਰੇ ਨਾਂ ਸ਼ਾਮਲ ਸਨ। ਇਸੇ ਸ਼ਹਿਰ 'ਚ ਪਹਿਲਾਂ ਮਸ਼ਹੂਰ ਸ਼ਾਇਰ ਇਕਬਾਲ ਵੀ ਰਹਿੰਦੇ ਸਨ।

ਲਾਹੌਰ 'ਚ ਛੱਜੂ ਨਾਂ ਦੇ ਭਗਤ ਵੀ ਹੋਏ। ਉਨ੍ਹਾਂ ਬਾਰੇ ਮਸ਼ਹੂਰ ਸੀ ਕਿ ਜਦੋਂ ਵੀ ਕਿਸੇ ਦੀ ਅਰਥੀ ਨਿਕਲਦੀ ਤਾਂ ਉਹ ਪੈਰ 'ਚ ਘੁੰਗਰੂ ਬੰਨ੍ਹ ਉਸ ਦੇ ਮੂਹਰੇ-ਮੂਹਰੇ ਨੱਚਦੇ ਤੁਰ ਪੈਂਦੇ। ਕਹਿੰਦੇ ਇਹ ਖੁਸ਼ੀ ਦਾ ਦਿਨ ਹੈ ਕਿ ਉਹ ਇਨਸਾਨ ਭਗਵਾਨ ਦੇ ਘਰ ਜਾ ਰਿਹੈ ਪਰ ਜਿਸ ਦਿਨ ਉਨ੍ਹਾਂ ਦੇ ਆਪਣੇ ਪੁੱਤਰ ਦੀ ਮੌਤ ਹੋਈ ਤਾਂ ਉਹ ਕੋਸ਼ਿਸ਼ ਕਰ ਕੇ ਵੀ ਨਾ ਨੱਚ ਸਕੇ। ਇਸੇ ਭਗਤ ਦਾ ਚੁਬਾਰਾ ਸਾਡੇ ਘਰ ਤੋਂ ਟ੍ਰਿਬਿਊਨ ਅਖਬਾਰ ਦੇ ਦਫਤਰ ਤੋਂ ਨੀਲਾ ਗੁੰਬਦ ਵੱਲ ਜਾਂਦੇ ਹੋਏ ਇਕ ਗਲੀ 'ਚ ਪੈਂਦਾ ਸੀ।

ਲਾਹੌਰ ਵਿਚ ਸਿਨੇਮਾ ਹਾਲ ਵੀ ਕਾਫੀ ਸਨ ਜਿਨ੍ਹਾਂ 'ਚੋਂ ਥੋੜ੍ਹੇ ਜਿਹੇ ਅੰਗਰੇਜ਼ੀ ਫਿਲਮਾਂ ਦਿਖਾਉਂਦੇ ਤੇ ਬਾਕੀ ਹਿੰਦੁਸਤਾਨੀ। ਸ਼ੁਰੂ 'ਚ ਕਿਸੇ ਸਮੇਂ ਮੂਕ ਚਲਚਿੱਤਰ (ਸਾਈਲੈਂਟ ਮੂਵੀਜ਼) ਚਲਦੀਆਂ ਸਨ। ਸਿਨਮਿਆਂ 'ਚ ਰੀਗਲ, ਨਿਸ਼ਾਂਤ, ਸ਼ਾਲੀਮਾਰ, ਪ੍ਰਭਾਤ, ਰਿਟਜ਼, ਰੀਜੈਂਟ, ਕਰਾਊਨ, ਇੰਪੀਰੀਅਲ, ਪੈਰਾਮਾਊਂਟ ਆਦਿ ਦੇ ਨਾਂ ਵੱਜਦੇ ਸਨ ਜੋ ਮਾਲ ਰੋਡ ਤੇ ਮੈਕਲੋਡ ਰੋਡ 'ਤੇ ਸਥਿਤ ਸਨ ਜਿਥੇ ਅੰਗਰੇਜ਼ੀ ਫਿਲਮਾਂ ਲੱਗਦੀਆਂ ਸਨ। ਹਿੰਦੁਸਤਾਨੀ ਮੂਕ ਫਿਲਮਾਂ 'ਚ ਰੰਗਤ ਭਰਨ ਲਈ ਸਟੇਜ ਦੇ ਅੱਗੇ ਜ਼ਮੀਨ 'ਤੇ ਹੇਠਾਂ ਹਾਰਮੋਨੀਅਮ ਤੇ ਤਬਲੇ ਵਾਲੇ ਬੈਠੇ ਹੁੰਦੇ ਜੋ ਜਿਹੋ ਜਿਹਾ ਦ੍ਰਿਸ਼ ਹੁੰਦਾ, ਉਹ ਉਹਦੇ ਬਾਰੇ ਸੰਗੀਤ ਬਣਾ ਕੇ ਉਸ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਿਤ ਕਰ ਦਿੰਦੇ। ਜੇ ਫਿਲਮ 'ਚ ਘੋੜੇ ਦੌੜ ਰਹੇ ਹੁੰਦੇ ਤਾਂ ਉਹ ਤਬਲੇ ਦੀ ਥਾਪ ਰਾਹੀਂ ਉਨ੍ਹਾਂ ਦੀਆਂ ਪੈੜਾਂ ਦੀ ਠਪ-ਠਪ ਦੀ ਆਵਾਜ਼ ਪੈਦਾ ਕਰ ਦਿੰਦੇ। ਸੋਗ ਦੇ ਮੌਕੇ ਸੋਗੀ ਸੰਗੀਤ ਪੈਦਾ ਕੀਤਾ ਜਾਂਦਾ। ਲੋਕ ਇਸ ਸਭ ਕੁਝ ਦਾ ਖੂਬ ਆਨੰਦ ਮਾਣਦੇ।

ਟਿਕਟਾਂ ਦੀ ਖਿੜਕੀ 'ਤੇ ਖੂਬ ਧੱਕਾ-ਮੁੱਕੀ ਹੁੰਦੀ ਤੇ ਜੋ ਕੋਈ ਵੀ ਇਸ ਜੱਦੋ-ਜਹਿਦ 'ਚ ਪਹਿਲਾਂ ਟਿਕਟ ਹਾਸਲ ਕਰ ਲੈਂਦਾ, ਉਹੀ ਹਾਲ ਦੇ ਅੰਦਰ ਜਾ ਕੇ ਆਪਣੀ ਪਸੰਦ ਦੀ ਸੀਟ 'ਤੇ ਕਬਜ਼ਾ ਕਰ ਲੈਂਦਾ। ਉਦੋਂ ਲਾਈਨ ਲਗਾਉਣ ਦਾ ਰਿਵਾਜ ਨਹੀਂ ਸੀ। ਇੰਟਰਵਲ ਸਮੇਂ ਪਾਪੜ, ਲੈਮਨੇਡ, ਮੂੰਗਫਲੀ ਵੇਚਣ ਵਾਲੇ ਹਾਲ ਦੇ ਅੰਦਰ ਹੀ ਆ ਕੇ ਸਮਾਨ ਵੇਚਦੇ ਤੇ ਹੋਕਾ ਲਗਾਉਂਦੇ। ਉਨ੍ਹਾਂ ਦੀਆਂ ਆਵਾਜ਼ਾਂ ਤੇ ਬੋਲ



*ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪੁਰਾਣਾ ਕੈਂਪਸ।*

ਵੀ ਬਹੁਤ ਉੱਚੇ ਤੇ ਮਜ਼ੇਦਾਰ ਹੁੰਦੇ; ਮਸਲਨ- ਪਾਪੜ ਕਰਾਰੇ, ਭੁੰਨੀ ਹੋਈ ਮੂੰਗਫਲੀ ਜਾਂ ਔਧੇ ਪੀਣ ਵਾਲੇ (ਭਾਵ ਸੋਡੇ ਦੀ ਛੋਟੀ ਬੋਤਲ)। ਫਿਲਮ ਦੇ ਅੰਤ ਤੱਕ ਸੀਟਾਂ ਦੇ ਹੇਠਾਂ ਮੂੰਗਫਲੀ ਦੇ ਛਿਲਕਿਆਂ ਦੇ ਢੇਰ ਲੱਗ ਜਾਂਦੇ। ਚਲਦੀ ਫਿਲਮ 'ਚ ਵੀ ਮੂੰਗਫਲੀ ਦੇ ਡੋਡੇ ਤੋੜਨ ਦੀਆਂ ਕੜਿੱਕ-ਕੜਿੱਕ ਆਵਾਜ਼ਾਂ ਲਗਾਤਾਰ ਆਉਂਦੀਆਂ ਰਹਿੰਦੀਆਂ। ਫਿਲਮ ਖਤਮ ਹੋਣ ਮਗਰੋਂ ਸਾਰੇ ਹਾਲ 'ਚੋਂ ਮੂੰਗਫਲੀਆਂ ਦੇ ਛਿਲਕੇ ਤੇ ਹੋਰ ਸੁੱਟੀਆਂ ਚੀਜ਼ਾਂ ਦੀ ਸਫਾਈ ਕਰਾਈ ਜਾਂਦੀ। ਫਿਲਮ ਚੱਲਦੇ ਸਮੇਂ ਜੇ ਕਿਤੇ ਰੀਲ੍ਹ ਵਿਚੋਂ ਹੀ ਟੁੱਟ ਜਾਂਦੀ ਤਾਂ ਲੋਕ ਸੀਟਾਂ ਉੱਪਰ ਖਲੋ ਸਿਨੇਮਾ ਘਰ ਦੇ ਮਾਲਕਾਂ ਦਾ ਢਿੱਡ ਗਾਲ੍ਹਾਂ ਨਾਲ ਭਰ ਦਿੰਦੇ। ਲੋਕ ਸਿਨੇਮਾ ਮਾਲਕਾਂ ਦੀ ਖੂਬ ਮੁਰੰਮਤ ਕਰਦੇ। ਬਾਅਦ 'ਚ 'ਟਾਕੀਜ਼' ਯਾਨੀ ਆਵਾਜ਼ ਵਾਲੀਆਂ ਫਿਲਮਾਂ ਆਈਆਂ ਜਿਨ੍ਹਾਂ ਨਾਲ ਰੌਣਕ ਹੋਰ ਵੀ ਵਧ ਗਈ। ਜੇ ਕਦੇ ਲੋਕਾਂ ਦੀ ਪਸੰਦ ਦਾ ਗਾਣਾ ਆ ਜਾਂਦਾ ਤਾਂ ਸਾਰਾ ਹਾਲ ਉਸ ਨਾਲ ਮਿਲ ਕੇ ਗਾਉਣ ਲੱਗ ਪੈਂਦਾ। ਉਸ ਵੇਲੇ ਉਦੋਂ ਦੀ ਮਸ਼ਹੂਰ ਅਦਾਕਾਰਾ ਤੇ ਗਾਇਕਾ ਨੂਰਜਹਾਂ ਦਾ ਗਾਣਾ 'ਆਵਾਜ਼ ਦੇ ਕਹਾਂ ਹੈ' ਬਹੁਤ ਮਸ਼ਹੂਰ ਹੋਇਆ। ਜਦ ਉਹ ਗਾਣਾ ਹਾਲ 'ਚ ਵੱਜਦਾ ਤਾਂ ਸਾਰਾ ਹਾਲ ਹੀ ਨਾਲੋਂ-ਨਾਲ ਗਾ ਉੱਠਦਾ। ਸਾਰੇ ਮਾਹੌਲ 'ਚ ਪੂਰੇ ਜੋਸ਼ ਦਾ ਵਾਤਾਵਰਨ ਬਣ ਜਾਂਦਾ।

ਇੰਨੇ ਸਿਨੇਮਾ ਘਰਾਂ ਤੇ ਫਿਲਮਾਂ ਦੀ ਲੋਕ ਚਾਹਤ ਕਰ ਕੇ ਲਾਹੌਰ 'ਚ ਵੀ ਇਕ ਫਿਲਮ ਸਟੂਡੀਓ ਪੰਚੋਲੀ ਪਿਕਚਰਜ਼ ਨਾਂ ਨਾਲ ਖੁੱਲ੍ਹ ਗਿਆ। ਇਹ ਬਹੁਤ ਹੀ ਸਾਹਸ ਭਰਿਆ ਕਦਮ ਸੀ ਕਿਉਂਕਿ ਸਾਰੀਆਂ ਹਿੰਦੁਸਤਾਨੀ ਫਿਲਮਾਂ ਤਾਂ ਬੰਬਈ 'ਚ ਹੀ ਬਣਦੀਆਂ ਸਨ, ਫਿਰ ਵੀ ਇਨ੍ਹਾਂ ਨੇ ਹਿੰਮਤ ਕਰ ਕੇ ਲਾਹੌਰ 'ਚ ਵੀ ਕੁਝ ਫਿਲਮਾਂ ਬਣਾਈਆਂ।

ਲਾਹੌਰ ਵਿਚ ਉੱਚੀ-ਉੱਚੀ ਆਵਾਜ਼ਾਂ ਦੇ ਕੇ ਫਲ ਵੇਚਣ ਵਾਲਿਆਂ ਦੀਆਂ ਆਵਾਜ਼ਾਂ ਦਾ ਵੀ ਆਪਣਾ ਹੀ ਅੰਦਾਜ਼ ਸੀ। ਇਹ ਆਵਾਜ਼ਾਂ ਖਾਸ ਕਰ ਕੇ ਇਕ ਵੱਖਰੇ ਅੰਦਾਜ਼ 'ਚ ਆਉਂਦੀਆਂ; ਮਸਲਨ- ਗਵਾਲਮੰਡੀ ਦੇ ਚੌਕ 'ਚ ਹੱਥ ਰੇੜ੍ਹੀਆਂ 'ਤੇ ਖਜੂਰਾਂ ਵੇਚਣ ਵਾਲੇ ਪੂਰੇ ਜ਼ੋਰ ਤੇ ਜੋਸ਼ ਨਾਲ ਪੁਕਾਰਦੇ ਸਨ- "ਛੁਹਾਰੇ ਬਸਰੇ ਦੇ, ਅੱਜ ਆਨੇ ਪਾਅ ਲਵੋ।" ਇਸ ਦਾ ਮਤਲਬ ਸੀ ਕਿ ਇਹ ਖਜੂਰਾਂ ਬਗਦਾਦ ਦੇ ਨੇੜਲੇ ਸ਼ਹਿਰ ਬਸਰਾ ਤੋਂ ਤੁਹਾਡੇ ਲਈ ਆਈਆਂ ਹਨ ਤੇ ਇਨ੍ਹਾਂ ਦਾ ਭਾਅ ਇਕ ਪਾਅ (250 ਗ੍ਰਾਮ) ਦਾ ਸਿਰਫ ਇਕ ਆਨਾ ਹੈ। ਮੈਨੂੰ ਲੱਗਦਾ ਹੈ ਕਿ ਇਹ ਹੋਕੇ ਤਾਂ ਉਹ ਲੋਕ ਸਮਾਨ ਵੇਚਣ ਲਈ ਲਗਾਉਂਦੇ ਸਨ ਪਰ ਇਹਦੇ ਨਾਲ-ਨਾਲ ਇਨ੍ਹਾਂ ਹੋਕਿਆਂ ਰਾਹੀਂ ਉਹ ਆਪ ਵੀ ਖਾਸ ਉਤਸ਼ਾਹ ਅਤੇ ਆਨੰਦ ਪ੍ਰਾਪਤ ਕਰਦੇ ਹੋਣਗੇ। ਸੱਚਮੁੱਚ ਬੰਦਾ ਜੋ ਵੀ ਕੰਮ ਕਰੇ, ਉਹਦੇ ਨਾਲ ਉਹਦਾ ਪੂਰਾ ਮਜ਼ਾ ਵੀ ਲਵੇ, ਲਾਹੌਰੀਆਂ ਦੀ ਇਹ ਗੱਲ ਵੀ ਬਹੁਤ ਚੇਤੇ ਆਉਂਦੀ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਗੱਲ ਵੀ ਯਾਦ ਆਉਂਦੀ ਹੈ ਕਿ ਨਿਸਬਤ ਰੋਡ ਦੇ ਅਖੀਰ 'ਚ ਜਿਥੇ ਉਹ ਮੈਕਲੋਡ ਰੋਡ ਨੂੰ ਛੂਹਦੀ ਹੈ, ਉਥੇ ਲਕਸ਼ਮੀ ਇੰਸ਼ੋਰੈਂਸ ਕੰਪਨੀ ਦੀ ਬਿਲਡਿੰਗ ਸੀ ਅਤੇ ਇਸੇ ਲਈ ਉਸ ਨੂੰ ਲਕਸ਼ਮੀ ਚੌਕ ਕਿਹਾ ਜਾਂਦਾ ਸੀ। ਉਸ ਥਾਂ ਦੀ ਮਸ਼ਹੂਰੀ ਇਸ ਕਰ ਕੇ ਵੀ ਸੀ ਕਿ ਉਥੇ ਖਾਸ ਕਿਸਮ ਦੇ ਸਮੋਸੇ ਬਣਾਉਣ ਵਾਲੇ ਦੀ ਦੁਕਾਨ ਸੀ। ਉਸ ਦੇ ਸਮੋਸੇ ਆਮ, ਤਿਕੋਣ ਵਾਲੇ ਨਹੀਂ ਸਨ ਹੁੰਦੇ ਸਗੋਂ ਕਈ ਹਲਕੀਆਂ-ਹਲਕੀਆਂ ਕਰਾਰੀਆਂ ਤਹਿਆਂ 'ਚ ਬਣੇ ਹੁੰਦੇ। ਉਹ ਸਮੋਸੇ ਕੇਵਲ ਉਹੀ ਮਨੋਹਰ ਨਾਂ ਦਾ ਸ਼ਖਸ ਬਣਾਉਂਦਾ ਤੇ ਲੋਕ ਦੂਰ-ਦੂਰ ਤੋਂ ਆ ਕੇ ਉਨ੍ਹਾਂ ਸਮੋਸਿਆਂ ਦਾ ਆਨੰਦ ਮਾਣਦੇ। ਕਈ ਲੋਕ ਤਾਂ ਆਪਣੀਆਂ ਪਾਰਟੀਆਂ 'ਚ ਵੀ ਉਹੀ ਸਮੋਸੇ ਮੰਗਵਾਉਂਦੇ। ਅਜੀਬ ਗੱਲ ਇਹ ਸੀ ਕਿ ਅਜਿਹੇ ਸਮੋਸੇ ਬਣਾਉਣ ਦੀ ਜੁਗਤ ਪੂਰੇ ਲਾਹੌਰ 'ਚ ਕਿਸੇ ਹੋਰ ਕੋਲ ਨਹੀਂ ਸੀ। ਇਹ ਉਸੇ ਦਾ 'ਪੇਟੈਂਟ' ਸੀ। ਇਨ੍ਹਾਂ ਸਮੋਸਿਆਂ ਦੇ ਨਾਂ ਵੱਖਰੇ ਸਨ; ਮਸਲਨ- ਜਾਪਾਨੀ ਸਮੋਸੇ ਜਾਂ ਬਲੋ ਵਾਲੇ ਸਮੋਸੇ। ਹਮੇਸ਼ਾ ਇਹ ਰਾਜ਼ ਹੀ ਰਿਹਾ ਕਿ ਉਹ ਇਹ ਸਮੋਸੇ ਕਿਵੇਂ ਬਣਾਉਂਦਾ ਏ ਤੇ ਇਹ ਹੋਰ ਕੋਈ ਨਹੀਂ ਬਣਾ ਸਕਿਆ। ਹੁਣ ਉਸ ਦੇ ਪੁੱਤਰ ਨੇ ਲਾਲ ਕਿਲ੍ਹੇ ਨੇੜੇ ਲਾਜਪਤ ਰਾਇ ਮਾਰਕੀਟ 'ਚ ਅਜਿਹੇ ਸਮੋਸੇ ਬਣਾਉਣ ਦੀ ਦੁਕਾਨ ਖੋਲ੍ਹੀ ਹੋਈ ਹੈ। ਅਸਲ 'ਚ 'ਜਾਪਾਨੀ' ਦਾ ਮਤਲਬ ਸੀ ਕਿ ਇਕ ਖਾਸ ਕਿਸਮ; ਨਾ ਕਿ ਉਸ 'ਚ ਕੋਈ ਜਾਪਾਨੀ ਰੈਸਪੀ ਸ਼ਾਮਲ ਸੀ ਜਾਂ ਉਹਦੇ 'ਚ ਜਪਾਨੀ ਟੈਕਨੋਲੋਜੀ ਦਾ ਕੋਈ ਦਖ਼ਲ ਸੀ। ਬੱਸ ਵੱਖਰੇਪਣ ਲਈ ਉਸ ਨੂੰ ਜਾਪਾਨੀ ਦਾ ਨਾਂ ਮਿਲ ਗਿਆ ਸੀ, ਪਛਾਣ ਮਿਲ ਗਈ ਸੀ ਉਸ ਨੂੰ।

ਇਕ ਗੱਲ ਬਹੁਤ ਹੀ ਤਜਰਬੇ ਸਿੱਧ ਕਰ ਚੁੱਕੀ ਹੈ ਕਿ ਜੇ ਕੋਈ ਵੀ ਕਿਸੇ ਕੰਮ 'ਚ ਮੁਹਾਰਤ ਹਾਸਲ ਕਰ ਲਵੇ ਤੇ ਉਸ 'ਚ ਆਦਰ ਸਤਿਕਾਰ ਭਰ ਦੇਵੇ ਤਾਂ ਜ਼ਮਾਨਾ ਉਸ ਨੂੰ ਹੱਥਾਂ 'ਤੇ ਹੀ ਚੁੱਕ ਲੈਂਦਾ ਹੈ। ਫਾਰਸੀ ਭਾਸ਼ਾ 'ਚ ਇਹ ਕਿਹਾ ਜਾਂਦਾ ਕਿ 'ਕਸਬੇ-ਕਮਾਲ ਕੁਨ ਜਹਾਨ ਅਜ਼ੀਜ਼ ਸ਼ੁੱਧ'; ਭਾਵ, ਕਿਸੇ ਵੀ ਹੁਨਰ 'ਚ ਤੁਸੀਂ ਕਮਾਲ ਕਰ ਦਿਓ ਤਾਂ ਤੁਸੀਂ ਆਪੇ ਸੰਸਾਰ ਪ੍ਰਸਿੱਧ ਹੋ ਜਾਓਗੇ, ਲੋਕਾਂ ਦੇ ਦਿਲਾਂ ਨੂੰ ਛੂਹ ਜਾਓਗੇ। ਅਮਰੀਕਾ ਦੇ ਮਹਾਨ ਵਿਚਾਰਕ ਈਮਰਸਨ ਨੇ ਇਹੀ ਗੱਲ ਇਨ੍ਹਾਂ ਸ਼ਬਦਾਂ 'ਚ ਕਹੀ ਸੀ- "ਜੇ ਤੁਸੀਂ ਵਧੀਆ ਕਿਸਮ ਦੀ ਚੂਹੇਦਾਨੀ ਹੀ ਬਣਾ ਕੇ ਉਸ ਨੂੰ ਵੇਚਣ ਲਈ ਜੰਗਲ 'ਚ ਦੁਕਾਨ ਖੋਲ੍ਹ ਲਵੋ ਤਾਂ ਵੀ ਲੋਕ ਉਸ ਨੂੰ ਖਰੀਦਣ ਲਈ ਰਾਹ ਲੱਭਦਿਆਂ ਪਗਡੰਡੀਆਂ 'ਚੋਂ ਤੁਰਦੇ ਤੁਹਾਡੇ ਕੋਲ ਪਹੁੰਚ ਜਾਣਗੇ।"

ਚੰਗੀ ਚੀਜ਼ ਤੇ ਚੰਗੇ ਬੰਦੇ ਦੀ ਸੰਸਾਰ 'ਚ ਹਮੇਸ਼ਾ ਕਦਰ ਰਹੀ ਹੈ ਤੇ ਰਹੇਗੀ!

ਲਾਹੌਰ ਦੇ ਲਾਰੈਂਸ ਰੋਡ ਦੀ ਆਪਣੀ ਹੀ ਬਹਾਰ ਸੀ। ਸੂਰਜ ਢਲਣ ਤੋਂ ਪਹਿਲਾਂ ਹੀ ਉਥੇ ਕੁਝ ਕੁ ਗਰਾਊਂਡਾਂ 'ਚ ਅੰਗਰੇਜ਼ਾਂ ਦੇ ਟੈਨਿਸ ਖੇਲ੍ਹਣ ਲਈ ਪਰਦੇ ਲਗਾ ਦਿੱਤੇ ਜਾਂਦੇ ਸਨ। ਉਹ ਆਪੋ-ਆਪਣੇ ਦਫਤਰਾਂ ਦੇ ਕੰਮ ਨਿਬੇੜਨ ਮਗਰੋਂ ਲਗਾਤਾਰ ਉਥੇ ਖੇਲ੍ਹਣ ਆਉਂਦੇ। ਸਵੇਰ ਵੇਲੇ ਦੂਰ-ਦੂਰ ਤੋਂ ਲੋਕ ਉਥੇ ਸੈਰ ਕਰਨ ਆਉਂਦੇ। ਕਈ-ਕਈ ਚੱਕਰ ਲਗਾਉਂਦੇ। ਕੁਝ ਲੋਕ ਤਾਂ ਲਗਾਤਾਰ ਆਉਂਦੇ ਹੋਣ ਕਰ ਕੇ ਇਕ ਦੂਜੇ ਦੇ ਵਾਕਫ ਵੀ ਬਣ ਗਏ ਸਨ। ਉਹ ਇਕ ਦੂਜੇ ਨੂੰ 'ਵਿਸ਼' ਕਰਦੇ ਤੇ ਆਪਣੀ ਸੈਰ 'ਚ ਮਸਤ ਅੱਗੇ ਲੰਘ ਜਾਂਦੇ। ਦੁਪਹਿਰ ਵੇਲੇ ਉਥੇ ਵਿਦਿਆਰਥੀ ਆਪੋ-ਆਪਣੇ ਇਮਤਿਹਾਨਾਂ ਦੀ ਤਿਆਰੀ ਲਈ ਦਰਖਤਾਂ ਹੇਠ ਬੈਠ ਆਪਣੀ ਪੜ੍ਹਾਈ ਦੇ ਰੱਟੇ ਲਾਉਂਦੇ ਤੇ ਪੜ੍ਹਦੇ-ਪੜ੍ਹਦੇ ਮਗਨ ਹੋ ਜਾਂਦੇ। ਇਹ ਬਹੁਤ ਹੀ ਸਾਫ ਸੁਥਰਾ ਬਾਗ ਸੀ ਜਿਥੇ ਰੌਸ਼ਨੀ ਦੇਣ ਕਰਨ ਵਾਲੇ ਖੂਬਸੂਰਤ ਖੰਭੇ ਵੀ ਵਲਾਇਤ ਤੋਂ ਮੰਗਵਾਏ ਜਾਂਦੇ ਸਨ। ਇਸ ਲਾਰੈਂਸ ਗਾਰਡਨ ਦੇ ਅੰਦਰ ਸ਼ੁਰੂ 'ਚ ਹੀ ਕਾਫ਼ੀ ਚੰਗਾ ਚਿੜੀਆ ਘਰ ਸੀ ਤੇ ਇਕ ਪਹਾੜੀ 'ਤੇ ਓਪਨ ਏਅਰ ਥੀਏਟਰ ਵੀ ਬਣ ਗਿਆ ਸੀ। ਹਰ ਚੀਜ਼ ਮੁਨਾਸਬ ਅਤੇ ਸਲੀਕੇ ਨਾਲ ਤਿਆਰ ਕੀਤੀ ਗਈ ਸੀ। ਲਾਰੈਂਸ ਗਾਰਡਨ ਤੋਂ ਥੋੜ੍ਹਾ ਜਿਹਾ ਪਹਿਲਾ ਹੀ ਮਾਲ ਰੋਡ 'ਤੇ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦਾ ਬੁੱਤ ਸੀ। ਉਥੋਂ ਤੱਕ ਸੈਰ ਕਰਨ ਵੀ ਬਹੁਤ ਲੋਕ ਆਉਂਦੇ ਸਨ। ਇਹ ਬੁੱਤ ਬਹੁਤ ਸੁੰਦਰ ਸੀ ਅਤੇ ਉਸ ਦੇ ਉੱਪਰ ਛਤਰੀ ਵੀ ਵਧੀਆ ਬਣੀ ਹੋਈ ਸੀ।

ਇਕ ਬਾਜ਼ਾਰ ਹੋਰ ਵੀ ਸੀ ਜਿਸ ਨੂੰ ਹੀਰਾ ਮੰਡੀ ਕਹਿੰਦੇ ਸਨ। ਉਹ ਕੁਝ ਗਾਉਣ ਵਾਲੀਆਂ ਤੇ ਕੁਝ ਵੇਸਵਾ ਦਾ ਧੰਦਾ ਕਰਨ ਵਾਲੀਆਂ ਔਰਤਾਂ ਦੇ ਕੋਠਿਆਂ ਦੇ ਬਾਜ਼ਾਰ ਵਜੋਂ ਜਾਣਿਆ ਜਾਂਦਾ ਸੀ। ਉਸ ਪਾਸਿਓਂ ਸਾਡਾ ਜਾਣਾ ਤਾਂ ਬਣਦਾ ਨਹੀਂ ਸੀ ਪਰ ਜੋ ਕੁਝ ਉਸ ਬਾਰੇ ਸੁਣਦੇ ਸਾਂ, ਉਹ ਬਹੁਤ ਦਿਲਚਸਪ ਸੀ। ਸੁਣਦੇ ਸਾਂ ਕਿ ਉਥੇ ਬਹੁਤ ਉੱਚੇ ਪੱਧਰ 'ਤੇ ਗਾਉਣ ਵਾਲੀਆਂ ਔਰਤਾਂ ਸਨ ਤੇ ਲੋਕ ਦੂਰ-ਦੂਰ ਤੋਂ ਉਥੇ ਉਨ੍ਹਾਂ ਦਾ ਸੰਗੀਤ ਸੁਣਨ ਆਉਂਦੇ ਸਨ। ਕੋਈ ਰਾਵਲਪਿੰਡੀ ਤੇ ਕੋਈ ਪਿਸ਼ਾਵਰ ਤੋਂ। ਪਤਾ ਨਹੀਂ ਕਿਥੋਂ-ਕਿਥੋਂ ਦੇ ਰਈਸ ਉਥੇ ਆਉਂਦੇ ਸਨ ਪਰ ਉਹ ਬਾਜ਼ਾਰ ਤੇ ਉਨ੍ਹਾਂ ਵੇਸਵਾਵਾਂ ਦੀ ਕਲਾ ਮਸ਼ਹੂਰ ਸੀ। ਇਨ੍ਹਾਂ ਦੀ ਇੱਜ਼ਤ ਤੇ ਮਾਣ ਆਪਣੀ ਹੀ ਕਿਸਮ ਦਾ ਸੀ। ਸਾਮੰਤੀ ਘਰਾਣਿਆਂ ਦੇ ਨੌਜਵਾਨਾਂ ਨੂੰ ਤਹਿਜ਼ੀਬ ਸਿਖਾਉਣ ਲਈ ਇਨ੍ਹਾਂ ਔਰਤਾਂ ਦੀ ਹੀ ਮਦਦ ਲਈ ਜਾਂਦੀ ਸੀ। ਉਦੋਂ ਇਹ ਔਰਤਾਂ ਤਹਿਜ਼ੀਬੀ ਸਕੂਲ ਦੇ ਤੌਰ 'ਤੇ ਵੀ ਲਿਆਕਤ ਮੁਹੱਈਆ ਕਰਨ 'ਚ ਆਪਣਾ ਯੋਗਦਾਨ ਪਾ ਰਹੀਆਂ ਸਨ। ਇਨ੍ਹਾਂ ਔਰਤਾਂ ਵਿਚ ਹੀ ਕਈ ਤਾਂ ਬੇਗਮ ਅਖ਼ਤਰ ਵਾਂਗ ਆਪਣੀਆਂ ਗਜ਼ਲਾਂ ਗਾਉਣ 'ਚ ਮਾਹਿਰ ਸਨ। ਇਸੇ ਤਰ੍ਹਾਂ ਜਾਪਾਨ 'ਚ ਅਜਿਹੀਆਂ ਔਰਤਾਂ ਨੂੰ 'ਗੀਸ਼ਾ' ਕਿਹਾ ਜਾਂਦਾ ਹੈ। ਉਹ ਵੀ ਸਭਿਅਤਾ, ਮਹਿਮਾਨ-ਨਿਵਾਜ਼ੀ ਤੇ ਮਿੱਤਰਤਾ ਦੀ ਮਹੱਤਵਪੂਰਨ ਉਦਾਹਰਨ ਹੈ।

ਲਾਹੌਰ ਦੀ ਇੰਨੀ ਚਮਕ-ਦਮਕ ਕਾਰਨ ਉਥੇ ਕਈ ਕਹਾਵਤਾਂ ਵੀ ਬਣੀਆਂ ਹੋਈਆਂ ਸਨ; ਜਿਵੇਂ ਇਕ ਸੀ- ਜੀਹਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ; ਮਤਲਬ ਜੋ ਲਾਹੌਰ ਨਹੀਂ ਗਿਆ, ਜਾਂ ਜਿਸ ਨੇ ਲਾਹੌਰ ਨਹੀਂ ਦੇਖਿਆ, ਉਹਦਾ ਜਨਮ ਹੀ ਅਸਫਲ ਹੈ ਜਾਂ ਉਹਦਾ ਜਨਮ ਹੀ ਨਹੀਂ ਹੋਇਆ। ਇਸ ਅਖਾਣ 'ਤੇ ਆਧਾਰਿਤ ਦਿੱਲੀ 'ਚ ਨਾਟਕ ਵੀ ਖੇਡਿਆ ਗਿਆ। ਉਹ ਬਹੁਤ ਲੋਕਪ੍ਰਿਯਾ ਹੋਇਆ। ਉਹ ਪ੍ਰਸਿੱਧ ਲੇਖਕ ਅਸਗਰ ਵਜਾਹਤ ਨੇ ਲਿਖਿਆ ਸੀ।

ਮੇਰੇ ਸਕੂਲ ਦੇ ਸਾਲਾਂ 'ਚ ਲਾਹੌਰ 'ਚ ਰਾਜਨੀਤਕ ਸਰਗਰਮੀਆਂ ਵੀ ਤੇਜ਼ ਸਨ। ਉਦੋਂ ਹੋਰ ਬਹੁਤ ਸਾਰੀਆਂ ਘਟਨਾਵਾਂ ਹੋਈਆਂ ਪਰ ਉਨ੍ਹਾਂ 'ਚੋਂ ਤਿੰਨ ਤਾਂ ਮੇਰੇ ਮਨ 'ਚ ਪੂਰੀ ਤਰ੍ਹਾਂ ਅੰਕਿਤ ਹਨ।

ਪਹਿਲੀ ਘਟਨਾ ਉੱਨੀ ਸੌ ਅਠਾਈ ਦੀ ਹੈ ਜਦੋਂ ਲਾਲਾ ਲਾਜਪਤ ਰਾਇ ਦੀ ਪੁਲੀਸ ਦੀ ਲਾਠੀਚਾਰਜ ਨਾਲ ਜ਼ਖ਼ਮੀ ਹੋਣ ਕਰ ਕੇ ਮੌਤ ਹੋ ਗਈ ਸੀ। ਉਹ ਰੇਲਵੇ ਸਟੇਸ਼ਨ ਮੂਹਰੇ ਜਨਤਾ ਦੀ ਅਗਵਾਈ ਕਰ ਰਹੇ ਸਨ ਤੇ ਇਸ ਰੈਲੀ ਦਾ ਸੁਨੇਹਾ ਸੀ- 'ਸਾਈਮਨ ਗੋ ਬੈਕ' (ਸਾਈਮਨ ਵਾਪਸ ਜਾਓ)। ਇਹ ਰੈਲੀ ਸਾਈਮਨ ਦੀ ਆਮਦ ਵਿਰੁੱਧ ਲੋਕਾਂ ਦੇ ਰੋਸ 'ਚੋਂ ਉਭਰੀ ਅਹਿਮ ਘਟਨਾ ਸੀ ਪਰ ਪੁਲਿਸ ਦੇ ਜ਼ਬਰਦਸਤ ਲਾਠੀਚਾਰਜ ਕਾਰਨ ਲਾਲਾ ਜੀ ਜ਼ਖ਼ਮੀ ਹੋ ਗਏ ਤੇ ਮਗਰੋਂ ਉਹ ਆਪਣੀ ਦੇਹ 'ਚੋਂ ਸਾਹ ਛੱਡ ਗਏ। ਪੁਲਿਸ ਨੇ ਬਹੁਤ ਹੀ ਨਿਰਮੋਹੇ ਢੰਗ ਨਾਲ ਉਨ੍ਹਾਂ 'ਤੇ ਲਾਠੀਆਂ ਨਾਲ ਹਮਲੇ ਕੀਤੇ ਸਨ। ਲਾਲਾ ਜੀ ਸਭ ਤੋਂ ਅੱਗੇ ਸਨ ਤੇ ਪੁਲਿਸ ਦੀ ਹਰ ਪਹਿਲੀ ਲਾਠੀ ਉਹ ਆਪਣੇ ਉੱਪਰ ਝੱਲਦੇ। ਉਹ ਬਹੁਤ ਬੁਰੀ ਤਰ੍ਹਾਂ ਘਾਇਲ ਹੋ ਗਏ। ਕੁਝ ਦਿਨਾਂ 'ਚ ਹੀ ਉਹ ਸੰਸਾਰ ਛੱਡ ਚਲੇ ਗਏ। ਦੇਸ਼ ਤੇ ਦੇਸ਼ ਦੀ ਜਨਤਾ ਲਈ ਸ਼ਹੀਦ ਹੋ ਗਏ। ਉਨ੍ਹਾਂ ਦੇ ਜਾਣ ਉਪਰੰਤ ਸਿਰਫ ਲਾਹੌਰ ਹੀ ਨਹੀਂ, ਪੂਰੇ ਦੇਸ਼ 'ਚ ਹੜਤਾਲਾਂ ਹੋਈਆਂ। ਜਲੂਸ ਕੱਢੇ ਗਏ। ਲਾਲਾ ਜੀ ਦੀ ਸ਼ਹੀਦੀ ਇਤਿਹਾਸਕ ਘਟਨਾ ਬਣ ਗਈ।

ਕਈ ਸਾਲ ਬਾਅਦ ਲਾਲਾ ਜੀ ਦਾ ਸ਼ਾਨਦਾਰ ਬੁੱਤ ਲਾਹੌਰ ਦੇ ਗੋਲ ਬਾਗ 'ਚ ਲਗਾਇਆ ਗਿਆ ਜੋ ਭਾਸ਼ਣ ਦਿੰਦੇ ਹੋਏ ਉਨ੍ਹਾਂ ਦੇ ਹੱਥ ਦੀ ਇਕ ਉਂਗਲੀ ਦਿਖਾਉਂਦਿਆਂ ਅੰਗਰੇਜ਼ਾਂ ਨੂੰ ਵੰਗਾਰਨ ਦਾ ਚਿੰਨ੍ਹ ਹੈ। ਇਸ ਦਾ ਸੁਨੇਹਾ ਸਾਫ ਸੀ- 'ਅੰਗਰੇਜ਼ੋ ਦੇਸ਼ ਛੱਡੋ'। ਪਾਕਿਸਤਾਨ ਬਣਨ ਬਾਅਦ ਉਹੀ ਬੁੱਤ ਭਾਰਤ ਲਿਆ ਕੇ ਸ਼ਿਮਲੇ ਦੇ ਮਾਲ ਰੋਡ ਚੌਕ 'ਤੇ ਲਗਾਇਆ ਗਿਆ। ਉਨ੍ਹਾਂ ਨੂੰ 'ਪੰਜਾਬ ਦਾ ਸ਼ੇਰ' ਕਿਹਾ ਜਾਂਦਾ ਸੀ। ਉਨ੍ਹਾਂ ਦੇ ਨਾਂ ਨਾਲ 'ਪੰਜਾਬ ਕੇਸਰੀ' ਵੀ ਜੋੜ ਦਿੱਤਾ ਗਿਆ।

ਦੂਜੀ ਘਟਨਾ ਹੈ ਉੱਨੀ ਸੌ ਉਣੱਤੀ ਦੀ, ਜਦ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਮਾਗਮ ਲਾਹੌਰ ਵਿਖੇ ਹੋਇਆ। ਰਾਵੀ ਦੇ ਕੰਢੇ ਬਹੁਤ ਵੱਡਾ ਪੰਡਾਲ ਬਣਾਇਆ ਗਿਆ ਜਿਥੇ ਦੇਸ਼ ਭਰ ਤੋਂ ਆਏ ਲੋਕਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ। ਬਹੁਤ ਵੱਡੇ ਬਾਜ਼ਾਰ ਬਣਾਏ ਤੇ ਤੰਬੂ ਲਗਾਏ ਗਏ। ਇਸ ਸਾਰੇ ਵਿਸ਼ਾਲ ਸਥਾਨ ਦਾ ਨਾਂ ਲਾਜਪਤ ਨਗਰ ਰੱਖਿਆ ਗਿਆ। ਸਾਡੇ ਪ੍ਰਕਾਸ਼ਨ ਘਰ ਨੇ ਵੀ ਬਹੁਤ ਸਾਰੀਆਂ ਚੰਗੀਆਂ ਰਾਜਨੀਤਕ ਤੇ ਸਮਾਜਿਕ ਚੇਤਨਾ ਦੀ ਜਾਗ੍ਰਿਤੀ ਬਾਰੇ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ। ਹੋਰ ਵੀ ਕਈ ਪ੍ਰਕਾਸ਼ਕਾਂ ਨੇ ਇਸ 'ਚ ਸ਼ਮੂਲੀਅਤ ਕੀਤੀ ਸੀ। ਸਾਡੇ ਸਟਾਲ 'ਤੇ ਕਾਫੀ ਭੀੜ ਰਹਿੰਦੀ ਸੀ। ਇਹਦਾ ਇਕ ਕਾਰਨ ਸ਼ਾਇਦ ਇਹ ਵੀ ਸੀ ਕਿ ਉਸੇ ਸਾਲ ਹੀ ਪਿਤਾ ਜੀ ਨੇ ਬਲੀਦਾਨ ਦਿੱਤਾ ਸੀ।

ਇਸ ਕਾਂਗਰਸ ਸੈਸ਼ਨ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਸਨ। ਇਥੇ ਬਹੁਤ ਵੱਡਾ ਤੇ ਇਤਿਹਾਸਕ ਫੈਸਲਾ ਕੀਤਾ ਗਿਆ ਅਤੇ ਅਖੀਰ 'ਚ ਪ੍ਰਸਤਾਵ ਪਾਸ ਕੀਤਾ ਗਿਆ ਕਿ ਸਾਡਾ ਮੁੱਖ ਟੀਚਾ ਸੰਪੂਰਨ ਸਵਰਾਜ ਪ੍ਰਾਪਤ ਕਰਨਾ ਹੈ ਤੇ ਇਹ ਵੀ ਕਿਹਾ ਗਿਆ ਕਿ ਕਿਉਂਕਿ ਬ੍ਰਿਟਿਸ਼ ਸਰਕਾਰ ਨੇ ਜੋ ਥੋੜ੍ਹੇ ਬਹੁਤ ਫੈਸਲੇ ਕੀਤੇ ਹਨ, ਉਹ ਸਾਡੇ ਲਈ ਕਾਫੀ ਨਹੀਂ। ਦੇਸ਼ ਦਾ ਭਵਿੱਖ ਤਦ ਹੀ ਚਮਕੇਗਾ ਜਦ ਸਾਡੇ ਦੇਸ਼ ਦੀ ਸਰਕਾਰ ਹੋਵੇਗੀ ਤੇ ਦੇਸ਼ ਦਾ ਨਿਰਮਾਣ ਕਰ ਸਕੇਗੀ। ਬਰਤਾਨਵੀ ਸਰਕਾਰ ਦੇ ਹੁੰਦਿਆਂ ਭਾਰਤ ਦੀ ਤਰੱਕੀ ਸੰਭਵ ਨਹੀਂ। ਇਸ ਸੈਸ਼ਨ 'ਚ ਅੰਤਾਂ ਦਾ ਜੋਸ਼ ਸੀ ਤੇ ਇਸ ਤਰ੍ਹਾਂ ਦੇ ਗੀਤ ਗਾਏ ਜਾ ਰਹੇ ਸਨ:

ਜਬ ਹਿੰਦ ਮੇਂ ਹਮ ਹਿੰਦੀਓਂ ਕਾ ਰਾਜ ਦੇਖੇਂਗੇ
ਤਬ ਅਪਨੀ ਹੀ ਜ਼ਮੀ ਹੋਗੀ
ਔਰ ਅਪਨਾ ਹੀ ਆਸਮਾਂ ਹੋਗਾ।

ਇਹ ਮਤਾ ਪਾਸ ਹੋਣ ਮਗਰੋਂ ਪੂਰੇ ਸ਼ਹਿਰ 'ਚ ਭਰਪੂਰ ਜੋਸ਼ ਸੀ ਤੇ ਮਗਰੋਂ ਵੱਡਾ ਜਲੂਸ ਕੱਢਿਆ ਗਿਆ। ਅਨਾਰਕਲੀ ਬਾਜ਼ਾਰ 'ਚ ਨਹਿਰੂ ਆਪਣੇ ਸਫੇਦ ਘੋੜੇ ਤੋਂ ਉਤਰ ਕੇ ਨੱਚਦੇ ਹੋਏ ਦਿਖਾਵਾ ਕਰ ਰਹੇ ਸਨ ਕਿ ਹੁਣ ਸਾਡਾ ਟੀਚਾ

***(ਬਾਕੀ ਅਗਲੇ ਸਫੇ 'ਤੇ)***

# ਬਦਲਦੇ ਅਰਥਾਂ ਵਿਚ ਪਰਵਾਸ ਦੇ ਸਰੋਕਾਰ

ਪਰਵਾਸ ਸਦੀਆਂ ਤੋਂ ਚਲਦਾ ਆ ਰਿਹਾ ਵਰਤਾਰਾ ਹੈ। ਹੁਣ ਦੇ ਸਮਿਆਂ ਵਿਚ ਪਰਵਾਸ ਦੇ ਅਰਥ ਬਦਲ ਗਏ ਹਨ। ਪਹਿਲਾਂ ਆਦਮੀ ਰੁਜ਼ਗਾਰ ਦੀ ਭਾਲ ਵਿਚ ਪ੍ਰਦੇਸ ਜਾਂਦਾ ਸੀ। ਪਰਿਵਾਰ ਪਿੱਛੇ ਆਪਣੇ ਦੇਸ਼, ਪ੍ਰਾਂਤ, ਪਿੰਡ, ਘਰ ਰਹਿੰਦਾ ਸੀ। ਪਰਵਾਸ ਦੌਰਾਨ ਕੀਤੀ ਕਮਾਈ ਪਰਿਵਾਰ ਕੋਲ ਪਹੁੰਚਦੀ ਸੀ। ਪਰਿਵਾਰ ਦੀਆਂ ਤੰਗੀਆਂ ਤੁਰਸ਼ੀਆਂ ਦੂਰ ਹੁੰਦੀਆਂ ਸਨ। ਉਹ ਵੱਡਾ ਘਰ ਬਣਾਉਂਦੇ ਸਨ। ਜ਼ਮੀਨ ਖਰੀਦਦੇ ਸਨ। ਪਰਵਾਸ ਪਰਿਵਾਰ ਲਈ ਖ਼ੁਸ਼ਹਾਲੀ ਦਾ ਸਬੱਬ ਬਣਦਾ ਸੀ। ਹੁਣ ਪਰਵਾਸ ਵਿਚ ਪਰਿਵਾਰ ਸ਼ਾਮਲ ਹੁੰਦਾ ਹੈ। ਕੁਝ ਹਾਲਤਾਂ ਵਿਚ

ਮਲਵਿੰਦਰ
ਫੋਨ: 97795-91344

ਪਰਿਵਾਰਕ ਵੀਜ਼ਾ ਲਵਾ ਕੇ ਸਾਰਾ ਪਰਿਵਾਰ 'ਕੱਠਾ ਜਾਂਦਾ ਹੈ। ਕੁਝ ਵਿਚ ਪਰਿਵਾਰ ਬਾਅਦ ਵਿਚ ਸ਼ਾਮਲ ਹੋ ਜਾਂਦਾ ਹੈ। ਦੋਵਾਂ ਹਾਲਤਾਂ ਵਿਚ ਸੋਚ ਜਾਂ ਮਰਜ਼ੀ ਪਰਵਾਸ ਵਾਲੇ ਦੇਸ਼ ਵਿਚ ਪੱਕਿਆਂ ਵੱਸਣ ਦੀ ਹੁੰਦੀ ਹੈ। ਪਰਵਾਸ ਜਦੋਂ ਸਮਾਜ ਵਿਚ ਆਮ ਵਰਤਾਰਾ ਬਣ ਜਾਵੇ, ਤੁਹਾਡੇ ਹੋਰ ਭੈਣ-ਭਰਾ, ਰਿਸ਼ਤੇਦਾਰ, ਦੋਸਤ, ਜਾਣ-ਪਛਾਣ ਵਾਲੇ, ਆਂਢ-ਗੁਆਂਢ ਸਭ ਘਰਾਂ ਦੇ ਬੱਚੇ ਜਾਂ ਲੋਕ ਵਿਦੇਸ਼ਾਂ ਵਿਚ ਜਾ ਕੇ ਵੱਸ ਰਹੇ ਹੋਣ, ਪਰਵਾਸ ਦੀ ਕਮਾਈ ਉਥੇ ਹੀ ਖ਼ਰਚ ਹੋ ਰਹੀ ਹੋਵੇ, ਉਥੇ ਤੁਹਾਡਾ ਆਪਣਾ ਘਰ ਹੋਵੇ, ਕਾਰੋਬਾਰ ਹੋਵੇ, ਭਾਈਚਾਰਾ ਹੋਵੇ ਤਾਂ ਫਿਰ ਤੁਹਾਡੇ ਸਮਾਜ ਦੇ, ਭਾਈਚਾਰੇ ਦੇ ਐਬ ਵੀ ਜ਼ਰੂਰ ਪਰਵਾਸ ਕਰਕੇ ਤੁਹਾਡੇ ਨਾਲ ਪ੍ਰਦੇਸ ਵਿਚ ਵੱਸ ਗਏ ਹੋਣਗੇ। ਜੀਵਨ ਦੀਆਂ ਉਹ ਸਾਰੀਆਂ ਬੇਤਰਤੀਬੀਆਂ, ਪ੍ਰੇਸ਼ਾਨੀਆਂ, ਔਕੜਾਂ, ਸਿਸਟਮ ਦੀਆਂ ਖਰਾਬੀਆਂ ਜੋ ਤੁਸੀਂ ਪਿੱਛੇ ਰਹਿ ਗਏ ਸਮਝ ਰਹੇ ਸੀ, ਥੋੜ੍ਹੇ-ਬਹੁਤੇ ਫਰਕ ਨਾਲ ਇਸ ਨਵੇਂ ਦੇਸ਼, ਨਵੀਂ ਭੋਇੰ, ਨਵੇਂ ਮੌਸਮ ਵਿਚ ਵੀ ਮੌਜੂਦ ਹੁੰਦੇ ਹਨ। ਧਰਤੀ ਉਪਰ ਅਜੇ ਸ਼ਾਇਦ ਭੋਇੰ ਦਾ ਅਜਿਹਾ ਕੋਈ ਟੋਟਾ ਨਹੀਂ ਹੈ ਜਿਸ ਨੂੰ ਸਵਰਗ ਕਿਹਾ ਜਾ ਸਕੇ। ਹਰ ਚਿਤਵੇ ਸਵਰਗ ਅੰਦਰ ਤ੍ਰੇੜਾਂ ਹੁੰਦੀਆਂ ਹਨ। ਪੂੰਜੀਵਾਦੀ ਸਿਸਟਮ ਦੀ ਚਮਕ-ਦਮਕ ਵਿਚ ਥੋੜ੍ਹਾ ਬਹੁਤਾ ਫਰਕ ਹੋ ਸਕਦਾ ਹੈ, ਸੂਲੀ ਦਾ ਪ੍ਰਬੰਧ ਹਰ ਥਾਂ ਹੁੰਦਾ ਹੈ। ਸਵਰਗ ਵਰਗੀ ਕੋਈ ਭੋਇੰ ਸਿਰਜਣੀ ਤੇ ਵਿਕਸਤ ਕਰਨੀ ਉਥੇ ਵੱਸਦੇ ਮਨੁੱਖਾਂ ਦੀ ਸੋਚ, ਸੁਹਿਰਦਤਾ, ਸਿਰੜ, ਇਰਾਦੇ ਅਤੇ ਮਿਹਨਤ ਨਾਲ ਹੀ ਸੰਭਵ ਹੁੰਦਾ ਹੈ। ਲਾਲਚ, ਨਫ਼ਰਤ, ਦੰਭ, ਮਕਾਰ, ਹੇਰਾ-ਫੇਰੀ, ਠੱਗੀ ਅਤੇ ਸਰਮਾਇਆ ਇਕੱਤਰ ਕਰਨ ਦੀ ਤੁਹਾਡੀ ਨੀਅਤ ਹਰ ਸਿਸਟਮ ਨੂੰ ਨਰਕ ਬਣਾਉਣ ਲਈ ਬਹੁਤ ਹਨ। ਚਿੱਕੜ ਨਾਲ ਭਰੇ ਪੈਰ ਲੈ ਕੇ ਕਿਸੇ ਸਾਫ਼-ਸੁਥਰੇ ਘਰ ਵਿਚ ਦਾਖ਼ਲ ਹੋਵਾਂਗੇ ਤਾਂ ਘਰ ਸਾਫ ਕਿੰਝ ਰਹੇਗਾ। ਸਵਰਗ-ਨਰਕ ਤਾਂ ਮਨੁੱਖ ਦੇ ਅੰਦਰ ਪਏ ਵਰਤਾਰੇ ਹਨ।

ਹੁਣ ਕੈਨੇਡਾ ਦੀ ਗੱਲ ਕਰਦੇ ਹਾਂ। ਇੱਥੇ ਅੱਜ-ਕੱਲ੍ਹ ਵਿਚਾਰਨ ਯੋਗ ਪਰਵਾਸੀ ਸਰੋਕਾਰਾਂ ਵਿਚ ਨੌਜਵਾਨ ਪੰਜਾਬੀ ਮੁੰਡਿਆਂ ਦੇ ਹਾਰਟ ਅਟੈਕ ਨਾਲ ਮਰਨ ਦੀਆਂ ਖ਼ਬਰਾਂ ਹਨ। ਕਹਿੰਦੇ ਹਨ ਕਿ ਇੱਥੇ ਕੁਝ ਨੌਜਵਾਨ ਮੁੰਡੇ, ਕੁੜੀਆਂ ਅਫੀਮ ਦੀ ਵਰਤੋਂ ਕਰਦੇ ਹਨ। ਇਸ ਅਫੀਮ ਵਿਚ ਫੈਂਟਾਨਿਲ ਨਾਂ ਦਾ ਰਸਾਇਣ ਮਿਲਾਇਆ ਹੁੰਦਾ ਹੈ।



ਕੈਨੇਡਾ ਵਿਚ ਸਾਲ 2022 ਵਿਚ ਦਿਲ ਦਾ ਦੌਰਾ ਪੈਣ ਕਾਰਨ ਫੌਤ ਹੋਏ ਪੰਜਾਬੀ ਨੌਜਵਾਨ।

ਫੈਂਟਾਨਿਲ ਬਾਰੇ ਜਾਣਿਆ ਤਾਂ ਪਤਾ ਲੱਗਾ ਕਿ ਹਾਥੀ ਨੂੰ ਬੇਹੋਸ਼ ਕਰਨ ਲਈ ਫੈਂਟਾਨਿਲ ਦਾ ਟੀਕਾ ਲਾਇਆ ਜਾਂਦਾ ਹੈ। ਅਜਿਹੇ ਨਸ਼ੇ ਦੀ ਵਰਤੋਂ ਨਾਲ ਮੌਤਾਂ ਹੋਣੀਆਂ ਸੁਭਾਵਕ ਗੱਲ ਹੈ। ਇਨ੍ਹਾਂ ਨੌਜਵਾਨਾਂ ਦੀ ਗਿਣਤੀ ਥੋੜ੍ਹੀ ਹੈ ਪਰ ਮੀਡੀਆ ਵਿਚ ਆ ਕੇ ਇਹ ਵੱਡੀ ਖ਼ਬਰ ਤੇ ਵੱਡਾ ਡਰ ਬਣ ਜਾਂਦਾ ਹੈ। ਇਹ ਉਹ ਨੌਜਵਾਨ ਹਨ ਜਿਹੜੇ ਇਹ ਭੁੱਲ ਜਾਂਦੇ ਹਨ ਕਿ ਮਾਪਿਆਂ ਨੇ ਉਨ੍ਹਾਂ ਨੂੰ ਲੱਖਾਂ ਰੁਪਏ ਖ਼ਰਚ ਕੇ ਚੰਗੇਰੇ ਜੀਵਨ ਲਈ ਇੱਥੇ ਭੇਜਿਆ ਹੈ। ਪੁਲਿਸ ਵੱਲੋਂ ਡਰੱਗ ਸਮੱਗਲਿੰਗ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਲੋਕਾਂ ਵਿਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਪੁੱਜੇ ਪੰਜਾਬੀ ਮੁੰਡੇ ਵੀ ਹੁੰਦੇ ਹਨ। ਮਹਿੰਗਾਈ ਵਧ ਗਈ ਹੈ। ਜੀਵਨ ਨਿਰਬਾਹ ਔਖਾ ਹੋ ਗਿਆ ਹੈ। ਬੇਸਮੈਂਟ ਦੇ ਇਕ ਕਮਰੇ ਵਿਚ ਅੱਧੀ ਦਰਜਨ ਮੁੰਡਿਆਂ ਨੂੰ ਇਕੱਠੇ ਰਹਿਣਾ ਪੈਂਦਾ ਹੈ। ਪਲਾਜ਼ਿਆਂ ਅਤੇ ਪਾਰਕਿੰਗ ਲਾਟਸ ਵਿਚ ਹੁੰਦੇ ਝਗੜੇ ਵੀ ਖ਼ਬਰਾਂ ਵਿਚ ਹਨ। ਇਹ ਕੋਈ ਬੇਮੁਹਾਰਾ ਵਰਤਾਰਾ ਨਹੀਂ ਹੈ। ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆ ਰਹੇ ਬੱਚਿਆਂ ਨੂੰ ਮਾਪਿਆਂ ਦੇ ਅਹੁਦੇ, ਰੁਤਬੇ ਅਤੇ ਜ਼ਮੀਨ ਜਾਇਦਾਦ ਨੂੰ ਜਹਾਜ਼ ਬੈਠਣ ਤੋਂ ਪਹਿਲਾਂ ਮਨੋ ਵਿਸਾਰ ਦੇਣਾ ਚਾਹੀਦਾ ਹੈ। ਇੱਧਰ ਨਿਮਰ ਬਣ ਕੇ ਆਉਣਾ ਹੈ। ਸੰਘਰਸ਼ ਕਰਨਾ ਹੈ। ਕਿਰਤ ਕਰਨੀ ਹੈ। ਮਾਪਿਆਂ ਤੋਂ ਦੂਰ 'ਕੱਲਿਆਂ ਰਹਿਣ ਦਾ ਵਲ਼ ਸਿਖਣਾ ਹੈ। ਇਸ ਸਿੱਖਣ ਸਿਖਾਉਣ ਵਿਚ ਭਵਿੱਖ ਦੀਆਂ ਸੰਭਾਵਨਾਵਾਂ ਪਈਆਂ ਹਨ। ਸੰਭਾਵਨਾਵਾਂ ਵਿਕਾਸ ਲਈ ਰਾਹ ਮੋਕਲਾ ਕਰਦੀਆਂ ਹਨ।

ਦੁਨੀਆ ਦੇ ਕਿਸੇ ਵੀ ਕੋਨੇ ਵਿਚ ਪਰਵਾਸੀ ਬਣ ਕੇ ਜਾਣ ਵਾਲੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਭੂਆ ਦੇ ਘਰ ਨਹੀਂ ਜਾ ਰਹੇ। ਅਸੀਂ ਨਵੀਆਂ ਚੁਣੌਤੀਆਂ ਨਾਲ ਜੂਝਣ ਜਾ ਰਹੇ ਹਾਂ। ਬਿਹਤਰ ਜੀਵਨ ਹਾਲਤਾਂ ਪੈਦਾ ਕਰਨ ਲਈ ਜਾ ਰਹੇ ਹਾਂ। ਪੰਜਾਬ ਵਿਚ ਬੈਠੇ ਮਾਪਿਆਂ ਲਈ ਜਿਨ੍ਹਾਂ ਦੇ ਬੱਚੇ ਇੱਧਰ ਆਉਣ ਬਾਰੇ ਸੋਚ ਰਹੇ ਹਨ, ਇਹ ਖ਼ਬਰਾਂ ਪ੍ਰੇਸ਼ਾਨੀ ਵਾਲੀ ਗੱਲ ਹਨ। ਪੰਜਾਬ ਤੋਂ ਦੋ ਬੱਚੀਆਂ ਦੀ ਮਾਂ ਇਨ੍ਹਾਂ ਫਿਕਰਾਂ ਦੇ ਹਵਾਲੇ ਨਾਲ ਪੁੱਛਦੀ ਹੈ ਕਿ ਬੱਚੀਆਂ ਕੈਨੇਡਾ ਜਾਣ ਬਾਰੇ ਕਹਿ ਰਹੀਆਂ ਹਨ। ਕਹਿਣਾ, ਦੱਸਣਾ ਪੈਂਦਾ ਹੈ ਕਿ ਬਹੁਤ ਸਾਰੇ ਬੱਚੇ ਇੱਥੇ ਪੜ੍ਹਾਈ ਦੇ ਨਾਲ ਜੌਬ ਵੀ ਕਰ ਰਹੇ ਹਨ। ਆਪਣੇ ਭਵਿੱਖ ਲਈ ਫਿਕਰਮੰਦ ਹਨ। ਕੁਝ ਵਧੀਆ ਸੈੱਟ ਹੋ ਗਏ ਹਨ ਅਤੇ ਆਪਣੇ ਘਰ ਵੀ ਖਰੀਦ ਲਏ ਹਨ। ਇੱਥੇ ਬਹੁਤ ਕੁਝ ਚੰਗਾ ਹੈ। ਤੁਹਾਡੀ ਕਿਰਤ ਦਾ ਮੁੱਲ ਪੈਂਦਾ ਹੈ। ਵਾਤਾਵਰਨ ਸ਼ੁੱਧ ਹੈ। ਦਫ਼ਤਰਾਂ ਵਿਚ ਆਪਣਾ ਕੰਮ ਕਰਵਾਉਣ ਲਈ ਤੁਹਾਨੂੰ ਧੱਕੇ ਨਹੀਂ ਖਾਣੇ ਪੈਂਦੇ। ਕਾਨੂੰਨ ਹੈ, ਅਨੁਸ਼ਾਸਨ ਹੈ। ਸਫਾਈ ਹੈ। ਸੋਹਣੀਆਂ ਪਾਰਕਾਂ ਹਨ। ਕਮਿਊਨਿਟੀ ਸੈਂਟਰ ਹਨ। ਬਜ਼ੁਰਗ ਉਥੇ ਬੈਠ ਕੇ ਤਾਸ਼ ਖੇਡਦੇ ਹਨ ਜਾਂ ਗੱਪਾਂ ਮਾਰਦੇ ਹਨ। ਬੁਢਾਪਾ ਪੈਨਸ਼ਨ ਹੈ। ਇਸ ਸਭ ਕੁਝ ਨੂੰ ਬਣਾਈ ਰੱਖਣ ਲਈ ਇੱਥੇ ਆ ਕੇ ਵੱਸ ਰਿਹਾਂ ਦਾ ਵੀ ਕੁਝ ਫ਼ਰਜ਼ ਬਣਦਾ ਹੈ। ਬਾਕੀ ਜਿਹੜਾ ਪੰਜਾਬ ਵਿਚ ਕਪੁੱਤ ਉਹ ਇੱਥੇ ਵੀ ਕਪੁੱਤ। ਚੰਗੇ ਤੇ ਹੋਣਹਾਰ ਬੱਚਿਆਂ ਲਈ ਇਹ ਮੁਲਕ ਵਧੀਆ ਹੈ। ਮਿਹਨਤੀ ਤੇ ਇਮਾਨਦਾਰ ਲੋਕਾਂ ਲਈ ਇਹ ਮੁਲਕ ਵਧੀਆ ਹੈ। ਡਰ, ਸੰਸੇ ਨਿਰਮੂਲ ਨਹੀਂ ਹਨ। ਪਰ ਉਨ੍ਹਾਂ ਨਾਲ ਸਿੱਝਣ ਦੀ ਊਰਜਾ ਆਪਣੇ ਅੰਦਰੋਂ ਹੀ ਪੈਦਾ ਕਰਨੀ ਪੈਂਣੀ ਹੈ। ਆਪਣੇ ਹੀ ਵਿਹਾਰ ਵਿਚੋਂ ਨਾਕਾਰਾਤਮਿਕ ਵਰਤਾਰਿਆਂ ਨੂੰ ਖ਼ਾਰਜ ਕਰ ਕੇ ਆਪਣੇ ਸੁਪਨੇ ਵਰਗਾ ਸੰਸਾਰ ਸਿਰਜਣ ਲਈ ਯਤਨ ਕਰਨੇ ਪੈਣੇ ਹਨ। ਇਸ ਮੁਲਕ ਵਿਚ ਤੁਹਾਡਾ ਸਵਾਗਤ ਹੈ।

# ਲਾਹੌਰ: ਹਿੰਦੁਸਤਾਨ ਦਾ ਪੈਰਿਸ-3

*(ਪਿਛਲੇ ਸਫੇ ਦਾ ਬਾਕੀ)*

'ਸੰਪੂਰਨ ਸਵਰਾਜ' ਰਹੇਗਾ। ਇਸ ਦੇ ਸਹੀ ਇਕ ਮਹੀਨੇ ਮਗਰੋਂ ਸੁਤੰਤਰਤਾ ਦਾ ਦਿਨ ਮਨਾਇਆ ਗਿਆ ਤੇ ਉਸ ਦਿਨ ਛੱਬੀ ਜਨਵਰੀ ਸੀ ਅਤੇ ਕੁਦਰਤੀ ਉਸੇ ਦਿਨ ਬਸੰਤ ਦਾ ਤਿਉਹਾਰ ਵੀ ਸੀ। ਬਸੰਤ ਦਾ ਤਿਉਹਾਰ ਉਂਝ ਹੀ ਉਤਸ਼ਾਹ ਨਾਲ ਭਰਿਆ ਹੁੰਦਾ ਹੈ। ਸਾਡੇ ਸਾਹਿਤ 'ਚ ਤਾਂ ਇਹਦੇ ਬਾਰੇ ਬਹੁਤ ਕੁਝ ਦਰਜ ਹੈ। ਸੰਸਕ੍ਰਿਤ ਦਾ ਅਮਰ ਗ੍ਰੰਥ 'ਰਿਤੂ ਸੰਹਾਰ' ਇਸੇ 'ਤੇ ਆਧਾਰਿਤ ਹੈ। ਉਂਝ ਵੀ ਬਹੁਤ ਸਾਰੇ ਸਾਹਿਤਕਾਰਾਂ ਨੇ ਬਸੰਤ ਦੀ ਮਹਿਮਾ ਗਾ ਕੇ ਚਾਰ ਚੰਨ ਲਗਾਏ ਹਨ। ਰਵਿੰਦਰਨਾਥ ਟੈਗੋਰ ਨੇ ਵੀ ਬਸੰਤ ਦੀ ਆਮਦ ਬਾਰੇ ਕਵਿਤਾ ਲਿਖੀ ਸੀ।

ਆਜ਼ਾਦੀ ਦੀ ਇਹ ਲੜਾਈ ਚਲਦੀ ਰਹੀ ਅਤੇ ਸਤਾਰਾਂ ਸਾਲਾਂ ਮਗਰੋਂ ਪੰਦਰਾਂ ਅਗਸਤ ਉੱਨੀ ਸੌ ਸੰਤਾਲੀ ਨੂੰ ਦੇਸ਼ ਆਜ਼ਾਦ ਹੋ ਗਿਆ। ਛੱਬੀ ਜਨਵਰੀ ਨੂੰ ਗਣਤੰਤਰ ਦਿਵਸ (ਰਿਪਬਲਿਕ ਡੇਅ) ਐਲਾਨਿਆ ਗਿਆ। ਆਜ਼ਾਦੀ ਮਗਰੋਂ ਜਦ ਇਸ ਦਾ ਸੰਵਿਧਾਨ ਤਿਆਰ ਕੀਤਾ ਗਿਆ ਤਾਂ ਉਸ 'ਚ ਮੂਲ ਮੁੱਦਾ ਇਹ ਰੱਖਿਆ ਗਿਆ ਕਿ ਇਥੇ ਨਾ ਕੋਈ ਰਾਜਾ ਹੋਵੇਗਾ ਤੇ ਨਾ ਹੀ ਕੋਈ ਤਾਨਾਸ਼ਾਹ, ਸਾਰਾ ਰਾਜ ਜਨਤਾ ਤੇ ਜਨਤਾ ਦੇ ਚੁਣੇ ਹੋਏ ਪ੍ਰਤੀਨਿਧ ਹੀ ਚਲਾਉਣਗੇ। ਇਹਨੂੰ ਪ੍ਰਜਾਤੰਤਰ ਪ੍ਰਣਾਲੀ' ਤੇ ਆਧਾਰਿਤ ਰੱਖਿਆ ਗਿਆ। ਇਸੇ ਲਈ ਰਿਪਬਲਿਕ ਸ਼ਬਦ ਦੀ ਵਰਤੋਂ ਕੀਤੀ ਗਈ। ਇਹ ਸ਼ਬਦ ਯੂਨਾਨ ਦੇ ਲੇਖਕ ਤੇ ਚਿੰਤਕ ਪਲੈਟੋ ਨੇ ਵਰਤੋਂ 'ਚ ਲਿਆਂਦਾ ਸੀ ਤੇ ਇਸ ਨਾਂ ਦੀ ਪੁਸਤਕ ਵੀ ਲਿਖੀ ਸੀ। ਕਿਹਾ ਜਾਂਦਾ ਹੈ ਕਿ ਪਲੈਟੋ ਨੇ ਇਸ ਪੁਸਤਕ ਦਾ ਖਰੜਾ ਸੈਂਤੀ ਵਾਰ ਸੋਧਿਆ। ਇਹ ਅਮਰ ਗ੍ਰੰਥ ਹੈ ਅਤੇ ਇਸ ਤੋਂ ਲੋਕਾਂ ਨੇ ਪ੍ਰਜਾਤੰਤਰ ਤੇ ਰਿਪਬਲਿਕ ਵਿਚਾਰ ਅਪਣਾ ਲਏ। ਇਹ ਬਹੁਤ ਲੰਮੀ ਤੇ ਔਖੀ ਲੜਾਈ ਸੀ ਜਿਸ 'ਚੋਂ ਦੇਸ਼ ਨੂੰ ਲੰਘਣਾ ਪਿਆ। ਇਸ ਲੜਾਈ 'ਚ ਬਹੁਤ ਅਤਿਆਚਾਰ ਹੋਏ। ਬੇਸ਼ੁਮਾਰ ਜਾਨਾਂ ਗਈਆਂ।

ਮੈਂ ਪਹਿਲਾ ਗਣਤੰਤਰ ਦਿਵਸ ਛੱਬੀ ਜਨਵਰੀ ਉੱਨੀ ਸੌ ਪੰਜਾਹ ਨੂੰ ਦੇਖਿਆ ਸੀ। ਆਜ਼ਾਦੀ ਦੇ ਢਾਈ ਸਾਲਾਂ ਮਗਰੋਂ। ਸਭ ਲੋਕਾਂ 'ਚ ਬਹੁਤ ਜੋਸ਼ ਸੀ ਤੇ ਆਜ਼ਾਦੀ ਦੇ ਝੰਡੇ ਲਹਿਰਾਏ ਜਾ ਰਹੇ ਸਨ। ਸਾਨੂੰ ਪਤਾ ਨਹੀਂ ਸੀ ਕਿ ਭਾਰਤ ਦੀ ਰਾਸ਼ਟਰੀ ਆਜ਼ਾਦੀ ਦਾ ਝੰਡਾ ਕਿਹੋ ਜਿਹਾ ਹੈ। ਮੈਂ ਤੇ ਮੇਰੇ ਵੱਡੇ ਭਰਾ ਵਿਸ਼ਵਨਾਥ ਜੀ ਨੇ ਲੰਮੇ ਕਾਗ਼ਜ਼ 'ਤੇ 'ਸਵਰਾਜ ਦਾ ਝੰਡਾ' ਲਿਖ ਕੇ ਆਪਣੇ ਘਰ ਦੀ ਛੱਤ ਦੇ ਛੱਜੇ ਉੱਪਰ ਦੋ ਗ਼ਮਲਿਆਂ ਵਿਚਕਾਰ ਅੜਾ ਕੇ ਲਗਾ ਦਿੱਤਾ। ਅਸੀਂ ਉਸ ਨੂੰ ਦੇਖ-ਦੇਖ ਬਹੁਤ ਖੁਸ਼ ਹੋਏ ਕਿ ਸਾਡੇ ਦੇਸ਼ ਦੀ ਸੁਤੰਤਰਤਾ ਸਾਡੇ ਘਰ ਆ ਗਈ ਹੈ। ਦੇਸ਼ ਦਾ ਸਵਰਾਜ ਆਪਣੇ ਹੱਥਾਂ 'ਚ ਆ ਗਿਆ ਹੈ। ਇਹ ਝੰਡਾ ਉਸ ਦਾ ਪ੍ਰਤੀਕ ਹੈ।

ਤੀਜੀ ਘਟਨਾ ਮਾਰਚ ਉੱਨੀ ਸੌ ਇਕੱਤੀ ਦੀ ਹੈ। ਉਦੋਂ ਅਸੀਂ ਹਸਪਤਾਲ ਰੋਡ 'ਤੇ ਹੀ ਰਹਿੰਦੇ ਸਾਂ। ਅੱਧੇ ਹਿੱਸੇ 'ਚ ਸਾਡਾ ਘਰ ਸੀ ਤੇ ਬਾਕੀ ਦੇ ਹਿੱਸੇ 'ਚ ਪ੍ਰਤਾਪ ਅਖ਼ਬਾਰ ਦਾ ਦਫਤਰ। ਇਕ ਦਿਨ ਸਵੇਰੇ ਮੈਂ ਅਨਾਰਕਲੀ ਬਾਜ਼ਾਰ 'ਚੋਂ ਲੰਘ ਰਿਹਾ ਸਾਂ ਤਾਂ ਅਖੀਰਲੀ ਦੁਕਾਨ ਦੇ ਮੂਹਰਲੇ ਥੜ੍ਹੇ 'ਤੇ ਬੈਠਾ ਇਕ ਆਦਮੀ ਉਰਦੂ ਦੀ ਅਖ਼ਬਾਰ 'ਪ੍ਰਤਾਪ' ਉਸ ਉੱਪਰ ਵਿਛਾ ਕੇ ਪੜ੍ਹ ਰਿਹਾ ਸੀ ਤੇ ਉਹਦੀਆਂ ਅੱਖਾਂ 'ਚੋਂ ਥਰ-ਥਰ ਹੰਝੂ ਕਿਰ ਰਹੇ ਸਨ। ਜਦ ਮੈਂ ਉਹਦੇ ਕੋਲ ਰੁਕਿਆ ਤਾਂ ਉਸ ਨੇ ਕਿਹਾ, "ਪੁੱਤਰ, ਵਿਦੇਸ਼ੀ ਹਕੂਮਤ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਕੱਲ੍ਹ ਰਾਤ ਫਾਂਸੀ ਦੇ ਦਿੱਤੀ ਹੈ। ਲੋਹੜਾ ਆ ਗਿਆ। ਇਹ ਤਾਂ ਬਿਲਕੁਲ ਅਨਰਥ ਏ।" ਇੰਨਾ ਕਹਿੰਦਿਆਂ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਮੈਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਨਾਂ ਸੁਣੇ ਹੋਏ ਸਨ। ਮੇਰੀਆਂ ਅੱਖਾਂ 'ਚ ਵੀ ਹੰਝੂ ਆ ਗਏ ਪਰ ਮੈਂ ਉਹ ਸੰਭਾਲਦੇ ਹੋਏ ਅਨਾਰਕਲੀ ਵੱਲ ਅੱਗੇ ਵਧ ਗਿਆ। ਉਥੇ ਵੀ ਕਈ ਥਾਈਂ ਅਖ਼ਬਾਰਾਂ ਹੱਥਾਂ 'ਚ ਲਈ ਲੋਕਾਂ ਦੀਆਂ ਢਾਣੀਆਂ ਆਪੋ-ਆਪਣੇ ਅਫਸੋਸ ਅਤੇ ਦੁੱਖ 'ਚ ਡੁੱਬੀਆਂ ਹੋਈਆਂ ਸਨ।



ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜਿਨ੍ਹਾਂ ਨੂੰ 23 ਮਾਰਚ 1931 ਨੂੰ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ।

ਪਿਛਲੀ ਰਾਤ, ਯਾਨੀ ਤੇਈ ਮਾਰਚ ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਲਾਹੌਰ ਜੇਲ੍ਹ 'ਚ ਫਾਂਸੀ ਦੇ ਦਿੱਤੀ ਗਈ ਸੀ ਤੇ ਲਾਸ਼ਾਂ ਨੂੰ ਸਰਕਾਰ ਦੇ ਆਦਮੀ ਰਾਤੋ-ਰਾਤ ਲਾਹੌਰ ਤੋਂ ਪੰਜਾਹ ਮੀਲ ਦੂਰ ਫਿਰੋਜ਼ਪੁਰ ਦੇ ਕੋਲ ਸਤਲੁਜ ਦਰਿਆ ਦੇ ਕੰਢੇ ਲੈ ਗਏ ਜਿਥੇ ਉਨ੍ਹਾਂ ਨੂੰ ਸਾੜ ਦਿੱਤਾ ਗਿਆ। ਸਰਕਾਰ ਨੂੰ ਖਦਸ਼ਾ ਸੀ ਕਿ ਜਦ ਉਨ੍ਹਾਂ ਦੀਆਂ ਲਾਸ਼ਾਂ ਦੇ ਜਲੂਸ ਸ਼ਹਿਰ 'ਚੋਂ ਨਿਕਲਣਗੇ ਤਾਂ ਜਨਤਾ ਜੋਸ਼ ਤੇ ਭਾਵੁਕਤਾ 'ਚ ਪਤਾ ਨਹੀਂ ਕੀ ਕੁਝ ਕਰ ਗੁਜ਼ਰੇਗੀ। ਹਾਲੇ ਵੀ ਲਾਹੌਰ 'ਚ ਦਹਿਸ਼ਤ ਫੈਲੀ ਹੋਈ ਸੀ ਅਤੇ ਆਤੰਕ ਦਾ ਰਾਜ ਵੀ, ਤਦ ਵੀ ਜਦ ਖ਼ਬਰ ਫੈਲੀ ਤਾਂ ਜਲੂਸ ਨਿਕਲੇ। ਕੁਝ ਲੋਕ ਫਿਰੋਜ਼ਪੁਰ 'ਚ ਸਤਲੁਜ ਕਿਨਾਰੇ ਵੀ ਪਹੁੰਚ ਗਏ ਜਿਥੇ ਲਾਸ਼ਾਂ ਸਾੜੀਆਂ ਗਈਆਂ ਸਨ। ਬਾਅਦ 'ਚ ਬਹੁਤ ਕੁਝ ਹੋਇਆ ਪਰ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਨਾਂ ਭਾਰਤ ਦੀ ਆਜ਼ਾਦੀ ਦੀ ਲੜਾਈ 'ਚ ਅਮਰ ਹੋ ਗਏ। ਇਨ੍ਹਾਂ ਇਨਕਲਾਬੀ ਨੌਜੁਆਨਾਂ ਦਾ ਵੀ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ 'ਚ ਕਾਫੀ ਹਿੱਸਾ ਸੀ।

ਇਨ੍ਹਾਂ ਦੇ ਗਾਏ ਗੀਤ ਲੋਕਾਂ ਦੀ ਜ਼ਬਾਨ 'ਤੇ ਰਹਿੰਦੇ; ਜਿਵੇਂ ਭਗਤ ਸਿੰਘ ਗਾਉਂਦੇ ਸਨ- 'ਮੇਰਾ ਰੰਗ ਦੇ ਬਸੰਤੀ ਚੋਲਾ'; ਇਸੇ ਤਰ੍ਹਾਂ ਇਨਕਲਾਬੀ ਰਾਮ ਪ੍ਰਸਾਦ ਬਿਸਮਿਲ ਦਾ ਗਾਣਾ ਤਾਂ ਜਿਵੇਂ ਇਨਕਲਾਬੀਆਂ ਲਈ ਅਹਿਮ ਤੇ ਪਹਿਲਾ ਗੀਤ ਬਣ ਗਿਆ ਸੀ- 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ'। ਹੇਠਾਂ ਇਹ ਪੂਰਾ ਗੀਤ ਹਾਜ਼ਰ ਹੈ:

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ!
ਰਹਬਰੇ-ਰਾਹੇ-ਮੁਹੱਬਤ ਰਹਿ ਨਾ ਜਾਨਾ ਰਾਹ ਮੇਂ,
ਲੱਜ਼ਤੇ-ਸਹਰਾ-ਨਵਰਦੀ ਦੂਰੀਏ-ਮੰਜ਼ਿਲ ਮੇਂ ਹੈ!
ਵਕਤ ਆਨੇ ਪਰ ਬਤਾ ਦੇਂਗੇ ਤੁਝੇ ਓ ਆਸਮਾਂ,
ਹਮ ਅਭੀ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ!
ਏ ਸ਼ਹੀਦੇ-ਮੁਲਕੋ-ਮਿੱਲਤ ਹਮ ਤੇਰੇ ਊਪਰ ਨਿਸਾਰ,
ਤੇਰੀ ਕੁਰਬਾਨੀ ਕੀ ਚਰਚਾ ਗੈਰ ਕੀ ਮਹਿਫਲ ਮੇਂ ਹੈ!
ਅਬ ਨ ਅਗਲੇ ਵਲਵਲੇ ਹੈ ਔਰ ਨਾ ਅਰਮਾਨੋਂ ਕੀ ਭੀੜ,
ਏਕ ਮਿਟ ਜਾਨੇ ਕੀ ਹਸਰਤ ਅਬ ਦਿਲੇ ਬਿਸਮਿਲ ਮੇਂ ਹੈ।

ਮਗਰੋਂ ਉਥੇ ਹੀ ਫਿਰੋਜ਼ਪੁਰ 'ਚ ਸ਼ਹਿਰ ਤੋਂ ਕੁਝ ਦੂਰ ਸਤਲੁਜ ਦੇ ਕਿਨਾਰੇ ਉਨ੍ਹਾਂ ਸ਼ਹੀਦਾਂ ਦੇ ਸਮਾਰਕ ਬਣਾ ਦਿੱਤੇ ਗਏ। ਅੱਜ ਵੀ ਉਨ੍ਹਾਂ ਦੇ ਬਲੀਦਾਨ ਦਿਵਸ ਸਮੇਂ ਹਰ ਸਾਲ ਤੇਈ ਮਾਰਚ ਨੂੰ ਕਾਫੀ ਭੀੜ ਇਕੱਠੀ ਹੋ ਕੇ ਉਨ੍ਹਾਂ ਸ਼ਹੀਦਾਂ ਨੂੰ ਸਲਾਮ ਕਰਦੀ ਹੈ। ***(ਸਮਾਪਤ)***

# ਪਾਠਕ ਲਈ ਨਵੀਂ ਦੁਨੀਆ ਦੇ ਦਰ ਖੋਲ੍ਹਦੀ ਸੁਰਿੰਦਰ ਨੀਰ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਸੋਲ੍ਹਵੇਂ ਪੂਰ ਵਿਚ ਉੱਘੀ ਲੇਖਕਾ ਸੁਰਿੰਦਰ ਨੀਰ ਬਾਰੇ ਗੱਲਾਂ ਹਨ।***

ਸੁਰਿੰਦਰ ਨੀਰ ਪੰਜਾਬੀ ਗਲਪ ਦਾ ਜਾਣਿਆ-ਪਛਾਣਿਆ ਨਾਂ ਹੈ। ਲੇਖਕ ਅਤੇ ਜਾਣ-ਪਛਾਣ ਦਾ ਵਰਤਾਰਾ ਅਨੋਖਾ ਹੈ। ਕੁਝ ਲੇਖਕ ਲੰਮੇ ਸਮੇਂ ਤੱਕ ਲਿਖਦੇ ਰਹਿੰਦੇ ਹਨ ਅਤੇ ਬੇਪਛਾਣੇ ਰਹਿੰਦਿਆਂ ਕੀਤੀ ਜਾਂਦੀ ਇਸ ਕਲਮੀ ਯਾਤਰਾ ਦੌਰਾਨ ਕਿਤੇ ਕਾਫ਼ੀ ਅੱਗੇ ਚੱਲ ਕੇ ਪਾਠਕ ਉਨ੍ਹਾਂ ਨੂੰ ਪਛਾਣਨ ਲਗਦੇ ਹਨ। ਕੁਝ ਲੇਖਕ ਅਜਿਹੇ ਵੀ ਹੁੰਦੇ ਹਨ ਕਿ ਸਾਹਿਤ ਦੇ ਵਿਹੜੇ ਪੈਰ ਰਖਦਿਆਂ ਹੀ, ਭਾਵ ਪਹਿਲੀ ਪੁਸਤਕ ਛਪਦਿਆਂ ਹੀ ਉਹ ਪਾਠਕਾਂ ਦੀ ਸਵਾਗਤੀ "ਜੀ ਆਇਆਂ" ਦੇ ਅਧਿਕਾਰੀ ਹੋ ਜਾਂਦੇ ਹਨ। ਸੁਰਿੰਦਰ ਨੀਰ ਅਜਿਹੀ ਹੀ ਖ਼ੁਸ਼ਕਿਸਮਤ ਗਲਪਕਾਰ ਹੈ।

ਜਦੋਂ 2002 ਵਿਚ ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਦਸਤਕ ਦੀ ਉਡੀਕ' ਛਪਿਆ ਤਾਂ ਗਲਪ ਦਾ ਵਿਹੜਾ ਜਿਵੇਂ ਉਸ ਦੀ ਦਸਤਕ ਦੀ ਉਡੀਕ ਤੋਂ ਬਿਨਾਂ ਹੀ ਬੂਹਾ ਖੋਲ੍ਹ ਕੇ ਉਸ ਦੀ ਉਡੀਕ ਕਰ ਰਿਹਾ ਸੀ। ਉਸ ਦਾ ਦੂਜਾ ਕਹਾਣੀ-ਸੰਗ੍ਰਹਿ 'ਖੁਲ ਜਾ ਸਿਮਸਿਮ' ਸੱਤ ਸਾਲ ਮਗਰੋਂ, 2009 ਵਿਚ ਛਪਿਆ। ਪਰ ਏਨੇ ਸਾਲਾਂ ਵਿਚ ਵੀ ਪਾਠਕ ਉਸ ਦੇ ਪਹਿਲੇ, ਇਕਲੌਤੇ ਕਹਾਣੀ-ਸੰਗ੍ਰਹਿ ਨੂੰ ਭੁੱਲੇ ਨਹੀਂ ਸਨ। ਕੁਦਰਤੀ ਸੀ ਕਿ ਦੂਜੇ ਕਹਾਣੀ-



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਸੰਗ੍ਰਹਿ ਨੇ ਉਸ ਦੀ ਪਛਾਣ ਹੋਰ ਪੁਖ਼ਤਾ ਕਰ ਦਿੱਤੀ। ਪਰ ਉਹਦੀ ਤੀਜੀ ਪੁਸਤਕ ਕਹਾਣੀ-ਸੰਗ੍ਰਹਿ ਨਹੀਂ ਸੀ। ਅਗਲੇ ਹੀ ਸਾਲ, 2010 ਵਿਚ ਉਸ ਨੇ 'ਸ਼ਿਕਾਰਗਾਹ' ਨਾਂ ਦਾ ਨਾਵਲ ਪਾਠਕਾਂ ਦੀ ਝੋਲੀ ਪਾ ਦਿੱਤਾ। ਤਿੰਨ ਸਾਲ ਮਗਰੋਂ ਆਏ ਨਾਵਲ 'ਮਾਇਆ' ਦੀ ਏਨੀ ਚਰਚਾ ਹੋਈ ਕਿ ਉਸ ਦਾ ਕਹਾਣੀਕਾਰ ਹੋਣਾ ਪਿੱਛੇ ਰਹਿ ਗਿਆ ਤੇ ਉਸ ਦੀ ਪਛਾਣ ਨਾਵਲਕਾਰ ਵਜੋਂ ਵਧੀਕ ਬਣ ਗਈ। 'ਚਸ਼ਮਿ-ਬੁਲਬੁਲ' ਉਸ ਦੀ ਪੰਜਵੀਂ ਪੁਸਤਕ ਤੇ ਤੀਜਾ ਨਾਵਲ ਹੈ।

ਕਿਸੇ ਲੇਖਕ ਦਾ ਕਹਾਣੀਕਾਰ ਤੋਂ ਨਾਵਲਕਾਰ ਬਣਨਾ ਇਕ ਦਿਲਚਸਪ ਵਰਤਾਰਾ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਕਿਸੇ ਸੰਘਣੀ ਕਹਾਣੀ ਨੂੰ ਵਧਾ ਕੇ, ਉਸ ਵਿਚ ਸੰਬੰਧਿਤ-ਅਸੰਬੰਧਿਤ ਗੱਲਾਂ ਜੋੜ ਕੇ, ਭਾਵ ਉਸ ਵਿਚ ਪਾਣੀ ਪਾ ਕੇ ਉਸ ਨੂੰ ਨਾਵਲ ਬਣਾਇਆ ਜਾ ਸਕਦਾ ਹੈ। ਸਾਹਿਤ ਦੇ ਸਿਆਣਿਆਂ ਦਾ ਮੱਤ ਹੈ ਤੇ ਇਹ ਠੀਕ ਮੱਤ ਹੈ ਕਿ ਕਹਾਣੀ ਤੇ ਨਾਵਲ ਵਿਚ, ਦੋਵੇਂ ਕਥਾ-ਆਧਾਰਿਤ ਤੇ ਪਾਤਰ-ਆਧਾਰਿਤ ਹੋਣ ਦੇ ਬਾਵਜੂਦ, ਸਿਰਫ਼ ਆਕਾਰ ਦਾ ਹੀ ਫ਼ਰਕ ਨਹੀਂ ਹੁੰਦਾ ਸਗੋਂ ਇਹ ਦੋ ਵੱਖ ਵੱਖ ਵਿਧਾਵਾਂ ਹਨ ਜਿਨ੍ਹਾਂ ਦੀ ਆਪਣੀ ਆਪਣੀ ਨੇਮਾਵਲੀ ਤੇ ਮਰਯਾਦਾ ਹੈ। ਤਾਂ ਵੀ ਕਹਾਣੀ ਬਾਰੇ ਇਹ ਕਹਿਣਾ ਗਲਤ ਨਹੀਂ ਕਿ ਉਹ ਕਿਸੇ ਹੱਦ ਤੱਕ ਨਾਵਲ-ਰਚਨਾ ਲਈ ਅਭਿਆਸ ਸਿੱਧ ਹੁੰਦੀ ਹੈ।

ਸੁਰਿੰਦਰ ਦੇ ਦੋਵਾਂ ਕਹਾਣੀ-ਸੰਗ੍ਰਹਿਆਂ ਵਿਚ ਕਈ ਕਹਾਣੀਆਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਦੇ ਪਾਤਰਾਂ ਦੀਆਂ ਨਿੱਖਰਵੀਆਂ ਸ਼ਖ਼ਸੀਅਤਾਂ ਤੇ ਘਟਨਾਵਾਂ ਦਾ ਸ਼ਕਤੀਸ਼ਾਲੀ ਵੇਗ ਦੇਖ ਕੇ ਸਿਆਣੇ ਪਾਠਕ ਨੂੰ ਉਨ੍ਹਾਂ ਵਿਚ ਨਾਵਲ ਦੇ ਬੀ ਸਾਫ਼ ਨਜ਼ਰ ਆ ਜਾਂਦੇ ਹਨ। ਇਸ ਦੇ ਨਾਲ ਹੀ ਲੇਖਿਕਾ ਦਾ ਪਾਤਰਾਂ ਤੇ ਘਟਨਾਵਾਂ ਦੀ ਪੇਸ਼ਕਾਰੀ ਦਾ ਭਾਸ਼ਾਈ ਤੇ ਗਲਪੀ ਸੁਚੱਜ ਵੀ ਉਸ ਦੀਆਂ ਨਾਵਲਕਾਰੀ ਸੰਭਾਵਨਾਵਾਂ ਸਪੱਸ਼ਟ ਕਰ ਦਿੰਦਾ ਹੈ।

'ਚਸ਼ਮਿ-ਬੁਲਬੁਲ' ਇਕ ਅਜਿਹੇ ਕਸ਼ਮੀਰੀ ਮੁਸਲਮਾਨ ਪਰਿਵਾਰ ਦੀ ਕਹਾਣੀ ਹੈ ਜੋ ਪੁਸ਼ਤ-ਦਰ-ਪੁਸ਼ਤ ਕਾਨੀ ਸ਼ਾਲ ਬੁਣਦਾ ਆਇਆ ਹੈ, ਜਿਸ ਨੂੰ ਭਾਰਤ ਦੀਆਂ ਸਭ ਤੋਂ ਜਟਿਲ ਬੁਣਤੀਆਂ ਅਤੇ ਕਸ਼ਮੀਰ ਦੀਆਂ ਸਭ ਤੋਂ ਪੁਰਾਣੀਆਂ ਹੱਥ-ਕਲਾਵਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਕਾਨੀ ਤੋਂ ਭਾਵ ਪੰਜਾਬ ਵਾਲੀ ਕਾਨੀ ਹੀ ਹੈ। ਸ਼ਾਲ ਵਿਚ ਜਿੰਨੇ ਰੰਗ ਪਾਉਣੇ ਹੋਣ, ਕਾਨ ਦੀਆਂ ਓਨੀਆਂ ਕਾਨੀਆਂ ਉੱਤੇ ਰੰਗਦਾਰ ਧਾਗੇ ਲਪੇਟ ਕੇ

ਛੇ ਸੂਹੇ, ਦੋ ਗੁਲਾਬੀ, ਅੱਠ ਅਸਮਾਨੀ ਤੇ ਫਿਰ ਅਗਲਾ...

ਅੱਠ ਸੂਹੇ, ਦੋ ਗੁਲਾਬੀ, ਛੇ ਅਸਮਾਨੀ ਤੇ ਫਿਰ ਅਗਲਾ ...

ਚਾਰ ਸੂਹੇ, ਚਾਰ ਗੁਲਾਬੀ, ਛੇ ਅਸਮਾਨੀ ਤੇ ਫਿਰ ਅਗਲਾ

ਜਿਹਾ ਗੀਤ ਗਾਉਂਦਿਆਂ ਕਾਨੀਕਾਰ ਤਾਣੇ ਵਿਚੋਂ ਕਾਨੀਆਂ ਲੰਘਾਉਂਦਿਆਂ ਰੰਗ-ਬਰੰਗਾ ਬਾਣਾ ਬੁਣਦਾ ਜਾਂਦਾ ਹੈ। ਇਹ ਕਲਾ ਭਾਵੇਂ ਸਿਰਫ਼ ਇਕ ਪਿੰਡ 'ਕਾਨੀਗਾਮ' ਦੀ ਹੀ ਵਿਸ਼ੇਸ਼ਤਾ ਹੈ ਪਰ ਸਮੁੱਚੇ ਕਸ਼ਮੀਰ ਦੇ ਦਸਤਕਾਰ ਸੁਚੱਜ ਦੀ ਪ੍ਰਤੀਕ ਮੰਨੀ ਜਾਂਦੀ ਹੈ।

ਅਸਲ ਵਿਚ ਇਸ ਕਾਰਜ ਨੂੰ ਸ਼ਾਲ ਬੁਣਨਾ ਆਖਣਾ ਕਾਨੀ ਸ਼ਾਲ ਦੀ ਪੂਰੀ ਕਲਾਕਾਰੀ ਨੂੰ ਉਜਾਗਰ ਨਹੀਂ ਕਰਦਾ। ਕਾਨੀ ਸ਼ਾਲ ਇਕ ਕਲਾ ਹੈ, ਸਿਰਜਨਾ ਹੈ। ਇਸ ਦੀ ਬਰੀਕੀ ਤੇ ਸੂਖ਼ਮਤਾ ਦਾ ਕੁਝ ਅੰਦਾਜ਼ਾ ਇਥੋਂ ਲੱਗ ਸਕਦਾ ਹੈ ਕਿ ਜਿਥੇ ਪਸ਼ਮੀਨੇ ਦੀ ਇਕ ਸਾਧਾਰਨ ਸ਼ਾਲ ਬੁਣਨ ਵਿਚ ਇਕ ਕਾਰੀਗਰ ਨੂੰ ਤਿੰਨ-ਚਾਰ ਹਫ਼ਤੇ ਲਗਦੇ ਹਨ, ਕਾਨੀ ਸ਼ਾਲ ਦਸ ਘੰਟੇ ਕੰਮ ਕਰਨ ਵਾਲੇ ਦੋ ਕਾਰੀਗਰਾਂ ਦਾ ਪੂਰਾ ਸਾਲ ਲੈ ਲੈਂਦੀ ਹੈ।

ਲੇਖਿਕਾ ਠੀਕ ਹੀ ਇਸ ਨੂੰ "ਸਰੀਰ ਦੁਆਲੇ ਲਪੇਟਿਆ ਜਾਣ ਵਾਲਾ ਕੱਪੜਾ" ਹੋਣ ਦੀ ਥਾਂ "ਕਸ਼ਮੀਰ ਤੇ ਕਸ਼ਮੀਰੀਅਤ ਦੀ ਆਪਮੁਹਾਰੇ ਬੋਲਦੀ ਪਹਿਚਾਣ" ਅਤੇ "ਸਾਰੀ ਦੁਨੀਆ ਦੇ ਨਫ਼ਾਸਤਪਸੰਦ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੀ ਕਲਾ"





*ਸੁਰਿੰਦਰ ਨੀਰ ਦੇ ਵੱਖ ਵੱਖ ਅੰਦਾਜ਼*

ਆਖਦੀ ਹੈ। ਨਾਵਲ ਨੇ ਕਾਨੀ ਸ਼ਾਲ ਬਾਰੇ ਹੋਰ ਬਹੁਤਾ ਜਾਣਨ ਦੀ ਮੇਰੀ ਤੇਹ ਤਿੱਖੀ ਕਰ ਦਿੱਤੀ ਤਾਂ ਮੈਂ ਦੇਖਿਆ, "ਦੁਨੀਆ ਦੇ ਨਫ਼ਾਸਤਪਸੰਦ ਲੋਕਾਂ ਦੇ ਦਿਲਾਂ ਤੇ ਰਾਜ ਕਰਨ" ਦਾ ਇਹ ਕਥਨ ਐਵੇਂ ਇਕ ਸਾਹਿਤਕ ਵਡਿਆਈ ਹੀ ਨਹੀਂ ਹੈ ਸਗੋਂ ਇਕ ਨਿੱਗਰ ਹਕੀਕਤ ਹੈ। ਇਹ ਪੈਰਿਸ, ਨਿਊਯਾਰਕ ਤੇ ਲੰਡਨ ਦੇ ਸੰਸਾਰ-ਪ੍ਰਸਿੱਧ ਕਲਾ-ਭਵਨਾਂ ਵਿਚ ਕਲਾ-ਕਿਰਤ ਵਜੋਂ ਸਜੀ ਹੋਈ ਹੈ। ਪੈਰਿਸ ਦੇ ਲੂਵ ਮਿਊਜ਼ੀਅਮ ਵਿਚ ਤਾਂ ਫ਼ਰਾਂਸ ਦੀ 19ਵੀਂ ਸਦੀ ਦੀ ਮਹਾਰਾਣੀ ਜੋਜ਼ਫ਼ੀਨ ਦੇ ਪੋਰਟਰੇਟ ਸਜੇ ਹੋਏ ਹਨ ਜਿਨ੍ਹਾਂ ਵਿਚ ਉਸ ਨੇ ਕਾਨੀ ਸ਼ਾਲ ਪਹਿਨੀ ਹੋਈ ਹੈ।

ਪਰ ਇਸ ਦਾ ਇਹ ਭਾਵ ਨਹੀਂ ਕਿ ਜਿੰਨੀ ਕਲਾਮਈ ਤੇ ਮਹਿੰਗੀ ਇਹ ਸੁੰਦਰ ਸ਼ਾਲ ਹੈ, ਓਨਾ ਹੀ ਖ਼ੁਸ਼ਹਾਲ ਤੇ ਸੁੰਦਰ ਇਸ ਦੇ ਸਿਰਜਕ ਕਲਾਕਾਰਾਂ ਦਾ ਜੀਵਨ ਹੈ। ਕਸ਼ਮੀਰ ਦੀ ਸੁੰਦਰਤਾ ਤਾਂ ਆਦਿ-ਜੁਗਾਦੀ ਹੈ। ਬਾਰ੍ਹਵੀਂ ਸਦੀ ਦੇ ਕਸ਼ਮੀਰੀ ਕਵੀ, 'ਰਾਜਤਰੰਗਨੀ' ਦੇ ਕਰਤਾ, ਕਲਹਨ ਨੇ ਲਿਖਿਆ ਸੀ:

ਜਿਥੇ ਸੂਰਜ ਕੋਸੀ ਧੁੱਪ ਲਿਆਵੇ,
ਗਿਆਨ ਦਾ ਚਾਨਣ,
ਕਲਕਲ ਵਗਦੇ ਸੀਤਲ ਪਾਣੀ,
ਖ਼ੁਸ਼ਬੂ ਕੇਸਰ ਦੀ, ਅੰਗੂਰ ਦਾ ਜ਼ਾਇਕਾ,
ਜੋ ਨਾ ਮਿਲਦੇ ਵਿਚ ਸਵਰਗਾਂ!
ਤ੍ਰੈਲੋਕੀ ਵਿਚ ਸਭ ਤੋਂ ਸੁੰਦਰ ਹੈ ਕੈਲਾਸ਼,
ਕੈਲਾਸ਼ ਦੇ ਵਿਚੋਂ ਹਿਮਾਲੇ ਦੀ ਰੀਸ ਨਾ ਕੋਈ,
ਹਿਮਾਲੇ ਵਿਚੋਂ ਕੌਣ ਹੈ ਜੋ ਕਸ਼ਮੀਰ ਦਾ ਸਾਨੀ!

ਡੇਢ ਸਦੀ ਮਗਰੋਂ ਮਹਾਨ ਕਵੀ ਅਮੀਰ ਖ਼ੁਸਰੋ ਨੇ ਆਪਣੇ ਇਸ ਫ਼ਾਰਸੀ ਸ਼ਿਅਰ ਨਾਲ ਕਲਹਨ ਦੇ ਕਥਨ ਦੀ ਪੁਸ਼ਟੀ ਕੀਤੀ:

ਗਰ ਫ਼ਿਰਦੌਸ ਬਰ ਰੂ-ਏ-ਜ਼ਮੀਨ ਅਸਤ।
ਹਮੀਂ ਅਸਤੋ ਹਮੀਂ ਅਸਤੋ ਹਮੀਂ ਅਸਤ।

ਹੋਰ ਤਿੰਨ ਸਦੀਆਂ ਬੀਤੀਆਂ ਤਾਂ ਕਸ਼ਮੀਰ ਦੀ ਸੁੰਦਰਤਾ ਦੇ ਮਤਵਾਲੇ ਬਾਦਸ਼ਾਹ ਜਹਾਂਗੀਰ ਨੇ ਅਮੀਰ ਖ਼ੁਸਰੋ ਦਾ ਇਹ ਸ਼ਿਅਰ ਦੁਹਰਾ-ਦੁਹਰਾ ਕੇ ਅਭੁੱਲ-ਅਮਰ ਬਣਾ ਦਿੱਤਾ। ਸਿੱਧੇ ਸ਼ਬਦਾਂ ਵਿਚ ਇਸ ਦਾ ਅਰਥ ਹੈ, "ਜੇ ਧਰਤੀ ਉੱਤੇ ਕਿਤੇ ਸਵਰਗ ਹੈ, ਇਹੋ ਹੈ, ਇਹੋ ਹੈ, ਇਹੋ ਹੈ!" ਸੁਰਿੰਦਰ ਨੀਰ ਦੇ ਨਾਵਲ ਵਿਚੋਂ ਇਸ ਸਵਰਗ-ਰੂਪੀ ਕਸ਼ਮੀਰ ਦੇ ਦਰਸ਼ਨ ਹੁੰਦੇ ਹਨ।

ਕਸ਼ਮੀਰ ਦੀ ਧਰਤੀ ਦੀ ਸੁੰਦਰਤਾ ਤੇ ਉਥੋਂ ਦੇ ਵਸਨੀਕਾਂ ਦੀ ਮੰਦਹਾਲੀ ਦਾ ਰਿਸ਼ਤਾ ਸਾਡੇ ਵਿਦਿਆਰਥੀ ਜੀਵਨ ਵਿਚ ਹੀ ਭਾਈ ਵੀਰ ਸਿੰਘ ਨੇ ਬਾਖ਼ੂਬੀ ਸਮਝਾ ਦਿੱਤਾ ਸੀ। 'ਕਸ਼ਮੀਰ ਤੇ ਸੁੰਦਰਤਾ' ਨਾਂ ਦੀ ਕਵਿਤਾ ਵਿਚ ਉਹ ਲਿਖਦੇ ਹਨ:

ਜਿੱਕੁਰ ਰੁਲਦੇ ਸੇਬ ਤੇ ਨਸ਼ਪਾਤੀਆਂ,
ਵਿੱਚ ਗਿਰਾਂ ਕਸ਼ਮੀਰ ਇੱਕਰ ਰੁਲ ਰਹੀ,
ਸੁੰਦਰਤਾ ਵਿਚ ਖਾਕ ਲੀਰਾਂ ਪਾਟੀਆਂ।
ਜਿੱਕੁਰ ਫੁੱਲ ਗੁਲਾਬ ਟੁੱਟਾ ਢਹਿ ਪਵੇ,
ਮਿੱਟੀ ਘੱਟੇ ਵਿਚ ਹੋਏ ਨਿਮਾਨੜਾ!

ਹਾਲਤ ਦਾ ਯਥਾਰਥ ਅਤੇ ਵਿਅੰਗ ਦੇਖੋ ਕਿ ਭਾਈ ਵੀਰ ਸਿੰਘ ਤੋਂ ਤੇ ਉਸ ਦੀ ਕਵਿਤਾ ਤੋਂ ਬਿਲਕੁਲ ਅਨਜਾਣ, ਨਾਵਲ ਦਾ ਪਾਤਰ ਅਕਬਰ ਅਲੀ ਸਾਰੰਗੀ ਨਾਲ ਗਾਉਂਦਿਆਂ ਹੂਬਹੂ ਇਹੋ ਭਾਵ ਪਰਗਟ ਕਰਦਾ ਹੈ:

ਮੈਂ ਬੁਣਕਰ ਜੋ ਸ਼ਾਲ ਬੁਣਾਂ,
ਉਹ ਰਾਜੇ ਵਸਤਰ ਪਾਵਣ...
ਪਰ ਬੁਣਕਰ ਦਾ ਫਟਿਆ ਪਿਰਹਨ,
ਲੀਰਾਂ ਲਮਕੀਆਂ ਜਾਵਣ!

ਕਾਨੀ ਸ਼ਾਲ ਵਾਂਗ ਹੀ ਦੁਨੀਆ ਭਰ ਵਿਚ ਮਸ਼ਹੂਰ ਬਨਾਰਸੀ ਸਾੜ੍ਹੀ ਦੀ ਅਦਭੁਤ ਕਲਾਕਾਰੀ ਅਤੇ ਉਹਦੇ ਕਲਾਕਾਰਾਂ ਦੀ ਮੰਦਹਾਲੀ ਦੀ ਵੀ ਇਹੋ ਕਹਾਣੀ ਹੈ। ਹੱਥ-ਕਲਾ ਕੋਈ ਵੀ ਹੋਵੇ, ਕਲਾਕਾਰਾਂ ਲਈ ਮੁਸ਼ੱਕਤ ਤੇ ਮੰਦਹਾਲੀ, ਦੌਲਤਮੰਦਾਂ ਲਈ ਸ਼ਾਨ ਤੇ ਸਜਾਵਟ ਅਤੇ ਮੁਫ਼ਤਖ਼ੋਰ ਵਿਚੋਲੇ ਕਾਰੋਬਾਰੀਆਂ ਲਈ ਖ਼ੁਸ਼ਹਾਲੀ! 'ਚਸ਼ਮਿ-ਬੁਲਬੁਲ' ਕਲਾਕਾਰਾਂ ਦੀ ਇਸ ਮੰਦਹਾਲੀ ਨੂੰ ਵੀ ਪਾਠਕ ਦੀ ਜਾਣਕਾਰੀ ਵਿਚ ਲਿਆਉਂਦਾ ਹੈ।

ਇਥੇ ਮੈਨੂੰ ਇਕ ਘਟਨਾ ਚੇਤੇ ਆ ਗਈ ਹੈ ਜੋ ਜੱਦੀ-ਪੁਸ਼ਤੀ ਕਸ਼ਮੀਰੀ ਪੰਡਿਤ ਅਲਾਮਾ ਇਕਬਾਲ ਦੇ ਇਸ ਸ਼ਿਅਰ ਵਾਂਗ ਸਾਡੇ ਦੇਸ ਵਿਚ ਕਿਸੇ ਕਦਰਦਾਨ ਨੂੰ ਉਡੀਕਦੀਆਂ ਬੇਜੋੜ ਪ੍ਰੰਪਰਕ ਕਲਾਵਾਂ ਦਾ ਹਾਲ ਬਿਆਨ ਕਰਦੀ ਹੈ:

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ!

ਪਰ ਇਸ ਉਡੀਕ ਨੂੰ ਫਲ ਲਾਉਣ ਵਾਲਾ ਕਦਰਦਾਨ ਆਮ ਕਰ ਕੇ ਫੇਰ ਵੀ ਨਹੀਂ ਆਉਂਦਾ। ਜੇ ਕਿਸੇ ਸੂਰਤ ਉਹ ਆ ਜਾਵੇ ਤਾਂ ਸਿੱਟੇ ਹੈਰਾਨ ਕਰਨ ਵਾਲੇ ਨਿਕਲਦੇ ਹਨ।

ਪ੍ਰਸਿੱਧ ਚਿੱਤਰਕਾਰ ਤੇ ਲੇਖਕ ਜੇ. ਸਵਾਮੀਨਾਥਨ ਮੇਰੇ ਇਕ ਸਹਿਕਰਮੀ ਦਾ ਮਿੱਤਰ ਹੋਣ ਸਦਕਾ ਮੇਰਾ ਵੀ ਵਾਕਿਫ਼

## ਕਲਮਾਂ ਵਾਲੀਆਂ

ਹੋ ਗਿਆ। ਉਹ ਆਉਂਦਾ ਤਾਂ ਕਲਾ ਤੇ ਕਲਾਕਾਰਾਂ ਦੀਆਂ ਦਿਲਚਸਪ ਗੱਲਾਂ ਸੁਣਾਉਂਦਾ। 1980 ਦੇ ਨੇੜੇ ਇਕ ਵਾਰ ਉਹ ਉਸ ਸਮੇਂ ਦੇ ਮੱਧ ਪ੍ਰਦੇਸ ਦੇ ਆਦਿਵਾਸੀਆਂ ਦੀ ਪ੍ਰੰਪਰਕ ਕਲਾ ਅਤੇ ਉਸ ਦਾ ਉਨ੍ਹਾਂ ਦੇ ਰਹਿਣ-ਸਹਿਣ ਨਾਲ ਤਾਲਮੇਲ ਦੇਖਣ ਉਨ੍ਹਾਂ ਦੇ ਇਲਾਕੇ ਵਿਚ ਡੂੰਘਾ ਚਲਿਆ ਗਿਆ। ਉਥੇ ਉਹਨੇ ਜੋ ਕੁਝ ਦੇਖਿਆ, ਇਕ ਚਿੱਤਰਕਾਰ ਵਜੋਂ ਉਸ ਦੀਆਂ ਅੱਖਾਂ ਖੋਲ੍ਹਣ ਵਾਲਾ ਸੀ। ਕੁਝ ਪੀੜ੍ਹੀਆਂ ਪਹਿਲਾਂ ਦੀਆਂ ਸੁਚੱਜੀਆਂ ਪੇਂਡੂ ਪੰਜਾਬਣਾਂ ਵਾਂਗ ਉਨ੍ਹਾਂ ਨੇ ਆਪਣੇ ਕੱਚੇ ਘਰਾਂ ਦੀਆਂ ਕੰਧਾਂ ਚਿੱਤਰਾਂ ਨਾਲ ਸਜਾਈਆਂ ਹੋਈਆਂ ਸਨ। ਪੰਜਾਬਣਾਂ ਦੀ ਕੰਧ-ਕਲਾ ਨਾਲੋਂ ਫ਼ਰਕ ਇਹ ਸੀ ਕਿ ਇਕ ਤਾਂ ਉਨ੍ਹਾਂ ਦੀ ਚਿੱਤਰਕਾਰੀ ਗਿਣਤੀ ਦੇ ਫੁੱਲ-ਬੂਟਿਆਂ ਤੇ ਚਿੜੀ-ਜਨੌਰਾਂ ਤੱਕ ਸੀਮਤ ਨਹੀਂ ਸੀ ਸਗੋਂ ਕੰਧਾਂ ਦੀਆਂ ਕੰਧਾਂ ਭਰੀਆਂ ਹੋਈਆਂ ਸਨ। ਦੂਜੇ, ਪੰਜਾਬ ਦੇ ਉਲਟ ਉਸ ਚਿੱਤਰਕਾਰੀ ਵਿਚ ਸਿਰਫ਼ ਔਰਤਾਂ ਦੀ ਥਾਂ ਪਰਿਵਾਰਾਂ ਦੇ ਪਰਿਵਾਰ, ਪੁਰਖ, ਔਰਤਾਂ ਤੇ ਬੱਚੇ, ਭਾਗੀਦਾਰ ਬਣਦੇ ਸਨ।

ਉਹ ਸ਼ਹਿਰ ਆਇਆ ਤੇ ਲੰਮੀ-ਉੱਚੀ ਕੰਧ ਜਿੱਡੀ ਵੱਡੀ ਕੈਨਵਸ ਬਣਵਾ ਕੇ ਲੈ ਗਿਆ। ਉਹਨੇ ਇਕ ਬਜ਼ੁਰਗ ਨੂੰ ਪੁੱਛਿਆ, "ਇਹ ਜੋ ਕੁਝ ਤੁਸੀਂ ਆਪਣੀਆਂ ਕੰਧਾਂ ਉੱਤੇ ਬਣਾਇਆ ਹੈ, ਆਪਣੀ ਮਿਹਨਤ ਦਾ ਮੁੱਲ ਲੈ ਕੇ ਇਸ ਕੱਪੜੇ ਉੱਤੇ ਬਣਾ ਦਿਉਗੇ?" ਨੇਕੀ ਤੇ ਉਹ ਵੀ ਪੁੱਛ-ਪੁੱਛ! ਉਨ੍ਹਾਂ ਨੂੰ ਹੋਰ ਕੀ ਚਾਹੀਦਾ ਸੀ! ਦਿਹਾੜੀਆਂ ਲੱਗਣਗੀਆਂ, ਮਜ਼ਦੂਰੀ ਮਿਲੇਗੀ, ਚੁੱਲ੍ਹਾ ਤਪੇਗਾ! ਉਨ੍ਹਾਂ ਨੇ ਆਪਣੇ ਸਥਾਨਕ ਰੰਗ ਤਿਆਰ ਕੀਤੇ ਅਤੇ ਪੁਰਖਾਂ, ਔਰਤਾਂ ਤੇ ਛੋਟਿਆਂ ਨੇ ਲੱਗ ਕੇ ਕੁਝ ਦਿਨਾਂ ਵਿਚ ਕੈਨਵਸ ਭਰ ਦਿੱਤੀ। ਪੈਸੇ ਪੁੱਛਿਆਂ ਤੋਂ ਬਜ਼ੁਰਗ ਉਂਗਲਾਂ ਭੰਨਣ ਲਗਿਆ, "ਮਰਦ ਦੀ ਦਿਹਾੜੀ ਐਨੀ ਤੇ ਕੁੱਲ ਐਨੀਆਂ ਦਿਹਾੜੀਆਂ, ਔਰਤ ਦੀ ਉਸ ਤੋਂ ਪੌਣੀ ਦਿਹਾੜੀ ਤੇ ਕੁੱਲ ਐਨੀਆਂ ਦਿਹਾੜੀਆਂ, ਛੋਟਿਆਂ ਦੀ ਅੱਧੀ ਦਿਹਾੜੀ ਤੇ ਕੁੱਲ ਐਨੀਆਂ ਦਿਹਾੜੀਆਂ" ਤੇ ਉਹਨੇ ਹਿਸਾਬ ਲਾ ਕੇ ਕੁੱਲ ਪੈਸੇ ਦੱਸ ਦਿੱਤੇ।

ਸਵਾਮੀਨਾਥਨ ਨੂੰ ਹੈਰਾਨੀ ਦੇ ਨਾਲ ਨਾਲ ਪਰੇਸ਼ਾਨੀ ਵੀ ਹੋਈ ਕਿ ਉਨ੍ਹਾਂ ਨੇ ਦਿਹਾੜੀ ਦੇ ਪੈਸੇ ਉਹ ਲਾਏ ਸਨ ਜੋ ਉਨ੍ਹਾਂ ਨੇ ਉਸ ਸੂਰਤ ਵਿਚ ਵੀ ਲਾਉਣੇ ਸਨ ਜੇ ਉਨ੍ਹਾਂ ਤੋਂ ਸੜਕ ਉੱਤੇ ਮਿੱਟੀ ਪੁਆਈ ਜਾਂਦੀ ਜਾਂ ਹੋਰ ਕੋਈ ਸਰੀਰਕ ਕੰਮ ਕਰਵਾਇਆ ਜਾਂਦਾ। ਉਹਨੇ ਬਹੁਤ ਵੱਧ ਪੈਸੇ ਦੇ ਕੇ ਕਿਹਾ, "ਤੁਹਾਨੂੰ ਪਤਾ ਹੈ, ਇਹ ਜੋ ਤੁਸੀਂ ਬਣਾਇਆ ਹੈ, ਇਸ ਦਾ ਮੁੱਲ ਅੰਗਣਾ ਵੀ ਔਖਾ ਹੈ?"

ਇਹ ਗੱਲ ਵੀ ਉਨ੍ਹਾਂ ਦੀ ਸਮਝੋਂ ਬਾਹਰ ਸੀ ਕਿ ਕੱਪੜੇ ਉੱਤੇ ਉਨ੍ਹਾਂ ਦੇ ਪਾਏ ਇਨ੍ਹਾਂ ਬਿਰਛ-ਬੂਟਿਆਂ ਤੇ ਚਿੜੀਆਂ-ਮੋਰਾਂ ਵਿਚ ਅਜਿਹਾ ਕੀ ਹੈ ਜੋ ਕੀਮਤੀ ਹੈ।

ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਨਾਲ ਸਵਾਮੀਨਾਥਨ ਦੀ ਚੰਗੀ ਜਾਣ-ਪਛਾਣ ਸੀ। ਉਹਨੇ ਉਹ ਕੈਨਵਸ ਉਹਦੇ ਵਿਹੜੇ ਵਿਚ ਵਿਛਾ ਕੇ ਦਿਖਾਈ ਤਾਂ ਉਹ ਵੀ ਕਲਾ ਦਾ ਉੱਚਾ ਮਿਆਰ ਦੇਖ ਕੇ ਦੰਗ ਰਹਿ ਗਈ ਤੇ ਪੁੱਛਿਆ, "ਕਿਸ ਦੀ ਸਿਰਜਨਾ ਹੈ ਇਹ?"

ਉਹਨੇ ਪੂਰੀ ਵਾਰਤਾ ਸੁਣਾ ਕੇ ਕਿਹਾ, "ਇਹ ਤੁਹਾਡੇ ਦੇਸ ਦੇ ਉਨ੍ਹਾਂ ਮਹਾਨ ਕਲਾਕਾਰਾਂ ਦਾ ਕਾਰਨਾਮਾ ਹੈ, ਜਿਹੜੇ ਇਹ ਵੀ ਨਹੀਂ ਜਾਣਦੇ ਕਿ ਕਲਾ ਨਾਂ ਦੀ ਵੀ ਕੋਈ ਚੀਜ਼ ਹੁੰਦੀ ਹੈ ਤੇ ਉਨ੍ਹਾਂ ਨੇ ਹੋਰ ਸਰੀਰਕ ਕੰਮਾਂ ਵਾਂਗ ਇਹ ਚਿੱਤਰ-ਸਮੂਹ ਦਿਹਾੜੀਆਂ ਦੀ ਮਜ਼ਦੂਰੀ ਲੈ ਕੇ ਸਿਰਜਿਆ ਹੈ। ਪ੍ਰਧਾਨ ਮੰਤਰੀ ਹੋ, ਕਲਾ ਨੂੰ ਸਮਝਣ ਵਾਲੇ ਕਦਰਦਾਨ ਹੋ, ਕਰੋ ਕੁਝ ਅਜਿਹੀਆਂ ਕਲਾਵਾਂ ਲਈ!"

ਨਤੀਜੇ ਵਜੋਂ 1982 ਵਿਚ ਭੁਪਾਲ ਦਾ ਭਾਰਤ ਭਵਨ ਬਣ ਕੇ ਸੰਪੂਰਨ ਹੋਇਆ ਜਿਸ ਦਾ ਕੰਮ ਬਹੁਭਾਂਤੀ ਆਦਿਵਾਸੀ ਕਲਾਵਾਂ ਨੂੰ ਪਛਾਣਨਾ, ਸਾਂਭਣਾ ਤੇ ਉਤਸਾਹ ਦੇਣਾ ਮਿਥਿਆ ਗਿਆ। ਇਹ ਜਾਣਨਾ ਵੀ ਦਿਲਚਸਪ ਹੋਵੇਗਾ ਕਿ ਅੱਜ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਗੋਂਡ ਆਦਿਵਾਸੀ ਚਿੱਤਰਕਾਰ ਜਨਗੜ੍ਹ ਸਿੰਘ ਸ਼ਿਆਮ ਨੂੰ ਸਵਾਮੀਨਾਥਨ ਨੇ ਆਪਣੀਆਂ ਕੰਧਾਂ ਨੂੰ ਸਿੰਗਾਰਨ ਤੱਕ ਸੀਮਤ ਉਨ੍ਹਾਂ ਲੋਕਾਂ ਵਿਚੋਂ ਹੀ ਪਛਾਣਿਆ ਤੇ ਦੁਨੀਆ ਦੇ ਰੂਬਰੂ ਕਰਵਾਇਆ ਸੀ।

ਕਾਨੀ ਸ਼ਾਲ ਹੋਵੇ ਜਾਂ ਆਦਿਵਾਸੀ ਜਾਂ ਕੋਈ ਹੋਰ ਕਲਾ, ਸਾਡੇ ਦੇਸ ਵਿਚ ਸਭ ਕਲਾਕਾਰਾਂ ਦੀ ਹੋਣੀ ਇਹੋ ਹੈ। ਪਰ ਕਲਾਕਾਰ ਵਾਸਤੇ ਕਲਾ ਆਪਣੇ ਆਪ ਵਿਚ ਇਕ ਪਰਾਪਤੀ, ਇਕ ਤਸੱਲੀ ਹੁੰਦੀ ਹੈ। ਇਸੇ ਕਰਕੇ ਸਭ ਮੁਸ਼ਕਿਲਾਂ ਵਿਚੋਂ ਲੰਘਦਿਆਂ ਵੀ ਨਾਵਲ ਦੇ ਅੰਤ ਵਿਚ ਕਾਨੀਕਾਰ ਬੁਲਬੁਲ ਸਿਰਜੀ ਜਾ ਰਹੀ ਸ਼ਾਲ ਵਿਚ ਚਮਕਦੇ-ਲਿਸ਼ਕਦੇ ਰੰਗ ਵੀ ਬੁਣ ਰਹੀ ਹੈ ਤੇ ਕਾਨੀਕਾਰਾਂ ਦਾ ਪ੍ਰੰਪਰਕ ਗੀਤ ਵੀ ਗਾ ਰਹੀ ਹੈ। ਤਦੇ ਮੁਸਤਫ਼ਾ ਸਾਰੰਗੀ ਚੁੱਕ ਲੈਂਦਾ ਹੈ। ਕਮਰੇ ਵਿਚ ਸਾਰੇ ਟੱਬਰ ਨੇ ਗੀਤ-ਸੰਗੀਤ ਦੀ ਛਹਿਬਰ ਲਾਈ ਤਾਂ ਸ਼ਤੀਰੀ ਉੱਤੇ ਬੈਠੀ ਚਿੜੀ ਵੀ ਫ਼ਰਸ਼ ਉੱਤੇ ਉਤਰ ਕੇ ਫੁਦਕਦੀ-ਨਚਦੀ ਤੇ ਚੀਂ-ਚੀਂ ਦਾ ਗੀਤ ਗਾਉਂਦੀ ਉਨ੍ਹਾਂ ਵਿਚ ਸ਼ਾਮਿਲ ਹੋ ਗਈ। ਗੀਤ-ਸੰਗੀਤ ਹੈ, ਹੁਲਾਸੇ ਬੋਲ ਹਨ, ਵਜਦ ਵਿਚ ਆਈ ਸਾਰੰਗੀ ਹੈ, ਇਲਾਹੀ ਸੁਰ ਹੈ, ਪਾਕ ਜਜ਼ਬੇ ਹਨ, ਮਿੱਠੀਆਂ ਮੁਸਕਰਾਹਟਾਂ ਹਨ ਤੇ ਚਿਹਰਿਆਂ ਵਿਚੋਂ ਫੁਟਦੀਆਂ ਆਨੰਦ ਦੀਆਂ ਕਿਰਨਾਂ ਹਨ!


ਚੰਗੀ ਰਚਨਾ ਦਾ ਇਕ ਲਾਜ਼ਮੀ ਗੁਣ ਇਹ ਹੁੰਦਾ ਹੈ ਕਿ

# ਕਿਰਸਾਨੀ ਸੰਘਰਸ਼ ਨੂੰ ਸਮਰਪਿਤ ਪਹਿਲਾ ਨਾਵਲ – 'ਅਸੀਂ ਬੰਦੂਕਾਂ ਨਹੀਂ ਬੀਜਦੇ'

ਨਾਵਲਕਾਰ: ਸੁਖਮਿੰਦਰ ਸੇਖੋਂ
ਪੰਨੇ: 104
ਮੁੱਲ: 200
ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ

**ਡਾ. ਤੇਜਾ ਸਿੰਘ ਤਿਲਕ**
**ਫੋਨ: 98766-36159**

ਸੱਤ ਕਹਾਣੀ-ਸੰਗ੍ਰਹਿ ਤੇ ਤਿੰਨ ਨਾਵਲਾਂ ਸਮੇਤ ਪੰਦਰਾਂ ਕੁ ਪੁਸਤਕਾਂ ਦਾ ਲੇਖਕ ਸੁਖਮਿੰਦਰ ਸੇਖੋਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਹੱਥਲੇ ਨਵੇਂ ਨਾਵਲ 'ਅਸੀਂ ਬੰਦੂਕਾਂ ਨਹੀਂ ਬੀਜਦੇ' ਨੂੰ ਕਿਰਸਾਨੀ ਸੰਘਰਸ਼ ਦਾ ਪਹਿਲਾ ਨਾਵਲ ਹੋਣ ਦਾ ਮਾਣ ਜਾਂਦਾ ਹੈ। ਪੁਸਕਤ 36 ਕਾਂਡਾਂ ਵਿਚ ਵੰਡੀ ਹੋਈ ਹੈ। ਇਹ ਉਸ ਨੇ ਪਿਛਲੇ ਦੋ ਵਰ੍ਹਿਆਂ ਦੌਰਾਨ ਦਿੱਲੀ ਦੇ ਬਾਰਡਰਾਂ 'ਤੇ ਦੇਸ਼ ਦੇ ਕਿਸਾਨਾਂ ਅਤੇ ਕਿਰਤੀ ਕਾਮਿਆਂ ਵੱਲੋਂ ਕਾਰਪੋਰੇਟ ਘਰਾਣਿਆਂ ਦੁਆਰਾ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੇ ਮਨਸ਼ੇ ਨਾਲ ਦਿੱਲੀ ਦੀ ਉਨ੍ਹਾਂ ਦੀ ਹਮਾਇਤੀ ਸਰਕਾਰ ਦੇ ਬਣਾਏ ਤਿੰਨ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਲੜੇ ਘੋਲ ਬਾਰੇ ਹੈ, ਜੋ ਜਿੱਤ ਤੱਕ ਚੱਲਿਆ।





ਇਸ ਘੋਲ ਨਾਲ ਕਾਲੇ ਕਾਨੂੰਨਾਂ ਦੀ ਵਾਪਸੀ ਹੀ ਨਹੀਂ ਹੋਰ ਵੀ ਲੰਮੇਰੇ ਸਮੇਂ ਲਈ ਲਾਭ ਹੋਏ, ਲੋਕ ਏਕਤਾ ਤੇ ਸਭਿਆਚਾਰਕ ਚੇਤਨਾ ਪੈਦਾ ਹੋਈ, 'ਨਿਸਚੈ ਕਰ ਅਪਨੀ ਜੀਤ ਕਰੋ' ਦਾ ਪਰਚਮ ਉਚਾ ਹੋਇਆ। ਸਰਕਾਰਾਂ ਨੂੰ ਡੰਗ ਵੱਜਿਆ ਤੇ ਅੱਗੋਂ ਸਾਵਧਾਨੀ ਲਈ ਪ੍ਰੇਰਨਾ ਵੀ। ਨਾਵਲਕਾਰ ਆਪਣੀ ਗੱਲ ਕਹਿਣ ਵਿਚ ਸਫਲ ਹੈ।ਸੇਖੋਂ ਨੇ ਕਿਸਾਨ ਮੋਰਚੇ ਜ਼ਰੀਏ ਇਕ ਕਿਸਾਨ ਤੇ ਫੌਜੀ ਦੀ ਪਰਿਵਾਰਕ ਜ਼ਿੰਦਗੀ ਵੀ ਨਾਲੋ-ਨਾਲ ਦਰਸਾ ਦਿੱਤੀ ਹੈ। ਪੰਜਾਬ ਤੇ ਬਿਹਾਰ ਦੀ ਸਾਂਝ ਪੇਸ਼ ਕਰ ਦਿੱਤੀ। ਪਿੰਡ ਦੇ ਸਰਦਾਰ ਲੋਕਾਂ ਦੀ ਬਦਨੀਤੀ ਦੀ ਕਰਤੂਤ ਤੇ ਉਸਦਾ ਹਸ਼ਰ ਵੀ ਦਿਖਾ ਦਿੱਤਾ। ਗੱਲ ਕੀ ਇੱਕ ਸੁੰਦਰ ਬਿਰਤਾਂਤ ਸਿਰਜ ਦਿੱਤਾ।

ਨਾਵਲ ਰੌਚਕ ਹੈ, ਭਾਸ਼ਾ ਠੇਠ ਮਲਵਈ, ਮੁਹਾਰਵੇਦਾਰ, ਕਾਵਿਕ ਤੇ ਪਾਤਰ ਅਨੁਕੂਲ ਹੈ। ਫੌਜੀ ਦਾ ਤਕੀਆ ਕਲਾਮ ਥਾਂ-ਥਾਂ ਮਿਲਦਾ ਹੈ। ਕਿਸਾਨ ਮੋਰਚਾ ਤੇ ਨਾਇਕ ਫਕੀਰੀਆ ਦਾ ਜੀਵਨ ਫਲੈਸ਼ ਬੈਕ ਤਰੀਕੇ ਨਾਲ ਸਮਾਨਾਂਤਰ ਚੱਲਦੇ ਹਨ। ਲੇਖਕ ਦਾ ਵਿਸ਼ਲੇਸ਼ਣ ਨਿਰਪੱਖ ਹੈ ਕਿੱਧਰੇ ਵੀ ਉਲਾਰ ਨਹੀਂ ਹੁੰਦਾ। ਗੱਲ ਕੀ ਗਲਪੀ ਸਿਫਤਾਂ ਨਾਲ ਭਰਪੂਰ ਹੈ। ਪੜ੍ਹਨਾ ਆਰੰਭ ਕਰੋ, ਖਤਮ ਹੋਣ ਤੱਕ ਹਟ ਨਹੀਂ ਸਕੋਗੇ। ਨਾਵਲਕਾਰ ਸੇਖੋਂ ਦੀ ਕਲਮ ਨੂੰ ਸਿਜਦਾ ਹੈ। ਹਰ ਕਿਸਾਨ, ਮਜ਼ਦੂਰ, ਪਾਠਕ ਨੂੰ ਇਹ ਨਾਵਲ ਜ਼ਰੂਰ ਪੜ੍ਹਨਾ ਚਾਹੀਦਾ ਹੈ।

---

ਉਹ ਕੋਈ ਨਵੀਂ ਗੱਲ ਕਰੇ, ਜੀਵਨ ਦਾ ਕੋਈ ਅਣਦੇਖਿਆ ਪੱਖ ਪਾਠਕ ਦੇ ਰੂਬਰੂ ਕਰੇ। ਸੁਰਿੰਦਰ ਨੀਰ ਦਾ ਨਾਵਲ 'ਚਸ਼ਮਿ-ਬੁਲਬੁਲ' ਪੰਜਾਬੀ ਪਾਠਕ ਨੂੰ ਅਜਿਹੀ ਦੁਨੀਆ ਵਿਚ ਲੈ ਜਾਂਦਾ ਹੈ ਜਿਥੇ ਉਹ ਕਦੀ ਗਿਆ ਨਹੀਂ ਪਰ ਜਿਥੇ ਜਾਣਾ ਇਕ ਹਾਸਲ ਹੈ। ਸਭੇ ਹਨੇਰੀਆਂ-ਝੱਖੜਾਂ ਦੇ ਬਾਵਜੂਦ ਪੰਛੀਆਂ ਵਰਗੇ ਅਨਭੋਲ ਕਸ਼ਮੀਰੀ ਲੋਕਾਂ ਦੀ ਰਹਿਤਲ ਤੇ ਉਨ੍ਹਾਂ ਦੇ ਸਭਿਆਚਾਰ ਦੇ ਭਰਪੂਰ ਦਰਸ਼ਨ ਹੁੰਦੇ ਹਨ। ਮੇਰੀ ਉਮੀਦ ਵੀ ਹੈ ਤੇ ਅਸੀਸ ਵੀ ਕਿ ਸੁਰਿੰਦਰ ਸ਼ਬਦ-ਸਿਰਜਨਾ ਦੇ ਮਾਰਗ ਉੱਤੇ ਇਸੇ ਅਡੋਲਤਾ ਤੇ ਜ਼ਿੰਮੇਦਾਰੀ ਦੀ ਭਾਵਨਾ ਨਾਲ਼ ਤੁਰਦੀ ਰਹੇਗੀ!




*ਸੁਰਿੰਦਰ ਨੀਰ ਦੇ ਨਾਵਲ 'ਸ਼ਿਕਾਰਗਾਹ' ਅਤੇ 'ਮਾਇਆ' ਦੇ ਮੁਖੜੇ।*

## ਕਾਵਿ -ਕਿਆਰੀ

### *ਵਿਦੇਸ਼ਾਂ ਦੀ ਚਮਕ*

ਕੰਮਕਾਰ ਸਭ ਮੰਦੇ ਹੋ ਗਏ,
ਫੇਲ੍ਹ ਨੀਤੀ ਹੋਈ ਸਰਕਾਰ,
ਜਿਧਰ ਦੇਖੋ ਗਭਰੂ ਘੁੰਮਦੇ,
ਪੜ੍ਹੇ-ਲਿਖੇ ਹਨ ਬੇਰੁਜ਼ਗਾਰ।
ਜੀਣਾ ਚੰਗਾ ਹਰੇਕ ਲੋਚਦਾ,
ਨ ਭਵਿੱਖ ਘੋਰ ਅੰਧਿਆਰ,
ਤੁਰ ਪਏ ਸਭ ਵੱਲ ਬਿਦੇਸ਼ਾਂ,
ਲੈ ਕੇ ਸੁਫ਼ਨੇ ਦਿਲ ਹਜ਼ਾਰ।

ਮੁੱਛ-ਫੁੱਟ ਲੂਟੇ ਬੜੇ ਕਾਹਲੇ,
ਕਰੀ ਆਈਲੈਟਸ ਬੇਕਰਾਰ,
ਕੁੜੀਆਂ ਵੀ ਨ੍ਹੀਂ ਘੱਟ ਕਿਤੇ,
ਬੰਨ੍ਹੀਂ ਫਿਰਦੀਆਂ ਨੇ ਕਤਾਰ।
ਛੱਡ ਨੈਤਿਕ ਕਦਰ-ਕੀਮਤਾਂ,
ਜਾਹਲੀ ਵਿਆਹ ਬੇਸ਼ੁਮਾਰ,
ਪਰਾਈ ਧਰਤੀ ਲੋਕ ਪਰਾਏ,
ਨੱਠਦੀਆਂ ਨੇ ਮਾਰ ਉਡਾਰ।

ਪਹੁੰਚ ਵਿਦੇਸ਼ੀਂ ਭੱਜੇ ਫਿਰਦੇ,
ਜਿਉਂ ਚਾਬੀ ਦੇ ਛੱਡੀ ਕਾਰ,
ਦਿਨੇ ਕਾਲਜ ਰਾਤ ਫੈਕਟਰੀ,
ਉਨੀਂਦਰੇ ਧੱਕੇ ਖਾਂਦੇ ਯਾਰ।
ਲੂਰ ਲੂਰ ਕਰਦੇ ਭੋਲ਼ੇ ਚੇਹਰੇ,
ਚੇਤੇ ਕਰਦੇ ਮਾਪੇ,ਪਿਆਰ,
ਫਿਰ ਨਾਨੀ ਹੈ ਯਾਦ ਆਂਵਦੀ,
ਹੁੰਦੇ ਜਦੋਂ ਖੱਜਲ ਖੁਆਰ।

ਬੇਬੇ ਬਾਪੂ ਵਤਨੀਂ ਛੱਡ 'ਕੱਲੇ,
ਸੋਚੇ ਖ਼ੁਆਬ ਹੋਣ ਸਾਕਾਰ,
ਵਾਂਗ ਮੋਮਬੱਤੀ ਜਲੇ ਦੋ ਕੰਨੀਂ,
ਨਾ਼ਲ ਮੁਸ਼ੱਕਤਾਂ ਬੇੜਾ ਪਾਰ।
ਖੇਡਣ ਦੀ ਉਮਰੇ ਪਏ ਮਾਮਲੇ,
ਲਾਹੁੰਣੇ ਕਰਜ਼ੇ ਸਿਰੋਂ ਭਾਰ,
ਕੱਚ-ਕੁਆਰੇ ਰਿਸ਼ਤੇ ਟੁੱਟ'ਗੇ,
ਡੁੱਬੇ ਸੋਹਣੀ ਜਿਉਂ ਮੰਝਧਾਰ।

ਨਾ ਕੋਈ ਛੱਡੇ ਦੇਸ਼ ਪਿਆਰਾ,
ਜੇ ਕੰਮ-ਧੰਧੇ ਦੇਵੇ ਸਰਕਾਰ,
ਨਾਂਹੀ ਬੁਢਾਪਾ ਰੁ਼ਲੇ ਬੇਕਦਰਾ,
ਹੱਸਦਾ ਵਸਦਾ ਹੋਵੇ ਪ੍ਰਵਾਰ।
ਨਾ਼ਲ ਇੱਜ਼ਤ ਹੋਣ ਕਮਾਈਆਂ,
ਨਾ ਸਹਿਣਾ ਪਵੇ ਤ੍ਰਿਸਕਾਰ,
ਸਭ ਮਜਬੂਰੀਆਂ ਦੀ ਹੈ ਚੂਰੀ,
ਖਾਣੀ ਪਵੇ ਸਦਾ ਮਨ ਮਾਰ।
*-ਸੇਵਾ ਸਿੰਘ 'ਨੂਰਪੁਰੀ'*

---

# 'ਚਮਕੀਲਾ' ਬਣਿਆ 'ਦਿਲਜੀਤ ਦੁਸਾਂਝ'

ਪੰਜਾਬੀ ਦੋਗਾਣਾ ਗਾਇਕੀ ਦੀ ਬਹੁ-ਚਰਚਿਤ ਜੋੜੀ ਮਰਹੂਮ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਪ੍ਰਸਿੱਧੀ ਨੂੰ ਵੇਖਦਿਆਂ ਬਾਲੀਵੁੱਡ ਵਾਲਿਆਂ ਵੱਲੋਂ ਹੁਣ ਉਸ 'ਤੇ ਇੱਕ ਫ਼ਿਲਮ 'ਚਮਕੀਲਾ' ਬਣਾਈ ਜਾ ਰਹੀ ਹੈ। ਵੱਡੇ ਬਜਟ ਦੀ ਇਸ ਫ਼ਿਲਮ ਵਿਚ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦਾ ਗਾਇਕੀ ਸਫ਼ਰ, ਪਰਿਵਾਰਕ ਜ਼ਿੰਦਗੀ ਅਤੇ ਨਾਜ਼ੁਕ ਸਮੇਂ ਦੀਆਂ ਅਹਿਮ ਘਟਨਾਵਾਂ ਨੂੰ ਪਰਦੇ 'ਤੇ ਵਿਖਾਇਆ ਜਾਵੇਗਾ। ਉਸਦੇ ਪ੍ਰਸ਼ੰਸਕਾਂ ਲਈ ਚੰਗੀ ਖ਼ਬਰ ਹੈ ਕਿ ਗਾਇਕੀ ਵਿਚ ਅਮਰ ਹੋਇਆ ਚਮਕੀਲਾ ਹੁਣ ਫ਼ਿਲਮੀ ਪਰਦੇ 'ਤੇ ਵੀ ਰਾਜ ਕਰੇਗਾ।

ਜ਼ਿਕਰਯੋਗ ਹੈ ਕਿ ਇਸ ਫ਼ਿਲਮ 'ਚ ਅਮਰ ਸਿੰਘ ਚਮਕੀਲੇ ਦਾ ਕਿਰਦਾਰ ਪੰਜਾਬੀ ਗਾਇਕ ਤੇ ਬਾਲੀਵੁੱਡ ਅਦਾਕਾਰ ਦਿਲਜੀਤ ਦੁਸਾਂਝ ਨਿਭਾਅ ਰਿਹਾ ਹੈ ਜਦਕਿ ਬਾਲੀਵੁੱਡ ਅਦਾਕਾਰਾ ਪ੍ਰਨੀਤੀ ਚੋਪੜਾ ਅਮਰਜੋਤ ਦੇ ਕਿਰਦਾਰ 'ਚ ਨਜ਼ਰ ਆਵੇਗੀ। ਅਕਸਰ ਬਾਲੀਵੁੱਡ ਇੰਡਸਟਰੀ ਵਾਲੇ ਜ਼ਿਆਦਾਤਰ ਮੁੰਬਈ ਦੇ ਕਲਾਕਾਰਾਂ ਤੋਂ ਹੀ ਪੰਜਾਬੀ ਕਿਰਦਾਰ ਕਰਵਾ ਲੈਂਦੇ ਹਨ ਜਦਕਿ ਇਸ ਫ਼ਿਲਮ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਚਮਕੀਲੇ ਦੇ ਕਿਰਦਾਰ ਲਈ ਦਿਲਜੀਤ ਨੂੰ ਚੁਣਿਆ ਹੈ, ਕਿਉਂਕਿ ਅਦਾਕਾਰ ਤੋਂ ਪਹਿਲਾਂ ਦਿਲਜੀਤ ਇਕ ਗਾਇਕ ਵੀ ਹੈ। ਚਮਕੀਲੇ ਦੇ ਗਾਇਕੀ ਦੌਰ ਨੂੰ ਉਸਨੇ ਨੇੜੇ ਤੋਂ ਵੇਖਿਆ ਹੈ। ਉਸ ਵਾਂਗ ਹੀ ਉਹ ਠੇਠ ਮਲਵਈ ਬੋਲਣ ਵਾਲਾ ਕਲਾਕਾਰ ਹੈ। ਜਿਸ ਕਰਕੇ ਚਮਕੀਲੇ ਦੇ ਕਿਰਦਾਰ ਵਿਚ ਆਪਣੇ ਆਪ ਨੂੰ ਢਾਲਣਾ ਉਸ ਲਈ ਸੌਖਾ ਸੀ। ਬਾਲੀਵੁੱਡ ਲੇਖਕ ਨਿਰਦੇਸ਼ਕ ਇਮਤਿਆਜ਼ ਅਲੀ ਵਲੋਂ ਬਣਾਈ ਜਾ ਰਹੀ ਇਸ ਫ਼ਿਲਮ ਵਿਚ ਪੰਜਾਬੀ ਤੇ ਹਿੰਦੀ ਸਿਨਮੇ ਦੇ ਕਈ ਨਾਮੀ ਅਦਾਕਾਰ ਵੀ ਅਹਿਮ ਕਿਰਦਾਰਾਂ ਵਿਚ ਨਜ਼ਰ ਆਉਣਗੇ। ਇਸ ਫ਼ਿਲਮ ਦੀ ਸ਼ੂਟਿੰਗ ਸੰਗਰੂਰ, ਬਰਨਾਲਾ, ਧੂਰੀ, ਮਾਲੇਰਕੋਟਲਾ ਤੇ ਮਾਨਸਾ ਇਲਾਕੇ ਵਿਚ ਕੀਤੀ ਗਈ ਹੈ। ਇਸ ਫ਼ਿਲਮ ਲਈ ਅਹਿਮ ਅਖਾੜਾ ਮਾਨਸਾ ਦੇ ਖਿਆਲ ਪਿੰਡ ਵਿਚ ਫ਼ਿਲਮਾਇਆ ਗਿਆ, ਜਿੱਥੇ ਦਿਲਜੀਤ ਦੁਸਾਂਝ ਤੇ ਚਮਕੀਲੇ ਦੇ ਪ੍ਰਸ਼ੰਸਕ ਵੱਡੀ ਗਿਣਤੀ ਵਿਚ ਪਹੁੰਚੇ। ਭਾਵੇਂ ਦਿਲਜੀਤ ਦੁਸਾਂਝ ਵਿਵਾਦਤ ਕਲਾਕਾਰ ਨਹੀਂ ਹੈ ਪਰ ਚਮਕੀਲੇ ਦੇ ਕਿਰਦਾਰ ਨੂੰ ਲੈ ਕੇ ਉਸ ਬਾਰੇ ਤਰ੍ਹਾਂ ਤਰ੍ਹਾਂ ਦੀ ਆਲੋਚਨਾ ਹੋ ਰਹੀ ਹੈ ਪਰ ਦਿਲਜੀਤ ਦਾ ਧਿਆਨ ਆਪਣੇ ਕੰਮ ਵੱਲ ਹੈ। ਜੇਕਰ ਕੁਝ ਦ੍ਰਿਸ਼ਾਂ ਲਈ ਉਸਨੇ ਆਪਣੀ ਪੱਗ ਉਤਾਰੀ ਤਾਂ ਉਸ ਵੇਲੇ ਉਹ ਦਿਲਜੀਤ ਨਹੀਂ, ਚਮਕੀਲਾ ਦੇ ਕਿਰਦਾਰ ਵਿਚ ਸੀ।

ਵਾਇਰਲ ਤਸਵੀਰਾਂ ਨੂੰ ਵੇਖਦਿਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨ 'ਚ ਆ ਰਹੀਆਂ ਹਨ ਕਿ ਉਸਨੇ ਇੱਕ ਵਿਵਾਦਿਤ ਗਾਇਕ ਦੇ ਕਿਰਦਾਰ ਲਈ ਆਪਣੀ ਪੱਗ ਉਤਾਰ ਕੇ ਸਿੱਖ ਧਰਮ ਦੀ ਉਲੰਘਣਾ ਕੀਤੀ ਪ੍ਰੰਤੂ ਸੋਚਣ ਦੀ ਲੋੜ ਹੈ ਕਿ ਜਦੋਂ ਦਿਲਜੀਤ ਨੇ 'ਸੱਜਣ ਸਿੰਘ ਰੰਗਰੂਟ ਨਾਂ ਦੀ ਪੰਜਾਬੀ ਫ਼ਿਲਮ ਵਿਚ ਇੱਕ ਸਿੱਖ ਫ਼ੌਜੀ ਦੀ ਸ਼ਹਾਦਤ ਭਰੀ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕੀਤਾ ਸੀ ਉਦੋਂ ਉਸਨੂੰ ਕਿਹੜਾ ਐਵਾਰਡ ਦਿੱਤਾ ਗਿਆ ਸੀ? ਜਦ ਉਸਨੇ ਧਾਰਮਿਕ ਗੀਤ 'ਆਰ ਨਾਨਕ ਪਾਰ ਨਾਨਕ...' ਵੀ ਗਾਇਆ ਸੀ।



ਅਮਰ ਸਿੰਘ ਚਮਕੀਲੇ ਨੇ ਗਾਇਕੀ ਕਰਦਿਆਂ ਜੇ ਪਰਿਵਾਰਕ ਰਿਸ਼ਤਿਆਂ ਨੂੰ ਠੇਠਤਾਂ ਨਾਲ ਗਾਇਆ ਤਾਂ ਉਸਨੇ 'ਪਾਣੀ ਦਿਆ ਬੁਲਬੁਲਿਆ ਕੀ ਬੁਨਿਆਦਾਂ ਤੇਰੀਆਂ, ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ, ਚਾਰ ਦਿਨਾਂ ਦੀ ਪ੍ਰਾਹੁਣੀ ਜਿੰਦੇ ਤੂੰ, ਵੇ ਪੁੱਤ ਜਾਂਦੀ ਵਾਰੀ, 'ਤਾਰਿਆਂ ਦੀ ਲੋਏ ਲੋਏ, ਤੁਰਦੇ ਮਟਕ ਨਾਲ, ਧੰਨ ਮਾਤਾ ਗੁਜਰੀ ਦੇ ਲਾਲ' ਆਦਿ ਧਾਰਮਿਕ ਗੀਤ ਵੀ ਰਿਕਾਰਡ ਕਰਵਾਏ ਜੋ ਬਹੁਤ ਮਕਬੂਲ ਹੋਏ। ਜੇਕਰ ਚਮਕੀਲੇ ਦੇ ਕੁਝ ਮਾੜੇ ਪੱਖ ਸੀ ਤਾਂ ਚੰਗੇ ਵੀ ਸੀ ਜੋ ਇਸ ਫ਼ਿਲਮ ਰਾਹੀਂ ਨਜ਼ਰ ਆਉਣਗੇ ਕਿਉਂਕਿ ਇਸ ਫ਼ਿਲਮ ਲਈ ਪਿਛਲੇ ਚਾਰ-ਪੰਜ ਸਾਲਾਂ ਤੋਂ ਬਹੁਤ ਬਾਰੀਕੀ ਨਾਲ ਕੰਮ ਹੋ ਰਿਹਾ ਸੀ।

ਚਮਕੀਲਾ ਗਰੀਬ ਪਰਿਵਾਰ 'ਚ ਜਨਮਿਆ ਮੇਹਨਤੀ ਕਲਾਕਾਰ ਸੀ ਜਿਸਨੇ ਮੇਹਨਤ ਮਜ਼ਦੂਰੀ ਕਰਦੇ ਪਰਿਵਾਰ 'ਚੋਂ ਉੱਠ ਕੇ ਗਾਇਕੀ ਖੇਤਰ ਵਿਚ ਆਪਣਾ ਕੱਦ ਕੱਢਿਆ। ਸ਼ੌਹਰਤ ਤੇ ਪੈਸਾ ਆਉਣ ਨਾਲ ਉਸਨੇ ਪੈਰ ਨਹੀਂ ਛੱਡੇ, ਉਹ ਹਰ ਲੋੜਵੰਦ ਲਈ ਅੱਗੇ ਆਉਂਦਾ ਸੀ। ਸੰਗੀਤਕ ਹਲਕਿਆਂ ਵਿਚ ਅਮਰ ਸਿੰਘ ਚਮਕੀਲੇ ਦਾ ਫ਼ਿਲਮੀਕਰਨ ਹੋਣਾ ਚੰਗਾ ਮੰਨਿਆ ਜਾ ਰਿਹਾ ਹੈ। ਉਸਦੇ ਪ੍ਰਸ਼ੰਸਕ ਇਸ ਫ਼ਿਲਮ ਪ੍ਰਤੀ ਕਾਫ਼ੀ ਉਤਸ਼ਾਹਿਤ ਹਨ।

8 ਮਾਰਚ 1988 ਨੂੰ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਕੌਰ ਦਾ ਇਕ ਵਿਆਹ ਸਮਾਗਮ 'ਤੇ ਪ੍ਰੋਗਰਾਮ ਪੇਸ਼ ਕਰਦਿਆਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸ ਸਬੰਧੀ ਹਰ ਸਾਲ 8 ਮਾਰਚ ਨੂੰ ਲੁਧਿਆਣੇ ਇਕ ਮੇਲਾ ਕਰਵਾਇਆ ਜਾਂਦਾ ਹੈ। ਇਸ ਵਾਰ ਉਸ ਮੇਲੇ ਮੌਕੇ 'ਚਮਕੀਲਾ' ਫ਼ਿਲਮ ਦੀ ਸ਼ੂਟਿੰਗ ਹੋਣਾ ਵੀ ਸੱਚੀ ਸ਼ਰਧਾਂਜਲੀ ਹੀ ਹੈ।

*-ਸੁਰਜੀਤ ਜੱਸਲ*

# ਵਿੱਤੀ ਮੰਝਧਾਰ ਵਿਚ ਫਸਿਆ ਪਾਕਿਸਤਾਨ

ਪਾਕਿਸਤਾਨ ਅੱਜ ਬਹੁਤ ਮਾੜੀ ਹਾਲਤ ਵਿਚ ਹੈ। ਮਾਲੀ ਹਾਲਤ ਲਗਾਤਾਰ ਗਰਕ ਰਹੀ ਹੈ। ਵਿਦੇਸ਼ੀ ਮੁਦਰਾ ਭੰਡਾਰ ਘਟ ਕੇ 2 ਅਰਬ ਡਾਲਰ ਤੋਂ ਵੀ ਘੱਟ ਰਹਿ ਗਿਆ ਹੈ। ਇਸ ਦੌਰਾਨ ਮੁਲਕ ਨੇ ਦੀਵਾਲੀਆ ਹੋਣ ਤੋਂ ਬਚਣ ਲਈ ਆਈ.ਐੱਮ.ਐੱਫ. (ਕੌਮਾਂਤਰੀ ਮੁਦਰਾ ਕੋਸ਼), ਕੌਮਾਂਤਰੀ ਬੈਂਕਾਂ ਅਤੇ ਦਾਨੀਆਂ ਨੂੰ ਫੌਰੀ ਇਮਦਾਦ ਦੀ ਦੁਹਾਈ ਦਿੱਤੀ ਹੈ। ਦੂਜੇ ਪਾਸੇ, ਇਨ੍ਹਾਂ ਸਾਰੇ ਹਾਲਾਤ ਕਾਰਨ ਸਾਬਕਾ ਵਜ਼ੀਰੇ-ਆਜ਼ਮ ਇਮਰਾਨ ਖਾਨ ਅਤੇ ਸ਼ਾਹਬਾਜ਼ ਸ਼ਰੀਫ਼ ਹਕੂਮਤ ਦਰਮਿਆਨ ਜ਼ੋਰਦਾਰ ਲਫ਼ਜ਼ੀ ਜੰਗ ਜਾਰੀ ਹੈ।

ਇਹ ਗੱਲ ਵੀ ਅਹਿਮ ਹੈ ਕਿ ਅਮਰੀਕਾ

**ਜੀ. ਪਾਰਥਾਸਾਰਥੀ**

ਪੱਖੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਆਪਣੇ ਵਫ਼ਾਦਾਰ ਲੈਫ਼ਟੀਨੈਂਟ ਜਨਰਲ ਆਮਿਰ ਮੁਨੀਰ ਨੂੰ ਆਪਣਾ ਜਾਨਸ਼ੀਨ ਬਣਾਉਣ ਦਾ ਬੰਦੋਬਸਤ ਕਰ ਲਿਆ। ਇਸ ਤੋਂ ਸਾਫ਼ ਹੈ ਕਿ ਫ਼ੌਜ ਦੀ ਆਗਾਮੀ ਸਮੇਂ ਦੌਰਾਨ ਵੀ ਅਮਰੀਕਾ ਨਾਲ ਨੇੜਤਾ ਰਹੇਗੀ। ਇਕ ਪਾਸੇ ਮੁਲਕ ਦੀਵਾਲੀਏਪਣ ਤੋਂ ਬਚਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਹੋਇਆ ਹੈ, ਦੂਜੇ ਪਾਸੇ ਇਸਲਾਮਾਬਾਦ ਹਾਈ ਕੋਰਟ ਨੇ ਸਾਬਕਾ ਸਦਰ ਜਨਰਲ ਪਰਵੇਜ਼ ਮੁਸ਼ੱਰਫ਼ ਵੱਲੋਂ ਆਪ ਹੁਦਰੇ ਢੰਗ ਨਾਲ ਫ਼ੌਜੀ ਜ਼ਮੀਨਾਂ ਅਲਾਟ ਕਰਨ ਦੇ ਮਾਮਲੇ ਵਿਚ ਭ੍ਰਿਸ਼ਟਾਚਾਰ ਬਾਰੇ ਜਾਂਚ ਦੇ ਹੁਕਮ ਦਿੱਤੇ ਹਨ। ਜਨਰਲ ਮੁਸ਼ੱਰਫ਼ ਜੋ ਕੁਝ ਸਾਲਾਂ ਤੋਂ ਬਿਮਾਰ ਸਨ, ਦੀ ਮੌਤ ਪਿਛਲੇ ਦਿਨੀਂ ਯੂ.ਏ.ਈ. ਦੇ ਇਕ ਹਸਪਤਾਲ ਵਿਚ ਮੌਤ ਹੋ ਗਈ ਸੀ। ਉਨ੍ਹਾਂ ਨੂੰ ਕਰਾਚੀ ਵਿਚ ਪੂਰੇ ਫ਼ੌਜੀ ਸਨਮਾਨਾਂ ਨਾਲ ਸਪੁਰਦੇ-ਏ-ਖ਼ਾਕ ਕੀਤੇ ਜਾਣ ਦੀ ਰਸਮ ਮੌਕੇ ਮੁਲਕ ਦੇ ਕਿਸੇ ਵੱਡੇ ਸਿਆਸੀ ਆਗੂ ਨੇ ਹਾਜ਼ਰੀ ਭਰਨੀ ਜ਼ਰੂਰੀ ਨਹੀਂ ਸਮਝੀ।

ਮੁਲਕ ਦੇ ਬਹੁਤ ਗੰਭੀਰ ਮਾਲੀ ਸੰਕਟ ਦੇ ਹੱਲ ਲਈ ਕੋਈ ਖ਼ਾਸ ਦਿਲਚਸਪੀ ਨਾ ਦਿਖਾਉਣ ਵਾਲੇ ਇਮਰਾਨ ਖਾਨ ਨੇ ਰਾਸ਼ਟਰਪਤੀ ਆਰਿਫ਼ ਅਲਵੀ ਨੂੰ ਆਪਣੇ ਕੱਟੜ ਵਿਰੋਧੀ ਜਨਰਲ ਬਾਜਵਾ ਖ਼ਿਲਾਫ਼ ਫੌਰੀ ਤੌਰ 'ਤੇ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਬਾਜਵਾ ਨੇ ਉਨ੍ਹਾਂ ਨੂੰ ਗੱਦੀਓਂ ਲਾਹੁਣ ਲਈ ਸਾਜ਼ਿਸ਼ਾਂ ਘੜੀਆਂ। ਇਸ ਦੌਰਾਨ ਪਾਕਿਸਤਾਨੀ ਸਿਆਸਤਦਾਨਾਂ ਨੇ ਤਾਲਿਬਾਨ ਸਣੇ ਵੱਖ ਵੱਖ ਕੱਟੜ ਇਸਲਾਮੀ ਗਰੁੱਪਾਂ ਨਾਲ ਨਜਿੱਠਣ ਲਈ ਇਕਮੁੱਠ ਹੋਣ ਵਾਸਤੇ ਨਾ ਤਾਂ ਕੋਈ ਦਿਲਚਸਪੀ ਦਿਖਾਈ ਹੈ ਤੇ ਨਾ ਹੀ ਸਮਰੱਥਾ। ਪਾਕਿਸਤਾਨ ਨੂੰ ਅਫ਼ਗਾਨਿਸਤਾਨ ਹੀ ਨਹੀਂ, ਅੰਦਰੋਂ ਵੀ ਕੱਟੜ ਇਸਲਾਮੀ ਤਨਜ਼ੀਮਾਂ ਦੀ ਮਦਦ ਕਰਨ ਦਾ ਮੁੱਲ ਤਾਰਨਾ ਪੈ ਰਿਹਾ ਹੈ। ਇਹੀ ਨਹੀਂ, ਪਾਕਿਸਤਾਨ ਦੀ ਤਾਲਿਬਾਨ ਨਾਲ ਗੰਢ-ਤੁੱਪ ਦੀ ਗੱਲ ਜੱਗ ਜ਼ਾਹਿਰ ਹੋਣ ਦੇ ਬਾਵਜੂਦ ਅਮਰੀਕਾ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕੀਤਾ ਅਤੇ ਆਖ਼ਿਰ ਉਸ ਨੇ ਨਮੋਸ਼ੀ ਭਰੇ ਢੰਗ ਨਾਲ ਅਫ਼ਗਾਨਿਸਤਾਨ ਤੋਂ ਆਪਣੀਆਂ ਫ਼ੌਜਾਂ ਕੱਢ ਲਈਆਂ। ਇਮਰਾਨ ਖਾਨ ਪਾਕਿਸਤਾਨ ਵਿਚ 'ਤਾਲਿਬਾਨ ਖ਼ਾਨ' ਦੇ ਨਾਂ ਨਾਲ ਮਸ਼ਹੂਰ ਹਨ।



ਅਫ਼ਗਾਨ ਤਾਲਿਬਾਨ ਲੰਮਾ ਸਮਾਂ ਆਪਣੇ ਪਾਕਿਸਤਾਨੀ ਹਮਰੁਤਬਾ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' ਨਾਲ ਮਿਲ ਕੇ ਕੰਮ ਕਰਦੇ ਰਹੇ ਹਨ ਤੇ ਤਹਿਰੀਕ-ਏ-ਤਾਲਿਬਾਨ ਹੁਣ ਉੱਤਰ-ਪੱਛਮੀ ਪਾਕਿਸਤਾਨ ਉਤੇ ਕਬਜ਼ਾ ਕਰਨ ਦੀ ਤਾਕ ਵਿਚ ਹੈ। ਭਾਰਤ ਨੇ ਅਫ਼ਗਾਨਿਸਤਾਨ ਦੇ ਲੋਕਾਂ ਦੀ ਮਦਦ ਕਰਨ ਦੀ ਲੰਮੇ ਸਮੇਂ ਤੋਂ ਜਾਰੀ ਨੀਤੀ ਤਹਿਤ ਉਥੋਂ ਦੇ ਲੋਕਾਂ ਨੂੰ ਕਣਕ ਅਤੇ ਦਵਾਈਆਂ ਮੁਹੱਈਆ ਕਰਾਉਣ ਲਈ ਕਦਮ ਚੁੱਕੇ ਹਨ। ਦੂਜੇ ਪਾਸੇ ਪਾਕਿਸਤਾਨ ਨੇ ਆਪਣੀ ਸਰਜ਼ਮੀਨ ਉਤੇ ਤਹਿਰੀਕ-ਏ-ਤਾਲਿਬਾਨ ਖ਼ਿਲਾਫ਼ ਜੰਗ ਛੇੜੀ ਹੋਈ ਹੈ ਜਿਸ ਨੂੰ ਖ਼ੈਬਰ ਪਖ਼ਤੂਨਖਵਾ ਸੂਬੇ ਵਿਚਲੇ ਪਖ਼ਤੂਨ ਭਾਈਚਾਰੇ ਦੀ ਭਰਵੀਂ ਹਮਾਇਤ ਹਾਸਲ ਹੈ। ਅਮਰੀਕਾ ਅਤੇ ਰੂਸ ਦੇ ਬਹੁਤ ਸਾਰੇ ਲੋਕ ਇਸ ਗੱਲ ਤੋਂ ਹੈਰਾਨ ਹੋਣਗੇ ਕਿ ਪਾਕਿਸਤਾਨੀ ਫ਼ੌਜ ਨੂੰ ਆਪਣੇ ਹੀ ਪਾਲੇ ਤਾਲਿਬਾਨ ਨਾਲ ਜੰਗ ਲੜਨੀ ਪੈ ਰਹੀ ਹੈ। ਇਹ ਉਹੋ ਤਾਲਿਬਾਨ ਹਨ ਜਿਨ੍ਹਾਂ ਦਾ ਦੋ ਦਹਾਕਿਆਂ ਤੱਕ ਆਈ.ਐੱਸ.ਆਈ. ਨੇ ਅਫ਼ਗਾਨਿਸਤਾਨ ਵਿਚ ਰੂਸੀ ਤੇ ਅਮਰੀਕੀ ਫ਼ੌਜਾਂ ਖ਼ਿਲਾਫ਼ ਆਪਣੀਆਂ ਲੜਾਈਆਂ ਵਿਚ ਭਰਵਾਂ ਇਸਤੇਮਾਲ ਕੀਤਾ ਸੀ। ਆਈ.ਐੱਸ.ਆਈ. ਨੇ ਇੰਡੀਅਨ ਏਅਰਲਾਈਨਜ਼ ਦੀ ਉਡਾਣ ਆਈ.ਸੀ. 814 ਅਗਵਾ ਕਰ ਕੇ ਕਾਬੁਲ ਲਿਜਾਏ ਜਾਣ ਤੱਕ ਵਿਚ ਤਾਲਿਬਾਨ ਦੀ ਮਦਦ ਲਈ ਸੀ। ਭਾਰਤ ਨੇ ਹਾਲ ਹੀ ਵਿਚ ਅਫ਼ਗਾਨਾਂ ਨੂੰ ਮਾਲੀ ਇਮਦਾਦ ਮੁਹੱਈਆ ਕਰਵਾਈ ਹੈ ਜਿਸ ਵਿਚ ਕਣਕ ਦੀ ਸਪਲਾਈ ਵੀ ਸ਼ਾਮਲ ਹੈ। ਅਫ਼ਗਾਨਿਸਤਾਨ ਉਤੇ ਤਾਲਿਬਾਨ ਦੇ ਕਬਜ਼ੇ ਤੋਂ ਪਹਿਲਾਂ ਭਾਰਤ ਵੱਲੋਂ ਉਸ ਮੁਲਕ ਨੂੰ ਲਗਾਤਾਰ ਦਿੱਤੀ ਆਰਥਿਕ ਤੇ ਵਿੱਦਿਅਕ ਸਹਾਇਤਾ ਨੂੰ ਹਰ ਤਬਕੇ ਦੇ ਲੋਕਾਂ ਨੇ ਵੱਡੇ ਪੱਧਰ 'ਤੇ ਵਡਿਆਇਆ ਹੈ। ਇਹ ਵੱਖਰੀ ਗੱਲ ਹੈ ਕਿ ਭਾਰਤ ਨੂੰ ਹਾਲੇ ਤੱਕ ਅਫ਼ਗਾਨਾਂ ਨੂੰ ਭੇਜੀ ਜਾਣ ਵਾਲੀਆਂ ਜ਼ਰੂਰੀ ਵਸਤਾਂ ਜਿਵੇਂ ਦਵਾਈਆਂ ਤੇ ਅਨਾਜ ਦੀ ਸਪਲਾਈ ਜਾਂ ਤਾਂ ਹਵਾਈ ਰਸਤੇ ਭੇਜਣੀ ਪੈਂਦੀ ਹੈ ਜਾਂ ਫਿਰ ਇਰਾਨੀ ਬੰਦਰਗਾਹ ਚਾਬਹਾਰ ਰਾਹੀਂ।

ਤਾਲਿਬਾਨ ਨੇ ਭਾਵੇਂ 25 ਦਸੰਬਰ, 1999 ਨੂੰ ਆਈ.ਸੀ. 814 ਅਗਵਾ ਕਰਨ ਲਈ ਆਈ.ਐੱਸ.ਆਈ. ਨਾਲ ਮਿਲੀਭੁਗਤ ਕੀਤੀ ਪਰ ਅੱਜ ਉਹ ਭਾਰਤ ਤੋਂ ਵਧੇਰੇ ਇਮਦਾਦ ਦੀ ਮੰਗ ਕਰ ਰਹੇ ਹਨ। ਭਾਰਤ ਨੇ ਭਾਵੇਂ ਉਨ੍ਹਾਂ ਨੂੰ ਕਣਕ ਤੇ ਦਵਾਈਆਂ ਦੀ ਸ਼ੁਰੂਆਤੀ ਸਪਲਾਈ ਭੇਜੀ ਪਰ ਇਹ ਗੱਲ ਜ਼ਿਆਦਾ ਵਧੀਆ ਹੋਵੇਗੀ, ਜੇ ਅਨਾਜ ਤੇ ਹੋਰ ਜ਼ਰੂਰੀ ਵਸਤਾਂ ਦੀ ਅਜਿਹੀ ਸਹਾਇਤਾ ਦੀ ਸਪਲਾਈ ਸਮੁੰਦਰੀ ਰਸਤੇ ਇਰਾਨੀ ਬੰਦਰਗਾਹ ਚਾਬਹਾਰ ਰਾਹੀਂ ਭੇਜ ਕੇ ਅਫ਼ਗਾਨਿਸਤਾਨ ਨੂੰ ਮੁਹੱਈਆ ਕਰਵਾਈ ਜਾਵੇ। ਉਂਝ ਭਾਰਤ ਦੇ ਅਫ਼ਗਾਨ ਮਿੱਤਰ ਇਸ ਗੱਲੋਂ ਦੁਖੀ ਹਨ ਕਿ ਅਜਿਹੇ ਬਜ਼ੁਰਗ ਅਫ਼ਗਾਨਾਂ ਜਿਨ੍ਹਾਂ ਨੂੰ ਭਾਰਤ ਵਿਚ ਜ਼ਿੰਦਗੀ-ਬਚਾਊ ਇਲਾਜ ਲਈ ਵੀਜ਼ੇ ਦੀ ਲੋੜ ਹੈ, ਨੂੰ ਵੀ ਵੀਜ਼ੇ ਨਹੀਂ ਦਿੱਤੇ ਜਾ ਰਹੇ। ਇਸ ਮਾਮਲੇ ਨੂੰ ਚੌਕਸ ਰਹਿ ਕੇ ਹਾਂਦਰੂ ਢੰਗ ਨਾਲ ਹੱਲ ਕਰਨਾ ਚਾਹੀਦਾ ਹੈ। ਇਸ ਦੌਰਾਨ ਤਾਲਿਬਾਨ ਦੇ ਸਿਖਰਲੇ ਆਗੂ ਹੈਬਤੁੱਲਾ ਅਖੁੰਦਜ਼ਾਦਾ ਅਤੇ ਆਈਐੱਸਆਈ ਦੇ ਪਸੰਦੀਦਾ ਤਾਲਿਬਾਨ ਆਗੂ ਸਿਰਾਜੁਦੀਨ ਹੱਕਾਨੀ ਦਰਮਿਆਨ ਮਤਭੇਦ ਵਧ ਰਹੇ ਹਨ। ਹੁਣ ਇਸ ਗੱਲ ਦੇ ਵੀ ਸੰਕੇਤ ਮਿਲ ਰਹੇ ਹਨ ਕਿ ਪਾਕਿਸਤਾਨ ਤੇ ਤਾਲਿਬਾਨ ਦਰਮਿਆਨ ਵਿਵਾਦ ਦੋਵਾਂ ਮੁਲਕਾਂ ਨੂੰ ਵੰਡਦੀ ਪੂਰੀ ਸਰਹੱਦ ਜਿਸ ਨੂੰ ਡੂਰੰਡ ਲਕੀਰ ਵੀ ਆਖਿਆ ਜਾਂਦਾ ਹੈ, ਦੇ ਆਰ-ਪਾਰ ਭੜਕ ਸਕਦਾ ਹੈ।

ਜਨਰਲ ਮੁਸ਼ੱਰਫ਼ ਦੀ ਮੌਤ ਨੇ ਉਨ੍ਹਾਂ ਦੇ ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਜੋ ਕੁਝ ਵਾਪਰਿਆ, ਉਸ ਵਿਚ ਦੁਬਾਰਾ ਦਿਲਚਸਪੀ ਜਗਾ ਦਿੱਤੀ ਹੈ। ਮੁਸ਼ੱਰਫ਼ ਦੀ ਆਈ.ਸੀ. 814 ਦੇ ਅਗਵਾ ਦੀ ਘਟਨਾ ਦੌਰਾਨ ਤਾਲਿਬਾਨ ਨਾਲ ਪੂਰੀ ਗੰਢ-ਤੁੱਪ ਸੀ ਪਰ ਵਕਤ ਬੀਤਣ ਨਾਲ ਉਨ੍ਹਾਂ ਦਾ ਭਾਰਤ ਪ੍ਰਤੀ ਰਵੱਈਆ ਬਦਲ ਗਿਆ, ਖ਼ਾਸਕਰ 2005 ਵਿਚ ਉਨ੍ਹਾਂ ਦੀ ਭਾਰਤ ਫੇਰੀ ਤੋਂ ਬਾਅਦ। ਸਿੱਟਾ ਦੋਵਾਂ ਮੁਲਕਾਂ ਦੇ ਵਿਸ਼ੇਸ਼ ਏਲਚੀਆਂ ਦਰਮਿਆਨ ਜੰਮੂ ਕਸ਼ਮੀਰ ਦੇ ਮੁੱਦੇ ਉਤੇ 'ਪਰਦੇ ਪਿਛਲੀ' ਗੱਲਬਾਤ ਦੇ ਰੂਪ ਵਿਚ ਨਿਕਲਿਆ। ਇਸ ਗੱਲਬਾਤ ਵਿਚ ਭਾਰਤੀ ਵਫ਼ਦ ਦੀ ਅਗਵਾਈ ਮਰਹੂਮ ਸਤਿੰਦਰ ਲਾਂਬਾ ਨੇ ਕੀਤੀ ਜਿਹੜੇ ਇਸ ਤੋਂ ਪਹਿਲਾਂ ਪਾਕਿਸਤਾਨ ਵਿਚ ਭਾਰਤ ਦੇ ਹਾਈ ਕਮਿਸ਼ਨਰ ਰਹਿ ਚੁੱਕੇ ਸਨ। ਭਾਰਤ ਨੇ ਅਜਿਹੇ ਕਿਸੇ ਵੀ ਅਮਲ ਨੂੰ ਸਾਫ਼ ਤੌਰ 'ਤੇ ਖ਼ਾਰਜ ਕਰ ਦਿੱਤਾ ਜਿਸ ਵਿਚ ਦਹਿਸ਼ਤਗਰਦੀ ਦੇ ਖ਼ਾਤਮੇ ਅਤੇ ਦੋਵਾਂ ਧਿਰਾਂ ਵੱਲੋਂ ਮੌਜੂਦਾ ਸਰਹੱਦਾਂ ਦੀ ਪਵਿੱਤਰਤਾ ਨੂੰ ਤਸਲੀਮ ਕੀਤੇ ਜਾਣ ਦੀ ਗਾਰੰਟੀ ਸ਼ਾਮਲ ਨਹੀਂ ਸੀ। ਉਦੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਖਿਆ ਸੀ: ''ਸਰਹੱਦਾਂ ਮੁੜ ਨਹੀਂ ਵਾਹੀਆਂ ਜਾ ਸਕਦੀਆਂ।''

ਉਸ ਸਮੇਂ ਦੋਵਾਂ ਮੁਲਕਾਂ ਦਰਮਿਆਨ ਜੰਮੂ ਕਸ਼ਮੀਰ ਬਾਰੇ ਹੋਈ ਦੱਸੀ ਜਾਂਦੀ ਵਿਆਪਕ ਸਹਿਮਤੀ ਦੇ ਹੱਕ ਵਿਚ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਕਸੂਰੀ ਸਮੇਤ ਉਥੋਂ ਦੀਆਂ ਕਈ ਨਾਮੀ ਹਸਤੀਆਂ ਨੇ ਜ਼ੋਰਦਾਰ ਬਿਆਨ ਦਿੱਤੇ ਸਨ ਪਰ ਇਸ ਗੱਲਬਾਤ ਦੇ ਵਿਸ਼ਾ-ਵਸਤੂ ਬਾਰੇ ਭਾਰਤ ਵੱਲੋਂ ਕੋਈ ਟਿੱਪਣੀ ਨਹੀਂ ਸੀ ਕੀਤੀ ਗਈ। ਉਂਝ ਅਜਿਹੀਆਂ ਰਿਪੋਰਟਾਂ ਹਨ ਕਿ ਇਸ ਦੌਰਾਨ ਸਹਿਮਤੀ ਇਸ ਧਾਰਨਾ ਤਹਿਤ ਬਣੀ ਸੀ ਕਿ ਪਾਕਿਸਤਾਨ ਵੱਲੋਂ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੰਦੀ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2016 ਵਿਚ ਲਾਹੌਰ ਵਿਚ ਉਦੋਂ ਦੇ ਪਾਕਿਸਤਾਨੀ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਦੇ ਪਰਿਵਾਰਕ ਵਿਆਹ ਸਮਾਗਮ ਵਿਚ ਸ਼ਿਰਕਤ ਕੀਤੇ ਜਾਣ ਤੋਂ ਉਮੀਦ ਜਾਗੀ ਸੀ ਕਿ ਇਸ ਨਾਲ ਦੁਵੱਲੇ ਮੁੱਦਿਆਂ ਦੇ ਹੱਲ ਤੇ ਦਹਿਸ਼ਤਗਰਦੀ ਦੇ ਖ਼ਾਤਮੇ ਵੱਲ ਪੇਸ਼ਕਦਮੀ ਦੀ ਸੰਭਾਵਨਾ ਬਣੇਗੀ। ਇਹ ਉਮੀਦਾਂ ਉਦੋਂ ਟੁੱਟ ਗਈਆਂ ਜਦੋਂ ਆਈ.ਐੱਸ.ਆਈ. ਦੀ ਸ਼ਹਿ ਪ੍ਰਾਪਤ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦਾਂ ਨੇ 14 ਫਰਵਰੀ, 2019 ਨੂੰ ਪੁਲਵਾਮਾ ਵਿਚ ਸੀ.ਆਰ.ਪੀ.ਐੱਫ. ਦੇ ਕਾਫ਼ਲੇ ਉਤੇ ਹਮਲਾ ਕੀਤਾ ਜਿਸ ਵਿਚ 40 ਭਾਰਤੀ ਸਲਾਮਤੀ ਜਵਾਨਾਂ ਦੀ ਜਾਨ ਜਾਂਦੀ ਰਹੀ। ਇਸ ਫ਼ਿਦਾਈਨ ਹਮਲੇ ਵਿਚ ਇਸ ਲਈ ਜ਼ਿੰਮੇਵਾਰ ਦਹਿਸ਼ਤਗਰਦ ਵੀ ਮਾਰਿਆ ਗਿਆ ਅਤੇ ਇਸ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦਰਮਿਆਨ ਭਾਰੀ ਤਣਾਅ ਪੈਦਾ ਹੋ ਗਿਆ। ਭਾਰਤ ਨੇ 26 ਫਰਵਰੀ, 2019 ਨੂੰ ਅਸਲ ਕੰਟਰੋਲ ਲਕੀਰ ਤੋਂ ਪਾਰ ਮਕਬੂਜ਼ਾ ਕਸ਼ਮੀਰ ਵਿਚ ਬਾਲਾਕੋਟ ਵਿਚ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪਾਂ ਉਤੇ ਹਵਾਈ ਹਮਲਾ ਕਰ ਕੇ ਆਪਣੇ ਸੁਰੱਖਿਆ ਜਵਾਨਾਂ ਉਤੇ ਹੋਏ ਅਜਿਹੇ ਮਾਰੂ ਹਮਲਿਆਂ ਖ਼ਿਲਾਫ਼ ਜਵਾਬੀ ਕਾਰਵਾਈ ਨੂੰ ਅੰਜਾਮ ਦਿੱਤਾ।

ਇਸ ਸਾਰੇ ਹਾਲਾਤ ਦੌਰਾਨ ਭਾਰਤ ਦੀ ਪਾਕਿਸਤਾਨ ਨਾਲ ਨੇੜ ਭਵਿੱਖ ਵਿਚ ਕੋਈ ਸਾਰਥਕ ਗੱਲਬਾਤ ਹੋਣ ਦੇ ਬਹੁਤੇ ਆਸਾਰ ਨਹੀਂ। ਇਹ ਦੇਖਣਾ ਬਾਕੀ ਹੈ ਕਿ ਕੀ ਪਾਕਿਸਤਾਨ ਅਤੀਤ ਵਿਚ ਹੋਈ 'ਪਰਦੇ ਪਿਛਲੀ' ਗੱਲਬਾਤ ਦੌਰਾਨ ਬਣੀ ਸਹਿਮਤੀ ਦਾ ਪਾਲਣ ਕਰਦਾ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਸ ਸਮੇਂ ਪਾਕਿਸਤਾਨ ਦਾ ਸਾਰਾ ਧਿਆਨ ਦੀਵਾਲੀਏਪਣ ਤੋਂ ਬਚਣ ਉਤੇ ਲੱਗਾ ਹੋਇਆ ਹੈ ਅਤੇ ਉਹ ਪੂਰੀ ਤਰ੍ਹਾਂ ਆਈ.ਐੱਮ.ਐੱਫ. ਨਾਲ ਹੋਈ ਹਾਲੀਆ ਗੱਲਬਾਤ ਨੂੰ ਤਵੱਜੋ ਦੇ ਰਿਹਾ ਹੈ। ਪਾਕਿਸਤਾਨ ਨੂੰ ਇਸ ਕੰਗਾਲੀ ਤੋਂ ਬਚਾਉਣ ਲਈ ਸੰਸਾਰ ਬੈਂਕ ਤੇ ਏਸ਼ਿਆਈ ਵਿਕਾਸ ਬੈਂਕ ਵਰਗੇ ਕੌਮਾਂਤਰੀ ਵਿੱਤੀ ਅਦਾਰਿਆਂ ਅਤੇ ਤੇਲ ਦੇ ਭੰਡਾਰਾਂ ਵਾਲੇ ਅਮੀਰ ਅਰਬ ਮੁਲਕਾਂ ਵੱਲੋਂ ਮੁੜ ਅੱਗੇ ਆਉਣ ਤੋਂ ਪਹਿਲਾਂ ਇਸਲਾਮਾਬਾਦ ਨੂੰ ਕੁਝ ਬਹੁਤ ਹੀ ਸਖ਼ਤ ਸ਼ਰਤਾਂ ਮਨਜ਼ੂਰ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਉਮੀਦ ਕਰਨੀ ਚਾਹੀਦੀ ਹੈ, ਪਾਕਿਸਤਾਨ ਇਸ ਗੱਲ ਨੂੰ ਤਸਲੀਮ ਕਰੇਗਾ ਕਿ ਤੇਜ਼ੀ ਨਾਲ ਤਰੱਕੀ ਕਰ ਰਿਹਾ ਭਾਰਤ ਦੋਵਾਂ ਅਮਰੀਕਾ ਤੇ ਰੂਸ ਨਾਲ ਆਪਣੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਦੇ ਸਮਰੱਥ ਹੈ। ਇਹੀ ਨਹੀਂ, ਪਾਕਿਸਤਾਨ ਨੇ ਬੇਲੋੜੇ ਢੰਗ ਨਾਲ ਯੂਕਰੇਨ ਨੂੰ ਫ਼ੌਜੀ ਸਾਜ਼ੋ-ਸਾਮਾਨ ਮੁਹੱਈਆ ਕਰਵਾ ਕੇ ਤੇਲ ਸਪਲਾਈ ਰਾਹੀਂ ਰੂਸ ਤੋਂ ਆਰਥਿਕ ਸਹਾਇਤਾ ਹਾਸਲ ਕਰਨ ਦਾ ਮੌਕਾ ਵੀ ਗੁਆ ਲਿਆ ਹੈ। ਰਾਵਲਪਿੰਡੀ (ਪਾਕਿਸਤਾਨੀ ਫ਼ੌਜ ਦਾ ਹੈਡ ਕੁਆਰਟਰ) ਨੂੰ ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਦਹਿਸ਼ਤਗਰਦੀ ਅਤੇ ਭਾਰਤ ਨਾਲ ਅਰਥਪੂਰਨ ਗੱਲਬਾਤ ਕਦੇ ਵੀ ਨਾਲੋ-ਨਾਲ ਨਹੀਂ ਚੱਲ ਸਕਦੇ।

# ਦਲਿਤ ਮਜ਼ਦੂਰਾਂ 'ਤੇ ਜਬਰ

ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜਾਂ ਵਿਚ ਨੇੜਲੇ ਪਿੰਡ ਗੁੱਜਰਾਂ ਦੇ ਵਸਨੀਕ ਦੋ ਦਲਿਤ ਮਜ਼ਦੂਰਾਂ ਨੂੰ ਬੰਨ੍ਹ ਕੇ ਜਬਰ ਢਾਹਿਆ ਗਿਆ। ਜਾਬਰਾਂ ਦੇ ਘਰ ਵਿਚ ਮੌਜੂਦ ਔਰਤਾਂ ਨੂੰ ਵੀ ਪੀੜਤਾਂ 'ਤੇ ਤਰਸ ਨਹੀਂ ਆਇਆ। ਦਲਿਤ ਮਜ਼ਦੂਰਾਂ ਦਾ ਕਸੂਰ ਸਿਰਫ ਇੰਨਾ ਸੀ ਕਿ ਉਹ ਆਪਣੀ ਗਵਾਚੀ ਬੱਕਰੀ ਦੀ ਭਾਲ ਕਰਦਿਆਂ ਸਬੰਧਿਤ ਘਰੇ ਪੁੱਛਣ ਗਏ ਸਨ। ਸਿਰਫ ਬੱਕਰੀ ਬਾਰੇ ਪੁੱਛਣ 'ਤੇ ਹੀ ਉਨ੍ਹਾਂ ਨੂੰ ਫੜ ਲਿਆ ਗਿਆ ਤੇ

**ਬਹਾਲ ਸਿੰਘ ਬੇਨੜਾ**
ਫੋਨ: +91-76962-96937

ਡਾਂਗਾਂ, ਰਾਡਾਂ, ਹਾਕੀਆਂ ਨਾਲ ਕੁੱਟਿਆ-ਮਾਰਿਆ ਗਿਆ। ਕੁੱਟਮਾਰ ਤੋਂ ਬਾਅਦ ਇਕ ਮਜ਼ਦੂਰ ਨੂੰ ਟਰੈਕਟਰ ਅਤੇ ਦੂਜੇ ਨੂੰ ਮੱਝ ਦੇ ਕੀਲੇ ਨਾਲ ਬੰਨ੍ਹ ਲਿਆ। ਦੋਵਾਂ ਉੱਪਰ ਲਗਾਤਾਰ ਤਸ਼ੱਦਦ ਕੀਤਾ ਗਿਆ। ਬਾਅਦ 'ਚ ਇਕ ਦੀ ਗੰਡਾਸੇ ਨਾਲ ਲੱਤ ਵੱਢ ਦਿੱਤੀ। ਉਹ ਰੋਂਦੇ ਕੁਰਲਾਉਂਦੇ ਰਹੇ, ਹੱਥ ਬੰਨ੍ਹ ਕੇ ਮਿੰਨਤਾਂ ਕਰਦੇ ਰਹੇ ਪਰ ਘਰ ਵਿਚ ਮੌਜੂਦ 10-12 ਮਰਦ-ਔਰਤਾਂ ਉਸ ਦਾ ਦਰਦ ਮਹਿਸੂਸ ਕਰਨ ਦੀ ਸੰਵੇਦਨਾ ਗਵਾ ਚੁੱਕੇ ਸਨ।

ਜਿਸ ਪਰਿਵਾਰ ਨੇ ਜਬਰ ਦੀ ਇਸ ਘਟਨਾ ਨੂੰ ਅੰਜਾਮ ਦਿੱਤਾ, ਉਹ ਮੌੜਾਂ ਪਿੰਡ ਦਾ ਪੰਜ ਕੁ ਏਕੜ ਜ਼ਮੀਨ ਦੀ ਮਾਲਕੀ ਵਾਲਾ ਪਰਿਵਾਰ ਹੈ। ਪਿੰਡ ਦੇ ਲੋਕ ਦੱਸਦੇ ਹਨ ਕਿ ਪਿਛਲੇ ਲੰਮੇ ਸਮੇਂ ਤੋਂ ਇਹ ਪਰਿਵਾਰ ਲੋਕਾਂ ਨਾਲ ਧੋਖਾਧੜੀਆਂ, ਠੱਗੀਆਂ ਕਰ ਰਿਹਾ ਹੈ। ਇਹ ਪਰਿਵਾਰ ਇਲਾਕੇ ਦੇ ਕਈ ਲੋਕਾਂ ਤੋਂ ਪੈਸੇ ਲੈ ਕੇ ਮੁੱਕਰ ਗਿਆ ਹੈ। ਪਰਿਵਾਰ ਦੇ ਇਸ ਸੁਭਾਅ ਨੇ ਉਨ੍ਹਾਂ ਨੂੰ ਨਸ਼ਾ ਮਾਫ਼ੀਏ ਦਾ ਹਿੱਸਾ ਅਤੇ ਸਿਆਸੀ ਲੋਕਾਂ ਦਾ ਕਰਿੰਦਾ ਬਣਾ ਦਿੱਤਾ। ਸਿਆਸੀ ਸ਼ਹਿ ਕਰ ਕੇ ਹੀ ਉਨ੍ਹਾਂ ਦਾ ਦਲਿਤ ਮਜ਼ਦੂਰਾਂ ਉੱਪਰ ਜਬਰ ਕਰਨ ਦਾ ਹੌਸਲਾ ਵਧਿਆ। ਲੋਕ ਦੱਸਦੇ ਹਨ ਕਿ ਉਨ੍ਹਾਂ ਇਹ ਕਾਂਡ ਲੋਕਾਂ ਉੱਪਰ ਦਹਿਸ਼ਤ ਪਾਉਣ ਲਈ ਕੀਤਾ ਹੈ।



ਸਾਡੇ ਸਮਾਜ ਵਿਚ ਹਿੰਸਾ, ਜਬਰ-ਜ਼ੁਲਮ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਨੌਜਵਾਨਾਂ ਦੇ ਸੋਚਣ, ਅਮਲ ਕਰਨ ਅਤੇ ਮਸਲਿਆਂ ਦੇ ਹੱਲ ਦਾ ਤਰੀਕਾ ਬਦਲ ਰਿਹਾ ਹੈ। ਸਦੀਆਂ ਤੋਂ ਸਾਧਨਾਂ ਵਾਲੇ ਲੋਕਾਂ ਦੀ ਸੇਵਾ ਵਿਚ ਲੱਗਿਆ ਦਲਿਤ ਵਰਗ ਜਦੋਂ ਕਦੇ ਆਪਣੀ ਹੱਕ ਜਤਾਈ ਕਰਦਾ ਹੈ, ਜਾਂ ਮਨੁੱਖ ਹੋਣ ਦਾ ਦਾਅਵਾ ਕਰਦਾ ਹੈ ਤਾਂ ਉਸ 'ਤੇ ਵਹਿਸ਼ੀ ਜਬਰ ਕਰ ਕੇ ਹੱਤਿਆ ਤੱਕ ਕਰ ਦਿੱਤੀ ਜਾਂਦੀ ਹੈ। ਹਰ ਵਿਰੋਧ ਵਿਚ ਨਿੱਜੀ ਹਿੰਸਾ ਰਾਹੀਂ ਨੁਕਸਾਨ ਪਹੁੰਚਾਉਣਾ ਤੀਬਰ ਰਹਿੰਦਾ ਹੈ। ਪਿੰਡ ਫੰਮਣਵਾਲ ਵਿਚ ਚਾਚਾ ਆਪਣੇ ਭਤੀਜੇ ਦਾ ਕਤਲ ਕਰ ਕੇ ਲਾਸ਼ ਹੱਡਾਰੋੜੀ ਵਿਚ ਸੁੱਟ ਦਿੰਦਾ ਹੈ। ਜਗਤਪੁਰਾ ਬਸਤੀ ਸੁਨਾਮ ਵਿਚ ਡਰੱਗ ਮਾਫੀਆ ਵਾਲੇ ਲੋਹੇ ਦੀਆਂ ਰਾਡਾਂ ਨਾਲ ਇਕ ਬੰਦੇ ਦੀਆਂ ਲੱਤਾਂ-ਬਾਹਾਂ ਦਾ ਚੂਰਾ ਕਰ ਦਿੰਦੇ ਹਨ। ਤਿੰਨ ਬੰਦੇ ਇਕ ਬੰਦੇ ਦੀਆਂ ਉਂਗਲਾਂ ਵੱਢ ਦਿੰਦੇ ਹਨ। ਪਿੰਡ ਰੱਲਾ (ਮਾਨਸਾ) ਵਿਚ ਮਹੱਲੇ ਵਿਚ ਵੜ ਕੇ ਦਲਿਤ ਮਜ਼ਦੂਰਾਂ ਨੂੰ ਕੁੱਟਿਆ ਜਾਂਦਾ ਹੈ। ਇਕ ਔਰਤ ਨੂੰ ਕਾਰ ਹੇਠਾਂ ਦੇ ਕੇ ਕਤਲ ਕਰ ਦਿੱਤਾ ਜਾਂਦਾ ਹੈ। ਪਿੰਡ ਮੋਰਾਂਵਾਲੀ (ਮਲੇਰਕੋਟਲਾ) ਵਿਚ ਇਕ ਬੱਚੇ ਨੂੰ ਬੇਰਹਿਮੀ ਨਾਲ ਕੁੱਟਿਆ ਜਾਂਦਾ ਹੈ। ਨਾਲ ਖੜ੍ਹੇ ਬੰਦੇ ਮੂਕ ਦਰਸ਼ਕ ਬਣੇ ਰਹਿੰਦੇ ਹਨ।

ਵਹਿਸ਼ੀ ਪ੍ਰਵਿਰਤੀ ਹਮੇਸ਼ਾ ਉੱਚ ਜਾਤੀ ਹੋਣ 'ਤੇ ਹੀ ਪੈਦਾ ਨਹੀਂ ਹੁੰਦੀ, ਕਈ ਵਾਰ ਇਸ ਦੇ ਬਹੁਤ ਸਾਰੇ ਨਿੱਜੀ ਕਾਰਨ ਵੀ ਹੋ ਸਕਦੇ ਹਨ। ਮੌੜਾਂ ਗੈਂਗ ਵਿਚ ਐਸ.ਸੀ. ਵਰਗ ਨਾਲ ਸਬੰਧਿਤ ਇਕ ਨੌਜਵਾਨ ਵੀ ਸੀ ਜਿਸ ਦਾ ਮਜ਼ਦੂਰਾਂ ਨੂੰ ਕੁੱਟਣ ਵਿਚ ਪੂਰਾ ਰੋਲ ਰਿਹਾ, ਉਸ ਨੇ ਵੀ ਕੋਈ ਲਿਹਾਜ਼ ਨਹੀਂ ਕੀਤਾ। ਫਿਰ ਜਦੋਂ ਮਜ਼ਦੂਰ ਬੁਰੀ ਤਰ੍ਹਾਂ ਲਹੂ-ਲੁਹਾਣ ਕਰ ਦਿੱਤੇ ਤਾਂ ਪਿੰਡ ਦੇ ਸਰਪੰਚ ਨੂੰ ਬੁਲਾਇਆ ਗਿਆ ਜੋ ਐਸ.ਸੀ. ਵਰਗ ਨਾਲ ਸਬੰਧਤ ਸੀ। ਬੁਰੀ ਤਰ੍ਹਾਂ ਕੁੱਟੇ-ਵੱਢੇ, ਭੰਨੇ ਮਜ਼ਦੂਰਾਂ ਨੂੰ ਦੇਖ ਕੇ ਉਸ ਦੀ ਮਨੁੱਖਤਾ ਵੀ ਨਹੀਂ ਜਾਗੀ। ਸਰਪੰਚ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਐਂਬੂਲੈਂਸ ਅਤੇ ਪੁਲਿਸ ਨੂੰ ਫੋਨ ਕਰਦਾ ਪਰ ਉਸ ਨੇ ਇਸ ਤਰ੍ਹਾਂ ਨਹੀਂ ਕੀਤਾ, ਜਾਂ ਇਸ ਪਾਸੇ ਉਸ ਦਾ ਧਿਆਨ ਨਹੀਂ ਗਿਆ। ਪੀੜਤ ਨੌਜਵਾਨ ਦੇ ਬਿਆਨਾਂ ਅਨੁਸਾਰ, ਉਹ ਵੀ ਇਸ ਅਪਰਾਧ ਵਿਚ ਸ਼ਾਮਿਲ ਹੋ ਗਿਆ। ਉਸ ਨੇ ਆਪਣੀ ਡਿਊਟੀ ਅਤੇ ਫਰਜ਼ਾਂ ਤੋਂ ਮੂੰਹ ਮੋੜ ਕੇ ਆਪਣੇ ਨਿੱਜੀ ਮੁਫਾਦ ਨੂੰ ਤਰਜੀਹ ਦਿੱਤੀ।

ਜ਼ਿਆਦਾਤਰ ਮਾਮਲਿਆਂ ਵਿਚ ਕਾਨੂੰਨ ਦਾ ਤਕੜੇ ਦੇ ਪੱਖ ਵਿਚ ਭੁਗਤਦਾ ਹੋਣ ਕਰ ਕੇ ਸਾਡੇ ਸਮਾਜ ਵਿਚ ਕਾਨੂੰਨ ਰਾਹੀਂ ਸਜ਼ਾ ਦਿਵਾਉਣ ਦਾ ਵਿਚਾਰ ਗਾਇਬ ਰਹਿੰਦਾ ਹੈ। ਆਪਸੀ ਹਿੰਸਾ ਬੁਰਾਈ ਦੇ ਤੌਰ 'ਤੇ ਨਹੀਂ ਸਗੋਂ ਬਹਾਦਰੀ ਦੇ ਤੌਰ ਉਪਰ ਲਗਾਤਾਰ ਸਥਾਪਤ ਹੋ ਰਹੀ ਹੈ। ਕਿਸੇ ਮਨੁੱਖ ਦੇ ਥੱਪੜ ਤੱਕ ਮਾਰਨਾ ਮਾਣ ਵਜੋਂ ਦੇਖਿਆ ਜਾਂਦਾ ਹੈ। ਹੱਕਾਂ ਲਈ ਲੜਨਾ ਅਤੇ ਮਰ ਮਿਟਣਾ ਕੋਈ ਮਾੜੀ ਗੱਲ ਨਹੀਂ ਬਲਕਿ ਮਾਣ ਵਾਲੀ ਗੱਲ ਹੁੰਦੀ ਹੈ ਪਰ ਫੋਕੀ ਚੌਧਰ ਤੇ ਧੌਂਸ ਖਾਤਰ ਆਪ ਤੋਂ ਮਾੜੇ 'ਤੇ ਜਬਰ ਕਰਨਾ ਕੋਈ ਬਹਾਦਰੀ ਨਹੀਂ ਬਲਕਿ ਕਾਇਰਤਾ ਹੈ।


ਪੁਲਿਸ ਤੇ ਸਿਵਲ ਪ੍ਰਸ਼ਾਸਨ ਅਤੇ ਅਦਾਲਤਾਂ ਵੱਲੋਂ ਇਨਸਾਫ਼ ਦੇਣ ਵਿਚ ਕੀਤੀ ਢਿੱਲ ਅਤੇ ਬਹੁਤੀ ਵਾਰ ਪ੍ਰਸ਼ਾਸਨ ਵੱਲੋਂ ਜੁਰਮ ਕਰਤਾ ਤੋਂ ਮੋਟੀ ਰਕਮ ਲੈ ਕੇ ਮਾਮਲਾ ਖੁਰਦ-ਬੁਰਦ ਕਰਨ ਨਾਲ ਹਿੰਸਾ ਲਗਾਤਾਰ ਵਧੀ ਹੈ। ਅਸਲ ਵਿਚ, ਨਸ਼ਿਆਂ ਅਤੇ ਫੋਕੀ ਚੌਧਰ ਦੀ ਲਤ ਨੇ ਨੌਜਵਾਨਾਂ ਦੇ ਇੱਕ ਹਿੱਸੇ ਨੂੰ ਹਾਕਮ ਜਮਾਤ ਦੇ ਕਰਿੰਦੇ ਬਣਾ ਦਿੱਤਾ ਹੈ। ਮੌੜਾਂ ਮਾਮਲੇ ਵਿਚ ਵੀ ਇਹੋ ਤੱਥ ਸਾਹਮਣੇ ਆਇਆ ਹੈ। ਇਸ ਬਾਰੇ ਡੂੰਘੀ ਵਿਚਾਰ-ਚਰਚਾ ਦੀ ਲੋੜ ਹੈ।

# ਤਲਿੱਸਮੀ ਸ਼ਹਿਰ ਬਾਰੇ ਤਲਿੱਸਮੀ ਕਵਿਤਾਵਾਂ – 'ਇਬਾਰਤ ਚੁੱਪ ਕਿਉਂ ਹੈ?'

ਪੁਸਤਕ ਚਰਚਾ

ਨਿਊਯਾਰਕ ਇਕ ਤਲਿੱਸਮੀ ਸ਼ਹਿਰ ਹੈ। ਦੁਨੀਆ ਭਰ ਦੇ ਲੋਕ ਇਸ ਦੀ ਚੁੰਬਕੀ ਖਿੱਚ ਨਾਲ਼ ਖਿੱਚੇ ਹੋਏ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਇਸ ਵੱਲ ਗੇੜਾ ਮਾਰਦੇ ਹਨ।

ਸੁਰਿੰਦਰ ਸੋਹਲ ਦੀ ਨਵੀਂ ਕਾਵਿ-ਪੁਸਤਕ 'ਇਬਾਰਤ ਚੁੱਪ ਕਿਉਂ ਹੈ?' ਦੀਆਂ ਸਾਰੀਆਂ ਕਵਿਤਾਵਾਂ ਹੀ ਇਸ ਸ਼ਹਿਰ ਬਾਰੇ ਹਨ। ਸ਼ਾਇਦ ਇਹ ਪਹਿਲੀ ਕਿਤਾਬ ਹੈ ਜੋ ਕਿਸੇ ਇਕੋ ਸ਼ਹਿਰ ਬਾਰੇ ਲਿਖੀਆਂ ਕਵਿਤਾਵਾਂ ਬਾਰੇ ਹੋਵੇ। ਕਿਉਂਕਿ ਇਹ ਕਵਿਤਾਵਾਂ ਨਿਊਯਾਰਕ ਬਾਰੇ ਹਨ, ਇਸ ਲਈ ਜੇ ਆਪਾਂ ਨਿਊਯਾਰਕ ਬਾਰੇ ਪੰਛੀ ਝਾਤ ਮਾਰ ਲਈਏ ਤਾਂ ਇਨ੍ਹਾਂ ਕਵਿਤਾਵਾਂ ਨੂੰ ਸਮਝਣਾ ਥੋੜ੍ਹਾ ਸੌਖਾ ਰਹੇਗਾ। ਮੈਂ ਇਸ ਸ਼ਹਿਰ ਨੂੰ ਆਪਣੀ ਸਮਝ ਮੁਤਾਬਕ ਇਸ ਤਰ੍ਹਾਂ ਦੇਖਦਾ ਹਾਂ:



**ਰਵਿੰਦਰ ਸਿੰਘ ਸਹਿਰਾਅ**
**ਫੋਨ: 717-575-7529**

(ੳ) ਆਰਥਿਕ ਤੇ ਵਪਾਰਕ
(ਅ) ਸਮਾਜਿਕ ਤੇ ਸਭਿਆਚਾਰ
(ੲ) ਸੈਰ-ਸਪਾਟਾ
(ਸ) ਸਾਹਿਤਕ ਮਹੱਤਤਾ

ਇਸ ਸ਼ਹਿਰ ਨੂੰ ਕਈ ਸ਼ਿੰਦੇ ਨਾਵਾਂ/ਉਪ-ਨਾਵਾਂ/ਛੋਟੇ ਨਾਵਾਂ/ਵਿਸ਼ੇਸ਼ਣਾਂ ਨਾਲ ਵੀ ਜਾਣਿਆ ਜਾਂਦਾ ਹੈ; ਜਿਵੇਂ: ਬਿੱਗ ਐਪਲ (ਵੱਡਾ ਸੇਬ), ਸਿਟੀ ਨੈਵਰ ਸਲੀਪ (ਸ਼ਹਿਰ ਕਦੇ ਸੌਂਦਾ ਨਹੀਂ), ਇੰਪਾਇਰ ਸਿਟੀ (ਸਾਮਰਾਜੀ ਸ਼ਹਿਰ), ਮੈਲਟਿੰਗ ਪੌਟ, ਦੁਨੀਆ ਦੀ ਵਪਾਰਕ ਰਾਜਧਾਨੀ, ਸ਼ਹਿਰ ਨਹੀਂ ਸਭਿਅਤਾ ਆਦਿ। ਇਸ ਦੇ ਉਪਨਾਮ ਹੀ ਇਸ ਦੀ ਪ੍ਰਕਿਰਤੀ, ਸੁਭਾਅ ਜਾਂ ਖ਼ਸਲਤ ਦੀ ਝਲਕ ਦਿਖਾ ਦਿੰਦੇ ਹਨ।

ਇਸ ਸ਼ਹਿਰ ਦਾ ਸਾਲਾਨਾ ਬਜਟ 78.3 ਬਿਲੀਅਨ ਡਾਲਰ ਹੈ। ਸੌ ਕਰੋੜ ਦਾ ਇਕ ਬਿਲੀਅਨ ਹੁੰਦਾ ਹੈ। ਜੇ ਇਸ ਨੂੰ ਆਜ਼ਾਦ ਮੁਲਕ ਦਾ ਦਰਜਾ ਮਿਲੇ ਤਾਂ ਇਹ ਆਰਥਿਕ ਪੱਖੋਂ ਦੁਨੀਆ ਦਾ ਦਸਵਾਂ ਮੁਲਕ ਹੋ ਸਕਦਾ ਹੈ। ਇਸ ਦੀਆਂ ਸਾਮਰਾਜੀ ਨੀਤੀਆਂ ਤੇ ਵਪਾਰਕ ਸੰਧੀਆਂ ਇੱਥੋਂ ਹੀ ਸ਼ੁਰੂ ਹੁੰਦੀਆਂ ਹਨ।

ਸੈਰ-ਸਪਾਟੇ ਲਈ ਇੱਥੇ ਸਾਲ 2018 ਵਿਚ 65 ਮਿਲੀਅਨ ਲੋਕ ਆਏ ਦੱਸੇ ਜਾਂਦੇ ਹਨ, ਜਿਨ੍ਹਾਂ 'ਚੋਂ 13.5 ਮਿਲੀਅਨ ਵਿਦੇਸ਼ੀ ਸਨ। ਚੌਵੀ ਘੰਟੇ/ਸੱਤੇ ਦਿਨ ਇੱਥੇ ਚਹਿਲ-ਪਹਿਲ ਲੱਗੀ ਰਹਿੰਦੀ ਹੈ। ਸਟੈਚੂ ਆਫ਼ ਲਿਬਰਟੀ, ਵਰਲਡ ਟਰੇਡ ਸੈਂਟਰ (ਹੁਣ ਫਰੀਡਮ ਟਾਵਰ), ਬਰੌਡਵੇਅ ਦੇ ਥੀਏਟਰ, ਆਫ਼-ਆਫ਼ ਬਰੌਡਵੇਅ ਥੀਏਟਰ, ਭਾਂਤ-ਸੁਭਾਂਤੇ ਰੈਸਟੋਰੈਂਟ ਤੇ ਕਲੱਬ, ਦੇਹ-ਵਪਾਰ, ਮੀਡੀਆ ਦੇ ਵੱਡੇ ਅਦਾਰੇ, 'ਨਿਊ ਯਾਰਕ ਟਾਈਮਜ਼' ਤੇ 'ਵਾਲ ਸਟਰੀਟ' ਜਿਹੀਆਂ ਵਿਸ਼ਵ ਪ੍ਰਸਿੱਧ ਅਖ਼ਬਾਰਾਂ, ਸਟੌਕ ਐਕਸਚੇਂਜ, ਮਿਊਜ਼ੀਅਮ, 7100 ਪੌਂਡ ਨਾਲ਼ ਬਣਾਇਆ ਕਾਂਸੇ ਦਾ ਸਾਨ੍ਹ (ਚਾਰਜਿੰਗ ਬੁੱਲ), ਯੂ.ਐਨ.ਓ. ਦਾ ਦਫ਼ਤਰ, ਐਲਿਸ ਆਈਲੈਂਡ ਆਦਿ ਥਾਵਾਂ ਖਿੱਚ ਦਾ ਕਾਰਨ ਹਨ। ਇਨ੍ਹਾਂ ਦਾ ਜ਼ਿਕਰ ਇਸ ਕਰਕੇ ਵੀ ਜ਼ਰੂਰੀ ਹੈ ਕਿ ਇਹ ਸਾਰਾ ਕੁਝ ਸੁਰਿੰਦਰ ਸੋਹਲ ਦੀਆਂ ਕਵਿਤਾਵਾਂ ਵਿਚ ਮੈਟਾਫ਼ਰ/ਪ੍ਰਤੀਕ/ਚਿੰਨ੍ਹ/ਅਲੰਕਾਰ ਬਣ ਕੇ ਪਾਠਕ ਦੇ ਨਾਲ-ਨਾਲ ਚਲਦਾ ਹੈ।

ਮੈਂ ਭਾਵੇਂ ਇਨ੍ਹਾਂ ਕਵਿਤਾਵਾਂ ਦੀ ਸਿਰਜਣ-ਪ੍ਰਕਿਰਿਆ ਦੇ ਨਾਲ਼-ਨਾਲ਼ ਹੀ ਰਿਹਾ ਹਾਂ ਪਰ ਇਕ ਗੱਲ ਜੋ ਮੈਨੂੰ ਇਨ੍ਹਾਂ ਕਵਿਤਾਵਾਂ ਵਿਚ (ਹੁਣ) ਰੜਕਦੀ ਹੈ, ਉਹ ਹੈ ਇੱਥੋਂ ਦੇ ਪ੍ਰਸਿੱਧ ਲੇਖਕ ਤੇ ਕਵੀ, ਜਿਨ੍ਹਾਂ ਦਾ ਜ਼ਿਕਰ/ਹਵਾਲਾ ਇਨ੍ਹਾਂ ਕਵਿਤਾਵਾਂ 'ਚੋਂ ਗ਼ਾਇਬ ਹੈ। (ਖਰੜਾ ਪੜ੍ਹਦਿਆਂ ਮੇਰੇ ਜ਼ਿਹਨ 'ਚ ਇਹ ਗੱਲ ਨਹੀਂ ਸੀ ਆਈ)। ਕਿਉਂਕਿ ਦੱਸਦੇ ਹਨ ਜਗਤ ਪ੍ਰਸਿੱਧ ਕਵੀ ਵਾਲਟ ਵਿਟਮੈਨ (ਜੋ ਨਿਊਯਾਰਕਰ ਸੀ) ਨੇ ਆਪਣੀ ਕਲਾਸਿਕ ਕਿਤਾਬ 'ਘਾਹ ਦੀਆਂ ਪੱਤੀਆਂ' (ਲੀਵਜ਼ ਆਫ਼ ਗਰਾਸ) ਕਈ ਵਾਰ ਸੋਧੀ। ਬਾਰਾਂ ਤੋਂ ਸ਼ੁਰੂ ਹੋ ਕੇ ਆਖ਼ਰੀ ਜਿਲਦ ਸੈਂਕੜੇ ਕਵਿਤਾਵਾਂ ਤੱਕ ਪੁੱਜ ਗਈ ਸੀ।


ਨਿਊਯਾਰਕ ਨਾਲ ਸੰਬੰਧ ਰੱਖਣ ਵਾਲੇ ਹੋਰ ਵੀ ਕਿੰਨੇ ਲੇਖਕ/ਕਵੀ; ਜਿਵੇਂ: ਲੈਂਗਸਟਨ ਹਿਊਜ਼ (ਲੋਕ-ਕਵੀ), ਐਲਨ ਗਿੰਨਜ਼ਬਰਗ (ਜਿਸ ਨੇ ਵੀਅਤਨਾਮ ਦੀ ਜੰਗ ਦਾ ਵਿਰੋਧ ਕੀਤਾ ਸੀ), ਟੋਨੀ ਮੌਰੀਸਨ, ਵਿਲੀਅਮ ਫ਼ੌਕਨਰ (ਨੋਬੇਲ ਇਨਾਮ ਜੇਤੂ), ਐਲੀ ਵਾਈਜ਼ਲ (ਨੋਬੇਲ ਇਨਾਮ ਜੇਤੂ), ਸੌਲ ਬੈਲੋਅ, ਪ੍ਰਸਿੱਧ ਨਾਵਲ 'ਰੂਟਸ' ਦਾ ਲੇਖਕ ਐਲਕੇਸ ਹੇਲੀ, ਖ਼ਲੀਲ ਜਿਬਰਾਨ ਨਿਊਯਾਰਕ ਨਾਲ ਹੀ ਸੰਬੰਧਿਤ ਰਹੇ ਹਨ। 2020 ਦੀ ਨੋਬੇਲ ਇਨਾਮ ਜੇਤੂ ਕਵਿੱਤਰੀ ਲੁਈਸ ਗਲੁੱਕ ਵੀ ਨਿਊਯਾਰਕ ਦੀ ਰਹਿਣ ਵਾਲੀ ਹੈ। ਇਨ੍ਹਾਂ ਵਿਸ਼ਵ ਪ੍ਰਸਿੱਧ ਨਾਵਾਂ ਤੋਂ ਇਲਾਵ ਹੋਰ ਵੀ ਕਈ ਨਾਮ ਹੋਣਗੇ।

ਪਰ ਖ਼ੈਰ! ਐਸੀ ਵੀ ਗੱਲ ਨਹੀਂ ਕਿ ਇਸ ਨੂੰ ਭਵਿੱਖ ਵਿਚ ਵਿਚਾਰਿਆ ਨਾ ਜਾ ਸਕੇ। ਆਸ ਕਰਦਾ ਹਾਂ ਕਿ ਕਵੀ ਇਸ ਕਿਤਾਬ ਦੇ ਅਗਲੇ ਐਡੀਸ਼ਨ ਵਿਚ ਏਧਰ ਧਿਆਨ ਦੇਵੇਗਾ।

ਕਿਤੇ ਟਿੱਪਣੀ ਕਰਦਿਆਂ ਮੈਂ ਲਿਖਿਆ ਸੀ ਕਿ ਇਹ ਸਾਰੀਆਂ ਕਵਿਤਾਵਾਂ ਨਿਊਯਾਰਕ ਸ਼ਹਿਰ ਨੂੰ ਬਣੀਆਂ ਮਿੱਥਾਂ ਦੇ ਉਲਟ, ਸਿਰ ਪਰਨੇ ਖੜ੍ਹਾ ਕਰਦੀਆਂ ਹਨ। ਉਸ ਨਾਲ ਉਠਦੀਆਂ-ਬਹਿੰਦੀਆਂ ਵੀ ਨੇ ਤੇ ਜਾਗਦੀਆਂ ਵੀ ਨੇ ਅਤੇ ਖਹਿੰਦੀਆਂ ਵੀ ਨੇ। ਇਨ੍ਹਾਂ ਕਵਿਤਾਵਾਂ ਦਾ ਪਾਠ ਕਰਦਿਆਂ ਮੈਂ ਵਾਲ ਸਟਰੀਟ ਵਾਲੇ ਕਾਂਸੇ ਦੇ ਸਾਨ੍ਹ ਨੂੰ ਹਫਿਆ ਹੋਇਆ ਦੇਖਿਆ ਹੈ। ਪਾਰਕਾਂ, ਸਟਰੀਟਾਂ 'ਤੇ ਲਿਤਾੜੇ ਲੋਕਾਂ ਦੀਆਂ ਦੁਸ਼ਵਾਰੀਆਂ ਨੂੰ, ਦਰਦਾਂ ਨੂੰ ਬੜੇ ਨੇੜਿਓਂ ਤੱਕਿਆ ਹੈ। ਇੱਕੋ ਸ਼ਹਿਰ (ਦਰਅਸਲ ਇਹ ਸ਼ਹਿਰ ਨਹੀਂ ਸਾਮਰਾਜ ਦਾ ਸਿੰਬਲ ਹੈ) ਨੂੰ ਮੁਖ਼ਾਤਿਬ ਏਨੀਆਂ ਮਾਰਮਿਕ ਕਵਿਤਾਵਾਂ ਸੁਰਿੰਦਰ ਸੋਹਲ ਦੇ ਹੀ ਹਿੱਸੇ ਆਈਆਂ ਹਨ। ਕਾਸ਼! ਇਹ ਕਵਿਤਾਵਾਂ ਮੈਂ ਲਿਖ ਸਕਦਾ।

ਜਦੋਂ ਤੁਸੀਂ ਇਨ੍ਹਾਂ ਕਵਿਤਾਵਾਂ ਦਾ ਪਾਠ ਕਰੋਗੇ ਤਾਂ ਤੁਸੀਂ ਵੀ ਇਸੇ ਤਰ੍ਹਾਂ ਮਹਿਸੂਸ ਕਰੋਗੇ। ਇਹ ਮੈਂ ਨਹੀਂ ਮੇਰੀ ਰੂਹ ਕਹਿੰਦੀ ਹੈ। ਮਿਸਾਲ ਵਜੋਂ ਕੁਝ ਕਵਿਤਾਵਾਂ ਦੀਆਂ ਚੋਣਵੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ:

ਪਰ ਅਚਾਨਕ ਠਣਕਦਾ ਹੈ ਮੇਰਾ ਮੱਥਾ
ਕਾਂਸੇ ਦਾ ਧੌਲ
ਜਦ ਫੁੰਕਾਰਾ ਮਾਰਦਾ ਹੈ
ਇਸ ਦੇ ਸਿੰਙਾਂ 'ਤੇ ਟਿਕੀ
ਵਾਲ ਸਟਰੀਟੀ ਮੇਦਨੀ
ਡੋਲਦੀ ਹੈ
ਭੁਚਾਲ ਆਉਂਦਾ ਹੈ
ਤੇ ਬਾਜ਼ਾਰ
ਹੋ ਜਾਂਦਾ ਹੈ ਸਿਰ ਭਾਰ
('ਕਾਂਸੇ ਦਾ ਧੌਲ' ਵਿਚੋਂ)




ਜੇਸ ਦੀ ਇਹ ਗੇਮ ਹੈ
ਬੰਬ ਦੀ ਜ਼ਦ ਵਿਚ ਤਾਂ
ਉਹ ਬੱਚਾ ਵੀ ਆਇਆ ਹੋਏਗਾ
ਓਸ ਬੱਚੇ ਦਾ ਕੀ ਬਣਿਆ
ਏਸ ਦੀ ਬਾਬਤ ਇਬਾਰਤ ਚੁੱਪ ਕਿਉਂ ਹੈ?
(ਟਾਈਟਲ ਕਵਿਤਾ 'ਇਬਾਰਤ ਚੁੱਪ ਕਿਉਂ ਹੈ?)

ਇਹ ਕਵਿਤਾ ਯਾਦ ਕਰਾਉਂਦੀ ਹੈ, ਜਦੋਂ ਸੋਮਵਾਰ 19 ਅਕਤੂਬਰ 1987 ਨੂੰ ਅਮੈਰਿਕਨ ਮਾਰਕਿਟ ਇਕੋ ਦਿਨ 'ਚ 20 ਪ੍ਰਤੀਸ਼ਤ ਤੋਂ ਵੀ ਥੱਲੇ ਡਿੱਗੀ ਸੀ। ਇਤਿਹਾਸ ਵਿਚ ਇਸ ਨੂੰ 'ਕਾਲਾ ਸੋਮਵਾਰ' ਕਰਕੇ ਵੀ ਜਾਣਿਆ ਜਾਂਦਾ ਹੈ।

ਆਜ਼ਾਦੀ ਦੀ ਦੇਵੀ
ਟਾਪੂ 'ਤੇ ਇੰਝ ਖਲੋਤੀ ਹੈ
ਜਿਵੇਂ ਸੱਚ, ਆਜ਼ਾਦੀ, ਖੁਸ਼ਹਾਲੀ ਨੂੰ
ਕਾਲੇ ਪਾਣੀ ਦੀ ਸਜ਼ਾ ਮਿਲੀ ਹੈ
ਆਜ਼ਾਦੀ ਵੀ ਆਜ਼ਾਦ ਨਹੀਂ ਹੈ
('ਸਟੈਚੂ ਆਫ਼ ਲਿਬਰਟੀ' ਵਿਚੋਂ)

ਇਨ੍ਹਾਂ ਕਵਿਤਾਵਾਂ ਵਿਚ ਬੇਘਰੇ ਲੋਕਾਂ ਦੀ ਜ਼ਿੰਦਗੀ ਦੀ ਕਰੂਰਤਾ ਵੀ ਹੈ, ਕੈਬ (ਟੈਕਸੀ) ਵਿਚ ਬੈਠੀਆਂ ਸਵਾਰੀਆਂ ਦੀ ਮਨੋਦਸ਼ਾ ਵੀ, ਕ੍ਰਿਸਮਸ-ਟ੍ਰੀ ਵਰਗੇ ਧਾਰਮਿਕ ਚਿੰਨ੍ਹ ਨੂੰ ਵਪਾਰ ਵਿਚ ਬਦਲਣ ਦੀ ਗਾਥਾ ਵੀ ਤੇ ਕੋਵਿਡ-19 ਕਾਰਨ ਦਿਨ-ਰਾਤ ਜਾਗਣ ਵਾਲਾ ਸ਼ਹਿਰ ਦਿਨੇ ਹੀ ਘੂਕ ਸੁੱਤਾ ਹੋਇਆ ਵੀ ਦੇਖਿਆ ਜਾ ਸਕਦਾ ਹੈ।

'ਐਲਿਸ ਆਈਲੈਂਡ' ਵਰਗੀਆਂ ਇਤਿਹਾਸ-ਮੁਖੀ ਕਵਿਤਾਵਾਂ ਵੀ ਇਸ ਵਿਚ ਸ਼ਾਮਿਲ ਹਨ। ਦੱਸਦੇ ਹਨ ਕਿ 1892 ਤੋਂ 1924 ਤੱਕ ਕੋਈ 12 ਮਿਲੀਅਨ ਇਮੀਗ੍ਰਾਂਟ ਇਸ ਆਈਲੈਂਡ (ਟਾਪੂ) ਦੀ ਬੰਦਰਗਾਹ 'ਤੇ ਉਤਰੇ ਸਨ:

ਬੂਟ, ਜੁੱਤੀਆਂ, ਚਪਲਾਂ ਦੀ ਹਾਲਤ
ਕਹਿ ਰਹੀ ਹੈ ਸਫ਼ਰ ਦੀ ਦਾਸਤਾਨ
ਜੈਕਟਾਂ ਨਾਲ਼ ਅਜੇ ਵੀ
ਚਿੰਬੜਿਆ ਹੋਇਆ ਹੈ ਨਿੱਘ
('ਐਲਿਸ ਆਈਲੈਂਡ' ਵਿਚੋਂ)

ਫ਼ੈਡਰਲ ਸਰਕਾਰ ਦੀ ਜਾਇਦਾਦ ਇਹ ਟਾਪੂ ਹੁਣ ਮਿਊਜ਼ੀਅਮ ਵੀ ਹੈ। ਪਰਵਾਸੀਆਂ ਦੇ ਦਰਦ ਦੀ ਧੁਖਦੀ ਦਾਸਤਾਨ ਹੈ ਇਹ ਕਵਿਤਾ।

ਹਰ ਕਵਿਤਾ ਪਾਠਕ ਨੂੰ ਨਿਊਯਾਰਕ ਦੀਆਂ ਖ਼ੁਸ਼ੀਆਂ/ਗ਼ਮੀਆਂ ਨਾਲ਼ ਰੂਬਰੂ ਕਰਵਾਉਂਦੀ ਹੈ। ਇਨ੍ਹਾਂ ਦਾ ਪਾਠ ਕਰਦਿਆਂ ਇਬਾਰਤ ਚੁੱਪ ਨਹੀਂ ਸਗੋਂ ਦਹਿਕਦੇ ਅੰਗਿਆਰਾਂ 'ਤੇ ਤੁਰਨ ਵਾਂਗ ਵੰਗਾਰਦੀ ਲੱਗਦੀ ਹੈ। ਨਿਊਯਾਰਕ ਵਿਚ ਲੰਮਾ ਸਮਾਂ ਰਹਿਣ ਵਾਲੀ ਸਿਆਹ ਰੰਗੀ ਕਵਿੱਤਰੀ ਮਾਇਆ ਐਂਜਲੋ ਲਿਖਦੀ ਹੈ:

ਮੈਨੂੰ ਪਤੈ
ਕਿ ਪਿੰਜਰੇ 'ਚ ਬੰਦ ਪੰਛੀ
ਕਿਉਂ ਗਾਉਂਦੇ ਹਨ

ਸੋਹਲ ਦੀਆਂ ਕਵਿਤਾਵਾਂ ਦੇ ਪਾਤਰ ਵੀ ਇੰਝ ਹੀ ਕਰਦੇ ਹਨ।

ਅਖ਼ੀਰ ਵਿਚ ਮੈਂ ਪੁਰਤਗਾਲ ਦੇ ਨੋਬੇਲ ਇਨਾਮ ਜੇਤੂ ਨਾਵਲਕਾਰ ਹੋਜ਼ੇ ਸਰਮਾਗੋ ਦੀਆਂ ਇਹ ਸਤਰਾਂ ਸਾਂਝੀਆਂ ਕਰਨਾ ਚਾਹੁੰਦਾ ਹਾਂ:

'ਮੈਂ ਲਿਖਣ ਲਈ ਨਹੀਂ ਲਿਖਦਾ, ਮੈਂ ਲਿਖਦਾ ਹਾਂ, ਜੋ ਮੈਂ ਹਾਂ।'

ਸੁਰਿੰਦਰ ਸੋਹਲ ਨੇ ਵੀ ਜੋ ਹੈ, ਜਿਵੇਂ ਉਸ ਨੇ ਦੇਖਿਆ ਤੇ ਹੰਢਾਇਆ ਹੈ, ਉਸ ਨੇ ਆਪਣੀਆਂ ਇਨ੍ਹਾਂ ਤਲਿੱਸਮੀ ਕਵਿਤਾਵਾਂ ਵਿਚ ਬਿਆਨ ਕੀਤਾ ਹੈ। ਇਸ ਨਿਵੇਕਲੇ ਕਾਵਿ-ਸੰਗ੍ਰਹਿ ਲਈ ਕਵੀ ਨੂੰ ਬਹੁਤ-ਬਹੁਤ ਮੁਬਾਰਕ।

# ਮਾਂ ਬੋਲੀ ਕੱਲ੍ਹ, ਅੱਜ ਤੇ ਭਲਕ

ਇਹਦਾ ਰੰਗ ਸੰਧੂਰੀ ਐ ਇਹ ਗੋਰੀ ਚਿੱਟੀ ਐ,
ਇਹਨੂੰ ਮੈਲੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਐ।

ਮਾਂ ਬੋਲੀ ਪੰਜਾਬੀ ਇਕ ਐਸਾ ਜਜ਼ਬਾ ਹੈ ਜੋ ਮੋਹ ਦੀਆਂ ਤੰਦਾਂ ਨੂੰ ਬੁਣ ਕੇ ਹਰ ਪੰਜਾਬੀ ਨੂੰ ਹੀ ਨਹੀਂ ਬਲਕਿ ਹੋਰਨਾਂ ਭਾਸ਼ਾਵਾਂ ਦੇ ਲੋਕਾਂ ਨੂੰ ਵੀ ਇਹ ਕਹਿਣ ਨੂੰ ਮਜਬੂਰ ਕਰ ਦਿੰਦਾ ਹੈ ਕਿ ਪੰਜਾਬੀਆਂ ਦੀ ਸ਼ਾਨ ਵੱਖਰੀ ਹੈ। ਜੇ ਗੱਲ ਕਰੀਏ ਪੰਜਾਬੀ ਦੇ ਇਤਿਹਾਸ ਦੀ ਤਾਂ ਇਤਿਹਾਸਕਾਰਾਂ ਮੁਤਾਬਕ ਇਹ ਗਿਆਰਵੀਂ ਸਦੀ ਵਿਚ ਪਹਿਲਾਂ ਹੋਂਦ ਵਿਚ ਆਈ, ਕਈ ਵਿਦਵਾਨਾਂ ਅਨੁਸਾਰ ਪੰਜਾਬੀ ਵੈਦਿਕ ਤੇ ਆਰੀਅਨ ਜ਼ੁਬਾਨਾਂ ਵਿਚੋਂ ਇਕ ਹੈ। ਪ੍ਰਿਸੀਪਲ ਤੇਜਾ ਸਿੰਘ ਅਨੁਸਾਰ 'ਰਿਗਵੇਦ ਦੀ ਰਚਨਾ ਪੰਜਾਬੀ ਭਾਸ਼ਾ ਵਿਚ ਹੋਈ' ਪਰ ਇਸ ਮੱਤ ਨਾਲ ਕਈ ਵਿਦਵਾਨ ਸਹਿਮਤ ਨਹੀਂ। ਕਿਹਾ ਜਾਂਦਾ ਹੈ ਕਿ ਨਾਥ ਜੋਗੀਆਂ ਦੇ ਸਾਹਿਤ ਵਿਚ ਵੀ ਪੰਜਾਬੀ ਦੇ ਅੰਸ਼ ਮਿਲਦੇ ਹਨ। ਭਾਸ਼ਾ ਮਾਹਿਰਾਂ ਅਨੁਸਾਰ ਇਸ ਦਾ ਆਰੰਭ 13ਵੀਂ ਜਾਂ 14ਵੀਂ ਸਦੀ ਵਿਚ ਹੋਇਆ ਤੇ ਆਪਣੇ ਵਿਕਾਸ ਵੱਲ ਵਧਦੀ ਗਈ। ਗੁਰੂਆਂ ਪੀਰਾਂ ਤੇ ਸੂਫ਼ੀ ਸੰਤਾਂ ਦੇ ਮੁੱਖ ਤੋਂ ਉਚਰੀ ਇਸ ਭਾਸ਼ਾ ਵਿਚ ਕਿੰਨਾ ਹੀ ਸਾਹਿਤ ਲਿਖਿਆ ਗਿਆ। ਪਾਕਿਸਤਾਨੀ ਸ਼ਾਇਰ ਤੇ ਮਾਂ ਬੋਲੀ ਦੀ ਖ਼ਤੋਤ ਲਈ ਫਿਕਰਮੰਦ ਬਾਬਾ ਨਜ਼ਮੀ ਲਿਖਦਾ ਹੈ,


**ਗੁਰਲੀਨ ਕੌਰ ਸ਼ਿਕਾਗੋ**
**ਫੋਨ: +1 (224) 412-1425**

ਜਿਹੜੇ ਕਹਿੰਦੇ ਵਿੱਚ ਪੰਜਾਬੀ ਵਸਅਤ ਨਹੀਂ ਤਹਿਜ਼ੀਬ ਨਹੀਂ
ਪੜ ਕੇ ਵੇਖਣ ਵਾਰਸ, ਬੁੱਲਾ, ਬਾਹੂ ਲਾਲ ਪੰਜਾਬੀ ਦਾ।

ਇਕ ਦੌਰ ਆਇਆ ਜਦੋਂ 1966 ਵਿਚ ਪੰਜਾਬ ਦੀ ਵੰਡ ਹੋਈ ਤੇ ਇਲਾਕਿਆਂ ਦੇ ਹਿਸਾਬ ਨਾਲ ਭਾਸ਼ਾ ਪਰਿਵਰਤਨ ਵੀ ਹੋਇਆ। ਬੋਲੀ ਉਪ ਬੋਲੀ ਵਿਚ ਵੀ ਬੋਲੀ ਜਾਣ ਲੱਗੀ। ਪੰਜਾਬੀ ਭਾਸ਼ਾ ਨੇ ਕਈ ਹੋਰ ਭਾਸ਼ਾਵਾਂ ਵਾਂਗ ਨਿਰੰਤਰ ਵਿਕਾਸ ਵੀ ਕੀਤਾ ਤੇ ਹੋਰ ਭਾਸ਼ਾਵਾਂ ਦਾ ਰਲੇਵਾਂ ਵੀ ਕਰਦੀ ਰਹੀ। ਪੰਜਾਬੀਆਂ ਦੀ ਬਹਾਦਰੀ, ਤੌਰ ਤਰੀਕੇ, ਮਹਿਮਾਨ ਨਿਵਾਜ਼ੀ ਤੇ ਪੰਜਾਬੀ ਬੋਲੀ ਦੇ ਚਰਚੇ ਪੰਜਾਬ ਹੀ ਨਹੀਂ ਬਲਕਿ ਦੁਨੀਆ ਵਿਚ ਮਸ਼ਹੂਰ ਹਨ। ਮੇਰਾ ਦਾਗਿਸਤਾਨ ਦੇ ਰਚੇਤਾ ਰਸੂਲ ਹਮਜ਼ਾਤੋਵ ਲਿਖਦੇ ਹਨ ਕਿ ਜੇ ਕਿਸੇ ਨੂੰ ਬਦਦੁਆ ਦੇਣੀ ਹੋਵੇ ਤਾਂ ਕਹਿ ਦੇਵੋ ਕਿ ਜਾ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ ਤੇ ਮੈਨੂੰ ਲੱਗਦਾ ਐ ਪੰਜਾਬੀਆਂ ਨੂੰ ਸ਼ਾਇਦ ਕੋਈ ਬਦਦੁਆ ਹੀ ਲੱਗੀ ਐ ਜੋ ਆਪਣੀ ਮਾਂ ਬੋਲੀ ਨੂੰ ਭੁੱਲਦੇ ਜਾ ਰਹੇ ਹਨ।

ਪੁੱਛਦੀ ਪੰਜਾਬੀ ਅੱਜ ਦੱਸੋ ਵੇ ਪੰਜਾਬੀਓ,
ਨਹੁੰ ਦੇ ਨਾਲੋਂ ਪੁੱਤਰੋ ਵੇ ਮਾਸ ਕਾਹਤੋਂ ਵੱਢਿਆ।

ਆਪਣੇ ਹੀ ਦੇਸ਼ ਪੰਜਾਬ ਵਿਚ ਪੰਜਾਬੀ ਦੀ ਪੱਤ ਰੁਲ ਰਹੀ ਐ ਕਈ ਵੱਡੇ ਸਕੂਲਾਂ ਵਿਚ ਪੰਜਾਬੀ




ਬੋਲੀ ਮੇਰੀ ਨੂੰ ਵੇ ਤੁਸੀਂ ਇੰਝ ਕਾਹਤੋਂ ਛੱਡਿਆ।
ਪੱਛਮੀ ਸੱਭਿਅਤਾ ਪਿੱਛੇ ਲੱਗ ਕੇ ਪੰਜਾਬੀਓ

ਬੋਲਣ 'ਤੇ ਬੈਨ ਲੱਗਿਆ ਹੋਇਆ ਹੈ ਤੇ ਕਈ ਪਰਿਵਾਰ ਵੀ ਜੋ ਖ਼ੁਦ ਹੀ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਪੰਜਾਬੀ ਬੋਲਣ। ਇੱਥੋਂ ਤਕ ਕਿ ਸਕੂਲਾਂ ਵਿਚ ਤਾਂ ਪੰਜਾਬੀ ਦਾ ਅਧਿਆਪਕ ਵੀ ਸਿਰਫ਼ ਆਪਣੀ ਜਮਾਤ ਵਿਚ ਹੀ ਪੰਜਾਬੀ ਬੋਲ ਸਕਦਾ ਹੈ। ਕਿੰਨੀ ਵੱਡੀ ਤ੍ਰਾਸਦੀ ਹੈ ਕਿ ਵਿਦੇਸ਼ਾਂ ਵਿਚ ਮਾਂ ਬੋਲੀ ਨੂੰ ਉੱਚਾ ਦਰਜਾ ਦੇਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਆਪਣੇ ਹੀ ਘਰ (ਪੰਜਾਬ) ਵਿਚ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦਾ ਬੋਲ ਬਾਲਾ ਹੈ। ਸਾਰੀਆਂ ਭਾਸ਼ਾਵਾਂ ਚੰਗੀਆਂ ਹਨ ਪਰ ਆਪਣੀ ਮਾਂ ਬੋਲੀ ਕਦੇ ਵੀ ਨਹੀਂ ਛੱਡਣੀ ਚਾਹੀਦੀ। ਕਿਸੇ ਵੀ ਕੌਮ ਦੀ ਪਛਾਣ ਉਸ ਦੀ ਮਾਂ ਬੋਲੀ ਹੁੰਦੀ ਹੈ ਤੇ ਉਸਦਾ ਵਿਰਸਾ ਤੇ ਵਿਰਾਸਤ ਸਾਂਭਣਾ ਸਾਡਾ ਫ਼ਰਜ਼ ਹੈ। ਪੰਜਾਬੀ ਨੂੰ ਮੁਹੱਬਤ ਕਰਨ ਵਾਲੇ ਪੰਜਾਬ ਤੇ ਵਿਦੇਸ਼ਾਂ ਵਿਚ ਵੱਖ ਵੱਖ ਤਕਨੀਕਿਆਂ ਨਾਲ ਪੰਜਾਬੀ ਨੂੰ ਜ਼ਿੰਦਾ ਰੱਖਣ ਦੀ ਪੁਰ-ਜ਼ੋਰ ਕੋਸ਼ਿਸ਼ ਕਰ ਰਹੇ ਹਨ। ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਸਥਾਨਕ ਗੁਰਦੁਆਰਿਆਂ ਵਿਚ ਪੰਜਾਬੀ, ਵਿਸ਼ੇਸ਼ ਤੌਰ 'ਤੇ ਸਿਖਾਈ ਜਾਂਦੀ ਹੈ ਤੇ ਮੈਂ ਤਾਂ ਇਹ ਕਹਿਣਾ ਚਾਹਾਂਗੀ ਕਿ ਸਮੇਂ ਦੀਆਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਪੰਜਾਬੀ ਨੂੰ ਪੰਜਾਬ ਵਿਚ ਹਰ ਦਫ਼ਤਰ ਤੇ ਕਾਗਜ਼ੀ ਕਾਰਵਾਈ ਵਿਚ ਲਾਜ਼ਮੀ ਕੀਤਾ ਜਾਵੇ ਤੇ ਪੰਜਾਬੀ ਸੰਬੰਧੀ ਲਾਗੂ ਕੀਤੇ ਫੈਸਲਿਆਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਹੀ ਆਉਣ ਵਾਲੇ ਸਮੇਂ ਵਿਚ ਪੰਜਾਬੀ ਭਾਸ਼ਾ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਜੇ ਅਸੀਂ ਨਾ ਸੰਭਲੇ ਤਾਂ ਐਨੇ ਪਛੜ ਜਾਵਾਂਗੇ ਤੇ ਇਸਦਾ ਖ਼ਮਿਆਜ਼ਾ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਭੁਗਤਣਾ ਪਵੇਗਾ।

ਵਿਅੰਗ

# ‘ਖਿਲਾਰਾ ਸਿੰਘ ਬਨਾਮ ਸਲੀਕਾ-ਸੁਥਰੀ’

ਪ੍ਰੋ. ਜਸਵੰਤ ਸਿੰਘ ਗੰਡਮ

ਖਿਲਾਰਾ ਸਿੰਘ ਜਦ ਵੀ ਖਿਲਾਰਾ ਸਮੇਟਣ ਲੱਗਦਾ ਤਾਂ ਹੋਰ ਖਿਲਾਰਾ ਪਾ ਬਹਿੰਦਾ! ਖਿਲਾਰਾ ਸਾਂਭਿਆ ਤਾਂ ਕੀ ਜਾਣਾ ਸੀ ਸਗੋਂ ਰੈਤਾ ਈ ਫੈਲ ਜਾਂਦਾ। ਰੱਬ ਦੀ ਪਤਾ ਨਈਂ ਕੀ ਮਾਰ ਸੀ ਕਿ ਜਿਹੜੀ ਚੀਜ਼ ਉਹ ਸਭ ਤੋਂ ਵਧੇਰੇ ਸੰਭਾਲ ਕੇ ਰਖਦਾ ਓਹੀ ਗੁਆਚ ਜਾਂਦੀ! ਕੋਈ ਵੀ ਸਾਂਭੀ ਹੋਈ ਸ਼ੈਅ ਕਦੀ ਵੀ ਲੋੜ ਵੇਲੇ ਨਾਂ ਲਭਦੀ। ਹਾਂ, ਅੱਗੋਂ ਪਿੱਛੋਂ ਬੇਮੌਕਾ ਇਹ ਚੀਜ਼ਾਂ ਉਸ ਦੇ ਅੱਗੇ ਪਿੱਛੇ ਆ ਆ ਕੇ ਉਸ ਦਾ ਮੂੰਹ ਚਿੜਾਉਂਦੀਆਂ ਰਹਿੰਦੀਆਂ, ਜਿਵੇਂ ਮਖੌਲ ਕਰ ਰਹੀਆਂ ਹੋਣ- ‘ਕਿਉਂ, ਲੱਭ ਲਿਆ ਸਾਨੂੰ ਬਹੁਤਾ ਸੰਭਾਲ ਕੇ? ਆਹ ਪਈਆਂ ਅਸੀਂ!’

ਖਿਲਾਰਾ ਸਿੰਘ ਦੀ ਹਾਲਤ ‘ਖਿਸਿਆਨੀ ਬਿੱਲੀ ਖੰਭਾ ਨੋਚੇ’ ਵਰਗੀ ਹੋ ਜਾਂਦੀ ਤੇ ਉਹ ਝਈਆਂ ਲੈ ਕੇ ਉਨ੍ਹਾਂ ਨੂੰ ਪੈਂਦਾ ਹੋਇਆ ਕਹਿੰਦਾ, ‘ਦਫਾ ਹੋਵੋ ਪਰ੍ਹਾਂ, ਹੁਣ ਮੈਂ ਤੁਹਾਡਾ ਆਚਾਰ ਪਾਉਣੈ, ਈਦੋਂ ਬਾਅਦ ਭਲਾ ਤੰਬਾ ਫੂਕਣੈ’?

ਖਿਲਾਰਾ ਸਿੰਘ ਦੀ ਸੁਘੜ ਸੁਆਣੀ ਸ਼੍ਰੀਮਤੀ ਸਲੀਕਾ-ਸੁਥਰੀ ਉਸ ਦੇ ਮਗਰ ਮਗਰ ਝਾੜੂ-ਪੋਚਾ ਲਈ ਫਿਰਦੀ ਰਹਿੰਦੀ। ਉਸ ਨੂੰ ਪੋਚਾ ਮਾਰਨ ਜਾਂ ਬੁਹਾਰਨ ਲਈ ਨਹੀਂ ਸਗੋਂ ਉਸ ਦੇ ਖਿਲਾਰੇ ਨੂੰ ਸਮੇਟਣ ਲਈ। ਹਾਂ, ਖਾਤਰ ਖਿਲਾਰਾ ਸਿੰਘ ਦੀ ਖੂਬ ਹੁੰਦੀ, ਹਰ ਰੋਜ਼ ਹੁੰਦੀ ਤੇ ਹਰ ਵੇਲੇ ਹੀ ਹੁੰਦੀ। ਕਾਰਨ? ਜਦ ਕੋਈ ਚੀਜ਼ ਥਾਂ ਸਿਰ ਰੱਖਣੀ ਹੀ ਨਹੀਂ ਤਾਂ ਉਸ ਨੂੰ ਥਾਂ ਸਿਰ ਕਰਨ ਲਈ ਖਾਤਰ ਤਾਂ ਫਿਰ ਹੋਣੀ ਹੀ ਹੋਈ। ਵੈਸੇ ਵੀ ਅੱਜ ਕੱਲ੍ਹ ਆਪਣੇ ‘ਪਤੀ-ਪ੍ਰਮੇਸ਼ਰਾਂ’ ਦੀ ਖਾਤਰ ਕਰਨਾ ਬਹੁਤੀਆਂ ਸ਼੍ਰੀਮਤੀਆਂ ਦਾ ਜਨਮ-ਸਿੱਧ ਅਧਿਕਾਰ ਬਣ ਗਿਐ, ਔਰਤ ਸ਼ਕਤੀਕਰਨ ਦਾ ਦੌਰ ਜੋ ਹੋਇਆ। ਕਈ ਪ੍ਰੇਮ-ਪਿਆਰੀਆਂ ਤਾਂ ਬਸ ਸੁਆਦ ਲੈਣ ਲਈ ਹੀ ਪਤੀ-ਪੀੜਨ/ਨਪੀੜਨ ਕਰਦੀਆਂ ਰਹਿੰਦੀਆਂ ਹਨ।

ਖਿਲਾਰਾ ਸਿੰਘ ਦੀ ਸ਼੍ਰੀਮਤੀ ਨੂੰ ਤਾਂ ਸੈਂਕੜੇ ਸੁਨਹਿਰੀ ਮੌਕੇ ਮਿਲਦੇ ਉਸ ਦੀ ਝਾੜ-ਝੰਬ ਕਰਨ ਲਈ। ਤੌਲੀਆ ਟੰਗਣੇ ਦੀ ਬਜਾਏ ਬਨੇਰੇ ‘ਤੇ ਸੁੱਕਣਾ ਪਿਆ ਹੋਵੇ, ਕੱਛਾ ਤਾਰ ਦੀ ਥਾਂ ਬਿਰਖ ਉਪਰ ਪੈਲਾਂ ਪਾਉਂਦਾ ਹੋਵੇ, ਬੁਨੈਣ ਕੀਲੀ ਉਪਰ ਸੁੱਕਣੇ ਪਾਏ ਜਾਣ ਦੀ ਬਜਾਏ ਬਾਹਰਲੇ ਬੂਹੇ ਉਪਰ ਡਾਂਸ ਕਰ ਰਹੀ ਹੋਵੇ ਤਾਂ ਸਮਝੋ ਖਿਲਾਰਾ ਸਿੰਘ ਦੀ ਖੈਰ ਨਹੀਂ। ਸ਼੍ਰੀਮਤੀ ਸਲੀਕਾ-ਸੁਥਰੀ ਚਾਰੇ ਖੁਰ ਚੁੱਕ ਕੇ, ਝਾੜੂ-ਪੋਚਾ ਅਤੇ ਹੋਰ ਦੇਸੀ ਹਥਿਆਰਾਂ, ਜਿਨ੍ਹਾਂ ਵਿਚ ਇਸਤਰੀ ਜਾਤੀ ਦੇ ਪ੍ਰਾਚੀਨ ਸ਼ਾਸਤਰ ਚਿਮਟਾ, ਵੇਲਣਾ, ਭੂਕਣਾ, ਘੋਟਣਾ, ਕੜਛੀ ਆਦਿ ਸ਼ਾਮਲ ਹਨ, ਸਮੇਤ ਉਸ ਉਪਰ ਐਸਾ ਵਾਰ ਕਰਦੀ ਕਿ ਰੂਸ ਵੀ ਹੈਰਾਨ ਰਹਿ ਜਾਂਦਾ ਕਿ ਉਸ ਨੇ ਅਜਿਹੇ ਸ਼ਾਸਤਰ ਯੂਕਰੇਨ ਵਿਰੁੱਧ ਕਿਉਂ ਨਹੀਂ ਵਰਤੇ? ਸ਼੍ਰੀਮਤੀ ਦਾ ਨਿਸ਼ਾਨਾ ਐਨਾ ਪੱਕਾ ਕਿ ਭੱਜੇ ਜਾਂਦੇ ਖਿਲਾਰਾ ਸਿੰਘ ਦੇ ਪਿਛੇ ਇਹ ਹਥਿਆਰ ਇਉਂ ਟਿਕਾਣੇ ਉਪਰ ਲੱਗਦੇ ਜਿਵੇਂ ਕੋਈ ਹਾਈ-ਟੈੱਕ, ਸਵੈ-ਚਾਲਕ, ਸਵੈ-ਸੇਧਤ (ਗਾਈਡਡ) ਮਿਸਾਈਲ ਦੁਸ਼ਮਣ ਦੇ ਲੱਗਦੈ! ਖਿਲਾਰਾ ਸਿੰਘ ਦੇ ਬੜੇ ‘ਦੂਰ-ਦੁਰਾਡੇ’ ਸੱਟਾਂ ਲੱਗਦੀਆਂ, ਕਈ ਤਾਂ ਬਹੁਤ ਹੀ ਗਹਿਰੀਆਂ, ਕਈ ਅਜਿਹੀਆਂ ਤੇ ਅਜਿਹੇ ਥਾਂਈਂ ਕਿ ਵਿਚਾਰਾ ਕਈ ਕਈ ਦਿਨ ਚੱਜ ਨਾਲ ਬਹਿਣ ਜੋਗਾ ਵੀ ਨਾ ਰਹਿੰਦਾ!

ਉਹ ਹਰ ਵਾਰ ਵਾਅਦਾ ਕਰਦਾ ਕਿ ਅਗੋਂ ਤੋਂ ਖਿਲਾਰਾ ਨਹੀਂ ਪਾਵੇਗਾ। ਪਰ ‘ਵੋ ਵਾਅਦਾ ਕਯਾ ਜੋ ਵਫਾ ਹੋ ਗਯਾ’? ਅੱਜ ਕੱਲ੍ਹ ਵਾਅਦੇ ਤਾਂ ਕੀਤੇ ਹੀ ਤੋੜਨ ਲਈ ਜਾਂਦੇ ਹਨ, ਸਹੁੰਆਂ ਵੀ ਮੁਕਰਨ ਲਈ ਹੀ ਚੁੱਕੀਆਂ ਜਾਂਦੀਆਂ ਹਨ। ਜਿਹੜਾ ਬਹੁਤੇ ਵਾਅਦੇ ਕਰੇ ਸਮਝੋ ਚੋਣ ਸਿਰ ’ਤੇ ਹੈ ਅਤੇ ਜਿਹੜਾ ਬਹੁਤੀਆਂ ਸਹੁੰਆਂ ਖਾਵੇ ਸਮਝੋ ਸੌ ਪ੍ਰਤੀਸ਼ਤ ਝੂਠਾ ਹੈ! ਖਿਲਾਰਾ ਸਿੰਘ ਨੇ ਪਤਾ ਨਹੀਂ ਕਿੰਨੀ ਵਾਰੀ ਵਾਅਦੇ ਕੀਤੇ ਤੇ ਤੋੜੇ, ਸਹੁੰਆਂ ਖਾਧੀਆਂ ਤੇ ਝੂਠ ਬੋਲੇ, ਖਾਤਰ ਕਰਵਾਈ ਤੇ ਸੱਟਾਂ ਸਹੀਆਂ। ਹੁਣ ਤਾਂ ਉਸ ਦੀ ਹਾਲਤ ਇਸ ਤਰ੍ਹਾਂ ਹੋ ਗਈ ਸੀ ਕਿ ‘ਸੌ ਪਈਆਂ ਵਿਸਰ ਗਈਆ ਸਦਕਾ ਢੂਈ (ਪਿੱਠ) ਦਾ’। ਇਸ ਨੂੰ ਤੁਸੀਂ ਢੀਠ ਹੋਣਾ ਵੀ ਕਹਿ ਸਕਦੇ ਹੋ। ‘ਬੇਸ਼ਰਮ’ ਕਹਿਣਾ ਕੁਝ ਜ਼ਿਆਦਾ ਹੋ ਜਾਵੇਗਾ!

ਖਿਲਾਰਾ ਸਿੰਘ ਕਈ ਵਾਰ ਸੋਚਦਾ ਕਿ ਹਰ ਵੇਲੇ ਹਰ ਸ਼ੈਅ ਥਾਂ ਸਿਰ ਰੱਖਣੀ ਚੰਗੀ ਗੱਲ ਹੈ ਪਰ ਥੋੜਾ ਬਹੁਤਾ ਖਿਲਾਰਾ ਤਾਂ ਜ਼ਿੰਦਗੀ ਵਿਚ ਪੈ ਹੀ ਜਾਂਦੈ। ਬਲਕਿ ਜ਼ਿੰਦਗੀ ਤਾਂ ਜ਼ਿੰਦਗੀ ਹੀ ਤਾਂ ਲੱਗਦੀ ਐ ਜੇ ਕੁਝ ‘ਰਿਲੈਕਸ’(ਨਿੱਸਲ) ਹੋ ਕੇ ਵੀ ਜੀਵਿਆ ਜਾਵੇ। ਭਲਾ ਇਹ ਕੀ ਹੋਇਆ ਕਿ ਤੁਸੀਂ ਖਾਣਾ ਖਾ ਰਹੇ ਹੋਵੋ ਤੇ ਅਚਾਨਕ ਤੁਹਾਡੀ ਨਜ਼ਰ ਇਕ ਨਿੱਕੇ ਜਿਹੇ ਦਾਲ ਦੇ ਦਾਣੇ ’ਤੇ ਪੈ ਜਾਵੇ ਜੋ ਵਿਚਾਰਾ ਮੇਜ਼ ਦੇ ਕਿਸੇ ਕੋਨੇ ’ਤੇ ਦੁਬਕ ਕੇ ਪਿਆ ਹੋਵੇ ਅਤੇ ਤੁਸੀਂ ਖਾਣਾ-ਪੀਣਾ ਛੱਡ ਕੇ ਘਰ ਸਿਰ ’ਤੇ ਚੁੱਕ ਲਵੋ ਕਿ ਇਹ ਦਾਲ ਦਾ ਦਾਣਾ ਖਾਣੇ ਦੇ ‘ਟੇਬਲ’ ’ਤੇ ਗੰਦ ਪਾਉਣ ਦੀ ਜੁਰਅਤ ਕਿਵੇਂ ਕਰ ਰਿਹਾ? ਖਾਣਾ ਖਾ ਕੇ ਵੀ ਤਾਂ ਉਸ ਗਰੀਬੜੇ ਦਾਣੇ ਨੂੰ ਉਸ ਦੀ ਬਦਤਮੀਜ਼ੀ ਲਈ ਸਬਕ ਸਿਖਾਇਆ ਜਾ ਸਕਦੈ।



ਸਾਡੀ ਸਲੀਕਾ-ਸੁਥਰੀ ਐਨੀਂ ‘ਫੱਸੀ’(ਖਲਬਲੀ ਮਚਾਉਣ ਵਾਲੀ) ਹੈ ਕਿ ਅਸੀਂ ਖਾਣੇ ਦੇ ਮੇਜ਼ ’ਤੇ ਬੈਠ ਕੇ ਖਾਣਾ ਖਾਣਾ ਹੀ ਛੱਡ ਦਿੱਤਾ। ਹੁਣ ਅਸੀਂ ਵਿਹੜੇ ਵਿਚ ਬੈਠ ਕੇ ਰੋਟੀ ਖਾਂਦੇ ਹਾਂ। ਵਿਹੜੇ ਦਾ ਫਾਇਦਾ ਇਹ ਹੈ ਕਿ ਵਿਸ਼ਾਲ ਹੋਣ ਕਰਕੇ ਇਕ ਤਾਂ ਓਥੇ ਨਿੱਕਾ-ਮੋਟਾ ਹੇਠਾਂ ਡਿਗਿਆ ਦਾਲ ਦਾ ਦਾਣਾ ਥੋੜ੍ਹੇ ਕੀਤੇ ਦਿਸਦਾ ਨਹੀਂ, ਭਾਵੇਂ ਸਾਡੀ ਸੁਥਰੀ ਨੇ ‘ਮੈਗਨੀਫਾਇੰਗ ਗਲਾਸ’(ਛੋਟੀਆਂ ਚੀਜ਼ਾਂ ਨੂੰ ਵੱਡੀਆਂ ਕਰ ਕੇ ਦਿਖਾਉਣ ਵਾਲਾ ਸ਼ੀਸ਼ਾ) ਖ੍ਰੀਦ ਰੱਖਿਐ! ਦੂਸਰਾ, ਸੁਥਰੀ ਮੇਜ਼ ’ਤੇ ਖਾਣਾ ਖਾਣ ਉਪਰੰਤ ਹੀ ਵਿਹੜੇ ਦਾ ਮੁਆਇਨਾ ਕਰਨ ਆਉਂਦੀ ਹੈ। ਜਦ ਤੀਕ ਅਸੀਂ ਖਾ ਪੀ ਕੇ ਊਰਜਾਵਾਨ ਹੋ ਜਾਂਦੇ ਹਾਂ ਅਤੇ ‘ਦੁਸ਼ਮਣ’ ਦੇ ਹਰ ਸੰਭਾਵੀ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਂਦੇ ਹਾਂ। ਭਾਵੇਂ ਯੂਕਰੇਨ ਵਾਂਗ ਹਾਂ ਤਾਂ ਅਸੀਂ ਛੋਟੇ ਹੀ ਪਰ ਛੋਟਾ ਵੀ ਤਾਂ ਰੂਸ ਦਾ ਮੁਕਾਬਲਾ ਸਾਲ ਭਰ ਤੋਂ ਕਰ ਹੀ ਰਿਹੈ!

ਸਾਨੂੰ ਸਫਾਈ ਰੱਖਣ ‘ਤੇ ਕੋਈ ਇਤਰਾਜ਼ ਨਹੀਂ। ਬਲਕਿ ਅਸੀਂ ਵੀ ਸਫਾਈ-ਪਸੰਦ ਹਾਂ। ਖਿਲਾਰਾ ਖੂਬ ਪਾਉਂਦੇ ਹਾਂ ਪਰ ਆਰਾਮ ਨਾਲ ਸਮੇਟਦੇ ਵੀ ਹਾਂ। ਪਰ ਸਫਾਈ ਦੇ ਨਾਮ ‘ਤੇ ਸ਼ੈਦਾਈ ਹੋ ਜਾਣਾ ਅਤੇ ਖਲਬਲੀ ਮਚਾ ਦੇਣਾ ਚੰਗਾ ਜਿਹਾ ਨਹੀਂ ਲੱਗਦਾ।

ਇਥੇ ਸਾਨੂੰ ਪੰਜਾਬੀ ਫਿਲਮ ‘ਗਲਵੱਕੜੀ’ ਦਾ ਇਕ ਦ੍ਰਿਸ਼ ਚੇਤੇ ਆ ਜਾਂਦੈ। ਇਸ ਫਿਲਮ ਦਾ ਨਾਇਕ ਬੜਾ ਤਰਤੀਬਦਾਰ ਅਤੇ ਸਫਾਈ-ਗ੍ਰਸਤ ਹੈ। ਐਨਾ ਕਿ ਉਸ ਦੀਆਂ ਇਹ ਆਦਤਾਂ ਉਸ ਦੇ ਘਰ ਦਿਆਂ ਅਤੇ ਦਫਤਰ ਵਾਲਿਆਂ ਲਈ ਆਫਤ ਬਣ ਜਾਂਦੀਆਂ ਹਨ। ਦ੍ਰਿਸ਼ ਇਵੇਂ ਹੈ-ਇੰਗਲੈਂਡ ਦੀ ਇਕ ਲਾਇਬ੍ਰੇਰੀ, ਜਿਥੇ ਉਹ ਇੰਚਾਰਜ ਵਜੋਂ ਕੰਮ ਕਰਦੈ, ਦੇ ਥੜ੍ਹੇ ਜਿੱਡੇ ਮੇਜ਼ ਉਪਰ ਭੁਜੀਏ ਦਾ ਇਕ ਭੋਰਾ ਜਿਹਾ ਟੁਕੜਾ ਪਿਐ। ਇਹ ਐਨਾ ਛੋਟਾ ਹੈ ਕਿ ਉਸ ਦੇ ਤਿੰਨ ਮਤਹਿਤ ਮੁਲਾਜ਼ਮਾਂ, ਸਮੇਤ ਇਕ ਗੋਰੀ, ਵਿਚੋਂ ਕਿਸੇ ਨੂੰ ਵੀ ਨਹੀਂ ਦਿਸਦਾ। ਉਹ ਸਭ ਨੂੰ ਪੁਛਦੈ ਕਿ ਉਨ੍ਹਾਂ ਨੂੰ ਟੇਬਲ ’ਤੇ ਪਈ ਗੰਦਗੀ ਨਹੀਂ ਦਿਖ ਰਹੀ? ਸਾਰੇ ਮੇਜ਼ ਉਪਰ ਉੱਲਰ ਉੱਲਰ ਦੇਖਦੇ ਹਨ ਪਰ ਕਿਸੇ ਨੂੰ ਕੁਝ ਨਹੀਂ ਦਿਸਦਾ। ਆਖਿਰ ਉਹ ਸਫਾਈ-ਸ਼ੈਦਾਈ ਇਕ ਹੱਥ ਵਿਚ ਦਸਤਾਨਾ ਪਾ ਕੇ ਦੂਰੋਂ ਜਿਹੇ ਇਕ ਉਂਗਲ ਨਾਲ ਉਹ ਭੋਰਾ ਭੁਜੀਏ ਦਾ ਦਾਣਾ ਦਿਖਾਉਂਦੈ। ਫਿਰ ਪੁੱਛਦੈ-‘ਆਹ ਕੀ ਆ? ਇਹ ਹੈ ਭੁਜੀਆ, ਘੱਟੋ ਘੱਟ 14-15 ਘੰਟੇ ਤੋਂ ਇੱਥੇ ਪਿਆ ਹੋਣੈ। ਲਾਪ੍ਰਵਾਹੀ ਕਰਕੇ ਤਾਂ ਕਰੋਨਾ ਵਰਗੀਆਂ ਬਿਮਾਰੀਆਂ ਫੈਲਦੀਆਂ। ਇਹਨੂੰ ਵੀ ਫੰਗਸ (ਉੱਲੀ) ਲੱਗ ਗਈ ਹੋਣੀ ਐ, ਬੈਕਟੀਰੀਆ (ਜੀਵਾਣੂ) ਫੈਲ ਰਿਹਾ ਹੋਣਾ, ਬੈਕਟੀਰੀਏ ਨਾਲ ਆਪਾਂ ਨੂੰ ਇਨਫੈਕਸ਼ਨ (ਲਾਗ/ਰੋਗ) ਹੋਊ, ਆਪਣੇ ਤੋਂ ਇਨਫੈਕਸ਼ਨ ਆਪਣੀ ਫੈਮਿਲੀ(ਟੱਬਰ) ਨੂੰ ਹੋਊ, ਫਿਰ ਸਿਟੀ (ਸ਼ਹਿਰ), ਦੇਸ਼ ਅਤੇ ਦੁਨੀਆ ਨੂੰ ਹੋਊਗੀ। ਸਾਰੀ ਦੁਨੀਆ ਇਨਫੈਕਟਡ (ਬੀਮਾਰ) ਕਰਨ ਨੂੰ ਫਿਰਦੇ ਓਂ ਤੁਸੀਂ? ਜੇ ਆਪਾਂ ਇਨ੍ਹਾਂ ਗੱਲਾਂ ਦਾ ਖਿਆਲ ਨਹੀਂ ਰੱਖਾਂਗੇ ਤਾਂ ਦੁਨੀਆ ਕਿਵੇਂ ਬਚੂਗੀ’? ਉਸ ਦਾ ਪ੍ਰਵਚਨ ਅਜੇ ਮੁੱਕਿਆ ਹੀ ਸੀ ਕਿ ਇਕ ਮੁਲਾਜ਼ਮ ਭੁਜੀਏ ਦਾ ਉਹ ਭੋਰਾ ਖਾ ਲੈਂਦੈ ਅਤੇ ਇੰਚਾਰਜ ਨੂੰ ਕਹਿੰਦੈ-‘ਬਚਾ ਲਈ ਸਰ ਦੁਨੀਆ’!

ਸਾਫ-ਸਫਾਈ, ਸਾਂਭ-ਸੰਭਾਲ, ਰੱਖ-ਰਖਾਵ ਚੰਗੀ ਗੱਲ ਐ। ਪਰ ਇਸ ਬਾਰੇ ਹਲਚਲ ਕਰ ਦੇਣੀ ਜਾਂ ਕੁਹਰਾਮ ਮਚਾ ਦੇਣਾ ਅੱਛਾ ਨਹੀਂ।

ਕਈ ਵਾਰ ਮੈਂ ਬੜੀ ਗੰਭੀਰਤਾ ਨਾਲ ਸੋਚਦਾਂ ਕਿ ਖਿਲਾਰਾ ਲਾਪ੍ਰਵਾਹੀ ਹੈ ਜਾਂ ਬੇਪ੍ਰਵਾਹੀ? ਬੇਧਿਆਨੀ ਹੈ ਜਾਂ ਖਿੰਡੇ ਹੋਏ ਮਨ/ਆਪੇ ਦੀ ਤਰਜ਼ਮਾਨੀ?

ਛੱਡੋ, ਬਹੁਤਾ ਸੋਚਣ ‘ਚ ਕੀ ਪਿਐ? ਸਾਡਾ ਹਾਲ ਤਾਂ ਹੁਣ ‘ਵਾਰਿਸ ਸ਼ਾਹ ਨਾਂ ਆਦਤਾਂ ਜਾਂਦੀਆਂ ਨੇ/ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ’ ਵਾਲਾ ਹੋ ਗਿਐ। ਹੁਣ ਤਾਂ ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ!

ਭਾਈ, ਜੰਮ ਜੰਮ ਕਰੋ ਸਫਾਈ। ਕਮਾਲ ਦੇ ਕਰੀਨੇ ਨਾਲ ਰੱਖੋ ਸਾਮਾਨ। ਰੱਜ ਕੇ ਬਣੋ ਤਰਤੀਬਦਾਰ। ਪਰ ਯਾਰੋ! ਥੋੜਾ ਬਹੁਤਾ ਖਿਲਾਰਾ ਹੋਣਾ ਤਾਂ ਜੀਊਂਦੇ ਹੋਣ, ਬੇਫਿਕਰੀ ਅਤੇ ਬੇਪ੍ਰਵਾਹੀ ਦਾ ਪ੍ਰਤੀਕ ਹੁੰਦੈ। ਸਿਆਣਪ ਅੱਛੀ ਐ, ਪਰ ਬਹੁਤੀ ਸਿਆਣਪ ਵੀ ਬਹੁਤੀ ਅੱਛੀ ਨਹੀਂ ਹੁੰਦੀ।

ਉਰਦੂ ਦਾ ਇਕ ਸ਼ੇਅਰ ਹੈ-

‘ਬਿਹਤਰ ਹੈ ਕਿ ਦਿਲ ਕੇ ਪਾਸ ਰਹੇ ਪਾਸਬਾਨੇ ਅਕਲ

ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ ਦੇ’।

# ਕੈਲੇਫੋਰਨੀਆ ਡਾਇਰੀ (5)

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ ’ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***



ਡਾ. ਅੰਬਰੀਸ਼
ਫੋਨ: 98143-89522

ਹਵਾਈ ਜਹਾਜ਼ ਰਾਹੀਂ ਸੈਨ ਹੋਜ਼ੇ ਤੋਂ ਸਾਲਟ ਲੇਕ ਸਿਟੀ, ਯੂਟਾਹ ਜਾ ਰਹੇ ਹਾਂ, ਜਿੱਥੇ ਬੇਟੇ ਨੂੰ ਕੰਮ ਹੈ। ਓਥੋਂ ਇਕ ਦਿਨ ਮਗਰੋਂ ਕਾਰ ਰਾਹੀਂ, ਤਕਰੀਬਨ 1000 ਮੀਲ ਦਾ ਸਫਰ ਕਰਦੇ, ਰਾਹ ‘ਚ ਦੋ ਨੈਸ਼ਨਲ ਪਾਰਕਾਂ ਵੇਖਦੇ ਤੇ ਦੋ ਰਾਤਾਂ ਰੁਕਦੇ, ਹੋਲਿਸਟਰ ਪਰਤਾਂਗੇ। ਉਮਾਹ ਤੇ ਡਰ ਦੋਵੇਂ ਨੇ। ਬੇਟਾ ਸੈਰਾਂ, ਐਡਵੈਂਚਰ’ਜ਼ ਤੇ ਲੰਮੀਆਂ ਡਰਾਈਵਾਂ ਦਾ ਸ਼ੌਕੀਨ ਹੈ, ਬਹੁਤ ਸਰਦੀ ਤੋਂ ਵੀ ਘਬਰਾਉਂਦਾ ਨਹੀਂ। ਕਦੇ ਇਹ ਸਾਰੇ ਗੁਣ ਮੇਰੇ ‘ਚ ਵੀ ਸਨ।

ਹੁਣ ਮੈਨੂੰ ਆਪਣੇ ਕੰਫ਼ਰਟ ਜ਼ੋਨ ‘ਚ ਵਿਚਰਨਾ ਵਧੇਰੇ ਪਸੰਦ ਹੈ। ਜਿਉਂ ਇਸ ਵੇਲੇ ਡੈਲਟਾ ਏਅਰਲਾਈਨਜ਼ (ਗਾਹਕ-ਸੰਤੋਖ ਦੇ ਹਿਸਾਬ ਨਾਲ ਅਮਰੀਕਾ ਦੀ ਨੰਬਰ ਇਕ ਹਵਾਈ ਕੰਪਨੀ) ਦੇ ਜਹਾਜ਼ ਦੀ ਖੁੱਲ੍ਹੀ-ਡੁੱਲ੍ਹੀ ਇਕੌਨਮੀ ਸੀਟ ‘ਚ ਬੈਠਾ, ਖਿੜਕੀ ‘ਚੋਂ ਬਾਹਰ ਤੱਕਣਾ। ਅਧਿਕਤਰ ਖਿੜਕੀ ਵਾਲੀਆਂ ਸੀਟਾਂ ‘ਤੇ ਬੈਠਿਆਂ ਨੇ ਖਿੜਕੀਆਂ ਦੇ ਸ਼ਟਰ ਸੁੱਟੇ ਹੋਏ ਨੇ; ਉਹ ਅੱਖਾਂ ਬੰਦ ਕਰ ਆਪਣੀ ਅੰਦਰਲੀ ਦੁਨੀਆ, ਜਾਂ ਲੈਪਟੌਪਾਂ-ਫੋਨਾਂ ਦੀ ਸਾਈਬਰਸਪੇਸ ‘ਚ ਮਗਨ ਨੇ। ਉਨ੍ਹਾਂ ਲਈ ਖਿੜਕੀ ਤੋਂ ਬਾਹਰ ਦਾ ਨਜ਼ਾਰਾ ਪੁਰਾਣਾ, ਆਮ ਜਾਂ ਪਛਾਣਿਆ ਹੈ। ਪਰ ਕੀ ਕਦੇ ਕੁਝ ਪੁਰਾਣਾ ਹੁੰਦਾ ਹੈ? ਹਰ ਪਲ ਬਦਲਦੀ – ਸ਼ਬਦੀ ਅਰਥਾਂ ‘ਚ ਬਦਲਦੀ – ਦੁਨੀਆ ‘ਚ ਸਭ ਨਵਾਂ ਹੁੰਦਾ। ਸਿਰਫ ਉਤਸ਼ਾਹ ਘਟ ਜਾਂਦਾ, ਉਤਸੁਕਤਾ ਖਤਮ ਹੋ ਜਾਂਦੀ, ਜਾਂ ਉਹ ਕਦੇ ਹੁੰਦੀ ਹੀ ਨਹੀਂ।

ਖਿੜਕੀ ‘ਚੋਂ ਦਿਸਦਾ ਨਜ਼ਾਰਾ ‘ਪੁਰਾਣਾ’, ਸਗੋਂ ਆਦਿਮ ਹੈ। ਜਾਂ ਸੱਚੀ ਇੰਜ ਹੈ? ਕਾਲ ਦੇ ਵਿਰਾਟ ਰੂਪ ਤੋਂ ਵੇਖਿਆਂ ਤਾਂ ਚਾਂਦੀ ਜਿਹੀ ਚਮਕਦੀ ਬਰਫ ਹੇਠ ਛਿਪੇ ਇਨ੍ਹਾਂ ਪਹਾੜਾਂ ਦੀ ਥਾਂ ਸ਼ਾਇਦ ਕਦੇ ਕੋਈ ਸਮੁੰਦਰ ਰਿਹਾ ਹੋਏਗਾ। ਪਹਾੜਾਂ ਵਿਚਾਲੇ ਇਹ ਗੂੜ੍ਹੀ ਨੀਲੀ ਵਿਸ਼ਾਲ ਟਾਹੋ ਝੀਲ ਦਾ ਅਜੇ ਕੁਝ ਸਦੀਆਂ ਪਹਿਲਾਂ ਤਕ, ਮੂਲਨਿਵਾਸੀ ਅਮਰੀਕੀਆਂ ਤੋਂ ਇਲਾਵਾ ਕਿਸੇ ਨੂੰ ਨਹੀਂ ਪਤਾ ਸੀ। ਇਹ ਲੰਮੀਆਂ ਸਿੱਧੀਆਂ ਲਕੀਰਾਂ, ਚੌਰਸ, ਆਇਤਾਕਾਰ ਤੇ ਹੋਰ ਜਿਆਤਮਕ ਆਕਾਰ ਤੇ ਦੂਰ ਦੂਰ ਤਕ ਪੱਧਰੀਆਂ ਕੀਤੀਆਂ ਥਾਂਵਾਂ ਧਰਤੀ ‘ਤੇ ਰਹਿੰਦੇ ਇਕ ਖਾਸ ਜੀਵ ਦੇ ਹਸਤਾਖਰ ਨੇ। ਕੁਦਰਤ ਘੜਦੀ, ਤਰਾਸ਼ਦੀ, ਸੋਹਣਾ ਬਣਾਉਂਦੀ, ਵੰਨ-ਸੁਵੰਨਤਾ ਵਧਾਉਂਦੀ ਹੈ। ਮਨੁੱਖ ਢਾਹੁੰਦਾ, ਕੱਟਦਾ, ਪੁੱਟਦਾ, ਬਿਖੇਰਦਾ, ਬੰਨ੍ਹਦਾ, ਇਕਸਾਰਤਾ ਲਿਆਉਂਦਾ ਹੈ। ਇਹ ਧਰਤੀ ਹੁਣ ਉਹਦੀ ਮਾਂ ਨਹੀਂ, ਜਦੋਂ ਉਹ ਉਹਦੀ ਮੂਲਨਿਵਾਸੀ ਅਵਸਥਾ ‘ਚ ਹੁੰਦੀ ਸੀ। ਹੁਣ ਇਹ ਉਹਦੀ ਗੁਲਾਮ ਹੈ, ਤੇ ਉਸ ਗੁਲਾਮੀ ਦੇ ਵਿਰੁੱਧ ਉਹਦਾ ਰੋਸ ਦਿਨ-ਬ-ਦਿਨ ਪ੍ਰਬਲ ਹੋ ਰਿਹਾ ਹੈ।

ਸਾਲਟ ਲੇਕ ਸਿਟੀ ਦੇ ਹਵਾਈ ਅੱਡੇ ‘ਤੇ ਉੱਤਰ ਬਾਹਰ ਆ ਟੈਕਸੀ ਦੀ ਉਡੀਕ ਕਰਨ ਲੱਗੇ ਹਾਂ ਤਾਂ ਠੰਢ ਹੱਡ-ਚੀਰਵੀਂ ਹੈ। ਤਾਪਮਾਨ ਮਨਫੀ 2 ਡਿਗਰੀ ਸੈਲਸੀਅਸ। ਮੈਂ ਬੈਗ ’ਚੋਂ ਕੱਢ ਮੋਟੀ ਜੈਕੇਟ ਪਾ ਗਲੇ ਤਕ ਬੰਦ ਕਰ ਲਈ ਹੈ। ਇਸ ਤਰ੍ਹਾਂ ਦੀ ਅਚਾਨਕ ਠੰਢ ’ਚ ਨਿਕਲਣ ਦਾ ਮੈਂ ਇਕ ਤੋਂ ਵੱਧ ਵਾਰ ਖਮਿਆਜ਼ਾ ਭੁਗਤ ਚੁੱਕਿਆ ਹਾਂ; ਤੇ ਉੱਪਰੋਂ ਕੋਵਿਡ ਦਾ ਦਿਓ ਅਜੇ ਗਿਆ ਨਹੀਂ।

ਟੈਕਸੀ ਯੂਟਾਹ ਸ਼ਹਿਰ ਦੀ ਚੌੜੀ ਸੜਕ ‘ਤੇ ਦੌੜ ਰਹੀ ਹੈ। ਸੜਕ ਕਿਨਾਰੇ, ਘਰਾਂ ਦੀਆਂ ਛੱਤਾਂ, ਇਮਾਰਤਾਂ, ਖਾਲੀ ਥਾਂਵਾਂ, ਹਰ ਪਾਸੇ ਬਰਫ ਹੈ। ਬਹੁਤ ਜ਼ਿਆਦਾ ਨਹੀਂ, ਪਰ ਏਨੀ ਕੁ ਕਿ ਹਰ ਪਾਸੇ ਸਿਰਫ ਸਫੈਦ ਰੰਗ ਦਾ ਪ੍ਰਭੂਤਵ ਹੈ। ਬਰਫ ਤੇ ਬੱਦਲਵਾਈ ਕਾਰਨ ਹੋਰ ਸਭ ਰੰਗ ਸੁਪਤ-ਅਵਸਥਾ ’ਚ ਨੇ। ਰੁੱਖ ਜਾਂ ਤਾਂ ਪਤਝੜੀ-ਭੂਰੇ, ਨਿੱਪਤਰੇ ਨੇ, ਜਾਂ ਮੱਧਮ ਹਰੇ ਜਾਂ ਸਾਉਲੇ ਸਦਾਬਹਾਰ ਕੋਨੀਫਰ। ਸਭ ਸਾਹ ਰੋਕੀ, ਲਗਭਗ ਨਿਰਜਿੰਦ ਜਾਪਦੇ ਖੜ੍ਹੇ, ਬਹਾਰ ਉਡੀਕਦੇ। ਸਾਹਮਣੇ, ਤੇ ਨੇੜੇ, ਬਹੁਤ ਨੇੜੇ, ਵਸਾਚ ਪਹਾੜਾਂ ਦੀਆਂ ਢਲਾਨਾਂ ਤੇ ਚੋਟੀਆਂ ‘ਤੇ ਵੀ ਬਰਫ ਦਾ ਰਾਜ ਹੈ। ਬਰਫ ਦੀ ਇਸ ਬਹੁਲਤਾ ਕਾਰਨ ਹੀ ਏਥੇ ਸੰਨ 2002 ਦੇ ਵਿੰਟਰ ਓਲੰਪਿਕਸ ਖੇਡੇ ਗਏ ਸਨ। ਉਦੋਂ ਤੋਂ ਹੀ ਇਸ ਸ਼ਹਿਰ ਦਾ ਨਾਮ ਮੇਰੇ ਮਨ ’ਚ ਉੱਕਰਿਆ ਹੈ। ਕਦੇ ਸੋਚਿਆ ਨਹੀਂ ਸੀ ਕਿ ਤਕਰੀਬਨ ਹਰ ਪਾਸਿਓਂ ਪਹਾੜਾਂ ’ਚ ਘਿਰੀ ਲੰਮੀ-ਚੌੜੀ ਵਾਦੀ ’ਚ ਵੱਸੇ ਇਸ ਖੁੱਲ੍ਹੇ, ਚੜ੍ਹਦੇ-ਲਹਿੰਦੇ ਸ਼ਹਿਰ ਦੀਆਂ ਬਰਫ-ਅੱਟੀਆਂ ਸੜਕਾਂ ‘ਤੇ ਘੁੰਮਦਾ ਹੋਵਾਂਗਾ। ਹਰ ਸ਼ਹਿਰ, ਘਰ, ਥਾਂ ਦੀਆਂ ਤੁਹਾਡੇ ਜ਼ਿਹਨ ’ਚ ਦੋ ਤਸਵੀਰਾਂ ਹੁੰਦੀਆਂ ਨੇ: ਇਕ ਜਿਹੜੀ ਉਨ੍ਹਾਂ ਦੀ ਉਨ੍ਹਾਂ ਥਾਂਵਾਂ ‘ਤੇ ਜਾਣ ਤੋਂ ਪਹਿਲਾਂ ਤੁਹਾਡੇ ਅੰਦਰ ਆਪਣੇ ਆਪ ਉਸਰ ਜਾਂਦੀ, ਤੇ ਦੂਸਰੀ ਜਿਹੜੀ ਉਨ੍ਹਾਂ ਥਾਂਵਾਂ ‘ਤੇ ਪੁੱਜ ਕੇ ਬਣਦੀ ਹੈ। ਦੂਸਰੀ ਤਸਵੀਰ ਪਹਿਲੀ ‘ਤੇ ਸੁਪਰਇੰਪੋਜ਼ ਹੋ ਜਾਂਦੀ ਹੈ। ਕਦੇ ਕਦੇ ਇਕ ਤੀਸਰੀ ਵੀ ਹੁੰਦੀ: ਉਹ ਜਿਹੜੀ ਉਸ ਥਾਂ ਨੂੰ ਲੈ ਤੁਸੀਂ ਸੁਫਨਿਆਂ ’ਚ ਵੇਖੀ ਹੁੰਦੀ ਹੈ। ਕਈ ਵਾਰ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੁੰਦਾ ਕਿ ਅਸਲ ਵਿਚ ਉਨ੍ਹਾਂ ਤਿੰਨਾਂ ’ਚੋਂ ਤੁਸੀਂ ਕਿਹੜੀ ਤਸਵੀਰ ’ਚ ਘੁੰਮ ਰਹੇ ਹੋ। ਸਾਲਟ ਲੇਕ ਸ਼ਹਿਰ ਪੁੱਜ ਇਹੋ ਲੱਗ ਰਿਹਾ ਹੈ। ਸ਼ਹਿਰ ਨੂੰ ਵੇਖਣ ਦਾ ਤਾਂ ਬਹੁਤਾ ਸਮਾਂ ਮਿਲਣਾ ਨਹੀਂ, ਕਿਉਂਕਿ ਅਸੀਂ ਏਥੇ ਸਿਰਫ ਇਕ ਦਿਨ ਰੁਕਣਾ ਹੈ। ਪਰ ਮੈਂ ਇਹਦੇ ’ਚ ਕਾਲ ’ਚ ਪਿਛਾਂਹ ਜਾ ਕੇ ਤਾਂ ਵਿਚਰ ਸਕਦਾ ਹੀ ਹਾਂ।

ਸੰਨ 1847 ਦੀ ਗੱਲ ਹੈ। ਨਿਊ ਯੌਰਕ ਕੋਲੋਂ ‘ਮੌਰਮਨ’ਜ਼’ ਨਾਂ ਦਾ ਇਕ ਧਾਰਮਿਕ ਗਰੁੱਪ, ਜਿਨ੍ਹਾਂ ਨੂੰ ਬਾਅਦ ’ਚ ‘ਪਾਇਨੀਅਰਜ਼’ ਕਿਹਾ ਗਿਆ, ਅਮਰੀਕਾ ਮਹਾਂਦੀਪ ਦੇ ਪੂਰਬੀ ਕਿਨਾਰੇ ਤੋਂ ਪੱਛਮ ਤਕ ਦਾ ਲੰਮਾ ਸਫਰ ਕਰਦਾ ਹੁਣ ਸਾਲਟ ਲੇਕ ਵੈਲਿ ਨਾਂ ਨਾਲ ਜਾਣੀ ਜਾਂਦੀ ਇਸ ਦੂਰ-ਦਰਾਜ਼, ਠੰਢੀ ਤੇ ਪਰਬਤੀ ਥਾਂ ‘ਤੇ ਪੁੱਜਿਆ। ਪਰ ਇਨ੍ਹਾਂ ਪਾਇਨੀਅਰਜ਼ ਤੋਂ ਕਿਤੇ ਪਹਿਲਾਂ ਤੋਂ ਇਸ ਘਾਟੀ ’ਚ ਮੂਲਨਿਵਾਸੀ ਇੰਡੀਅਨ ਕਬੀਲਿਆਂ ਦਾ ਨਿਵਾਸ ਸੀ ਜਿਹੜੇ ਮੈਮੋਥ ਤੇ ਹੋਰ ਵੱਡੇ ਜੰਗਲੀ ਜਾਨਵਰਾਂ ਦੇ ਸ਼ਿਕਾਰ ‘ਤੇ ਪਲਦੇ ਸਨ। ਰਿਕਾਰਡ ਦੱਸਦੇ ਨੇ ਕਿ ਮੂਲਨਿਵਾਸੀ 10-12,000 ਸਾਲ ਤੋਂ ਇਸ ਇਲਾਕੇ ’ਚ ਰਹਿ ਰਹੇ ਸਨ। ਜਦੋਂ ਉਨ੍ਹਾਂ ਨੂੰ ਉਨ੍ਹਾਂ ਦੇ ਜੱਦੀ ਇਲਾਕਿਆਂ ’ਚੋਂ ਖਦੇੜ ਦਿੱਤਾ ਗਿਆ, ਤਾਂ ਉਨ੍ਹਾਂ ਮੌਰਮਨਾਂ ਦੇ ਆਗੂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਉਨ੍ਹਾਂ ਤੋਂ ਖੋਹੀ ਜ਼ਮੀਨ ਦਾ ਮੁਆਵਜ਼ਾ ਦਿੱਤਾ ਜਾਵੇ। ਮੌਰਮਨ ਆਗੂ ਨੇ ਉਨ੍ਹਾਂ ਨੂੰ ਇਹ ਕਹਿ ਕੇ ਕੁਝ ਨਹੀਂ ਦਿੱਤਾ ਕਿ ਇਹ ਜ਼ਮੀਨ ਉਨ੍ਹਾਂ ਨੂੰ ਰੱਬ ਨੇ ਖੁਦ ਇਹ ਕਹਿ ਕੇ ਬਖਸ਼ੀ ਹੈ ਕਿ ਤੁਸੀਂ ਏਥੇ ਵੱਸੋ ਤੇ ਆਪਣਾ ਜੀਵਨ-ਯਾਪਨ ਕਰੋ। ਵਾਹ! ਕੀ ਇਹੋ ਵਰਤਾਰਾ ਅੱਜ ਬਹੁਦੇਸ਼ੀ ਕੰਪਨੀਆਂ ਦੁਆਰਾ ਭਾਰਤ, ਬ੍ਰਾਜ਼ੀਲ ਤੇ ਹੋਰ ਕਈ ਦੇਸ਼ਾਂ ਦੇ ਆਦਿ-ਕਬੀਲਿਆਂ ਨਾਲ ਨਹੀਂ ਕੀਤਾ ਜਾ ਰਿਹਾ? ਯੂਟਾਹ ਪ੍ਰਾਂਤ ਦੀ ਰਾਜਧਾਨੀ ਸਾਲਟ ਲੇਕ ਸਿਟੀ ਸ਼ਹਿਰ ਦੁਨੀਆ ਭਰ ਦੇ ਮੌਰਮਨਾਂ ਦਾ ਗੜ੍ਹ ਹੈ। ਯੂਟਾਹ ਦਾ ਨਾਂ ਇਕ ਮੂਲਨਿਵਾਸੀ ਇੰਡੀਅਨ ਕਬੀਲੇ ‘ਤੇ ਹੈ। ਮੌਰਮਨਾਂ ਬਾਰੇ ਬਹੁਤ ਸਾਰੀਆਂ ਦਿਲਚਸਪ ਜਾਣਕਾਰੀਆਂ ਨੇ: ਉਹ ਸ਼ਰਾਬ, ਤੰਬਾਕੂ, ਚਾਹ-ਕੌਫ਼ੀ ਜਾਂ ਇਹੋ ਜਿਹੀ ਹੋਰ ਕਿਸੇ ਵੀ ਲਤ-ਲਾਊ ਚੀਜ਼ ਦੀ ਵਰਤੋਂ ਨਹੀਂ ਕਰਦੇ; ਆਪਣੀ ਬਹੁਪਤਨੀ ਪ੍ਰਥਾ ਕਰਕੇ ਯੂਟਾਹ ਰਾਜ ਨੂੰ ਕਈ ਵਰ੍ਹਿਆਂ ਤਕ ਅਮਰੀਕੀ ਸੰਘ ’ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਮਿਲੀ; ਉਹ ਅਫਰੀਕੀ ਗੁਲਾਮਾਂ ਦੇ ਨਾਲ ਮੂਲਨਿਵਾਸੀ ਇੰਡੀਅਨ ਗੁਲਾਮ ਵੀ ਰੱਖਦੇ ਸਨ, ਆਦਿ।

# ਪੰਜਾਬੀ ਕਲਾ ਸਿਨੇਮਾ ਦੀ ਪਰਵਾਜ਼

ਭਾਰਤ ਵਿਚ ਵਪਾਰਕ ਸਿਨੇਮਾ ਦੇ ਨਾਲ-ਨਾਲ ਕਲਾ (ਆਰਟ) ਸਿਨੇਮਾ ਦਾ ਵੀ ਵਿਲੱਖਣ ਸਥਾਨ ਰਿਹਾ ਹੈ। ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਕਲਾ ਫਿਲਮਾਂ ਨੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ ਹੈ।

ਜੇ ਪੰਜਾਬੀ ਸਿਨੇਮਾ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਵੀ ਕੌਮਾਂਤਰੀ ਪੱਧਰ ਦੀਆਂ ਕਲਾ ਫਿਲਮਾਂ ਬਣ ਰਹੀਆਂ ਹਨ। ਫਿਲਮ 'ਮੜ੍ਹੀ ਦਾ ਦੀਵਾ', 'ਚੰਨ ਪ੍ਰਦੇਸੀ', 'ਦੀਵਾ ਬਲੇ ਸਾਰੀ ਰਾਤ', 'ਲੌਂਗ ਦਾ ਲਿਸ਼ਕਾਰਾ', 'ਚੰਮ', 'ਨਾਬਰ', 'ਅੰਨ੍ਹੇ ਘੋੜੇ ਦਾ ਦਾਨ', 'ਅੱਧ ਚਾਨਣੀ ਰਾਤ', 'ਕਿੱਸਾ', 'ਗੇਲੋ', 'ਕੁਦੇਸਣ', 'ਜ਼ੋਰਾ ਦਸ ਨੰਬਰੀਆ', 'ਚੌਥੀ ਕੂਟ', 'ਜਮਰੌਦ', 'ਬਾਗੀ ਦੀ ਧੀ' ਅਤੇ ਹਾਲ ਹੀ ਵਿਚ ਪ੍ਰਦਰਸ਼ਿਤ ਹੋਈ ਫਿਲਮ 'ਰੇਜ਼ ਰੋਡ 290' ਕੁਝ ਅਜਿਹੀਆਂ ਫਿਲਮਾਂ ਹਨ ਜਿਨ੍ਹਾਂ ਦਾ

**ਅੰਗਰੇਜ ਸਿੰਘ ਵਿਰਦੀ**
ਫੋਨ: +91-94646-28857

ਸ਼ੁਮਾਰ ਪੰਜਾਬੀ ਕਲਾ ਫਿਲਮਾਂ ਦੀਆਂ ਅਵਲ ਫਿਲਮਾਂ ਵਿਚ ਕੀਤਾ ਜਾ ਸਕਦਾ ਹੈ। ਪੰਜਾਬੀ ਕਲਾ ਫਿਲਮਾਂ ਵਿਸ਼ੇ ਪੱਖੋਂ ਪੰਜਾਬੀ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ, ਪੰਜਾਬੀ ਲੋਕਾਂ ਦੇ ਜੀਵਨ, ਉਨ੍ਹਾਂ ਦੇ ਰਹਿਣ-ਸਹਿਣ, ਪੰਜਾਬ ਦੇ ਇਤਿਹਾਸ ਅਤੇ ਸਾਹਿਤ ਦੀ ਖ਼ੂਬਸੂਰਤ ਅੱਕਾਸੀ ਕਰਦੀਆਂ ਹਨ। ਵਪਾਰਕ ਪੰਜਾਬੀ ਸਿਨੇਮਾ ਭਾਵੇਂ ਅੱਜ ਵੀ ਪੰਜਾਬ ਦੇ ਇੱਕ ਖ਼ਾਸ ਉੱਚ ਵਰਗ ਦੇ ਇਰਦ-ਗਿਰਦ ਹੀ ਘੁੰਮਦਾ ਨਜ਼ਰ ਆਉਂਦਾ ਹੈ ਪਰ ਆਰਥਿਕ ਅਤੇ ਸਮਾਜਿਕ ਪੱਖੋਂ ਨੀਵੇਂ ਵਰਗ ਦੇ ਲੋਕਾਂ ਦੀ ਗੱਲ ਪੰਜਾਬੀ ਕਲਾ ਸਿਨੇਮਾ ਬਾਖੂਬੀ ਕਰ ਰਿਹਾ ਹੈ। ਫਿਲਮ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੰਮ' ਜਿਹੀਆਂ ਫਿਲਮਾਂ ਹਾਸ਼ੀਏ 'ਤੇ ਰਹਿਣ ਵਾਲੇ ਨਿਮਨ ਵਰਗ ਦੇ ਲੋਕਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਬਿਆਨ ਕਰਦੀਆਂ ਹਨ। ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਦਾ ਹਕੀਕੀ ਚਿਤਰਨ ਕਰਦੀਆਂ ਹਨ। ਮੌਜੂਦਾ ਦੌਰ ਵਿਚ ਪੰਜਾਬੀ ਸਿਨੇਮਾ ਵਿਚ ਬਹੁਤ ਸਾਰੇ ਨਿਰਦੇਸ਼ਕ ਅਜਿਹੇ ਹਨ ਜਿਨ੍ਹਾਂ ਨੂੰ ਸੰਸਾਰ ਸਿਨੇਮਾ ਦੀ ਪੂਰੀ ਸਮਝ ਹੈ ਤੇ ਉਹ ਪੰਜਾਬੀ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਸਿਨੇਮਾ ਦੀ ਸੂਖਮ ਅੱਖ ਰਾਹੀਂ ਬਾਖੂਬੀ ਪੇਸ਼ ਕਰਨ ਦਾ ਮਾਦਾ ਰੱਖਦੇ ਹਨ।

ਬਿਹਤਰੀਨ ਪੰਜਾਬੀ ਕਲਾ ਫਿਲਮਾਂ ਵਿਚ ਸਭ ਤੋਂ ਪਹਿਲਾਂ ਜਿਸ ਫਿਲਮ ਦਾ ਜ਼ਿਕਰ ਕਰਨਾ ਬਣਦਾ ਹੈ, ਉਹ 'ਮੜ੍ਹੀ ਦਾ ਦੀਵਾ' ਹੈ। ਇਹ ਅਜਿਹੀ ਫਿਲਮ ਹੈ ਜਿਸ ਨੂੰ ਪੰਜਾਬੀ ਦੀ ਪਹਿਲੀ ਸੰਪੂਰਨ ਕਲਾ ਫਿਲਮ ਹੋਣ ਦਾ ਫ਼ਖਰ ਹਾਸਲ ਹੈ। ਨੈਸ਼ਨਲ ਐਵਾਰਡ ਨਾਲ ਸਨਮਾਨਿਤ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦੇ ਮਸ਼ਹੂਰ ਪੰਜਾਬੀ ਨਾਵਲ 'ਮੜ੍ਹੀ ਦਾ ਦੀਵਾ' 'ਤੇ ਆਧਾਰਿਤ ਅਤੇ ਐੱਨ.ਐੱਫ.ਡੀ.ਸੀ. ਦੁਆਰਾ ਬਣਾਈ ਸੁਰਿੰਦਰ ਸਿੰਘ ਵੱਲੋਂ ਨਿਰਦੇਸ਼ਤ ਇਹ ਫਿਲਮ ਜਿੱਥੇ ਆਪਣੇ ਵਿਸ਼ਾ ਵਸਤੂ ਨੂੰ ਲੈ ਕੇ ਚਰਚਿਤ ਹੋਈ, ਉੱਥੇ ਫਿਲਮ ਵਿਚਲੇ ਕਿਰਦਾਰਾਂ ਨੂੰ ਪਰਦੇ 'ਤੇ ਸਜੀਵ ਕਰਨ ਲਈ ਫਿਲਮ ਦੇ ਮੁੱਖ ਅਦਾਕਾਰਾਂ ਜਿਨ੍ਹਾਂ ਵਿਚ ਰਾਜ ਬੱਬਰ, ਦੀਪਤੀ ਨਵਲ, ਪੰਕਜ ਕਪੂਰ ਅਤੇ ਪ੍ਰੀਕਸ਼ਤ ਸਾਹਨੀ ਦੇ ਬਿਹਤਰੀਨ ਅਭਿਨੈ ਨੇ ਵੀ ਫਿਲਮ ਨੂੰ ਵਧੀਆ ਕਲਾਤਮਕ ਫਿਲਮ ਬਣਾਉਣ ਵਿਚ ਆਪਣਾ ਭਰਭੂਰ ਯੋਗਦਾਨ ਪਾਇਆ। ਇਹ ਫਿਲਮ ਪੰਜਾਬੀ ਕਲਾ ਸਿਨੇਮਾ ਵਿਚ ਮੀਲ ਪੱਥਰ ਵਾਂਗ ਹੈ।

ਦੂਜੀ ਸਭ ਤੋਂ ਵੱਧ ਚਰਚਿਤ ਹੋਈ ਕਲਾ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਹੈ। ਨਾਵਲਕਾਰ ਗੁਰਦਿਆਲ ਸਿੰਘ ਦੇ ਹੀ ਇੱਕ ਹੋਰ ਮਸ਼ਹੂਰ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਬਣੀ ਇਸ ਫਿਲਮ ਨੇ ਨੈਸ਼ਨਲ ਐਵਾਰਡ ਦੇ ਨਾਲ ਨਾਲ ਕੌਮਾਂਤਰੀ ਪੱਧਰ 'ਤੇ ਕਈ ਇਨਾਮ ਪੰਜਾਬੀ ਸਿਨੇਮਾ ਦੀ ਝੋਲੀ ਪਾਏ। ਦੁਨੀਆ ਭਰ ਵਿਚ ਲੱਗਣ ਵਾਲੇ






*ਫਿਲਮ 'ਚੰਨ ਪ੍ਰਦੇਸੀ' ਦਾ ਪੋਸਟਰ ਅਤੇ (ਸੱਜੇ) ਫਿਲਮ 'ਮੜ੍ਹੀ ਦਾ ਦੀਵਾ' ਦੀ ਝਲਕ।*

ਫਿਲਮ ਮੇਲਿਆਂ ਵਿਚ ਬੇਹੱਦ ਸਲਾਹੀ ਜਾਣ ਵਾਲੀ ਇਸ ਫਿਲਮ ਨੇ ਨਵੇ ਕੀਰਤੀਮਾਨ ਸਥਾਪਿਤ ਕੀਤੇ। ਪੰਜਾਬ ਦੇ ਕਿਰਤੀ ਲੋਕਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ, ਮਿੱਥਾਂ ਵਿਚ ਗ੍ਰਸੇ ਉਨ੍ਹਾਂ ਲੋਕਾਂ ਦੇ ਦੁੱਖਾਂ, ਮਜਬੂਰੀਆਂ ਨੂੰ ਫਿਲਮ ਰਾਹੀਂ ਹਕੀਕਤ ਅਤੇ ਕਲਾਤਮਕ ਢੰਗ ਨਾਲ ਦਿਖਾਇਆ ਗਿਆ। ਮਾਲਵੇ ਦੇ ਕਿਰਤੀ ਅਤੇ ਨਿਮਨ ਵਰਗ ਦੇ ਲੋਕਾਂ ਦੇ ਜੀਵਨ ਨੂੰ ਦਰਸਾਉਂਦੀ ਇਸ ਫਿਲਮ ਵਿਚ ਪੇਂਡੂ ਅਤੇ ਸ਼ਹਿਰੀ ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਗਰੀਬਾਂ ਦੇ ਰਹਿਣ-ਸਹਿਣ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਦੇਖਣ ਵਾਲਾ ਇਸ ਨੂੰ ਹਕੀਕਤ ਵਿਚ ਦੇਖਣਾ ਹੀ ਮਹਿਸੂਸ ਕਰਦਾ ਹੈ। ਪੰਜਾਬੀ ਕਲਾ ਸਿਨੇਮਾ ਨੂੰ ਸਮਰਪਿਤ ਨਿਰਦੇਸ਼ਕ ਗੁਰਵਿੰਦਰ ਸਿੰਘ ਦੁਆਰਾ ਨਿਰਦੇਸ਼ਤ ਅਤੇ ਐੱਨ.ਐੱਫ.ਡੀ.ਸੀ. ਵੱਲੋਂ ਨਿਰਮਤ ਇਸ ਫਿਲਮ ਨੂੰ 2011 ਵਿਚ ਸਰਵੋਤਮ ਨਿਰਦੇਸ਼ਕ, ਸਰਵੋਤਮ ਸਿਨੇਮੈਟੋਗ੍ਰਾਫੀ ਅਤੇ ਸਰਵੋਤਮ ਫਿਲਮ ਦਾ ਰਾਸ਼ਟਰੀ ਐਵਾਰਡ ਹਾਸਲ ਹੋਇਆ ਸੀ।

ਜਰਮਨੀ ਅਤੇ ਭਾਰਤ ਦੇ ਸਾਂਝੇ ਸਹਿਯੋਗ ਨਾਲ ਬਣੀ ਪੰਜਾਬੀ ਆਰਟ ਫਿਲਮ 'ਕਿੱਸਾ: ਦਿ ਟੇਲ ਆਫ ਏ ਲੋਨਲੀ ਗੋਸਟ' ਦੀ ਵੀ ਕਾਫ਼ੀ ਚਰਚਾ ਹੋਈ। 2013 ਵਿਚ ਬਣੀ ਇਸ ਫਿਲਮ ਵਿਚ ਅਦਾਕਾਰ ਇਰਫ਼ਾਨ ਖਾਨ ਨੇ ਮੁੱਖ ਕਿਰਦਾਰ ਅਦਾ ਕੀਤਾ ਸੀ। ਪੰਜਾਬੀ ਕਲਾ ਫਿਲਮਾਂ ਦੀ ਸ਼੍ਰੇਣੀ ਵਿਚ ਇਸ ਫਿਲਮ ਦਾ ਆਪਣਾ ਅਲੱਗ ਸਥਾਨ ਹੈ। ਮਨੁੱਖੀ ਖਾਹਿਸ਼ਾਂ, ਭਾਵਨਾਵਾਂ ਅਤੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਬਾਰੀਕੀ ਨਾਲ ਪੇਸ਼ ਕਰਦੀ ਇਸ ਫਿਲਮ ਵਿਚ ਅਦਾਕਾਰਾਂ ਦੀ ਬੇਮਿਸਾਲ ਅਦਾਕਾਰੀ ਹਰ ਦੇਖਣ ਵਾਲੇ ਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦੀ ਹੈ। ਫਿਲਮ ਵਿਚ 1947 ਦੀ ਵੰਡ ਦੇ ਸੰਤਾਪ ਨੂੰ ਹੰਢਾ ਚੁੱਕੇ ਅਜਿਹੇ ਇਨਸਾਨ ਅੰਬਰ ਸਿੰਘ (ਇਰਫ਼ਾਨ ਖਾਨ) ਦੀ ਕਹਾਣੀ ਹੈ ਜਿਸ ਦੀ ਇਹ ਖਾਹਿਸ਼ ਹੈ ਕਿ ਉਸ ਦੇ ਘਰ ਉਸ ਦੇ ਵੰਸ਼ ਨੂੰ ਅੱਗੇ ਲਿਜਾਣ ਵਾਲਾ ਪੁੱਤਰ ਹੋਣਾ ਚਾਹੀਦਾ ਹੈ ਪਰ ਜਦੋਂ ਉਸ ਦੀ ਇਹ ਖਾਹਿਸ਼ ਪੂਰੀ ਨਹੀਂ ਹੁੰਦੀ ਤਾਂ ਉਹ ਕੀ ਕੁਝ ਕਰ ਜਾਂਦਾ ਹੈ, ਉਸ ਜਨੂਨ ਨੂੰ ਹੀ ਇਸ ਫਿਲਮ ਵਿਚ ਬਿਆਨ ਕੀਤਾ ਗਿਆ ਹੈ। ਮੌਤ ਤੋਂ ਬਾਅਦ ਵੀ ਉਸ ਦੀ ਰੂਹ ਆਪਣੀ ਅਧੂਰੀ ਖਾਹਿਸ਼ ਪੂਰਾ ਕਰਨ ਲਈ ਭਟਕਦੀ ਰਹਿੰਦੀ ਹੈ। ਉਸ ਦੀ ਪੁੱਤਰ ਪ੍ਰਾਪਤੀ ਦੀ ਜ਼ਿੱਦ ਉਸ ਦੀ ਚੌਥੀ ਸਭ ਤੋਂ ਛੋਟੀ ਕੁੜੀ ਨੂੰ ਮੁੰਡੇ ਕੰਵਰ ਸਿੰਘ (ਅਦਾਕਾਰਾ ਤਿਲੋਤਮਾ ਸੋਮੇ) ਦਾ ਜੀਵਨ ਜਿਊਣ ਲਈ ਮਜਬੂਰ ਕਰਦੀ ਹੈ। ਫਿਰ ਉਹ ਆਪਣੀ ਪੁੱਤਰ ਬਣਾਈ ਕੁੜੀ ਦਾ ਵਿਆਹ ਵੀ ਇੱਕ ਕੁੜੀ ਨੀਲੀ (ਅਦਾਕਾਰਾ ਰਸਿਕਾ ਦੁੱਗਲ) ਨਾਲ ਕਰ ਕੇ ਦੋ ਜ਼ਿੰਦਗੀਆਂ ਨੂੰ ਖਰਾਬ ਕਰ ਦਿੰਦਾ ਹੈ।


ਪਰਵਾਸ ਲਈ ਕਾਹਲੇ ਪੰਜਾਬੀ ਨੌਜਵਾਨਾਂ ਦਾ ਆਰਥਿਕ ਸ਼ੋਸ਼ਣ ਕਰਦੇ ਅਤੇ ਉਨ੍ਹਾਂ ਦੀਆਂ ਜਾਨਾਂ ਨੂੰ ਦਾਅ 'ਤੇ ਲਾਉਣ ਵਾਲੇ ਏਜੰਟਾਂ ਦੀ ਸੱਚਾਈ ਨੂੰ ਬਿਆਨ ਕਰਦੀ ਪੰਜਾਬੀ ਫਿਲਮ 'ਨਾਬਰ' ਪੰਜਾਬ ਦੀ ਇੱਕ ਹੋਰ ਸੱਚਾਈ ਬਿਆਨ ਕਰਦੀ ਬਿਹਤਰੀਨ ਕਲਾ ਫਿਲਮ ਹੈ। ਬਾਪ ਬੇਟੇ ਦੇ ਰਿਸ਼ਤੇ ਨੂੰ ਪੇਸ਼ ਕਰਦੀ ਅਤੇ ਪੁੱਤਰ ਵਿਯੋਗ ਵਿਚ ਤੜਫਦੇ ਮਾਂ-ਬਾਪ ਦੇ ਦੁੱਖਾਂ ਦੀ ਦਾਸਤਾਨ ਨੂੰ ਬਿਆਨ ਕਰਦੀ ਇਸ ਫਿਲਮ ਵਿਚ ਏਜੰਟਾਂ ਵੱਲੋਂ ਗਾਇਬ ਕੀਤੇ ਆਪਣੇ ਪੁੱਤ ਲਈ ਲੜਦੇ ਬਾਪ ਦੇ ਸੰਘਰਸ਼ ਦੀ ਕਹਾਣੀ ਨੂੰ ਦਿਖਾਇਆ ਗਿਆ ਹੈ। ਨਾਬਰ ਤੋਂ ਭਾਵ ਹੈ, ਸਮਾਜ ਵਿਚ ਬੇਇਨਸਾਫ਼ੀ ਕਰਨ ਵਾਲੇ ਲੋਕਾਂ ਨੂੰ ਚੁਣੌਤੀ ਦੇਣ ਵਾਲਾ, ਬੁਰਾਈ ਵਿਰੁੱਧ ਅਤੇ ਹੱਕਾਂ ਲਈ ਲੜਣ ਵਾਲਾ ਯੋਧਾ। ਇਸ ਫਿਲਮ ਵਿਚ ਹਰਦੀਪ ਗਿੱਲ ਬਾਪ ਦੇ ਰੂਪ ਵਿਚ ਨਾਬਰ ਹੈ ਜੋ ਮਾਸੂਮ ਲੋਕਾਂ ਦੇ ਪੁੱਤਾਂ ਨੂੰ ਬਾਹਰ ਭੇਜਣ ਵਾਲੇ, ਉਨ੍ਹਾਂ ਦੀ ਜ਼ਮੀਨ ਜਾਇਦਾਦ ਵਿਕਵਾਉਣ ਵਾਲੇ ਤੇ ਪੁੱਤਾਂ ਨੂੰ ਮਾਰਨ ਵਾਲੇ ਏਜੰਟਾਂ ਵਿਰੁੱਧ ਯੁੱਧ ਛੇੜਦਾ ਹੈ ਤੇ ਅਖੀਰ ਵਿਚ ਏਜੰਟਾਂ ਨੂੰ ਸਜ਼ਾ ਦਿਵਾ ਕੇ ਉਸ ਯੁੱਧ ਨੂੰ ਜਿੱਤ ਕੇ ਹੀ ਸਾਹ ਲੈਂਦਾ ਹੈ।

'ਨਾਬਰ' ਤੋਂ ਬਾਅਦ ਨਿਰਦੇਸ਼ਕ ਰਾਜੀਵ ਸ਼ਰਮਾ ਨੇ ਆਪਣੀ ਅਗਲੀ ਪੰਜਾਬੀ ਫਿਲਮ 'ਚੰਮ' ਰਾਹੀਂ ਅਜਿਹੇ ਵਰਗ ਦੀ ਗੱਲ ਕੀਤੀ ਹੈ ਜਿਸ ਨੂੰ ਸਮਾਜ ਵਿਚ ਕੋਈ ਵਧੀਆ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ। ਮਰੇ ਹੋਏ ਪਸ਼ੂਆਂ ਦਾ ਚੰਮ ਲਾਹ ਕੇ ਉਸ ਨੂੰ ਵੇਚ ਕੇ ਗੁਜ਼ਾਰਾ ਕਰਨ ਵਾਲੇ ਗਰੀਬ ਲੋਕਾਂ ਦੀਆਂ ਤਕਲੀਫ਼ਾਂ ਨੂੰ ਬਿਆਨ ਕਰਦੀ ਇਹ ਬਿਹਤਰੀਨ ਫਿਲਮ ਹੈ। ਕਾਨ ਫਿਲਮ ਫੈਸਟੀਵਲ ਵਿਚ ਵਾਹ-ਵਾਹ ਖੱਟਣ ਵਾਲੀ ਅਤੇ ਪੰਜਾਬ ਦੇ ਕਈ ਪਿੰਡਾਂ ਵਿਚ ਦਿਖਾਈ ਗਈ ਇਸ ਫਿਲਮ ਜ਼ਰੀਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਚੰਮ ਲਾਹੁਣ ਵਾਲੇ ਪਿਤਾ ਪੁਰਖੀ ਕੰਮ ਨਾਲ ਜੁੜੇ ਲੋਕਾਂ ਨੂੰ ਵੀ ਜਿਊਣ ਦਾ ਹੱਕ ਹੈ। ਉਹ ਵੀ ਇੱਜ਼ਤ ਦੀ ਜ਼ਿੰਦਗੀ ਬਸਰ ਕਰਨ ਦੇ ਹੱਕਦਾਰ ਹਨ। ਇਸ ਫਿਲਮ ਵਿਚ ਦੋ ਭਰਾਵਾਂ ਦੀ ਕਹਾਣੀ ਬਿਆਨ ਕੀਤੀ ਗਈ ਹੈ। ਵੱਡਾ ਭਰਾ ਕੀਪਾ ਜ਼ਿੰਦਗੀ ਨੂੰ ਬਿਹਤਰ ਕਰਨ ਲਈ ਸੰਘਰਸ਼ ਕਰਦਾ ਹੈ ਤੇ ਅਖੀਰ ਉਹ ਪਿੰਡ ਦੇ ਸਰਪੰਚ ਦੇ ਵਿਰੋਧ ਦੇ ਬਾਵਜੂਦ ਦਲਿਤਾਂ ਲਈ ਰਾਖਵੀਂ ਰੱਖੀ ਜ਼ਮੀਨ ਨੂੰ ਆਪਣੇ ਦੋਸਤ ਦੀ ਮਦਦ ਨਾਲ ਬੋਲੀ ਦੇ ਕੇ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦਾ ਹੈ ਤੇ ਇੱਜ਼ਤ ਦੀ ਰੋਟੀ ਕਮਾਉਣ ਦੇ ਰਾਹ ਪੈ ਜਾਂਦਾ ਹੈ।

2015 ਵਿਚ ਨਿਰਦੇਸ਼ਕ ਗੁਰਵਿੰਦਰ ਸਿੰਘ ਦੀ ਇੱਕ ਹੋਰ ਸ਼ਾਹਕਾਰ ਫਿਲਮ 'ਚੌਥੀ ਕੂਟ' ਰਿਲੀਜ਼ ਹੋਈ। 1984 ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਦੇ ਹਾਲਾਤ 'ਤੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੁਆਰਾ ਲਿਖੀਆਂ ਦੋ ਕਹਾਣੀਆਂ 'ਚੌਥੀ ਕੂਟ' ਅਤੇ 'ਹੁਣ ਮੈਂ ਠੀਕ ਠਾਕ ਹਾਂ' 'ਤੇ ਆਧਾਰਿਤ ਇਸ ਫਿਲਮ ਨੇ ਕੌਮਾਂਤਰੀ ਫਿਲਮ ਮੇਲਿਆਂ ਵਿਚ ਦਰਸ਼ਕਾਂ ਅਤੇ ਫਿਲਮੀ ਹਸਤੀਆਂ ਦੀ ਭਰਭੂਰ ਪ੍ਰਸੰਸਾ ਹਾਸਲ ਕੀਤੀ। ਸਿਨੇਮੈਟੋਗ੍ਰਾਫੀ, ਸਾਊਂਡ ਅਤੇ ਤਕਨੀਕੀ ਤੌਰ 'ਤੇ ਬਿਹਤਰੀਨ ਇਸ ਫਿਲਮ ਵਿਚ ਦੋ ਕਹਾਣੀਆਂ ਨਾਲ-ਨਾਲ ਚੱਲਦੀਆਂ ਹਨ। ਪਹਿਲੀ ਕਹਾਣੀ ਵਿਚ ਰੇਲ ਵਿਚ ਰਾਤ ਨੂੰ ਸਫ਼ਰ ਕਰਦੇ ਹਿੰਦੂ ਅਤੇ ਸਿੱਖ ਨੌਜਵਾਨਾਂ ਦੇ ਅੰਦਰ ਕੀ ਸੋਚਾਂ ਚੱਲ ਰਹੀਆਂ ਹੁੰਦੀਆਂ ਹਨ ਅਤੇ ਕਿਵੇਂ ਉਹ ਤਣਾਅ, ਸ਼ੱਕ ਅਤੇ ਖੌਫ਼ ਦੇ ਪਰਛਾਵੇਂ ਹੇਠ ਇੱਕ ਦੂਜੇ ਦਾ ਸਹਾਰਾ ਲੈਂਦੇ ਹਨ, ਨੂੰ ਦਿਖਾਇਆ ਗਿਆ ਹੈ। ਦੂਸਰੀ ਕਹਾਣੀ ਵਿਚ ਖੇਤਾਂ ਵਿਚ ਰਹਿੰਦੇ ਪਰਿਵਾਰ ਜਿਸ ਦੇ ਘਰੇ ਕੁੱਤਾ ਪਾਲਿਆ ਹੈ ਤੇ ਪੰਜਾਬ ਵਿਚ ਤਾਇਨਾਤ ਸਕਿਓਰਿਟੀ ਫੋਰਸ ਵਾਲੇ ਅਤੇ ਲਹਿਰ ਵਿਚ ਸ਼ਾਮਲ ਨੌਜਵਾਨ ਕਿਵੇਂ ਘਰ ਦੇ ਮੁਖੀ ਤੇ ਕੁੱਤੇ ਨੂੰ ਮਾਰਨ ਲਈ ਦਬਾਅ ਪਾਉਂਦੇ ਹਨ ਤਾਂ ਉਸ ਤਣਾਅ ਤੇ ਦੁਚਿਤੀ ਵਿਚ ਫਸੇ ਮੁੱਖ ਪਾਤਰ ਜੋਗਿੰਦਰ ਸਿੰਘ ਨੂੰ ਦਿਖਾਇਆ ਗਿਆ ਹੈ।


ਫਿਲਮ 'ਚੰਨ ਪ੍ਰਦੇਸੀ' ਨਾਇਕਾ ਪ੍ਰਧਾਨ ਫਿਲਮ ਸੀ ਜਿਸ ਨੂੰ ਨੈਸ਼ਨਲ ਐਵਾਰਡ ਵੀ ਹਾਸਲ ਹੋਇਆ। 'ਚੰਨ ਪ੍ਰਦੇਸੀ' ਅਜਿਹੀ ਫਿਲਮ ਸੀ ਜਿਸ ਵਿਚ ਨਿਮਨ ਵਰਗ ਦੀ ਔਰਤ ਕੰਮੋ (ਅਦਾਕਾਰਾ ਰਮਾ ਵਿੱਜ) ਨਾਲ ਪਿੰਡ ਦੇ ਜਗੀਰਦਾਰ ਜੋਗਿੰਦਰ (ਅਮਰੀਸ਼ ਪੁਰੀ) ਦੀ ਜ਼ਿਆਦਤੀ ਅਤੇ ਉਸ ਤੋਂ ਬਾਅਦ ਉਸ ਨੂੰ ਉਸ ਦੇ ਪਤੀ ਨੇਕ (ਕੁਲਭੂਸ਼ਨ ਖਰਬੰਦਾ) ਵੱਲੋਂ ਜਵਾਨੀ ਵਿਚ ਹੀ ਇਕੱਲਾ ਛੱਡ ਕੇ ਜਾਣ ਤੋਂ ਬਾਅਦ ਜ਼ਿੰਦਗੀ ਦੀਆਂ ਮੁਸੀਬਤਾਂ ਨੂੰ ਝੱਲ ਕੇ ਆਪਣੇ ਪੁੱਤਰ ਨੂੰ ਇਕੱਲਿਆਂ ਪਾਲ-ਪੋਸ ਕੇ ਵੱਡਾ ਕਰਨ ਨੂੰ ਦਿਖਾਇਆ ਗਿਆ ਹੈ। ਫਿਲਮ ਬੇਸ਼ੱਕ ਵਪਾਰਕ ਤੌਰ 'ਤੇ ਸਫਲ ਰਹੀ ਪਰ ਇਸ ਵਿਚ ਕਲਾ ਫਿਲਮ ਦੇ ਸਾਰੇ ਗੁਣ ਮੌਜੂਦ ਸਨ ਤੇ ਕਲਾਕਾਰਾਂ ਦੀ ਸਜੀਵ ਅਦਾਕਾਰੀ ਨੇ ਇਸ ਫਿਲਮ ਨੂੰ ਯਾਦਗਾਰੀ ਬਣਾ ਦਿੱਤਾ ਸੀ। ਇਸੇ ਤਰ੍ਹਾਂ 1983 ਵਿਚ ਪ੍ਰਦਰਸ਼ਿਤ ਹੋਈ ਪੰਜਾਬੀ ਫਿਲਮ 'ਲੌਂਗ ਦਾ ਲਿਸ਼ਕਾਰਾ' ਅਤੇ 1990 ਵਿਚ ਪ੍ਰਦਰਸ਼ਿਤ ਹੋਈ 'ਦੀਵਾ ਬਲੇ ਸਾਰੀ ਰਾਤ' ਹਨ ਜਿਨ੍ਹਾਂ ਦੇ ਨਿਰਦੇਸ਼ਕ ਹਰਪਾਲ ਟਿਵਾਣਾ ਸਨ। 2012 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਜੀਤ ਮਠਾੜੂ ਦੀ ਫਿਲਮ 'ਕੁਦੇਸਣ', 2016 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਮਨਭਾਵਨ ਸਿੰਘ ਦੀ 'ਗੇਲੋ', 2017 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦੀ 'ਜ਼ੋਰਾ ਦਸ ਨੰਬਰੀਆ', 2021 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਨਵਤੇਜ ਸੰਧੂ ਦੀ 'ਜਮਰੌਦ', 2022 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਮੁਕੇਸ਼ ਗੌਤਮ ਦੀ 'ਬਾਗੀ ਦੀ ਧੀ' ਅਤੇ ਹਾਲ ਹੀ ਵਿਚ 13 ਜਨਵਰੀ ਨੂੰ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਸਤਿੰਦਰ ਕੱਸੋਆਣਾ ਦੀ ਫਿਲਮ 'ਰੇਂਜ ਰੋਡ 290' ਵੀ ਆਪਣੇ ਵਿਸ਼ਾ ਵਸਤੂ ਪੱਖੋਂ ਆਰਟ ਫਿਲਮਾਂ ਵਜੋਂ ਦੇਖੀਆਂ ਜਾ ਸਕਦੀਆਂ ਹਨ।


ਪੰਜਾਬੀ ਕਲਾ ਸਿਨੇਮਾ ਵਿਚ ਪੰਜਾਬੀ ਸਾਹਿਤ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। ਨਾਵਲਕਾਰ ਗੁਰਦਿਆਲ ਸਿੰਘ ਦੇ ਤਿੰਨ ਪ੍ਰਸਿੱਧ ਨਾਵਲ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਅੱਧ ਚਾਨਣੀ ਰਾਤ' 'ਤੇ ਆਧਾਰਿਤ ਤਿੰਨ ਬਿਹਤਰੀਨ ਕਲਾ ਫਿਲਮਾਂ ਇਸੇ ਨਾਮ 'ਤੇ ਬਣੀਆਂ। ਇਸੇ ਤਰ੍ਹਾਂ ਪੰਜਾਬੀ ਫਿਲਮ 'ਜਮਰੌਦ' ਵਰਿਆਮ ਸਿੰਘ ਸੰਧੂ ਦੀ ਕਹਾਣੀ 'ਜਮਰੌਦ', ਪੰਜਾਬੀ ਫਿਲਮ 'ਬਾਗੀ ਦੀ ਧੀ' ਗੁਰਮੁਖ ਸਿੰਘ ਮੁਸਾਫ਼ਿਰ ਦੀ ਕਹਾਣੀ 'ਬਾਗੀ ਦੀ ਧੀ', 'ਗੇਲੋ' ਰਾਮ ਸਰੂਪ ਅਣਖੀ ਦੇ ਨਾਵਲ 'ਗੇਲੋ', 'ਕੁਦੇਸਣ' ਜਤਿੰਦਰ ਸਿੰਘ ਬਰਾੜ ਦੇ ਨਾਟਕ 'ਕੁਦੇਸਣ' ਅਤੇ 'ਚੰਮ' ਭਗਵੰਤ ਰਸੂਲਪੁਰੀ ਦੀ ਕਹਾਣੀ 'ਤੇ ਆਧਾਰਿਤ ਸਨ। ਪੰਜਾਬੀ ਦਾ ਬਹੁਤ ਸਾਰਾ ਸਾਹਿਤ ਅਜਿਹਾ ਹੈ ਜਿਸ 'ਤੇ ਬਿਹਤਰੀਨ ਫਿਲਮਾਂ ਬਣਾਈਆਂ ਜਾ ਸਕਦੀਆਂ ਹਨ ਪਰ ਇਸ ਲਈ ਕਲਾ ਸਿਨੇਮਾ ਦੇਖਣ ਵਾਲੇ ਦਰਸ਼ਕਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਤੱਕ ਪੰਜਾਬੀ ਕਲਾ ਫਿਲਮਾਂ ਵਿਆਪਕ ਤੌਰ 'ਤੇ ਨਹੀਂ ਦੇਖੀਆਂ ਜਾਂਦੀਆਂ ਅਤੇ ਇਨ੍ਹਾਂ ਨੂੰ ਪੰਜਾਬੀ ਦਰਸ਼ਕਾਂ ਤੇ ਪੰਜਾਬ ਸਰਕਾਰ ਦਾ ਪੂਰਾ ਸਮਰਥਨ ਨਹੀਂ ਮਿਲਦਾ, ਉਦੋਂ ਤੱਕ ਪੰਜਾਬੀ ਕਲਾ ਸਿਨੇਮਾ ਅੱਗੇ ਨਹੀਂ ਵਧ ਸਕਦਾ।













*ਖੱਬਿਉਂ ਸੱਜੇ: ਫਿਲਮ 'ਅੰਨ੍ਹੇ ਘੋੜੇ ਦਾ ਦਾਨ', 'ਕਿੱਸਾ', 'ਗੇਲੋ', 'ਚੰਮ' ਅਤੇ 'ਬਾਗੀ ਦੀ ਧੀ' ਦੇ ਪੋਸਟਰ।*

# Noblesville

## *Trucks & Trailer Repair Shop*

**15203 Stony Creek Way,
Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020